*Published in Punjabi & English*

Distributed in Toronto, Calgary, Vancouver, Winnipeg and Online Worldwide.

Sarokaran Di Awaz

Voice of Social Concerns

Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com ਸਾਲ- 13, ਅੰਕ-2, ਫਰਵਰੀ 2023 Website: www.ppapmg.com

HARBANS SINGH 416-817-7142 DEVINDER TOOR 416-902-9372 MASTER BHAJAN SINGH 403-455-4220 Registration No. 210836300

## ਇਸ ਅੰਕ 'ਚ


ਕਰੋਨਾ ਕਾਲ : ਅਮੀਰਾਂ ਨੂੰ ਗੱਫੇ, ਗਰੀਬਾਂ ਨੂੰ ਧੱਕੇ/2

ਜੂਝਦੇ ਕਿਰਤੀ ਲੋਕਾਂ ਦੇ ਨਾਮ ਰਿਹਾ 2022/3

ਡਾਕੂਮੈਂਟਰੀ ਦੀ ਲਲਕਾਰ, ਹਿਲਾਈ 'ਮਜਬੂਤ ਸਰਕਾਰ'/4

'ਲੋਕਤੰਤਰ ਵਲੋਂ ਲੋਕਾਂ ਵਿਰੁੱਧ ਜੰਗ, ਕੀਤੇ ਹਵਾਈ ਹਮਲੇ'/6

ਡਿਸਟਿਲਰੀਆਂ ਦੇ ਮੈਲੇ ਪਾਣੀ ਦਾ ਪ੍ਰਦੂਸ਼ਣ/7

ਲਤੀਫ ਪੁਰਾ ਕਰੇ ਸੁਆਲ: ਕਿਵ ਕੂੜੈ ਤੁਟੈ ਪਾਲਿ/8

ਪਰਵਾਸ ਆਵਾਸ ਦਾ ਯੂਰਪੀ ਪੰਜਾਬੀ ਸਾਹਿਤ ਅਤੇ ਅਗਲੀ ਪੀੜ੍ਹੀ!!/10

ਜਦੋਂ ਦਰਿਆ ਸੁਕਦੇ ਨੇ.../12

ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੱਖ ਕੈਦੀਆਂ ਦੀ ਰਿਹਾਈ ਦਾ ਮੁੱਦਾ /14

ਕਾਲੇਪਾਣੀ ਦਾ ਫਰਿਸਤਾ : ਡਾ. ਦੀਵਾਨ ਸਿੰਘ/22

ਵਿਦੇਸ਼ੀ ਯੂਨੀਵਰਸਿਟੀਆਂ ਨੂੰ ਕੈਂਪਸ ਖੋਲ੍ਹਣ ਦੀ ਆਗਿਆ/28

ਕੀ ਹਨ ਜੁਮਲੇ-ਭਾਰਤ ਜੋੜੋ ਅਤੇ ਭਾਰਤ ਤੋੜੋ/36


# ਇਤਿਹਾਸ ਸੱਚ ਦੀ ਕਸਵੱਟੀ 'ਤੇ

ਅਕਸਰ ਹੁਕਮਰਾਨ ਸੋਚਦੇ ਹਨ ਕਿ ਉਹ ਜੋ ਕੁਝ ਸੱਤਾ ਰਾਹੀਂ ਕਰ ਰਹੇ ਹਨ ਉਹ ਉਨ੍ਹਾਂ ਨੂੰ ਇਤਿਹਾਸ ਦੇ ਪੰਨਿਆਂ 'ਤੇ ਅਗਾਂਹ ਵਧਣ ਲਈ ਤਾਕਤ ਬਖਸ਼ਦਾ ਹੈ। ਪ੍ਰੰਤੂ ਇਤਿਹਾਸ ਦੇ ਵੱਖ-ਵੱਖ ਮੌਕਿਆਂ 'ਤੇ ਹੁਕਮਰਾਨਾਂ ਵਲੋਂ ਕੀਤੇ ਗਏ ਕਾਰਨਾਮੇ ਸਮਾਂ ਪਾ ਕੇ ਕਬਰਾਂ ਤੋਂ ਲੈ ਕੇ ਲਿਖਤੀ ਸ਼ਬਦਾਂ ਤੱਕ ਜੋ ਦਰਜ ਹੋਏ ਪਏ ਹੁੰਦੇ ਹਨ ਉਹ ਮੁੜ ਉਠ ਖੜ੍ਹਦੇ ਹਨ। ਕਿਉਂਕਿ ਅਕਸਰ ਕਿਹਾ ਜਾਂਦਾ ਹੈ ਕਿ ਅਤੀਤ ਬਹੁਤ ਵਾਰੀ ਤੁਹਾਡੀ ਹੋਣੀ ਤੇ ਅਣਹੋਣੀ ਨੂੰ ਤੈਅ ਕਰ ਦਿੰਦਾ ਹੈ। ਭਲਾ ਹੀ ਹਿਟਲਰ ਤੇ ਮਾਸੋਲੀਨੀ ਨੇ ਆਪਣੇ ਮੁਲਕਾਂ ਵਿਚ ਮਨੁੱਖੀ ਇਤਿਹਾਸ ਵਿਚ ਅਜਿਹੇ ਨਾ ਭੁਲਣਯੋਗ ਵਾਕਿਆਤ ਕੀਤੇ ਜਿਹੜੇ ਅੱਜ ਵੀ ਜਰਮਨੀ ਅਤੇ ਇਟਲੀ ਦੀ ਧਰਤੀ 'ਚੋਂ ਅਚੇਤ ਜਾਂ ਸੁਚੇਤ ਰੂਪ ਵਿਚ ਉਠ ਖੜ੍ਹੇ ਹੁੰਦੇ ਹਨ ਅਤੇ ਵਾਰ-ਵਾਰ ਦੁਨੀਆ ਦੇ ਲੋਕਾਂ ਨੂੰ ਅਹਿਸਾਸ ਕਰਵਾਉਂਦੇ ਹਨ ਕਿ ਕਿਤੇ ਸਾਡੇ ਹੁਕਮਰਾਨ ਵੀ ਉਸ ਦਿਸ਼ਾ ਵੱਲ ਤਾਂ ਨਹੀਂ ਵਧ ਚੁੱਕੇ। 20ਵੀਂ ਸਦੀ ਵਿਚ ਦੇਸ਼ ਕਈ ਤਰਾਸਦੀਆਂ ਵਿਚੋਂ ਗੁਜ਼ਰਿਆ। ਕਦੀ ਉਹ 47 ਦੀ ਵੰਡ ਦੇ ਰੂਪ ਵਿਚ ਆਇਆ ਅਤੇ ਕਦੀ 1984 ਦੇ ਦੰਗਿਆਂ ਦੇ ਰੂਪ ਵਿਚ ਆਇਆ ਅਤੇ ਕਦੀ 2002 ਵਿਚ ਗੁਜਰਾਤ ਦੰਗੇ ਦੇ ਰੂਪ ਵਿਚ ਆਇਆ। ਇਹ ਜ਼ਖ਼ਮ ਇੰਨੇ ਡੂੰਘੇ ਹਨ ਕਿ ਪਤਾ ਨਹੀਂ ਕਦੋਂ ਲੋਕਾਂ ਦੀ ਚੇਤੰਨਤਾ ਦਾ ਹਿੱਸਾ ਬਣ ਜਾਣ ਅਤੇ ਹੁਕਮਰਾਨਾਂ ਦੀ ਨੀਂਦ ਉਡਾ ਦੇਣ। ਅਜਿਹਾ ਕੁਝ ਹੀ ਦੁਨੀਆ ਦੀ ਮਹਾਂ ਸ਼ਕਤੀ ਦੇ ਲੀਡਰ ਬਣਨ ਵਾਲੇ ਨਰਿੰਦਰ ਮੋਦੀ ਨਾਲ ਵਾਪਰਿਆ ਕਿ ਬੀ.ਬੀ.ਸੀ. ਦੀ ਖੋਜ ਭਰਪੂਰ ਡਾਕੂਮੈਂਟਰੀ ਰਾਹੀਂ ਗੁਜਰਾਤ ਦੇ ਦੰਗੇ ਮੁੜ ਲੋਕਾਂ ਦੀ ਚੇਤੰਨਤਾ ਦਾ ਹਿੱਸਾ ਬਣ ਗਏ ਅਤੇ ਹੁਕਮਰਾਨਾਂ ਦੀ ਦਿਨੇ ਹੀ ਨੀਂਦ ਉਡ ਗਈ। ਹਾਲਾਤ ਇਥੋਂ ਤੱਕ ਤਬਦੀਲ ਹੋ ਗਏ ਕਿ ਦੁਨੀਆ ਦੀ ਕਹਿੰਦੀ ਕਹਾਉਂਦੀ ਜਮਹੂਰੀਅਤ ਨੂੰ ਵੀ ਇਸ ਡਾਕੂਮੈਂਟਰੀ ਉਪਰ ਰੋਕ ਲਗਾਉਣੀ ਪਈ। ਪ੍ਰੰਤੂ ਉਸ ਡਾਕੂਮੈਂਟਰੀ ਵਿਚਲੇ ਤੱਥ, ਹਕੀਕਤ ਅਤੇ ਪੇਸ਼ਕਾਰੀ ਪੂਰੀ ਤਰ੍ਹਾਂ ਤੱਥਾਂ ਅਤੇ ਸੱਚਾਈਆਂ ਉਪਰ ਆਧਾਰਤ ਹੈ। ਜਿਸ ਨੂੰ ਦੁਨੀਆ ਦੀ ਕੋਈ ਵੀ ਵੱਡੀ ਤੋਂ ਵੱਡੀ ਸੰਸਥਾ ਮੇਟ ਨਹੀਂ ਸਕਦੀ। ਇਸ ਕਰਕੇ ਮੌਜੂਦਾ ਹੁਕਮਰਾਨਾਂ ਨੂੰ ਇੰਝ ਜਾਪਣ ਲੱਗ ਰਿਹਾ ਹੈ ਕਿ ਅਸੀਂ ਆਉਣ ਵਾਲੇ ਦਹਾਕਿਆਂ ਵਿਚ ਆਪਣੀ ਹਕੂਮਤ ਦਾ ਨਸ਼ਾ ਹੋਰ ਅਤਾਂਹ ਕਰਨਾ ਸੀ ਪਰ ਲੋਕਾਂ ਵਿਚੋਂ ਇਸ ਡਾਕੂਮੈਂਟਰੀ ਨੇ ਉਨ੍ਹਾਂ ਦੀ ਭਵਿੱਖ ਦੀ ਹੋਣੀ ਨੂੰ ਤਰਾਸਦਿਕ ਦੌਰ ਵਿਚ ਪਰਵੇਸ ਕਰਵਾ ਦਿੱਤਾ ਹੈ। ਇਤਿਹਾਸ ਦੇ ਪੰਨੇ ਮੁੜ ਲੋਕਾਂ ਦੀ ਯਾਦ ਦਾ ਹਿੱਸਾ ਬਣ ਗਏ ਹਨ। ਉਨ੍ਹਾਂ ਨੂੰ ਗੁਜਰਾਤ ਦੰਗੇ ਆਪਣੇ ਨਾਲ ਵਾਪਰੇ ਮਹਿਸੂਸ ਹੋ ਰਹੇ ਹਨ ਅਤੇ ਖ਼ੁਦ ਲਈ ਸਵਾਲ ਕਰ ਰਹੇ ਹਨ ਕਿ ਅਸੀਂ 21ਵੀਂ ਸਦੀ ਦੇ ਕਿਹੋ ਜਿਹੇ ਸਮੇਂ ਵਿਚ ਜਿਉਂ ਰਹੇ ਹਾਂ। ਜਦੋਂ ਕੋਈ ਵੀ ਭੈੜੀ ਸਥਿਤੀ ਵਿਚ ਅਜਿਹੇ ਹੁਕਮਰਾਨਾਂ ਨੂੰ ਬਰਦਾਸ਼ਤ ਨਹੀਂ ਕਰ ਸਕਦਾ। ਇਸ ਡਾਕੂਮੈਂਟਰੀ ਨੇ ਯੂਨੀਵਰਸਿਟੀਆਂ, ਕਾਲਜਾਂ ਤੋਂ ਲੈ ਕੇ ਹਰੇਕ ਕਿਸਮ ਦੇ ਚੇਤੰਨ ਵਿਅਕਤੀ ਨੂੰ ਸੋਚਣ ਲਈ ਮਜਬੂਰ ਕੀਤਾ ਹੈ ਕਿ ਉਠੋ, ਜਾਗੋ ਤੇ ਸੋਚੋ ਕਿ ਅਸੀਂ ਕਿਸ ਕਿਸਮ ਦੀ ਦੁਨੀਆ ਵਿਚ ਰਹਿ ਰਹੇ ਹਾਂ ਅਤੇ ਕਿਸ ਤਰ੍ਹਾਂ ਇਸ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਇਸ ਕੰਮ ਲਈ ਵੀ ਦੁਨੀਆ ਦੇ ਇਤਿਹਾਸ ਵਿਚ ਲੜਨ, ਸੋਚਣ ਅਤੇ ਕੁਝ ਕਰਨ ਵਾਲੇ ਲੋਕਾਂ ਦੇ ਕਾਰਜ ਪਏ ਹਨ। ਇਸ ਡਾਕੂਮੈਂਟਰੀ ਤੋਂ ਇੰਨਾ ਘਬਰਾਇਆ ਹੁਕਮਰਾਨ ਕਿੰਨੀ ਨੈਤਿਕ ਤਾਕਤ ਦਾ ਮਾਲਕ ਹੋ ਸਕਦਾ ਹੈ ਜਿਸ ਨੂੰ ਇਸ ਤੋਂ ਡਰ ਲੱਗਣ ਲੱਗ ਪਿਆ ਹੈ। ਸੋ ਇਤਿਹਾਸ ਦੇ ਇਸ ਦੌਰ ਵਿਚ ਸਾਡੀ ਨੈਤਿਕ ਡਿਊਟੀ ਬਣਦੀ ਹੈ ਕਿ ਅਸੀਂ ਜਾਲਮ ਅਤੇ ਜੁਲਮ ਦੇ ਖਿਲਾਫ਼ ਆਪਣੀ ਕਲਮ ਦੀ ਤਾਕਤ ਹੋਰ ਤੇਜ਼ ਤੇ ਤਿੱਖੀ ਕਰੀਏ।

-ਸੰਪਾਦਕੀ ਮੰਡਲ





CONGRATULATIONS
TEAM OVER 850
REALTORS
HomeLife Silvercity Realty Inc., Brokerage
905-913-8500
11775 Bramalea Rd # 201, Brampton
GARCHA BROTHERS

Call for your home BUYING & SELLING needs
BALJINDER SANGHA
REALTOR
(Certified Condominium Specialist)
403-680-3212
baljindersangha@urban-realty.ca
REALTOR® MLS® urban Real Estate Services Ltd.

ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਅੱਜ ਹੀ ਸੰਪਰਕ ਕਰੋ
• Auto Insurance • Home Insurance • Life Insurance • Critical illness • Disability Insurance • Car Loans • Business Insurance
SAVE UPTO 30%
• ਕਾਰ ਇੰਸ਼ੋਰੈਂਸ • ਹੋਮ ਇੰਸ਼ੋਰੈਂਸ • ਲਾਈਫ ਇੰਸ਼ੋਰੈਂਸ • ਕਰਿਟੀਕਲ ਇਲਨੈਸ ਇੰਸ਼ੋਰੈਂਸ • ਡਿਸਅਬਿਲਿਟੀ ਇੰਸ਼ੋਰੈਂਸ • ਕਾਰ ਲੋਨ • ਬਿਜਨਸ ਇੰਸ਼ੋਰੈਂਸ
Call us for FREE Insurance Quote
Paramjit Plaha
403 554.4444
paramjit@paramjit.ca
paramjit.ca
210 - 2323 32 Ave NE Calgary AB T2E 6Z3

SAVE MAX PROVEN
We are Hiring New & Experienced Realtors.
We can also help you to get Realtor License.
List Your Home with us for $999 (Ask per details)
We provide following Services:
• Residential • Commercial • Business • Land • Investment • Property Management Services
For More Information call today at:
403.681.8689
Harcharan Parhar BROKER
WWW.SAVEMAXPROVEN.COM Email: broker@savemaxproven.com

Hans
Demolition & Excavating
* Excavating * Demolition
* Sand Gravel
* Drain Tiles * Backfill
* Backhoe Service
* Trucking
* Land Clearing
* Hourly or Contract
Ph : 604-240-8002
or : 604-250-3834
Free Estimates
3822 Marine Way
Burnaby, B.C. V5J 3H4

SUPER VISA INSURANCE
PUNJAB INSURANCE INC.
• Life Insurance • Mortgage Insurance • Critical Illness Insurance • Disability Insurance • RESP, RRSP
www.punjabinsurance.ca
Sherjang Singh Rana 416.910.9000
Sandeep Ahuja 416.660.1010



ਹਰੀਪਾਲ
403-714-4816

# ਕਰੋਨਾ ਕਾਲ : ਅਮੀਰਾਂ ਨੂੰ ਗੱਫੇ, ਗਰੀਬਾਂ ਨੂੰ ਧੱਕੇ

## (ਲੋਕ ਪੱਖੀ ਪੱਤਰਕਾਰ ਫੇਅਰਜ ਐਲਰਾਲ ਟੀ ਰਿਪੋਰਟ ਤੇ ਅਧਾਰਿਤ)



ਯੂ-ਟਿਊਬ ਤੇ ਇੱਕ ਵਿਡੀਓ ਦੇਖ ਰਿਹਾ ਹਾਂ। ਫਾਈਜਰ ਕੰਪਨੀ ਦਾ ਚੀਫ ਐਗਜੈਕਟਿਵ ਆਫੀਸਰ ਇੱਕ ਮੀਟਿੰਗ ਵਿੱਚੋਂ ਬਾਹਰ ਆ ਰਿਹਾ। ਇਸ ਗੁਪਤ ਮੀਟਿੰਗ ਦੀ ਕੁੱਝ ਪੱਤਰਕਾਰਾਂ ਨੂੰ ਕਣਸੋਅ ਪੈ ਜਾਂਦੀ ਹੈ। ਤੁਰੇ ਜਾ ਰਹੇ ਐਗਜੈਕਟਿਵ ਆਫੀਸਰ ਨੂੰ ਪੱਤਰਕਾਰ ਸਵਾਲਾਂ ਦੀ ਝੜੀ ਲਾਉਂਦੇ ਹਨ, ਹੇਠਾਂ ਉਹ ਪ੍ਰਸ਼ਨ ਦੇ ਰਹੇ ਹਾਂ ਅਤੇ ਬਾਦ ਵਿੱਚ ਉਸ ਐਗਜੈਕਟਿਵ ਅਫਸਰ ਦਾ ਜਵਾਬ ਵੀ :

**ਸਵਾਲ** : ਸਰ ਤੁਹਾਨੂੰ ਪਤਾ ਹੈ ਕਿ ਇਹ ਵੈਕਸੀਨ, ਕਰੋਨੇ ਦੀ ਬਿਮਾਰੀ ਨੂੰ ਫੈਲਾਉਣ ਵਿੱਚ ਰੋਕ ਨਹੀਂ ਪਾਉਂਦੀ ?

**ਸਵਾਲ** : ਤੁਸੀਂ ਪਹਿਲਾਂ ਕਹਿੰਦੇ ਸੀ ਕਿ ਫਾਈਜਰ ਸੌ ਪਰਸੈਂਟ ਅਫੈਕਟਿਵ ਹੈ ਫੇਰ ਕਿਹਾ ਨੱਬੇ ਪਰਸੈਂਟ, ਫੇਰ ਸੱਤਰ ਪਰਸੈਂਟ ਕਾਸਤੋਂ ਤੁਸੀਂ ਇਹ ਕਿਹਾ ?

**ਸਵਾਲ** : ਜੇਕਰ ਕੋਈ ਪਰੋਡੋਕਟ ਕੰਮ ਨਹੀਂ ਕਰਦਾ, ਤਾਂ ਤੁਹਾਨੂੰ ਮੁਆਵਜ਼ਾ ਦੇਣਾ ਬਣਦਾ, ਕੀ ਤੁਸੀਂ ਮੁਆਵਜ਼ਾ ਦੇਵੋਂਗੇ ?

**ਸਵਾਲ** : ਗਰੀਬਾਂ ਦੀ ਮਿਹਨਤ ਤੇ ਅਮੀਰ ਲੋਕ ਹੋਰ ਅਮੀਰ ਹੋ ਰਹੇ ਹਨ। ਇਸ ਬਰੇ ਕੀ ਕਹੋਗੇ ?

**ਸਵਾਲ** : ਹਰ ਰੋਜ ਨੌਜੁਆਨ, ਹਰਟ ਅਟੈਕ ਨਾਲ ਮਰ ਰਹੇ ਹਨ ਇਸ ਬਾਰੇ ਕੁੱਝ ਕਹੋਗੇ ?

**ਸਵਾਲ** : ਤੁਸੀਂ ਆਪਦੇ ਪ੍ਰਾਈਵੇਟ ਜੈਟ ਅਤੇ ਜਹਾਜਾਂ ਵਰਗੀ ਕਿਸ਼ਤੀ ਕਿਵੇਂ ਲਈ ਹੈ ?

**ਸਵਾਲ** : ਦਵਾਈ ਨੂੰ ਵੇਚਣ ਲਈ ਕਿੰਨਾ ਕਮਿਸ਼ਨ ਪੇ ਕਰਦੇ ਹੋ ? ਕਿਉਂਕਿ ਤੁਹਾਡੀ ਕੰਪਨੀ ਨੂੰ ਪਹਿਲਾਂ ਵੀ ਇਹਨਾਂ ਗਲਤ ਕੰਮਾਂ ਕਰਕੇ 2.3 ਬਿਲੀਅਨ ਦਾ ਜੁਰਮਾਨਾ ਹੋਇਆ ਹੈ ?

ਫਾਈਜਰ ਦਾ ਚੀਫ ਐਗਜੈਕਟਿਵ ਅਫਸਰ ਤੁਰਿਆ ਜਾ ਰਿਹਾ ਹੈ ਉਸ ਕੋਲ ਵੀ ਸਵਾਲ ਦਾ ਜਵਾਬ ਨਹੀਂ ਪਰ ਉਹ ਪੱਤਰਕਾਰਾਂ ਨੂੰ ਸਿਰਫ ਐਨਾ ਕਹਿ ਕੇ 'ਹੈਵ ਏ ਨਾਈਸ ਡੇਅ' ਤੁਰ ਜਾਂਦਾ ਹੈ।

ਇਹ ਹੈ ਕਾਰਪੋਰੇਸ਼ਨਾਂ ਦਾ ਹਾਲ ਕਿ ਕਿਸ ਤਰ੍ਹਾਂ ਉਹਨਾਂ ਨੇ ਸਰਕਾਰਾਂ ਨਾਲ ਮਿਲ ਕੇ ਦੌਲਤ ਦੇ ਅੰਬਾਰ ਲਾਉਣੇ ਸ਼ੁਰੂ ਕੀਤੇ ਹੋਏ ਹਨ। ਜਿਸ ਸਮੇਂ ਕੋਵਿਡ-19 ਦਾ ਭਿਆਨਕ ਦੌਰ ਚੱਲ ਰਿਹਾ ਸੀ। ਜਿਸ ਸਮੇਂ ਕਨੇਡੀਅਨ ਦੀ ਜਮ੍ਹਾਂ ਪੂੰਜੀ ਖੁਰ ਰਹੀ ਸੀ। ਜਿਸ ਹਨੇਰੀ ਰਾਤ ਵਿੱਚ ਕਨੇਡੀਅਨ ਲੋਕਾਂ ਨੂੰ ਪਤਾ ਨਹੀਂ ਸੀ ਲੱਗ ਰਿਹਾ ਕਿ ਕੀ ਬਣੇਗੀ ? ਉਸ ਸਮੇਂ ਕਨੇਡਾ ਹੀ ਨਹੀਂ ਦੁਨੀਆਂ ਦੇ ਅਮੀਰ ਭੰਗਲੀਆਂ ਨਾਲ ਦੌਲਤ ਇਕੱਠੀ ਕਰ ਰਹੇ ਸਨ। ਇਹਨਾਂ ਅਮੀਰਾਂ ਨੂੰ ਸੌਣ ਦੇ ਅੰਨੇ ਵਾਂਗ ਸਿਰਫ ਦੌਲਤ ਹੀ ਇਸਦੀ ਹੈ ਹੋਰ ਕੁੱਝ ਨਹੀਂ ਕਿਉਂਕਿ ਦੁਨੀਆਂ ਭਰ ਦੀਆਂ ਸਰਕਾਰਾਂ ਹੁਣ ਇਹਨਾਂ ਅਮੀਰਾਂ ਦੀਆਂ ਝੋਲੀ ਚੁੱਕ ਬਣ ਗਈਆਂ ਹਨ। ਐਨ ਇਸ ਲੁੱਟ ਦੇ ਸਮੇਂ ਔਕਸਫਾਸ ਇੰਟਰਨੈਸ਼ਨਲ ਇੱਕ ਰਿਪੋਰਟ ਆਉਂਦੀ ਹੈ ਕਿ ਕਰੋਨੇ ਦੀ ਬਿਮਾਰੀ ਦੀ ਸ਼ੁਰੂਆਤ ਤੋਂ ਬਾਦ ਕਨੇਡਾ ਦੇ ਅਮੀਰਾਂ ਦੇ ਫੇਰ 51% ਹੋਰ ਉੱਚੇ ਹੋ ਗਏ ਹਨ। ਇਸ ਰਿਪੋਰਟ ਨੇ ਦੌਲਤ ਦੀ ਹੋ ਰਹੀ ਕਾਣੀ ਵੰਡ ਜਿਸ ਨੂੰ ਅਮੀਰਾਂ ਦੇ ਅਰਥ-ਸ਼ਾਸਤਰੀ ਕਿਸੇ ਹੋਰ ਢੰਗ ਨਾਲ ਪੇਸ਼ ਕਰਦੇ ਹਨ, ਨੂੰ ਪੱਕਾ ਸਿੱਧ ਕਰ ਦਿੱਤਾ ਹੈ ਕਿ ਦੌਲਤ ਦੀ ਕਾਣੀ ਵੰਡ ਗਰੀਬਾਂ ਨੂੰ ਹੋਰ ਗਰੀਬ ਕਰਕੇ ਅਮੀਰਾਂ ਨੂੰ ਹੋਰ ਅਮੀਰ ਕਰਨ ਵਿੱਚ ਬਹੁਤ ਤੇਜ਼ੀ ਨਾਲ ਚੱਲ ਰਹੀ ਹੈ।

ਹੁਣ ਜੇਕਰ ਆਪਾਂ ਕਨੇਡਾ ਨੂੰ ਛੱਡ ਕੇ ਹੋਰ ਮੁਲਕਾਂ ਦੀ ਅਰਥ-ਵਿਵਸਥਾ ਤੇ ਥੋੜ੍ਹਾ ਝਾਤ ਮਾਰੀਏ ਤਾਂ ਅਮਰੀਕਾ ਜਿੱਥੇ ਬਹੁਤ ਕੰਮ ਕਰਨ ਵਾਲੇ ਲੋਕਾਂ ਕੋਲ ਰਹਿਣ ਦਾ ਰੈਣ-ਬਸੇਰਾ ਵੀ ਨਹੀਂ, ਉਹ ਪਾਰਕ ਪਲੇਸ ਤੇ ਗੱਡੀਆਂ ਖੜ੍ਹੀਆਂ ਕਰਦੇ ਹਨ, ਉਨ੍ਹਾਂ ਵਿੱਚ ਹੀ ਕੰਮ ਤੇ ਜਾਂਦੇ ਹਨ ਅਤੇ ਉਹਨਾਂ ਵਿੱਚ ਹੀ ਸੌਂਦੇ ਹਨ। ਉਸੇ ਅਮਰੀਕਾ ਦੇ 1% ਅਮੀਰਾਂ ਕੋਲ 4.576 ਬਿਲੀਅਨ ਦੌਲਤ ਹੈ ਜਦ ਕਿ 60% ਲੋਕਾਂ ਕੋਲ (ਮੱਧ ਵਰਗ) ਕੋਲ ਸਿਰਫ 5068 ਬਿਲੀਅਨ ਦੌਲਤ ਹੈ ਜਾਣੀ ਕਿ ਇੱਕ ਡਾਲਰ ਵਿੱਚ ਇੱਕ ਅਮੀਰ ਕੋਲ 45% ਹਨ ਜਦ ਕਿ 60 ਲੋਕਾਂ ਕੋਲ 55% ਹਨ, ਹੁਣ ਤੁਸੀਂ ਅਮਰੀਕਾ ਦੀ ਅਮੀਰੀ ਦਾ ਆਪ ਹੀ ਹਿਸਾਬ ਲਾ ਸਕਦੇ ਹੋ। ਇਸੇ ਤਰ੍ਹਾਂ ਇੰਗਲੈਂਡ ਦੇ ਅਰਬ-ਪਤੀਆਂ ਕੋਲ 186 ਬਿਲੀਅਨ ਅਤੇ ਕੰਮ ਕਰਨ ਵਾਲੇ 40% ਲੋਕਾਂ ਕੋਲ 342 ਬਿਲੀਅਨ ਦੇ ਆਸਰੇ ਹਨ। ਦਿਲ ਨੂੰ ਚੀਰ ਦੇਣ ਵਾਲੀ ਖਬਰ ਇਹ ਹੈ ਕਿ ਪਿਛਲੇ ਦੋ ਸਾਲਾਂ ਵਿੱਚ ਅਮੀਰਾਂ ਨੇ ਐਨੀ ਦੌਲਤ ਇੱਕਠੀ ਕੀਤੀ ਜਿਸਦਾ ਅੰਦਾਜ਼ਾ ਉਹਨਾਂ ਨੂੰ ਖੁਦ ਵੀ ਨਹੀਂ ਸੀ। ਐਕਸਫਾਸ ਦੇ ਪਾਲਿਸੀ ਮਨੇਜਰ ਈਆਨ ਥੋਮਸਨ ਦਾ ਕਹਿਣਾ ਹੈ ਕਿ ਅਮੀਰਾਂ ਨੂੰ ਹੋਰ ਅਮੀਰ ਕਰਨ ਦਾ ਟਰੈਂਡ ਤਾਂ ਅਸਲ ਵਿੱਚ ਪਿਛਲੇ ਦਹਾਕੇ ਤੋਂ ਹੀ ਚੱਲ ਰਿਹਾ ਹੈ ਪਰ ਪੈਨਾਡੋਮਿਕ ਨੇ ਤਾਂ ਇਹਨਾਂ ਦੇ ਦੌਲਤ ਦੇ ਟਿੱਬਿਆਂ ਨੂੰ ਇਕਦਮ ਹੀ ਉਪਰ ਚੱਕ ਦਿੱਤਾ ਹੈ।

ਹੁਣ ਇਹਨਾਂ ਅਮੀਰਾਂ ਨੂੰ ਹੋਰ ਅਮੀਰ ਕਰਨ ਲਈ ਦੌਲਤ ਕਿੱਥੋਂ ਆਉਂਦੀ ਹੈ ਉਹ ਆਉਂਦੀ ਹੈ ਗਰੀਬ ਲੋਕਾਂ ਦੀਆਂ ਪਹਿਲਾਂ ਹੀ ਸੁੰਗੜ ਰਹੀਆਂ ਜੇਬਾਂ ਵਿੱਚੋਂ। ਉਪਰ ਜਿਸ ਰਿਪੋਰਟ ਦੀ ਆਪਾਂ ਗੱਲ ਕੀਤੀ ਹੈ ਇਹ ਰਿਪੋਰਟ ਵਰਲਡ ਇਕਨੌਮਿਕ ਫਰੋਸਟੀ ਜਦ ਸਵਿੱਟਜਰਲੈਂਡ ਵਿੱਚ ਮੀਟਿੰਗ ਹੋ ਰਹੀ ਸੀ ਉਸ ਸਮੇਂ ਐਕਸਫਾਸ ਇੰਟਰਨੈਸ਼ਨਲ ਨੇ ਇਹ ਰਿਪੋਰਟ ਰਲੀਜ ਕੀਤੀ ਯਾਦ ਰਹੇ ਉਸ ਮੀਟਿੰਗ ਵਿੱਚ 'ਅਮੀਰਾਂ ਤੋਂ ਹੋਰ ਟੈਕਸ ਲਾਕੇ ਗਰੀਬਾਂ ਨੂੰ ਰਾਹਤ ਦੇਣ ਬਾਰੇ ਬਹਿਸ ਹੋ ਰਹੀ ਸੀ। ਇਸ ਮੀਟਿੰਗ ਵਿੱਚੋਂ ਵੀ ਕੁੱਝ ਨਹੀਂ ਨਿੱਕਲਿਆ ਅੱਜ ਕੁੱਝ ਕਿਉਂਕਿ ਅਮੀਰ ਹੀ ਸਰਕਾਰਾਂ ਤੇ ਅਤੇ ਅਮੀਰ ਹੀ ਮੀਡੀਏ ਤੇ ਕਾਬਜ ਹਨ। ਇਹ ਵੀ ਇੱਕ ਵਕਤੀ ਜਿਹਾ ਸੁਝਾਅ ਹੈ ਕਿ ਅਮੀਰਾਂ ਤੇ ਹੋਰ ਟੈਕਸ ਲਾਏ ਜਾਣ ਪਰ ਇਸਦੀ ਜਗਾਹ ਤੇ ਜੇਕਰ ਟੈਕਸ ਬਚਾਉਣ ਵਾਲੀਆਂ ਚੋਰ ਮੋਰੀਆਂ ਬੰਦ ਕੀਤੀਆਂ ਜਾਣ ਫਿਰ ਤਾਂ ਕੋਈ ਰਾਹਤ ਹੋ ਸਕਦੀ ਹੈ ਨਹੀਂ ਤਾਂ ਇੱਕ ਪਾਸੇ ਅਮੀਰਾਂ ਤੇ ਟੈਕਸ ਲਾਕੇ ਲੋਕਾਂ ਦੀਆਂ ਅੱਖਾਂ ਪੂੰਝੀਆਂ ਜਾਂਦੀਆਂ ਹਨ ਤੇ ਦੂਜੇ ਪਾਸੇ ਉਹਨਾਂ ਦੌਲਤ ਇਕੱਠੀ ਕਰਨ ਲਈ ਚੋਰ ਮੋਰੀਆਂ ਹੋਰ ਖੁੰਝੀਆਂ ਕਰ ਦਿੱਤੀਆਂ ਜਾਂਦੀਆਂ ਹਨ।

ਕਨੇਡਾ ਵਿੱਚ ਜਿਹੜਾ ਵੀ 100 ਡਾਲਰ ਦਾ ਆਮਦਨ ਵਿੱਚ ਵਾਧਾ ਹੁੰਦਾ ਹੈ ਉਸ ਵਿੱਚੋਂ 50 ਤਾਂ ਕਨੇਡਾ ਦੇ 1% ਅਮੀਰ ਲੋਕ ਲੈ ਜਾਂਦੇ ਹਨ ਅਤੇ ਹੇਠਲੇ 50% ਲੋਕਾਂ ਕੋਲ ਸਿਰਫ 5 ਡਾਲਰ ਹੀ ਜਾਂਦੇ ਹਨ। ਇਸਦਾ ਮਤਲਬ ਕੇ ਕਨੇਡਾ ਦੇ 1% ਅਮੀਰ ਨੇ ਪਿਛਲੇ 10 ਸਾਲਾਂ ਵਿੱਚ 50% ਕਨੇਡੀਅਨ ਲੋਕਾਂ ਨਾਲੋਂ 7 ਗੁਣਾਂ ਵੱਧ ਦੌਲਤ ਇਕੱਠੀ ਕੀਤੀ ਹੈ। ਐਕਸਫਾਸ ਦਾ ਕਹਿਣਾ ਹੈ ਕਿ ਉਸਨੇ ਇਹ ਛੋਟਾ 'ਫਰੋਬਸ ਰੀਅਲ ਟਾਈਸ, ਬਿਲੀਅਨ ਕੇਅਰ ਲਿਸਟ' ਵਿੱਚੋਂ ਨਵੰਬਰ 30, 2022 ਨੂੰ ਲਿਆ ਹੈ।

ਕਰੋਨਾ ਕਾਲ ਵੇਲੇ ਕਨੇਡੀਅਨ ਮਹਿੰਗੀਆਂ ਖੁਰਾਕੀ ਕੀਮਤਾਂ ਤੇ ਮਹਿੰਗੇ ਹੋ ਰਹੇ ਘਰਾਂ ਦੇ ਬਿੱਲ ਪੇ ਕਰਨ ਲਈ ਜੂਝ ਰਹੇ ਸਨ। ਉਸ ਸਮੇਂ 1% ਅਮੀਰਾਂ ਦੀ ਦੌਲਤ ਉਹਨਾਂ ਦ ਕਿਆਸ ਦੀਆਂ ਵੀ ਸਾਰੀਆਂ ਹੱਦਾਂ ਬੰਨੇ ਤੋੜ ਗਈ। ਅਜੇ ਵੀ ਜਿਹੜਾ ਸਮਾਂ ਆ ਰਿਹਾ ਹੈ। ਉਹ ਵੀ ਲੱਗਦਾ ਹੈ ਇਹਨਾਂ ਅਮੀਰਾਂ ਨੂੰ ਹੋਰ ਅਮੀਰ ਕਰਦਾ ਰਹੇਗਾ। ਨਵੰਬਰ 2022 ਵਿੱਚ ਕਨੇਡਾ ਦੇ 50 ਲੋਕਾਂ ਦੇ ਆਸੇ 249 ਬਿਲੀਅਨ ਨੂੰ ਟੱਪ ਗਏ ਸਨ ਅਤੇ ਇਸਤੋਂ ਹੇਠਲੇ ਜਾਣੀ ਕਿ ਕਨੇਡਾ ਦੇ 40% ਲੋਕਾਂ ਕੋਲ ਸਿਰਫ 248 ਬਿਲੀਅਨ ਡਾਲਰ ਦੇ ਅਸਾਸੇ ਸਨ ਜਾਣੀ ਜਿੰਨਾ ਪੈਸਾ 50 ਬੰਦਿਆਂ ਕੋਲ ਸੀ ਉਨਾ ਹੀ ਪੈਸਾ ਤਕਰੀਬਨ ਕਨੇਡਾ ਦੀ ਅੱਧੀ ਅਬਾਦੀ ਕੋਲ ਸੀ। ਇਸ ਕਾਣੀ ਵੰਡ ਤੇ ਥੋੜ੍ਹੀ ਜਿਹੀ ਨਿਗਾਹ ਮਾਰੀਏ।

1. ਅਮਰੀਕਾ ਦੇ 1% ਲੋਕਾਂ ਕੋਲ 4576 ਬਿਲੀਅਨ ਦੀ ਦੌਲਤ ਹੈ ਅਤੇ ਅਮਰੀਕਾ ਦੀ ਆਬਾਦੀ ਦੇ 60% ਲੋਕਾਂ ਲੋਕ ਸਿਰਫ 5068 ਬਿਲੀਅਨ ਦੀ ਦੌਲਤ ਹੈ।

2. ਇੰਗਲੈਂਡ ਦੇ ਅਰਬਪਤੀਆਂ ਕੋਲ 186 ਬਿਲੀਅਨ ਦੀ ਦੌਲਤ ਹੈ। ਜਿਸਦੇ ਮੁਕਾਬਲੇ ਇੰਗਲੈਂਡ ਦੇ 40% ਲੋਕਾਂ ਕੋਲ ਕੁੱਲ 342 ਬਿਲੀਅਨ ਡਾਲਰ ਦੀ ਦੌਲਤ ਹੈ।

3. ਭਾਰਤ ਦੇ 21 ਬੰਦਿਆਂ ਕੋਲ 70 ਕਰੋੜ ਅਬਾਦੀ ਤੋਂ ਜ਼ਿਆਦਾ ਪੈਸਾ ਹੈ। ਫੇਰ ਵੀ ਇਹਨਾਂ ਅਮੀਰਾਂ ਦੀ ਟੈਕਸ ਰੇਸ਼ੂ 30% ਤੋਂ ਘਟਾ ਕੇ 22% ਕਰ ਦਿੱਤੀ ਗਈ ਹੈ। ਭਾਰਤ ਵਿੱਚ ਪਿਛਲੇ ਦਸ ਸਾਲਾਂ ਵਿੱਚ ਜਿੰਨੀ ਦੌਲਤ ਪੈਦਾ ਹੋਈ ਹੈ ਉਸਦਾ 40% ਹਿੱਸਾ ਸਿਰਫ ਇਹ 1% ਅਮੀਰ ਲੋਕ ਲੈ ਗਏ। ਸਾਲ 2022-21 ਵਿੱਚ ਇਹਨਾਂ ਕਾਰਪੋਰੇਟਰਾਂ ਨੂੰ 103000 ਕਰੋੜ ਦੀ ਟੈਕਸ ਛੋਟ ਦਿੱਤੀ ਗਈ ਜਦ ਕਿ ਗਰੀਬਾਂ ਦੇ 65% ਬੱਚੇ ਸਿਰਫ ਪੂਰੀ ਖੁਰਾਕ ਨਾ ਮਿਲਣ ਕਾਰਨ ਮਰ ਜਾਂਦੇ ਹਨ। ਬਿਮਾਰੀ ਨਾਲ ਹੋਣ ਵਾਲੀਆਂ ਮੌਤਾਂ ਵਿੱਚ 17% ਗਰੀਬ ਪੈਸੇ ਵੀ ਘਾਟ ਕਾਰਨ, ਇਲਾਜ ਨਾ ਹੋਣ ਕਾਰਨ ਮਰ ਜਾਂਦੇ ਹਨ। ਸਾਲ 2021 ਵਿੱਚ ਰੋਜ਼ਾਨਾ 115 ਮਜ਼ਦੂਰਾਂ ਨੇ ਗਰੀਬਾਂ ਕਾਰਨ ਆਤਮ-ਹੱਤਿਆ ਕੀਤੀ।

ਇਹ ਹੈ ਰੁਝਾਨ ਜੋ ਇਸ ਵੇਲੇ ਚੱਲ ਰਿਹਾ। ਮੁਨਾਫੇ ਦਾ ਮਤਲਬ ਹੀ ਹੈ ਕਿਸੇ ਹੋਰ ਦਾ ਨੁਕਸਾਨ। ਇਹ ਅਮੀਰ ਲੋਕਾਂ ਗਰੀਬਾਂ ਦੀਆਂ ਜੇਬਾਂ ਨੂੰ ਨਿਚੋੜ ਕੇ ਹੋਰ ਅਮੀਰ ਹੋ ਰਹੇ ਹਨ, ਬਾਕੀ ਜਿਹੜੀ ਇਹਨਾਂ ਦੀ ਨਫ਼ੇ ਕਮਾਉਣ ਦੀ ਲਾਲਸਾ ਹੈ ਉਸਨੇ ਧਰਤੀ ਹਵਾ ਅਤੇ ਪਾਣੀ ਦਾ ਜੋ ਨੁਕਸਾਨ ਕੀਤਾ ਹੈ ਉਹ ਵੱਖ ਹੈ। ਹੁਣ ਸੁਆਲ ਇਹ ਹੈ ਕਿ ਕੀ ਸਿਰਫ ਇਹਨਾਂ ਅਮੀਰਾਂ ਉੱਤੇ ਆਮਦਨ ਟੈਕਸ ਵਧਾਉਣ ਨਾਲ ਸਾਰੀਆਂ ਸਮੱਸਿਆਵਾਂ ਦਾ ਹੱਲ ਹੋ ਸਕਦਾ ਹੈ ਜਾਂ ਇਸ ਸਾਰੇ ਸਿਸਟਮ ਨੂੰ ਮੁੱਢੋਂ ਸੁੱਢੋਂ ਬਦਲਣ ਦੀ ਲੋੜ ਹੈ ?

12 ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ, ਕੈਲਗਰੀ, ਵਿਨੀਪੈਗ ਅਤੇ ਪੰਜਾਬ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ।



ਹਰਬੰਸ ਸਿੰਘ (ਟੋਰਾਂਟੋ) 416-817-7142



ਦੇਵਿੰਦਰ ਤੂਰ (ਟੋਰਾਂਟੋ) 416 902 9372



ਮਾਸਟਰ ਭਜਨ (ਕੈਲਗਰੀ) 403-455-4220



ਪਰਮਿੰਦਰ ਕੌਰ ਸਵੈਚ (ਵੈਨਕੂਵਰ) 604 760 4794



ਜਸਵੀਰ ਕੌਰ ਮੰਗੂਵਾਲ ਵਿਨੀਪੈੱਗ 204-881-4955



ਬਲਜਿੰਦਰ ਸਿੰਘ ਵੜੈਚ (ਪੰਜਾਬ) +91-92167-29598



SECURELIFE
INSURANCE AGENCY INC.
NOW HIRING !!!
NEW & EXPERIENCED ADVISORS
Ravinderjit Basra
416-845-6232
www.securelifeinsurance.ca

**SAROKARAN DI AWAZ**

**Publisher**
Pro-People Arts Project
Media Group 29
Mapleview Ave, Brampton
Ontario, CA, L6R 1M2



**Managing Director**
Devinder Toor, Toronto
416-902-9372
ppapmg@gmail.com

**Chief Editor**
Harbans Singh
416-817-7142
ppapmg@gmail.com

**Editor**
Master Bhajan Singh
Calgary (Alberta)
403-455-4220
btarksheel@gmail.com

**Editor**
Dr. Hardeep Singh Atwal
Cambridge (Ontario)
416-209-6363
deephsingh@gmail.com

**Chief advisor**
Buta Singh Nawan Shahr
(Punjab)
946-347-4342
atoozed@gmail.com
Dr. Kuldeep Singh (Punjab)
+91 98151 15429
kuldip_1961@yahoo.com

**Literary Advisor**
Haripal
Calgary (NE) Alberta
403-714-4816
haripalharry2016@gmail.com

Parminder Swaich
Surrey (BC)
604-760-4794
pswaich@hotmail.com

Jasvir kaur Manguwal
Winnipeg
204-881-4955
manguwal.j@gmail.com

**Honorary Advisory Board**
Sukhdev Singh Sandhu
(Toronto)

Master Balbir Singh Gill
(Toronto)
Jaspreet Dhaliwal
(Toronto)

Harcharan Singh Parhar
Calgary

Narbhinder Singh (India)
(Punjab)
935-443-0211

**Graphic Desinger**
Baljinder Singh Waraich
+91-92167-29598
akashdeep.1064@gmail.com



ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।


# ਜੂਝਦੇ ਕਿਰਤੀ ਲੋਕਾਂ ਦੇ ਨਾਮ ਰਿਹਾ 2022

## *ਨਵੇਂ ਵਰ੍ਹੇ 2023 ਦੌਰਾਨ ਲੋਕ ਘੋਲਾਂ ਦੇ ਹੋਰ ਵੱਡੇ ਸਿਰਨਾਵੇ ਬਣਨਗੇ*



ਇੱਕਵੀਂ ਸਦੀ ਦਾ ਇੱਕ ਹੋਰ ਵਰ੍ਹਾ ਇਤਿਹਾਸ ਦਾ ਹਿੱਸਾ ਬਣ ਚੁੱਕਾ ਹੈ ਤੇ ਇੱਕ ਨਵਾਂ ਵਰ੍ਹਾ ਇਤਿਹਾਸ ਬਣਨ ਦੇ ਸਫਰ ਵਿੱਚ ਸਾਡੇ ਸੰਗ ਆ ਰਲ਼ਿਆ ਹੈ। ਇਸ ਵਰ੍ਹੇ ਦੌਰਾਨ ਸਰਮਾਏਦਾਰਾ ਪ੍ਰਬੰਧ ਦਾ ਸੰਕਟ ਹੋਰ ਤਿੱਖਾ ਹੋਇਆ ਹੈ। ਇਸ ਸੰਕਟ ਦੇ ਬਾਵਜੂਦ ਸਿਖਰਲੇ ਅਮੀਰਾਂ ਦੀ ਜਾਇਦਾਦ ਵਧੀ ਹੈ। ਵਧ ਰਹੀ ਬੇਰੁਜਗਾਰੀ, ਮਹਿੰਗਾਈ, ਘਟ ਰਹੀਆਂ ਉਜਰਤਾਂ ਤੇ ਸਰਕਾਰੀ ਸਹੂਲਤਾਂ ਵਿੱਚ ਕਟੌਤੀ ਆਦਿ ਦੇ ਰੂਪ ਵਿੱਚ ਲੋਕਾਂ ਨੂੰ ਇਸ ਸੰਕਟ ਦੀ ਮਾਰ ਝੱਲਣੀ ਪਈ ਹੈ। ਪਰ 2022 ਦਾ ਵਰ੍ਹਾ ਖੁਦ ਉੱਪਰ ਇਸ ਗੱਲੋਂ ਮਾਣ ਕਰ ਸਕਦਾ ਹੈ ਕਿ ਇਹ ਕਿਰਤੀ ਲੋਕਾਂ ਦੀ ਲੁੱਟ, ਦੁੱਖ-ਤਕਲੀਫਾਂ ਨੂੰ ਚੁੱਪ-ਚਾਪ ਦੇਖੀ ਜਾਣ ਦਾ ਗੁਨਾਹਗਾਰ ਨਹੀਂ ਬਣਿਆ ਸਗੋਂ ਕਿਰਤੀ ਲੋਕਾਂ ਦੇ ਸੰਘਰਸ਼ਾਂ ਦਾ ਗਵਾਹ ਬਣਿਆ ਹੈ। ਵੱਖ-ਵੱਖ ਮੁਲਕਾਂ ਵਿੱਚ ਕਿਰਤੀ ਲੋਕਾਂ ਨੇ ਔਖੀਆਂ ਹੋ ਰਹੀਆਂ ਜੀਵਨ ਹਾਲਤਾਂ, ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਖਿਲਾਫ ਆਪਣਾ ਰੋਸ ਪ੍ਰਗਟ ਕਰਦੇ ਹੋਏ ਸੜਕਾਂ ਮੱਲੀਆਂ ਹਨ ਜਿਹਨਾਂ ਵਿੱਚੋਂ ਚੰਗੇਰੇ ਭਵਿੱਖ ਦੀ ਉਮੀਦ ਝਲਕਦੀ ਹੈ। ਇਉਂ ਸੰਸਾਰ ਭਰ 'ਚ ਕਿਰਤੀ ਲੋਕ ਸੰਘਰਸ਼ਾਂ ਰਾਹੀਂ ਇਸ ਵਰ੍ਹੇ ਨੂੰ ਅਲਵਿਦਾ ਆਖਦੇ ਹੋਏ ਨਵੇਂ ਨੂੰ ਖੁਸ਼ਾਮਦੀਦ ਆਖ ਰਹੇ ਹਨ।

ਸੰਸਾਰ ਅਰਥਚਾਰੇ ਦੀ ਵਾਧਾ ਦਰ 2021 ਦੌਰਾਨ 6 ਫੀਸਦੀ ਸੀ। ਕੌਮਾਂਤਰੀ ਮੁਦਰਾ ਕੋਸ਼ ਦੇ ਅਨੁਮਾਨ ਮੁਤਾਬਕ 2022 ਦੌਰਾਨ ਇਹ 3.2 ਫੀਸਦੀ ਹੈ ਤੇ 2023 ਵਿੱਚ ਹੋਰ ਡਿੱਗ ਕੇ 2.7 ਫੀਸਦੀ ਰਹਿ ਜਾਵੇਗੀ। ਪੂਰੇ ਸੰਸਾਰ ਵਿੱਚ ਇਸ ਵੇਲੇ ਸੰਸਾਰ ਦੀ ਕੁੱਲ ਘਰੇਲੂ ਪੈਦਾਵਾਰ ਦਾ ਕਰੀਬ ਢਾਈ ਗੁਣਾ ਕਰਜਾ ਹੈ। ਇਹ ਅੰਕੜੇ ਇਸ ਗੱਲ ਦਾ ਸੰਕੇਤ ਹਨ ਕਿ ਸੰਸਾਰ ਸਰਮਾਏਦਾਰਾ ਪ੍ਰਬੰਧ ਦਾ ਗੱਡਾ ਸੰਕਟ ਦੀ ਗਾਰ 'ਚ ਫਸਿਆ ਹੋਇਆ ਹੈ। ਇਸ ਸੰਕਟ ਵਿੱਚ ਸ਼੍ਰੀਲੰਕਾ ਦੀਵਾਲੀਆ ਹੋ ਗਿਆ ਤੇ ਕਰੀਬ 5 ਦਰਜਨ ਹੋਰ ਮੁਲਕ ਦੀਵਾਲੀਆ ਹੋਣ ਕੰਢੇ ਹਨ। ਹਾਕਮ ਜਮਾਤਾਂ ਇਸ ਸੰਕਟ ਦਾ ਬੋਝ ਕਿਰਤੀ ਲੋਕਾਂ ਉੱਪਰ ਸੁੱਟ ਰਹੀਆਂ ਹਨ। ਮਹਿੰਗਾਈ ਦੀ ਦਰ 2021 ਵਿੱਚ 4.6 ਫੀਸਦੀ ਸੀ ਜੋ 2022 ਵਿੱਚ ਵਧਕੇ 9.6 ਫੀਸਦੀ ਤੱਕ ਚਲੀ ਗਈ। ਇਸਦਾ ਨਤੀਜਾ ਇਹ ਹੋਇਆ ਹੈ ਕਿ ਪੂਰੇ ਸੰਸਾਰ ਵਿੱਚ ਲੋਕਾਂ ਦੀਆਂ ਰੋਜਾਨਾ ਵਸਤਾਂ ਦੀਆਂ ਚੀਜਾਂ ਕਾਫੀ ਮਹਿੰਗੀਆਂ ਹੋਈਆਂ ਹਨ। ਖਾਣ-ਪੀਣ ਦੀਆਂ ਵਸਤਾਂ ਪੂਰੇ ਸੰਸਾਰ ਵਿੱਚ ਹੀ ਮਹਿੰਗੀਆਂ ਹੋਈਆਂ ਹਨ। ਯੂਰਪ ਵਿੱਚ ਊਰਜਾ ਸ੍ਰੋਤ ਮਹਿੰਗੇ ਹੋਏ ਹਨ ਜੋ ਕਿ ਲੋਕਾਂ ਦੇ ਖਰਚਿਆਂ ਦਾ ਕਾਫੀ ਵੱਡਾ ਹਿੱਸਾ ਬਣਦੇ ਹਨ।

ਇਸ ਸੰਕਟ ਦੇ ਮਾਹੌਲ ਦਾ ਨਤੀਜਾ ਇਹ ਹੋਇਆ ਹੈ ਕਿ ਹਾਕਮ ਜਮਾਤਾਂ ਦੀ ਸਿਆਸਤ ਨੇ ਸੱਜ-ਪਿਛਾਖੜ ਵੱਲ ਮੋੜ ਕੱਟਿਆ ਹੈ। ਭਾਵ ਵੱਖ-ਵੱਖ ਮੁਲਕਾਂ 'ਚ ਹਾਕਮ ਜਮਾਤ ਦੀਆਂ ਅਜਿਹੀਆਂ ਪਾਰਟੀਆਂ ਉੱਭਰੀਆਂ ਹਨ ਜਾਂ ਸੱਤ੍ਹਾ ਵਿੱਚ ਆਈਆਂ ਹਨ ਜਿਹੜੀਆਂ ਲੋਕਾਂ ਨੂੰ ਨਸਲ, ਖੇਤਰ, ਕੌਮੀ ਆਦਿ ਪਛਾਣਾਂ ਦਾ ਜਨੂੰਨ ਉਭਾਰਦੇ ਹੋਏ ਲੋਕਾਂ ਨੂੰ ਪਾੜਨ ਦਾ ਕੰਮ ਕਰਦੀਆਂ ਹਨ। ਇਸਦੇ ਨਾਲ਼ ਵੱਡੇ ਸਰਮਾਏਦਾਰਾਂ ਦੀ ਸੇਵਾ ਲੋਕਾਂ ਨੂੰ ਮਿਲ਼ਣ ਵਾਲ਼ੀਆ ਸਹੂਲਤਾਂ ਉੱਪਰ ਕਟੌਤੀ ਕਰਦੀਆਂ ਹਨ ਅਤੇ ਲੋਕਾਂ ਦੇ ਜਮਹੂਰੀ ਹੱਕਾਂ ਨੂੰ ਛਾਂਗਦੇ ਹੋਏ ਜਬਰ ਦੀਆਂ ਨੀਤੀਆਂ ਨੂੰ ਪਹਿਲ ਦਿੰਦੀਆਂ ਹਨ। ਇਹ ਵਰਤਾਰਾ ਪਿਛਲੇ ਕਈ ਸਾਲਾਂ ਤੋਂ ਚੱਲ ਰਿਹਾ ਹੈ। ਇਸ ਵਰ੍ਹੇ ਇਟਲੀ ਤੇ ਸਵੀਡਨ ਦੀਆਂ ਸੱਜ-ਪਿਛਾਖੜੀ ਪਾਰਟੀਆਂ ਹੋਰ ਮਜਬੂਤ ਹੋਈਆਂ ਹਨ। ਅਜਿਹੀਆਂ ਪਾਰਟੀਆਂ ਦੀ ਹੋਂਦ ਅੱਜ ਸੰਸਾਰ ਦੇ ਬਹੁਤ ਸਾਰੇ ਮੁਲਕਾਂ ਵਿੱਚ ਹੈ।

ਇਸ ਸੰਕਟ ਵਿੱਚ ਸਾਮਰਾਜੀਆਂ ਦੇ ਵੱਖ-ਵੱਖ ਧੜਿਆਂ ਵਿੱਚ ਵੀ ਦੁਨੀਆਂ ਨੂੰ ਲੁੱਟਣ ਦੀ ਆਪਸੀ ਖੋਹ-ਖਿੰਝ ਤਿੱਖੀ ਹੋਈ

(ਬਾਕੀ ਸਫ਼ਾ 37 'ਤੇ)


I am amrit kaur tailor. I have 7 year work experience. I need any work in foreign. Home cleaning, helper, tailor, Cooking, nanny or tourist/ visitor Visa. Jo help kr sakde Visa lai..
**+919914607554**



**HMP ਐਚ ਐਮ ਪੀ ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਿਟਿਡ**
PROFESSIONAL CONSTRUCTION LTD.
Specialist in: www. hmphome.com
- Built Garage
- Garage Door Opener & Install
- New Garage Door
- Repair Old Garage Door
- Roofing, Fence, Deck
- New Houses Framing
- Old House Extension & any other add on construction Work

ਨਵੀਂ ਗੈਰਾਜ ਬਣਾਉਣ ਲਈ ਗੈਰਾਜ ਡੋਰ ਓਪਨਰ, ਨਵੀਂ ਗੈਰਾਜ ਡੋਰ, ਪੁਰਾਣੀ ਗੈਰਾਜ ਡੋਰ ਰਿਪੇਅਰ, ਰੂਫਿੰਗ, ਫੈਂਸ, ਡੈੱਕ, ਨਵੇਂ ਘਰਾਂ ਦੀ ਫਰੇਮਿੰਗ, ਪੁਰਾਣੇ ਘਰ ਦੀ ਐਕਸਟੈਂਸ਼ਨ ਅਤੇ ਹੋਰ ਕੋਈ ਵੀ ਕੰਸਟਰਕਸ਼ਨ ਦਾ ਕੰਮ ਕਰਾਉਣ ਲਈ ਫੋਨ ਕਰੋ।

Free Estimate Paul Sekhon: 403-701-4947

**HMP CUSTOM CABINETS LTD.**
Specialist in : Custom Kitchen, Bars, Washroom Vanity, Closet & All Commercial Mill Work






Bay 11 2316 27 Ave. NE, Calgary Ph. : 403-

**Reliance /Legal Group LLP**
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Our law group practices in

IMMIGRATION
Applications for Family Class and APPEALS,
Skilled Workers, Investors, Refugee Claims

REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW

SMALL BUSINESS
Buying and Selling
Franchises, Shareholder Agreements and Incorporations
FORMATION OF PUBLIC COMPANIES


Tel. : 403-285-7070
PERSONAL INJURY (Car Accident Claims)
NO LEGAL FEES UNTIL RECOVERY


Our clients include small businesses, public companies, builders, land developers, charitable organizations and individuals. We donate part of our fees to Alberta Children Hospital.
* Experienced lawyers, caring, confidential * Reasonable fees
* Free Initial Consultation * Weekend & Evening Appointments (available upon request)



ਬੂਟਾ ਸਿੰਘ
ਮਹਿਮੂਦਪੁਰ
94634-74342

# ਡਾਕੂਮੈਂਟਰੀ ਦੀ ਲਲਕਾਰ, ਹਿਲਾਈ 'ਮਜਬੂਤ ਸਰਕਾਰ'






ਬੀ.ਬੀ.ਸੀ. ਵੱਲੋਂ ਗੁਜਰਾਤ ਨਸਲਕੁਸ਼ੀ ਬਾਰੇ ਬਣਾਈ ਦਸਤਾਵੇਜ਼ੀ ਫਿਲਮ ਵਿਚ ਐਸਾ ਕੀ ਹੈ ਜਿਸ ਤੋਂ ਬੌਖਲਾ ਕੇ ਆਰ.ਐੱਸ.ਐੱਸ.-ਭਾਜਪਾ ਹਕੂਮਤ ਨੇ ਇਸ ਨੂੰ 'ਮੁਲਕ ਦੀ ਪ੍ਰਭੁਸੱਤਾ ਅਤੇ ਅਖੰਡਤਾ ਲਈ ਖ਼ਤਰਾ' ਕਰਾਰ ਦੇ ਕੇ ਇਸ ਉੱਪਰ ਪਾਬੰਦੀ ਲਗਾ ਦਿੱਤੀ। ਦੋ ਕਿਸ਼ਤਾਂ 'ਚ ਬਣਾਈ 'ਇੰਡੀਆ: ਦੀ ਮੋਦੀ ਕੁਵੱਸਚਨ' ਨਾਂ ਦੀ ਦਸਤਾਵੇਜ਼ੀ ਫਿਲਮ ਦੀ ਪਹਿਲੀ ਕਿਸ਼ਤ 17 ਜਨਵਰੀ ਨੂੰ ਯੂ.ਕੇ. ਵਿਚ ਪ੍ਰਸਾਰਤ ਕੀਤੇ ਜਾਣ ਨਾਲ ਹਿੰਦੂਤਵੀ ਹਕੂਮਤ ਨੂੰ ਹੱਥਾਂ ਪੈਰਾਂ ਦੀ ਪੈ ਗਈ। ਦੂਜੀ ਕਿਸ਼ਤ 24 ਜਨਵਰੀ ਨੂੰ ਪ੍ਰਸਾਰਤ ਕੀਤੀ ਗਈ। ਬਦੇਸ਼ ਮੰਤਰਾਲੇ ਨੇ ਬਿਆਨ ਦਿੱਤਾ ਕਿ ਇਹ 'ਇਕ ਖ਼ਾਸ ਬਦਨਾਮ ਬਿਰਤਾਂਤ ਨੂੰ ਅੱਗੇ ਵਧਾਉਣ ਲਈ ਘੜਿਆ ਪ੍ਰਚਾਰ ਹੈ। ਪੱਖਪਾਤ, ਬਾਹਰਮੁੱਖਤਾ ਦੀ ਕਮੀ ਅਤੇ ਬਸਤੀਵਾਦੀ ਜ਼ਿਹਨੀਅਤ ਸਪਸ਼ਟ ਝਲਕਦੀ ਹੈ।' ਕੁਲ ਆਲਮ ਦਾ ਭਗਵਾਂ ਤੰਤਰ ਦਸਤਾਵੇਜ਼ੀ ਨੂੰ ਭੰਡਣ ਅਤੇ ਕੂਟਨੀਤਕ ਦਬਾਓ ਪਾ ਕੇ ਸੋਸ਼ਲ ਮੀਡੀਆ ਪਲੈਟਫਾਰਮਾਂ ਤੋਂ ਇਸ ਨੂੰ ਹਟਾਉਣ ਲਈ ਸਰਗਰਮ ਹੋ ਗਿਆ। ਦਸਤਾਵੇਜ਼ੀ ਵਿਚ ਜੋ ਦਿਖਾਇਆ ਗਿਆ ਹੈ ਉਸ ਨੂੰ ਤੱਥਾਂ ਸਹਿਤ ਚੁਣੌਤੀ ਦੇਣ ਦੀ ਹਿੰਮਤ ਦਿਖਾਉਣ ਦੀ ਬਜਾਏ ਸੰਘ ਬਰਗੇਡ ਨੇ ਪਾਬੰਦੀ ਦਾ ਫਾਸ਼ੀਵਾਦੀ ਢੰਗ ਅਪਣਾਇਆ ਤਾਂ ਕਿ ਭਾਰਤੀ ਲੋਕ ਇਸ ਨੂੰ ਦੇਖ ਹੀ ਨਾ ਸਕਣ। ਮੋਦੀ ਹਕੂਮਤ ਨੇ ਬਾਂਹ ਮਰੋੜ ਕੇ ਭਾਰਤ ਵਿਚ ਯੂਟਿਊਬ ਉੱਪਰੋਂ ਦਸਤਾਵੇਜ਼ੀ ਡਿਲੀਟ ਕਰਵਾ ਦਿੱਤੀ ਅਤੇ ਟਵਿੱਟਰ ਨੇ ਵੀ ਦਬਾਓ ਹੇਠ ਇਸ ਦੇ ਸਾਰੇ ਸ਼ੇਅਰ ਲਿੰਕ ਹਟਾ ਦਿੱਤੇ। (ਇਸ ਤੋਂ ਪਹਿਲਾਂ, ਦਿੱਲੀ 'ਚ ਵਾਪਰੇ ਨਿਰਭੈ ਕਾਂਡ ਬਾਰੇ ਬੀ.ਬੀ.ਸੀ. ਦੀ ਦਸਤਾਵੇਜ਼ੀ ਇੰਡੀਆ'ਜ਼ ਡੌਟਰ ਨੂੰ ਵੀ ਪਾਬੰਦੀ ਦਾ ਸਾਹਮਣਾ ਕਰਨਾ ਪਿਆ ਸੀ।) ਪਾਬੰਦੀ ਦੇ ਬਾਵਜੂਦ ਜੇ.ਐੱਨ.ਯੂ., ਜਾਮੀਆ ਮਿਲੀਆ, ਹੈਦਰਾਬਾਦ ਕੇਂਦਰੀ ਯੂਨੀਵਰਸਿਟੀ ਆਦਿ ਕਈ ਯੂਨੀਵਰਸਿਟੀਆਂ 'ਚ, ਪੂਰੇ ਕੇਰਲਾ ਰਾਜ ਅਤੇ ਹੋਰ ਵੀ ਬਹੁਤ ਸਾਰੇ ਥਾਵਾਂ ਉੱਪਰ ਵੱਖ-ਵੱਖ ਰਾਜਨੀਤਕ ਧਿਰਾਂ ਵੱਲੋਂ ਇਹ ਦਸਤਾਵੇਜ਼ੀ ਫਿਲਮ ਜਨਤਕ ਤੌਰ 'ਤੇ ਦਿਖਾਈ ਗਈ ਹੈ। ਜੇ.ਐੱਨ.ਯੂ. ਅਤੇ ਜਾਮੀਆ ਮਿਲੀਆ ਯੂਨੀਵਰਸਿਟੀ ਵਿਚ ਤਾਂ ਬਿਜਲੀ ਦਾ ਕੱਟ, ਭਗਵੇਂ ਗੁੰਡਿਆਂ ਵੱਲੋਂ ਕੀਤਾ ਪਥਰਾਓ ਅਤੇ ਪੁਲਿਸ ਵੱਲੋਂ ਕੀਤੀਆਂ ਗ੍ਰਿਫ਼ਤਾਰੀਆਂ ਵੀ ਫਿਲਮ ਦੀ ਸਕ੍ਰੀਨਿੰਗ ਨੂੰ ਰੋਕ ਨਾ ਸਕੇ। ਰੋਕਾਂ ਨੇ ਸਗੋਂ ਫਿਲਮ ਦੇਖਣ 'ਚ ਹੋਰ ਜ਼ਿਆਦਾ ਦਿਲਚਸਪੀ ਪੈਦਾ ਕਰ ਦਿੱਤੀ।

ਬਰਤਾਨੀਆ ਵਿਚਲੇ ਆਰ.ਐੱਸ.ਐੱਸ ਪੱਖੀ ਪ੍ਰਵਾਸੀ ਭਾਰਤੀਆਂ ਨੇ ਦਸਤਾਵੇਜ਼ੀ ਵਿਚ ਮੋਦੀ ਦੀ ਕਥਿਤ ਕਿਰਦਾਰਕੁਸ਼ੀ ਬਾਰੇ ਬੀ.ਬੀ.ਸੀ. ਨੂੰ ਸ਼ਿਕਾਇਤਾਂ ਭੇਜਣ ਦਾ ਸਿਲਸਿਲਾ ਵਿੱਢਿਆ ਹੋਇਆ ਹੈ। ਭਾਰਤ ਵਿਚ ਸਿਵਲ ਸੁਸਾਇਟੀ ਦੀ ਤਰਜ਼ 'ਤੇ 133 ਸਾਬਕਾ ਨੌਕਰਸ਼ਾਹਾਂ, 156 ਸਾਬਕਾ ਫ਼ੌਜੀ ਅਫ਼ਸਰਾਂ ਅਤੇ 13 ਸੇਵਾ-ਮੁਕਤ ਜੱਜਾਂ ਤੋਂ ਵੀ ਬੀ.ਬੀ.ਸੀ. ਨੂੰ ਇਕ ਖੁੱਲ੍ਹੀ ਚਿੱਠੀ ਲਿਖਵਾਈ ਗਈ ਹੈ ਜਿਸ ਵਿਚ ਦਸਤਾਵੇਜ਼ੀ ਨੂੰ 'ਬਰਤਾਨਵੀ ਸਾਮਰਾਜੀ ਪੁਨਰ-ਉਭਾਰ ਦਾ ਭਰਮ' ਕਹਿ ਕੇ ਭੰਡਿਆ ਗਿਆ ਹੈ।

ਬੀ.ਬੀ.ਸੀ. ਦਾ ਕਹਿਣਾ ਹੈ ਕਿ ਸੰਸਥਾ ਦੁਨੀਆ ਭਰ ਦੇ ਮਹੱਤਵਪੂਰਨ ਮੁੱਦਿਆਂ ਨੂੰ ਉਜਾਗਰ ਕਰਨ ਲਈ ਵਚਨਬੱਧ ਹੈ। ਉਨ੍ਹਾਂ ਦੀ ਇਹ ਦਸਤਾਵੇਜ਼ੀ ਭਾਰਤ ਦੀ ਹਿੰਦੂ ਬਹੁਗਿਣਤੀ ਅਤੇ ਮੁਸਲਿਮ ਘੱਟਗਿਣਤੀ ਦਰਮਿਆਨ ਤਣਾਵਾਂ ਦੀ ਘੋਖ ਅਤੇ ਉਨ੍ਹਾਂ ਤਣਾਵਾਂ ਸੰਬੰਧੀ ਪ੍ਰਧਾਨ ਮੰਤਰੀ ਮੋਦੀ ਦੀ ਸਿਆਸਤ ਦੀ ਪੁਣਛਾਣ ਕਰਦੀ ਹੈ। ਦਸਤਾਵੇਜ਼ੀ ਬਣਾਉਣ ਦਾ ਉਦੇਸ਼ ਬਹੁਤ ਹੀ ਸਪਸ਼ਟ ਹੈ: 'ਨਰਿੰਦਰ ਮੋਦੀ ਦਾ ਪ੍ਰਧਾਨ ਮੰਤਰੀ ਅਹੁਦਾ ਭਾਰਤ ਦੀ ਮੁਸਲਮਾਨ ਆਬਾਦੀ ਪ੍ਰਤੀ ਉਨ੍ਹਾਂ ਦੀ ਸਰਕਾਰ ਦੇ ਰਵੱਈਏ ਬਾਰੇ ਲਗਾਤਾਰ ਦੋਸ਼ਾਂ ਨਾਲ ਘਿਰਿਆ ਹੋਇਆ ਹੈ। ਇਹ ਲੜੀ ਉਨ੍ਹਾਂ ਦੋਸ਼ਾਂ ਪਿਛਲੀ ਸਚਾਈ ਦੀ ਜਾਂਚ ਕਰਦੀ ਹੈ ਅਤੇ ਜਦੋਂ ਭਾਰਤ ਦੀ ਸਭ ਤੋਂ ਵੱਡੀ ਧਾਰਮਿਕ ਘੱਟਗਿਣਤੀ ਦੀ ਗੱਲ ਆਉਂਦੀ ਹੈ ਤਾਂ ਮੋਦੀ ਦੀ ਸਿਆਸਤ ਬਾਰੇ ਹੋਰ ਸਵਾਲਾਂ ਦੀ ਪੁਣਛਾਣ ਕਰਨ ਲਈ ਉਸ ਦੇ ਪਿਛੋਕੜ ਦੀ ਜਾਂਚ ਕਰਦੀ ਹੈ।' ਬੀ.ਬੀ.ਸੀ. ਨੇ ਦਾਅਵੇ ਨਾਲ ਕਿਹਾ ਹੈ ਕਿ ਇਸ ਵਿਸ਼ੇ ਉੱਪਰ 'ਉੱਚਤਮ ਸੰਪਾਦਕੀ ਮਿਆਰਾਂ ਅਨੁਸਾਰ ਕਰੜੀ ਖੋਜ ਕੀਤੀ ਗਈ ਸੀ' ਅਤੇ ਆਵਾਜ਼ਾਂ, ਗਵਾਹਾਂ ਅਤੇ ਮਾਹਰਾਂ ਦੇ ਚੌੜੇ ਘੇਰੇ ਤੱਕ ਪਹੁੰਚ ਕੀਤੀ ਗਈ। ਕਿ 'ਅਸੀਂ ਭਾਜਪਾ ਦੇ ਲੋਕਾਂ ਦੇ ਜਵਾਬਾਂ ਸਮੇਤ ਕਈ ਤਰ੍ਹਾਂ ਦੇ ਵਿਚਾਰ ਪੇਸ਼ ਕੀਤੇ ਹਨ। ਅਸੀਂ ਦਸਤਾਵੇਜ਼ੀ ਲੜੀ ਵਿਚ ਉੱਠੇ ਸਵਾਲਾਂ ਦਾ ਜਵਾਬ ਦੇਣ ਦੇ ਹੱਕ ਦੀ ਪੇਸ਼ਕਸ਼ ਭਾਰਤ ਸਰਕਾਰ ਨੂੰ ਕੀਤੀ ਸੀ-ਇਸ ਨੇ ਜਵਾਬ ਦੇਣ ਤੋਂ ਇਨਕਾਰ ਕਰ ਦਿੱਤਾ।'

ਬੀ.ਬੀ.ਸੀ. ਦੀ ਅਧਿਕਾਰਕ ਵੈੱਬਸਾਈਟ ਕਹਿੰਦੀ ਹੈ, 'ਇਸ ਦਸਤਾਵੇਜ਼ੀ ਵਿਚ ਬਰਤਾਨਵੀ ਬਦੇਸ਼ ਆਫ਼ਿਸ ਤੋਂ ਬੀ.ਬੀ.ਸੀ. ਵੱਲੋਂ ਹਾਸਲ ਕੀਤੀ ਗਈ ਇਕ ਪੁਰਾਣੀ ਰਿਪੋਰਟ ਨੂੰ ਨਸ਼ਰ ਕੀਤਾ ਗਿਆ ਹੈ ਜੋ ਪ੍ਰਕਾਸ਼ਿਤ ਨਹੀਂ ਸੀ ਹੋਈ। ਜੋ ਇਕ ਦਿਨ ਪਹਿਲਾਂ ਹਿੰਦੂ ਸ਼ਰਧਾਲੂਆਂ ਨੂੰ ਲਿਜਾ ਰਹੀ ਇਕ ਰੇਲਗੱਡੀ ਨੂੰ ਅੱਗ ਲੱਗਣ ਤੋਂ ਬਾਦ ਭੜਕੇ ਧਾਰਮਿਕ ਦੰਗਿਆਂ ਦੌਰਾਨ ਸ਼੍ਰੀ ਮੋਦੀ ਦੀ ਕਾਰਗੁਜ਼ਾਰੀ ਬਾਰੇ ਸਵਾਲ ਉਠਾਉਂਦੀ ਹੈ..... ਹਿੰਸਾ ਭੜਕਣ ਨਾਲ 1000 ਤੋਂ ਵੱਧ ਲੋਕ ਮਾਰੇ ਗਏ, ਜਿਨ੍ਹਾਂ 'ਚੋਂ ਜ਼ਿਆਦਾਤਰ ਮੁਸਲਮਾਨ ਸਨ। ਹਿੰਸਾ ਜੋ ਆਜ਼ਾਦੀ ਤੋਂ ਬਾਦ ਦੀਆਂ ਸਭ ਤੋਂ ਭੈੜੀਆਂ ਹਿੰਸਕ ਘਟਨਾਵਾਂ 'ਚੋਂ ਇਕ ਸੀ।'

ਦਸਤਾਵੇਜ਼ੀ ਦੀ ਪਹਿਲੀ ਕਿਸ਼ਤ ਵਿਚ ਬ੍ਰਿਟਿਸ਼ ਹਾਈ ਕਮਿਸ਼ਨ ਦੀ ਰਿਪੋਰਟ ਦੇ ਵੇਰਵੇ ਦਿੱਤੇ ਗਏ ਹਨ ਜਿਸ ਵਿਚ 2002 'ਚ ਮੁਸਲਮਾਨਾਂ ਦੇ ਕਤਲੇਆਮ ਵਿਚ ਨਰਿੰਦਰ ਮੋਦੀ ਸਰਕਾਰ ਦੀ ਕਾਰਗੁਜ਼ਾਰੀ ਨੂੰ ਮੁੱਖ ਰੱਖਦੇ ਹੋਏ ਉਸ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ ਹੈ। ਦੂਜੀ ਕਿਸ਼ਤ ਮਈ 2014 'ਚ ਆਰ.ਐੱਸ.ਐੱਸ.-ਭਾਜਪਾ ਦੇ ਸੱਤਾ ਵਿਚ ਆਉਣ ਤੋਂ ਬਾਦ ਦੇ ਹਾਲਾਤ ਬਾਰੇ ਹੈ। ਇਸ ਦਾ ਮੁੱਖ ਨੁਕਤਾ ਮੁਸਲਮਾਨ ਘੱਟਗਿਣਤੀ ਨੂੰ ਧੱਕ ਕੇ ਕੰਧ ਨਾਲ ਲਗਾ ਕੇ ਦੋਇਮ ਦਰਜੇ ਦੇ ਨਾਗਰਿਕ ਬਣਾਏ ਜਾਣ ਦੇ ਤੱਥ ਉਜਾਗਰ ਕਰਨਾ ਹੈ। ਇਸ ਹਿੱਸੇ ਵਿਚ ਪਿਛਲੇ ਅੱਠ ਸਾਲਾਂ 'ਚ ਮੁਸਲਮਾਨ ਘੱਟਗਿਣਤੀ ਉੱਪਰ ਵੱਖ-ਵੱਖ ਰੂਪਾਂ 'ਚ ਹਮਲਿਆਂ ਦੇ ਤੱਥ ਦਿੱਤੇ ਗਏ ਹਨ। ਅਰੁੰਧਤੀ ਰਾਏ, ਅਕਾਰ ਪਟੇਲ ਆਦਿ ਉੱਘੇ ਬੁੱਧੀਜੀਵੀ ਅਤੇ ਸਵਪਨਦਾਸ ਗੁਪਤਾ ਵਰਗੇ ਭਾਜਪਾ ਪੱਖੀ ਪੱਤਰਕਾਰ ਇਸ ਸਥਿਤੀ ਨੂੰ ਕਿਵੇਂ ਦੇਖਦੇ ਹਨ ਉਨ੍ਹਾਂ ਦੇ ਵਿਸ਼ਲੇਸ਼ਣ ਵੀ ਦਿੱਤੇ ਗਏ ਹਨ।

ਬੇਸ਼ੱਕ ਬੀ.ਬੀ.ਸੀ. ਦਸਤਾਵੇਜ਼ੀ 'ਚ ਪੇਸ਼ ਕੀਤੇ ਤੱਥਾਂ ਅਤੇ ਨਤੀਜਿਆਂ ਉੱਪਰ ਦ੍ਰਿੜ ਹੈ ਪਰ ਬੀ.ਬੀ.ਸੀ. ਨੇ ਇਹ ਵੀ ਕਿਹਾ ਕਿ ਇਸ ਦੀ ਭਾਰਤ ਵਿਚ ਫਿਲਮ ਨੂੰ ਦਿਖਾਏ ਜਾਣ ਦੀ ਯੋਜਨਾ ਨਹੀਂ ਹੈ। ਬੀ.ਬੀ.ਸੀ. ਦੇ ਇਸ ਫ਼ੈਸਲੇ ਨੇ ਭਾਰਤ ਦੇ ਲੋਕਾਂ ਨੂੰ ਇਸ ਦਸਤਾਵੇਜ਼ੀ ਨੂੰ ਦੇਖਣ ਅਤੇ ਇਸ ਬਾਰੇ ਆਪਣੀ ਰਾਇ ਬਣਾਉਣ ਦੇ ਹੱਕ ਤੋਂ ਵਿਰਵਾ ਕਰ ਦਿੱਤਾ ਹੈ।

ਮੋਦੀ ਸਮੇਤ ਆਰ.ਐੱਸ.ਐੱਸ.-ਭਾਜਪਾ ਦੇ ਆਗੂ ਗੁਜਰਾਤ ਕਤਲੇਆਮ-2002 ਦੀ ਜਵਾਬਦੇਹੀ ਤੋਂ ਬਚਣ ਲਈ ਸ਼ੁਰੂ ਤੋਂ ਹੀ ਇਹੀ ਘੜਿਆ ਘੜਾਇਆ ਜਵਾਬ ਦਿੰਦੇ ਆ ਰਹੇ ਹਨ ਕਿ ਇਹ ਝੂਠਾ ਪ੍ਰਚਾਰ ਹੈ। ਬੀ.ਬੀ.ਸੀ. ਦੀ ਉਸ ਸਮੇਂ ਦੀ ਪੱਤਰਕਾਰ ਜਿਲ ਮੈਕਗਿਵਿੰਗ ਨੂੰ ਵੀ ਕਤਲੇਆਮ ਤੋਂ ਤੁਰੰਤ ਬਾਦ ਕੀਤੀ ਇੰਟਰਵਿਊ ਵਿਚ ਮੋਦੀ ਨੇ ਇਹੀ ਜਵਾਬ ਦਿੱਤਾ ਸੀ। ਦਸਤਾਵੇਜ਼ੀ ਵਿਚ ਉਸ ਇੰਟਰਵਿਊ ਦਾ ਕਲਿੱਪ ਵੀ ਸ਼ਾਮਿਲ ਕੀਤਾ ਗਿਆ ਹੈ ਜਿਸ ਵਿਚ ਮੋਦੀ ਆਪਣੇ ਖ਼ੌਫ਼ਨਾਕ ਚਿਹਰੇ ਨਾਲ ਹਰ ਸਵਾਲ ਨੂੰ 'ਝੂਠਾ ਪ੍ਰਾਪੇਗੰਡਾ' ਕਹਿਕੇ ਰੱਦ ਕਰਦਾ ਹੈ ਅਤੇ ਤਿੱਖੇ ਸਵਾਲ ਕਰਨ ਵਾਲੀ ਪੱਤਰਕਾਰ ਪ੍ਰਤੀ ਮੋਦੀ ਦੀ ਬੌਖਲਾਹਟ ਮੋਦੀ ਦੇ ਰਵੱਈਏ ਤੋਂ ਸਾਫ਼ ਦਿਸਦੀ ਹੈ। ਮੋਦੀ ਦੀ ਫਾਸਿਸਟ ਮਾਨਸਿਕਤਾ ਹਰ ਚੀਜ਼ ਨੂੰ ਕੰਟਰੋਲ ਕਰਨ ਦੀ ਹੈ ਪਰ ਨਿਡਰ ਮੀਡੀਆ ਉਸ ਦੇ ਕਾਬੂ 'ਚ ਨਹੀਂ ਆ ਰਿਹਾ। ਉਸ ਨੇ ਮੁੱਖ ਮੰਤਰੀ ਹੁੰਦਿਆਂ ਕਤਲੇਆਮ ਤੋਂ ਬਾਦ ਪੱਤਰਕਾਰਾਂ ਨੂੰ ਜਿਹੜੀਆਂ ਕੁਝ ਕੁ ਇੰਟਰਵਿਊ ਦਿੱਤੀਆਂ ਉਨ੍ਹਾਂ 'ਚੋਂ ਕੁਝ ਦੇ ਕਲਿਪ ਦਸਤਾਵੇਜ਼ੀ ਵਿਚ ਵੀ ਸ਼ਾਮਿਲ ਕੀਤੇ ਗਏ ਹਨ। ਬੀ.ਬੀ.ਸੀ. ਦੀ ਪੱਤਰਕਾਰ ਨਾਲ ਇੰਟਰਵਿਊ 'ਚ ਮੋਦੀ ਮੀਡੀਆ ਨਾਲ ਨਜਿੱਠਣ ਦੀ ਆਪਣੀ ਕਮਜ਼ੋਰੀ ਨੂੰ ਸਾਫ਼-ਸਾਫ਼ ਮੰਨਦਾ ਹੈ। ਹੁਣ ਭਾਵੇਂ ਉਹ ਪ੍ਰਧਾਨ ਮੰਤਰੀ ਬਣ ਚੁੱਕਾ ਹੈ ਪਰ ਸਵਾਲਾਂ ਦਾ ਡਰ ਉਸ ਦਾ ਪਿੱਛਾ ਨਹੀਂ ਛੱਡ ਰਿਹਾ। ਪੱਤਰਕਾਰਾਂ ਦੇ ਤਿੱਖੇ ਸਵਾਲਾਂ ਦਾ ਖ਼ੌਫ਼ ਹੀ ਹੈ ਜਿਸ ਕਾਰਨ 'ਮਜ਼ਬੂਤ' ਪ੍ਰਧਾਨ ਮੰਤਰੀ ਨੇ ਪਿਛਲੇ ਨੌਂ ਸਾਲਾਂ 'ਚ ਇਕ ਵੀ ਪ੍ਰੈੱਸ ਕਾਨਫਰੰਸ ਨਹੀਂ ਕੀਤੀ। ਉਸ ਨੂੰ ਪਤਾ ਹੈ ਕਿ 2002 ਦੇ ਕਤਲੇਆਮ ਅਤੇ 2014 ਤੋਂ ਬਾਦ ਦੀ ਸਥਿਤੀ ਬਾਰੇ ਤਿੱਖੇ ਸਵਾਲ ਕੀਤੇ ਜਾਣਗੇ ਜਿਨ੍ਹਾਂ ਦੇ ਉਹ ਜਵਾਬ ਨਹੀਂ ਦੇ ਸਕੇਗਾ।

ਦਸਤਾਵੇਜ਼ੀ ਫਿਲਮ ਵਿਚਲਾ ਇਹ ਦਾਅਵਾ ਸੰਘੀ ਹਕੂਮਤ ਨੂੰ ਕਿਵੇਂ ਹਜ਼ਮ ਹੋ ਜਾਂਦਾ ਕਿ ਬਰਤਾਨਵੀ ਹਕੂਮਤ 2002 ਦੇ ਗੁਜਰਾਤ ਕਤਲੇਆਮ ਵਿਚ ਨਰਿੰਦਰ ਮੋਦੀ ਦੀ ਸਿੱਧੀ ਭੂਮਿਕਾ ਤੋਂ ਜਾਣੂੰ ਸੀ। ਪਾਕਿਸਤਾਨੀ ਪਿਛੋਕੜ ਵਾਲੇ ਵਿਰੋਧੀ ਧਿਰ ਦੇ ਮੈਂਬਰ ਪਾਰਲੀਮੈਂਟ ਇਮਰਾਨ ਹੁਸੈਨ ਨੇ ਆਪਣੇ ਪ੍ਰਧਾਨ ਮੰਤਰੀ ਨੂੰ ਸਿੱਧਾ ਸਵਾਲ ਪੁੱਛ ਲਿਆ ਕਿ ਕੀ ਬਰਤਾਨੀਆ ਦਾ ਪ੍ਰਧਾਨ ਮੰਤਰੀ ਬੀ.ਬੀ.ਸੀ. ਦੇ ਇਸ ਦਾਅਵੇ ਨਾਲ ਸਹਿਮਤ ਹੈ ਕਿ ਬਰਤਾਨਵੀ ਬਦੇਸ਼ੀ ਮੰਤਰਾਲੇ ਦੇ ਕੁਝ ਕੂਟਨੀਤਕ ਅਧਿਕਾਰੀ ਇਹ ਵਿਸ਼ਵਾਸ ਕਰਦੇ ਸਨ ਕਿ 'ਮੋਦੀ ਸਿੱਧੇ ਰੂਪ 'ਚ ਜ਼ਿੰਮੇਵਾਰ ਸੀ' ਅਤੇ ਕਿ 'ਬਦੇਸ਼ ਦਫ਼ਤਰ ਨੂੰ ਨਸਲੀ ਸਫ਼ਾਏ ਦੇ ਇਸ ਬੱਜਰ ਕਾਰੇ ਵਿਚ ਉਸ ਦੀ ਸ਼ਮੂਲੀਅਤ ਬਾਰੇ ਹੋਰ ਕੀ ਜਾਣਕਾਰੀ ਸੀ?' ਇਸ 'ਤੇ ਭਾਰਤੀ ਮੂਲ ਦੇ ਪ੍ਰਧਾਨ ਮੰਤਰੀ ਰਿਸ਼ੀ ਸੂਨਕ ਨੇ ਤੁਰੰਤ ਮੋਦੀ ਦਾ ਪੱਖ ਲੈਂਦਿਆਂ ਕਿਹਾ ਕਿ ਉਹ ਪ੍ਰਧਾਨ ਮੰਤਰੀ ਮੋਦੀ ਦੀ ਕਿਰਦਾਰਕੁਸ਼ੀ ਨਾਲ ਸਹਿਮਤ ਨਹੀਂ ਹੈ। ਕਿ ਇਸ ਉੱਪਰ ਯੂ.ਕੇ. ਸਰਕਾਰ ਦੀ ਪੁਜੀਸ਼ਨ ਸਪਸ਼ਟ ਅਤੇ ਸਥਾਈ ਹੈ, ਅਤੇ ਇਹ ਬਦਲੀ ਨਹੀਂ ਹੈ। ਸੱਚ ਤਾਂ ਇਹ ਹੈ ਕਿ ਕਤਲੇਆਮ ਲਈ ਜ਼ਿੰਮੇਵਾਰ ਮੋਦੀ ਨੂੰ ਅਮਰੀਕਾ, ਬਰਤਾਨੀਆ ਅਤੇ ਯੂਰਪ ਦੇ ਕਈ ਮੁਲਕਾਂ ਨੇ ਕਈ ਸਾਲ ਵੀਜ਼ਾ ਨਹੀਂ ਸੀ ਦਿੱਤਾ। ਹੁਣ ਜਦੋਂ ਹਾਲਾਤ ਬਦਲ ਚੁੱਕੇ ਹਨ ਅਤੇ ਸ਼੍ਰੀ ਮੋਦੀ 'ਵਿਸ਼ਵ ਗੁਰੂ' ਬਣੇ ਮੁਲਕ ਦਾ ਮੁਖੀ ਹੈ, ਤਾਂ ਰਿਸ਼ੀ ਸੂਨਕ ਮੋਦੀ ਨੂੰ ਕਤਲੇਆਮ ਲਈ ਸਿੱਧੇ ਤੌਰ 'ਤੇ ਜ਼ਿੰਮੇਵਾਰ ਠਹਿਰਾਉਣ ਵਾਲੀ ਜਾਂਚ ਰਿਪੋਰਟ ਨਾਲ ਸਹਿਮਤੀ ਕਿਵੇਂ ਪ੍ਰਗਟਾ ਸਕਦਾ ਹੈ ਜਿਸ ਮੋਦੀ ਹਕੂਮਤ ਨਾਲ ਬਰਤਾਨਵੀ ਹਕੂਮਤ ਦੀ ਗੂੜ੍ਹੀ ਸਾਂਝ ਹੈ।

ਤੱਤਕਾਲੀ ਬਦੇਸ਼ ਸਕੱਤਰ ਜੈਕ ਸਟ੍ਰਾ ਦੇ ਆਦੇਸ਼ 'ਤੇ ਬਰਤਾਨੀਆ ਦੀ ਸਰਕਾਰ ਦੀ ਇਕ ਟੀਮ ਵੱਲੋਂ 2002 ਦੇ ਕਤਲੇਆਮ ਦੀ ਰਿਪੋਰਟ ਤਿਆਰ ਕਰਕੇ ਭੇਜੀ ਗਈ ਸੀ। ਉਨ੍ਹਾਂ ਦੀ ਜਾਂਚ ਇਸ ਨਤੀਜੇ 'ਤੇ ਪਹੁੰਚੀ ਸੀ ਕਿ ਮੋਦੀ, ਜੋ ਉਦੋਂ ਮੁੱਖ ਮੰਤਰੀ ਸੀ, ਦੰਗਈ ਮਾਹੌਲ ਲਈ 'ਸਿੱਧੇ ਤੌਰ 'ਤੇ ਜ਼ਿੰਮੇਵਾਰ' ਸੀ। ਰਿਪੋਰਟ ਕਹਿੰਦੀ ਹੈ ਕਿ 'ਹਿੰਸਾ ਉਸ ਤੋਂ ਕਿਤੇ ਜ਼ਿਆਦਾ ਸੀ ਜਿੰਨੀ ਰਿਪੋਰਟ ਕੀਤੀ ਗਈ ਹੈ' ਅਤੇ 'ਦੰਗਿਆਂ ਦਾ ਉਦੇਸ਼ ਹਿੰਦੂ ਇਲਾਕਿਆਂ 'ਚੋਂ ਮੁਸਲਮਾਨਾਂ ਦਾ ਸਫ਼ਾਇਆ ਕਰਨਾ ਸੀ।' ਰਿਪੋਰਟ ਇਹ ਪੁਸ਼ਟੀ ਵੀ ਕਰਦੀ ਹੈ ਕਿ 2002 ਦੀ ਹਿੰਸਾ ਦੌਰਾਨ ਮੁਸਲਮਾਨ ਔਰਤਾਂ ਦੇ ਵਿਆਪਕ ਪੈਮਾਨੇ 'ਤੇ ਬਲਾਤਕਾਰ ਹੋਏ ਅਤੇ ਹਿੰਸਾ ਦੀ ਗਿਣੀ-ਮਿੱਥੀ ਮੁਹਿੰਮ 'ਚ 'ਨਸਲੀ ਸਫ਼ਾਏ ਦੇ ਸਾਰੇ ਖ਼ਾਸ ਲੱਛਣ' ਸਨ। ਕਿ 'ਮੋਦੀ ਦੇ ਮੁੱਖ ਮੰਤਰੀ ਰਹਿੰਦਿਆਂ ਮੁਸਲਮਾਨ ਅਤੇ ਹੋਰ ਬਹੁਤ ਸਾਰੇ ਲੋਕ ਸਹਿਮੇ ਹੋਏ ਅਤੇ ਅਸੁਰੱਖਿਅਤ ਬਣੇ ਰਹਿਣਗੇ; ਜਿਨ੍ਹਾਂ ਨੂੰ ਹਿੰਸਾ ਨਾਲ ਉਜਾੜਿਆ ਗਿਆ ਉਹ ਆਪਣੇ ਘਰਾਂ ਨੂੰ ਪਰਤਣ ਤੋਂ ਹਿਚਕਚਾਉਣਗੇ; ਮੇਲ-ਮਿਲਾਪ ਅਸੰਭਵ ਹੋਵੇਗਾ।' ਰਿਪੋਰਟ ਇਹ ਵੀ ਕਹਿੰਦੀ ਹੈ ਜ਼ਿਆਦਾਤਰ ਗੁਜਰਾਤੀ ਪ੍ਰੈੱਸ ਨੇ ਹਿੰਸਾ ਨੂੰ ਭੜਕਾਉਣ 'ਚ ਅਹਿਮ ਭੂਮਿਕਾ ਨਿਭਾਈ। ਇਸ ਨੇ ਜ਼ਹਿਰੀਲੀਆਂ ਅਫ਼ਵਾਹਾਂ ਅਤੇ ਪ੍ਰਚਾਰ ਕਰਨ ਦਾ ਕੋਈ ਮੌਕਾ ਹੱਥੋਂ ਨਹੀਂ ਜਾਣ ਦਿੱਤਾ ਜਿਸ ਨਾਲ ਮੁਸਲਮਾਨਾਂ ਵਿਰੋਧੀ ਜਨੂੰਨ ਵਧਿਆ।

ਉਦੋਂ ਦੇ ਤੱਥਾਂ ਨੂੰ ਜੈਕ ਸਟ੍ਰਾ ਹੁਣ ਵੀ ਬੇਬਾਕੀ ਅਤੇ ਦ੍ਰਿੜਤਾ ਨਾਲ ਪੇਸ਼ ਕਰਦੇ ਹਨ। ਦਸਤਾਵੇਜ਼ੀ ਵਿਚ ਦਰਜ ਸਟ੍ਰਾ ਦੇ ਬਿਆਨ ਦੇ ਹਿੱਸੇ ਪ੍ਰਿੰਟ ਮੀਡੀਆ ਵਿਚ ਨਸ਼ਰ ਹੋਏ ਹਨ ਜੋ ਇਸ ਤਰ੍ਹਾਂ ਹਨ: 'ਉੱਥੇ ਬਹੁਤ ਗੰਭੀਰ ਦਾਅਵੇ ਕੀਤੇ ਗਏ ਸਨ ਕਿ ਸ੍ਰੀ ਮੋਦੀ ਨੇ ਪੁਲਿਸ ਨੂੰ ਪਿੱਛੇ ਹਟਣ ਅਤੇ ਹਿੰਦੂ ਕੱਟੜਪੰਥੀਆਂ ਨੂੰ ਹੱਲਾਸ਼ੇਰੀ ਦੇਣ ਵਿਚ ਸਰਗਰਮ ਭੂਮਿਕਾ ਨਿਭਾਈ ਸੀ। ਇਹ ਹਿੰਦੂਆਂ ਅਤੇ ਮੁਸਲਮਾਨਾਂ ਦੀ ਸੁਰੱਖਿਆ ਲਈ ਪੁਲਿਸ ਨੂੰ ਆਪਣਾ ਕੰਮ ਕਰਨ ਤੋਂ ਰੋਕਣ ਲਈ ਰਾਜਨੀਤਕ ਸ਼ਮੂਲੀਅਤ ਦੀ ਖ਼ਾਸ ਤੌਰ 'ਤੇ ਅਤਿ ਭੈੜੀ ਮਿਸਾਲ ਸੀ।' ਸਟ੍ਰਾ ਨੇ ਦਸਤਾਵੇਜ਼ੀ ਨਾਲ ਇੰਟਰਵਿਊ 'ਚ ਦੱਸਿਆ, 'ਅਸੀਂ ਜੋ ਕੀਤਾ ਉਹ ਸੀ ਜਾਂਚ ਬੈਠਾਉਣਾ ਅਤੇ ਇਕ ਟੀਮ ਬਣਾਉਣਾ ਜੋ ਗੁਜਰਾਤ ਜਾ ਕੇ ਪਤਾ ਲਗਾਵੇ ਕਿ ਉੱਥੇ ਕੀ ਹੋਇਆ ਸੀ। ਅਤੇ ਉਨ੍ਹਾਂ ਨੇ ਬਹੁਤ ਡੂੰਘਾਈ 'ਚ ਜਾ ਕੇ ਰਿਪੋਰਟ ਤਿਆਰ ਕੀਤੀ।' ਦਸਤਾਵੇਜ਼ੀ ਇਹ ਵੀ ਬਿਆਨ ਕਰਦੀ ਹੈ ਕਿ ਭਾਰਤ



ਵਿਚ 30 ਤੋਂ ਵੱਧ ਲੋਕਾਂ ਨੇ ਆਪਣੀ ਸੁਰੱਖਿਆ ਦੇ ਡਰ ਕਾਰਨ ਇਸ ਡਾਕੂਮੈਂਟਰੀ 'ਚ ਹਿੱਸਾ ਲੈਣ ਤੋਂ ਇਨਕਾਰ ਕੀਤਾ।

ਦਸਤਾਵੇਜ਼ੀ ਵਿਚ ਬਰਤਾਨੀਆ ਦਾ ਇਕ ਸਾਬਕਾ ਚੋਟੀ ਦਾ ਕੂਟਨੀਤਕ ਅਧਿਕਾਰੀ ਕਹਿੰਦਾ ਹੈ ਕਿ ਹਿੰਸਾ ਦੀ ਯੋਜਨਾ ਆਰ.ਐੱਸ.ਐੱਸ. ਨਾਲ ਸੰਬੰਧਤ ਵਿਸ਼ਵ ਹਿੰਦੂ ਪ੍ਰੀਸ਼ਦ ਵੱਲੋਂ ਬਣਾਈ ਗਈ ਸੀ। ਕਿ ਵੀ.ਐੱਚ.ਪੀ. 'ਰਾਜ ਸਰਕਾਰ ਵੱਲੋਂ ਬਣਾਏ ਬੇਖ਼ੌਫ਼ ਦੰਗਈ ਮਾਹੌਲ ਤੋਂ ਬਿਨਾਂ ਐਨਾ ਜ਼ਿਆਦਾ ਨੁਕਸਾਨ ਨਹੀਂ ਸੀ ਕਰ ਸਕਦੀ।'

ਬੀ.ਬੀ.ਸੀ. ਦੀ ਇਹ ਦਸਤਾਵੇਜ਼ੀ ਇਸ ਤਰ੍ਹਾਂ ਦੀ ਪਹਿਲੀ ਕੋਸ਼ਿਸ਼ ਨਹੀਂ ਹੈ। ਸੰਸਥਾ ਆਪਣੇ ਵਿਚਾਰਧਾਰਕ ਚੌਖਟੇ ਅਨੁਸਾਰ ਦੁਨੀਆ ਭਰ ਦੀਆਂ ਘਟਨਾਵਾਂ ਬਾਰੇ ਆਪਣੀ ਰਿਪੋਰਟ ਅਤੇ ਨਜ਼ਰੀਆ ਪੇਸ਼ ਕਰਦੀ ਹੈ। ਬੀ.ਬੀ.ਸੀ. ਨੇ ਸ਼ਾਹੀਨ ਬਾਗ਼ ਦੇ ਮੋਰਚੇ ਨੂੰ ਤੋੜਨ ਲਈ ਆਰ.ਐੱਸ.ਐੱਸ.-ਭਾਜਪਾ ਦੇ ਦਹਿਸ਼ਤੀ ਗਰੋਹਾਂ ਵੱਲੋਂ ਦਿੱਲੀ ਵਿਚ ਮੁਸਲਮਾਨਾਂ ਵਿਰੁੱਧ ਕੀਤੀ ਘਿਣਾਉਣੀ ਹਿੰਸਾ ਬਾਰੇ ਵੀ ਰਿਪੋਰਟਿੰਗ ਕੀਤੀ ਸੀ ਜਿਸ ਵਿਚ ਜ਼ਿਆਦਾਤਰ ਮੁਸਲਮਾਨ ਮਾਰੇ ਗਏ ਸਨ। ਹਿੰਦੂਤਵੀ ਹਕੂਮਤ ਦੀ ਇਸ ਘਿਣਾਉਣੀ ਹਾਲ-ਪਾਹਰਿਆ ਉੱਪਰ ਕੋਈ ਵੀ ਵਿਸ਼ਵਾਸ ਨਹੀਂ ਕਰ ਸਕਦਾ ਕਿ ਜੋ ਉਹ ਕਹਿ ਰਹੇ ਹਨ ਉਹ ਸੱਚ ਹੈ ਅਤੇ ਜੋ ਬੀ.ਬੀ.ਸੀ. ਅਤੇ ਹੋਰ ਮੀਡੀਆ ਜਾਂ ਹੱਕਾਂ ਦੀਆਂ ਸੰਸਥਾਵਾਂ ਰਿਪੋਰਟ ਕਰ ਰਹੀਆਂ ਹਨ ਉਹ ਪ੍ਰਾਪੇਗੰਡਾ ਹੈ। ਜਦੋਂ ਵੀ ਆਮ ਤੌਰ 'ਤੇ ਭਾਰਤੀ ਹੁਕਮਰਾਨ ਅਤੇ ਖ਼ਾਸ ਕਰਕੇ ਹਿੰਦੂਤਵੀ ਹਕੂਮਤ ਕਸ਼ਮੀਰੀਆਂ, ਆਦਿਵਾਸੀਆਂ, ਮੁਸਲਿਮ-ਸਿੱਖ ਅਤੇ ਈਸਾਈ ਘੱਟਗਿਣਤੀਆਂ ਦੀ ਨਸਲਕੁਸ਼ੀ ਦੇ ਕਾਲੇ ਕਾਰਨਾਮਿਆਂ ਕਾਰਨ ਵਿਵਾਦਾਂ 'ਚ ਘਿਰਦੇ ਹਨ ਤਾਂ ਇਹ ਤੁਰੰਤ ਇਨਕਾਰ ਮੋਡ 'ਚ ਆ ਜਾਂਦੇ ਹਨ ਅਤੇ ਮੁਲਕ ਦੇ ਅੰਦਰੂਨੀ ਮਾਮਲਿਆਂ 'ਚ ਦਖ਼ਲਅੰਦਾਜ਼ੀ ਦਾ ਚੀਕ-ਚਿਹਾੜਾ ਪਾਉਣਾ ਸ਼ੁਰੂ ਕਰ ਦਿੰਦੇ ਹਨ। ਭਾਰਤੀ ਬਦੇਸ਼ ਮੰਤਰਾਲੇ ਦਾ ਚਗਲਿਆ ਹੋਇਆ ਝੂਠ ਉਸ ਹਕੀਕਤ ਨੂੰ ਲੁਕੋ ਨਹੀਂ ਸਕਦਾ ਜਿਸ ਨੂੰ ਖੋਜੀ ਪੱਤਰਕਾਰਾਂ ਅਤੇ ਲੋਕ ਹੱਕਾਂ ਦੀਆਂ ਪਹਿਰੇਦਾਰ ਸੰਸਥਾਵਾਂ ਨੇ ਆਪਣੀਆਂ ਵਿਸਤਾਰੀ ਤੱਥ ਖੋਜ ਰਿਪੋਰਟਾਂ ਵਿਚ ਦਰਜ ਕੀਤਾ ਹੋਇਆ ਹੈ ਅਤੇ ਜਿਸ ਬਾਰੇ ਦੁਨੀਆ ਭਰ ਦੀਆਂ ਹਕੂਮਤਾਂ ਨੂੰ ਵੀ ਪਤਾ ਹੈ ਕਿ ਸਚਾਈ ਕੀ ਹੈ। ਸਿਰਫ਼ ਸੁਪਰੀਮ ਕੋਰਟ ਦੀ ਬਣਾਈ ਸਿੱਟ (ਸਪੈਸ਼ਲ ਇਨਵੈਸਟੀਗੇਸ਼ਨ ਟੀਮ) ਵੱਲੋਂ ਫਰਵਰੀ 2012 'ਚ ਇਹ ਕਹਿ ਦੇਣ ਨਾਲ ਮੋਦੀ ਅਤੇ ਉਸ ਦੀ ਹਕੂਮਤ ਬਰੀ ਨਹੀਂ ਹੋ ਜਾਂਦੀ ਕਿ ਉਸ ਦੇ ਅਤੇ 63 ਹੋਰ ਮੁਲਜ਼ਮਾਂ ਵਿਰੁੱਧ ਮੁਕੱਦਮਾ ਚਲਾਉਣ ਲਈ ਕੋਈ ਸਬੂਤ ਨਹੀਂ ਹੈ। ਪਿਛਲੇ ਸਾਲ ਸੁਪਰੀਮ ਕੋਰਟ ਵੀ ਕਲੀਨਚਿੱਟ ਉੱਪਰ ਮੋਹਰ ਲਗਾ ਕੇ ਸੰਘ ਬਰਗੇਡ ਨੂੰ ਜੁਰਮ ਤੋਂ ਬਰੀ ਕਰਨ ਦੀ ਕਵਾਇਦ 'ਚ ਸ਼ਾਮਿਲ ਹੋ ਗਈ।

ਸੰਘ ਬਰਗੇਡ ਚੀਕ ਰਿਹਾ ਹੈ ਕਿ ਦਸਤਾਵੇਜ਼ੀ ਦਾ ਉਦੇਸ਼ 2024 ਦੀਆਂ ਚੋਣਾਂ ਦੇ ਮੱਦੇਨਜ਼ਰ ਮੋਦੀ ਦਾ ਅਕਸ ਵਿਗਾੜਨਾ ਹੈ। ਕੀ ਬਨਾਵਟੀ ਅਕਸ ਲਹੂ ਲਿਬੜੇ ਕਿਰਦਾਰ ਨੂੰ ਲੁਕੋ ਸਕਦਾ ਹੈ? ਜੰਗੇ-ਆਜ਼ਾਦੀ ਸਮੇਂ ਬਰਤਾਨਵੀ ਰਾਜ ਦੀ ਚਾਕਰੀ ਕਰਨ ਵਾਲੇ ਸੰਘੀਆਂ ਦੇ ਅਜੋਕੇ ਵਾਰਿਸ ਹੁਣ ਦਲੀਲ ਦੇ ਰਹੇ ਹਨ ਕਿ ਬਰਤਾਨੀਆ ਨਹੀਂ ਚਾਹੁੰਦਾ ਕਿ ਭਾਰਤ ਅਤੇ ਇਸ ਦਾ ਪ੍ਰਧਾਨ ਮੰਤਰੀ ਮਜ਼ਬੂਤ ਹੋਵੇ! ਸੰਘ ਬਰਗੇਡ ਕਹਿ ਰਿਹਾ ਹੈ ਕਿ ਹੁਣ 2002 ਦੇ ਕਤਲੇਆਮ ਦੇ ਤੱਥਾਂ ਨੂੰ ਦੁਹਰਾਉਣ ਦੀ ਇਸ ਕਵਾਇਦ ਕਿਉਂ ਕੀਤੀ ਜਾ ਰਹੀ ਹੈ ਇਹ ਉਨ੍ਹਾਂ ਦੀ ਸਮਝ ਤੋਂ ਬਾਹਰ ਹੈ, ਜਾਂ ਇਹ ਕਿ ਇਸ ਦੇ ਪਿੱਛੇ ਉਨ੍ਹਾਂ (ਬੀ.ਬੀ.ਸੀ.) ਦਾ ਕੋਈ ਏਜੰਡਾ ਹੈ। ਸਚਾਈ ਤਾਂ ਸਚਾਈ ਹੈ। ਘੱਟਗਿਣਤੀਆਂ ਦੀ ਨਸਲਕੁਸ਼ੀ ਦੀ ਜਵਾਬਦੇਹੀ ਤੋਂ ਟਾਲਾ ਵੱਟਕੇ ਮੋਦੀ ਨੂੰ ਮਸੀਹਾ ਬਣਾ ਕੇ ਪੇਸ਼ ਕਰਨ ਲਈ ਯਤਨਸ਼ੀਲ ਸੰਘ ਬਰਗੇਡ ਦੀ ਇਸ ਚਲਾਕੀ ਨੂੰ ਕੋਈ ਵੀ ਜਾਗਰੂਕ ਭਾਰਤੀ ਸਵੀਕਾਰ ਨਹੀਂ ਕਰੇਗਾ। ਸੱਤਾ ਦੇ ਹੰਕਾਰ 'ਚ ਹਿੰਦੂਤਵੀ ਹੁਕਮਰਾਨ ਇਹ ਭੁੱਲ ਚੁੱਕੇ ਹਨ ਕਿ ਤਾਨਾਸ਼ਾਹ ਹਕੂਮਤ ਦੇ ਕਾਲੇ ਕਾਰਨਾਮਿਆਂ ਨੂੰ ਇਤਿਹਾਸ ਹਮੇਸ਼ਾ ਚੇਤੇ ਰੱਖਦਾ ਹੈ ਅਤੇ ਦੁਨੀਆ ਦੀ ਕੋਈ ਵੀ ਤਾਕਤ ਇਤਿਹਾਸ ਨੂੰ ਮਿਟਾ ਨਹੀਂ ਸਕਦੀ। ਚਾਹੇ ਅਦਾਲਤਾਂ ਦੇ ਜੱਜਾਂ ਦੀ ਬਾਂਹ ਮਰੋੜਕੇ ਕਿੰਨੀਆਂ ਵੀ ਕਲੀਨ ਚਿਟਾਂ ਹਾਸਲ ਕਰ ਲਈਆਂ ਜਾਣ, ਗੁਜਰਾਤ ਕਤਲੇਆਮ ਦਾ ਪ੍ਰੇਤ ਮੋਦੀ ਅਤੇ ਆਰ.ਐੱਸ.ਐੱਸ.-ਭਾਜਪਾ ਦੇ ਸਿਰ ਉੱਪਰ ਹਮੇਸ਼ਾ ਮੰਡਰਾਉਂਦਾ ਰਹੇਗਾ।

# ਭਲਵਾਨ ਔਰਤਾਂ ਵਧੀਕੀਆਂ ਖਿਲਾਫ ਡਟੀਆਂ

**ਨਵਕਿਰਨ ਸਿੰਘ ਪੱਤੀ**






ਭਾਰਤ ਦੇ ਓਲੰਪੀਅਨ ਪਹਿਲਵਾਨਾਂ ਵੱਲੋਂ ਦੇਸ਼ ਦੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਨ ਸਿੰਘ ਖਿਲਾਫ ਔਰਤ ਭਲਵਾਨਾਂ ਦਾ ਸਰੀਰਕ ਸ਼ੋਸ਼ਣ ਕਰਨ ਦੇ ਇਲਜ਼ਾਮ ਲਾਉਂਦਿਆਂ ਦਿੱਲੀ ਦੇ ਜੰਤਰ-ਮੰਤਰ ਉੱਤੇ ਦਿੱਤਾ ਗਿਆ ਧਰਨਾ ਸਾਡੇ ਦੇਸ਼ ਦੀ ਸਰਕਾਰ ਅਤੇ ਉਸਦੇ ਕਿਰਦਾਰ 'ਤੇ ਗੰਭੀਰ ਸਵਾਲ ਖੜ੍ਹੇ ਕਰਦਾ ਹੈ।ਇਹ ਮਸਲਾ ਇੱਕਦਮ ਸਾਹਮਣੇ ਨਹੀਂ ਆਇਆ ਹੈ ਬਲਕਿ ਪਿਛਲੇ ਲੱਗਭੱਗ ਡੇਢ ਸਾਲ ਤੋਂ ਔਰਤ ਭਲਵਾਨਾਂ ਸਰਕਾਰ ਕੋਲ ਪ੍ਰਧਾਨ ਦੀ ਸ਼ਿਕਾਇਤ ਕਰਦੀਆਂ ਆ ਰਹੀਆਂ ਹਨ ਤੇ ਸਰਕਾਰ ਵੱਲੋਂ ਵੱਟੀ ਚੁੱਪ ਤੋਂ ਅੱਕ ਕੇ ਉਹਨਾਂ ਸੰਘਰਸ਼ ਦਾ ਰਾਹ ਚੁਣਿਆ ਹੈ।ਭਾਵੇਂ ਕੇਂਦਰੀ ਖੇਡ ਮੰਤਰੀ ਅਨੁਰਾਗ ਠਾਕੁਰ ਵੱਲੋਂ ਦਿੱਤੇ ਭਰੋਸੇ ਤੋਂ ਬਾਅਦ ਓਲੰਪੀਅਨ ਭਲਵਾਨਾਂ ਨੇ ਤਿੰਨ ਦਿਨ ਬਾਅਦ ਆਪਣਾ ਧਰਨਾ ਮੁਲਤਵੀ ਕਰ ਦਿੱਤਾ ਹੈ ਪਰ ਅੰਤਰਰਾਸ਼ਟਰੀ ਪੱਧਰ ਦੇ ਖਿਡਾਰੀਆਂ ਦਾ ਘੰਟਿਆਂ ਬੱਧੀ ਦੇਸ਼ ਦੀ ਰਾਜਧਾਨੀ ਵਿੱਚ ਸਰੀਰਕ ਸ਼ੋਸ਼ਨ ਜਿਹੇ ਗੰਭੀਰ ਮਾਮਲੇ 'ਤੇ ਪ੍ਰਦਰਸ਼ਨ ਕਰਨਾ ਸਰਕਾਰ ਦੀ ਸੰਵੇਦਨਸ਼ੀਲਤਾਂ 'ਤੇ ਸਵਾਲ ਖੜ੍ਹੇ ਕਰਦਾ ਹੈ।ਇਹਨਾਂ ਖਿਡਾਰੀਆਂ ਦੇ ਖੁਲਾਸੇ ਚੁੰਕਾ ਦੇਣ ਵਾਲੇ ਹਨ।ਪਹਿਲਵਾਨਾ ਦਾ ਕਹਿਣਾ ਹੈ ਕਿ ਉਹਨਾਂ ਦਾ ਕੌਮੀ ਕੈਂਪ ਹਰ ਵਰ੍ਹੇ ਲਖਨਊ ਵਿੱਚ ਲਾਇਆ ਜਾਂਦਾ ਹੈ ਕਿਉਂਕਿ ਉੱਥੇ ਬ੍ਰਿਜ ਭੂਸ਼ਣ ਸ਼ਰਨ ਸਿੰਘ ਦਾ ਆਲੀਸ਼ਾਨ ਮਹਿਲ ਹੈ ਜਿੱਥੇ ਔਰਤ ਪਹਿਲਵਾਨਾਂ ਦਾ ਸ਼ੋਸ਼ਨ ਕੀਤਾ ਜਾਂਦਾ ਹੈ।ਖਿਡਾਰੀਆਂ ਦਾ ਇਲਜ਼ਾਮ ਹੈ ਕਿ ਫੈਡਰੇਸ਼ਨ ਪ੍ਰਧਾਨ ਕਈ ਕੁੜੀਆਂ ਦਾ ਸ਼ੋਸ਼ਨ ਕਰ ਚੁੱਕਾ ਹੈ।

ਭਾਰਤ ਵਰਗੇ ਸਾਮਰਾਜੀ-ਜਗੀਰੂ ਸੱਭਿਆਚਾਰਕ ਕਦਰਾਂ ਕੀਮਤਾਂ ਨਾਲ ਗ੍ਰਸਤ ਮੁਲਕ ਵਿੱਚ ਔਰਤਾਂ ਦਾ ਖੇਡਾਂ ਵਾਲੇ ਪਾਸੇ ਤੁਰਨਾ ਸੌਖੀ ਗੱਲ ਨਹੀਂ ਪਰ ਜਦ ਸਾਡੇ ਮੁਲਕ ਦੀਆਂ ਕੁੜੀਆਂ ਇਸ ਪਾਸੇ ਮੱਲਾਂ ਮਾਰ ਰਹੀਆਂ ਹਨ ਤਾਂ ਸਰਕਾਰ ਦੀ ਜਿੰਮੇਬਾਰੀ ਬਣਦੀ ਹੈ ਕਿ ਉਹਨਾਂ ਨੂੰ ਕਿਸੇ ਕਿਸਮ ਦੀ ਸਮੱਸਿਆ ਨਾ ਆਵੇ ਲੇਕਿਨ ਇੱਥੇ ਤਾਂ ਖਿਡਾਰਨਾਂ ਨੂੰ ਸਮੱਸਿਆ ਹੀ 'ਸਰਕਾਰ' ਤੋਂ ਨਜ਼ਰ ਆ ਰਹੀ ਹੈ।

ਸ਼ਰਕਾਰ ਦੇ ਨਾਲ ਨਾਲ ਭਾਰਤੀ ਓਲੰਪਿਕ ਸੰਘ ਨੇ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਖਿਲਾਫ ਸਰੀਰਕ ਸ਼ੋਸ਼ਣ ਦੇ ਮਾਮਲੇ ਦੀ ਜਾਂਚ ਲਈ ਸੱਤ ਮੈਂਬਰੀ ਕਮੇਟੀ ਦਾ ਗਠਨ ਕੀਤਾ ਜਿਨ੍ਹਾਂ ਵਿੱਚ ਸਾਬਕਾ ਖਿਡਾਰੀਆਂ ਦੇ ਨਾਲ-ਨਾਲ ਦੋ ਵਕੀਲ ਵੀ ਹਨ ਪਰ ਉਸਦੀ ਰਿਪੋਰਟ ਵੀ ਅਜੇ ਤੱਕ ਨਹੀਂ ਆਈ ਹੈ।

ਇਸ ਵਿੱਚ ਕੋਈ ਦੋ ਰਾਵਾਂ ਨਹੀਂ ਹਨ ਕਿ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਖਿਲਾਫ ਚੱਲ ਰਹੇ ਸੰਘਰਸ਼ ਦੀ ਅਗਵਾਈ ਖਿਡਾਰੀ ਹੀ ਕਰ ਰਹੇ ਹਨ।ਏਸ਼ੀਆਈ ਅਤੇ ਰਾਸ਼ਟਰਮੰਡਲ ਖੇਡਾਂ 'ਚ ਭਾਰਤ ਨੂੰ ਕਈ ਤਮਗੇ ਜਿਤਾਉਣ ਵਾਲੀ ਔਰਤ ਪਹਿਲਵਾਨ ਵਿਨੇਸ਼ ਫੋਗਾਟ, ਓਲੰਪਿਕ ਮੈਡਲ ਜੇਤੂ ਪਹਿਲੀ ਮਹਿਲਾ ਭਲਵਾਨ ਸਾਕਸ਼ੀ ਮਲਿਕ,ਓਲੰਪਿਕ ਤਗਮਾ ਜੇਤੂ ਬਜਰੰਗ ਪੂਨੀਆ, ,ਵਿਸ਼ਵ ਚੈਂਪੀਅਨ ਅੰਸ਼ੂ ਮਲਿਕ,ਵਿਸ਼ਵ ਚੈਂਪੀਅਨ ਰਵੀ ਦਹੀਆ ਆਦਿ ਨੇ ਪ੍ਰਧਾਨ ਖਿਲਾਫ ਇਲਜ਼ਾਮ ਲਗਾਏ ਹਨ ਲੇਕਿਨ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਵੱਲੋਂ ਹੰਕਾਰ ਵਿੱਚ ਕੌਮਾਂਤਰੀ ਪੱਧਰ ਦੇ ਖਿਡਾਰੀਆਂ ਵੱਲੋਂ ਲਗਾਏ ਧਰਨੇ ਨੂੰ 'ਸ਼ਾਹੀਨ ਬਾਗ ਦਾ ਧਰਨਾ' ਕਹਿਣਾ ਤੇ ਇਹ ਕਹਿਣਾ ਕਿ ਇਸ ਧਰਨੇ ਪਿੱਛੇ ਕਾਂਗਰਸ ਜਾਂ ਵੱਡੀਆਂ ਤਾਕਤਾਂ ਦਾ ਹੱਥ ਹੈ,ਦਰਸਾਉਂਦਾ ਹੈ ਕਿ ਉਹ ਹਕੀਕੀ ਮਸਲੇ ਨੂੰ ਹੋਰ ਚਰਚਾ ਦੇ ਕੇ ਧਿਆਨ ਪਾਸੇ ਲਗਾ ਰਿਹਾ ਹੈ।

ਸਾਡੇ ਲਈ ਇਹ ਸਮਝਣਾ ਬਹੁਤ ਮਹੱਤਵਪੂਰਨ ਹੈ ਭਾਰਤੀ ਜਨਤਾ ਪਾਰਟੀ ਬ੍ਰਿਜ ਭੂਸ਼ਣ ਸ਼ਰਨ ਸਿੰਘ 'ਤੇ ਇੰਨੀ ਮਿਹਰਵਾਨ ਕਿਉਂ ਹੈ।ਧਰਨਾ ਚੁਕਵਾਉਣ ਸਮੇਂ ਇੱਕ ਪਾਸੇ ਕੇਂਦਰੀ ਖੇਡ ਮੰਤਰੀ ਅਨੁਰਾਗ ਠਾਕੁਰ ਕਹਿ ਰਹੇ ਸਨ ਕਿ ਜਦ ਤੱਕ ਜਾਂਚ ਮੁਕੰਮਲ ਨਹੀਂ ਹੋ ਜਾਂਦੀ ਤਦ ਤੱਕ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਨ ਸਿੰਘ ਅਹੁਦੇ ਤੋਂ ਹਟੇ ਰਹਿਣਗੇ।ਪਰ ਦੂਜੇ ਪਾਸੇ ਐਲਾਨ ਦੇ ਕੁੱਝ ਹੀ ਪਲਾਂ ਬਾਅਦ ਉੱਤਰ ਪ੍ਰਦੇਸ਼ ਦੇ ਗੋਂਡਾ ਦੇ ਨੰਦਿਨੀ ਨਗਰ ਸਟੇਡੀਅਮ ਵਿੱਚ ਹੋਏ ਕੁਸ਼ਤੀ ਮੁਕਾਬਲੇ ਦੌਰਾਨ 'ਪ੍ਰਧਾਨ' ਮੁੱਖ ਮਹਿਮਾਨ ਵਜੋਂ ਨਜ਼ਰ ਆ ਰਹੇ ਸਨ।ਉਸਨੇ ਟੂਰਨਾਮੈਂਟ ਦਾ ਉਦਘਾਟਨ ਕੀਤਾ ਅਤੇ ਅਧਿਕਾਰੀਆਂ ਵੱਲੋਂ ਮੁੱਖ ਮਹਿਮਾਨ ਵਜੋਂ ਉਸਦੇ ਹਾਰ ਪਾ ਕੇ ਉਸਦਾ ਸਵਾਗਤ ਕੀਤਾ ਗਿਆ।

ਦਰਾਸਲ ਬ੍ਰਿਜ ਭੂਸ਼ਣ ਸ਼ਰਨ ਸਿੰਘ ਆਰਐਸਐਸ ਦੇ ਉਹਨਾਂ ਚਿਹਰਿਆਂ ਵਿੱਚੋਂ ਇੱਕ ਚਿਹਰਾ ਹੈ ਜਿਨ੍ਹਾਂ ਸੰਘ ਦੀ ਨੀਤੀ ਤਹਿਤ ਉੱਤਰ ਪ੍ਰਦੇਸ਼ ਵਿੱਚ ਫਿਰਕੂ ਤਣਾਅ ਪੈਦਾ ਕਰਨ ਵਿੱਚ ਭੂਮਿਕਾ ਨਿਭਾਈ ਸੀ। 1992 'ਚ ਅਯੁੱਧਿਆ ਵਿੱਚ ਬਾਬਰੀ ਮਸਜਿਦ ਦਾ ਢਾਂਚਾ ਢਾਹੁਣ ਲਈ ਲਾਲ ਕ੍ਰਿਸ਼ਨ ਅਡਵਾਨੀ ਸਮੇਤ ਜਿੰਮੇਵਾਰ ਮੰਨੇ ਗਏ ਪ੍ਰਮੁੱਖ 40 ਆਗੂਆਂ ਵਿੱਚੋਂ ਬ੍ਰਿਜ ਭੂਸ਼ਣ ਸ਼ਰਨ ਸਿੰਘ ਇੱਕ ਹਨ।ਹਾਲਾਂਕਿ ਬਾਅਦ ਵਿੱਚ ਅਦਾਲਤ ਨੇ ਇਨ੍ਹਾਂ ਸਾਰਿਆਂ ਨੂੰ ਦੋਸ਼ਾਂ ਤੋਂ ਬਰੀ ਕਰ ਦਿੱਤਾ ਪਰ ਜੋ ਉਸ ਸਮੇਂ ਵਾਪਰਿਆ ਉਹ ਕਿਸੇ ਤੋਂ ਭੁੱਲਿਆ ਨਹੀਂ ਹੈ।ਘੱਟ ਗਿਣਤੀ ਨੂੰ ਦਬਾਉਣ ਦੀ ਭਾਜਪਾ ਦੀ ਨੀਤੀ ਬ੍ਰਿਜ ਭੂਸ਼ਣ ਸ਼ਰਨ ਸਿੰਘ ਦੇ ਖੂਬ ਫਿੱਟ ਬੈਠੀ ਹੈ ਕਿ ਇਹ 1999 ਤੋਂ ਬਾਅਦ ਕੋਈ ਚੋਣ ਨਹੀਂ ਹਾਰਿਆ ਹੈ।

ਰਾਜਨੀਤਕ ਪਾਰਟੀਆਂ ਦਾ ਹੁਣ ਤੱਕ ਦਾ ਇਹ ਸੱਭਿਆਚਾਰ ਰਿਹਾ ਹੈ ਕਿ ਉਹ ਪਾਰਟੀ ਇਸ਼ਾਰੇ 'ਤੇ ਫਿਰਕੂ ਘਟਨਾਵਾਂ ਨੂੰ ਅੰਜਾਮ ਦੇਣ ਵਾਲੇ ਲੀਡਰਾਂ ਦੀ ਸਰਪਰਸਤੀ ਕਰਦੀਆਂ ਹਨ।ਕਾਂਗਰਸ ਨੇ ਸੱਤਾ ਵਿੱਚ ਰਹਿੰਦਿਆਂ ਦਿੱਲੀ ਕਤਲੇਆਮ ਲਈ ਜਿੰਮੇਵਾਰ ਸੱਜਣ ਕੁਮਾਰ,ਟਾਈਟਲਰ ਵਰਗੇ ਆਗੂਆਂ ਦੀ ਪੁਸ਼ਤਪਨਾਹੀ ਕੀਤੀ ਤੇ ਹੁਣ ਭਾਜਪਾ ਸੱਤਾ ਵਿੱਚ ਰਹਿੰਦਿਆਂ ਅਜਿਹੇ ਆਗੂਆਂ ਨੂੰ ਮਨਮਰਜੀ ਕਰਨ ਦੀ ਖੁੱਲ੍ਹ ਦਿੰਦੀ ਹੈ।

ਉੱਤਰ ਪ੍ਰਦੇਸ਼ ਦੇ ਗੋਂਡਾ ਨਾਲ ਸਬੰਧਤ ਬ੍ਰਿਜ ਭੂਸ਼ਣ ਸ਼ਰਨ ਸਿੰਘ ਕੈਸਰਗੰਜ ਲੋਕ ਸਭਾ ਹਲਕੇ ਤੋਂ ਐਤਕੀਂ ਛੇਵੀਂ ਵਾਰ ਭਾਰਤੀ ਜਨਤਾ ਪਾਰਟੀ ਦੇ ਸੰਸਦ ਮੈਂਬਰ ਹਨ ਹਾਲਾਂਕਿ ਇੱਕ ਚੋਣ ਇਸਨੇ ਸਮਾਜਵਾਦੀ ਪਾਰਟੀ ਵੱਲੋਂ ਵੀ ਜਿੱਤੀ ਸੀ।ਬ੍ਰਿਜ ਭੂਸ਼ਣ ਸ਼ਰਨ ਸਿੰਘ ਪਿਛਲੇ ਇੱਕ ਦਹਾਕੇ ਤੋਂ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਚੱਲੇ ਆ ਰਹੇ ਹਨ।ਚਾਹੀਦਾ ਤਾਂ ਇਹ ਸੀ ਕਿ ਇਸ ਆਹੁਦੇ 'ਤੇ ਕਿਸੇ ਅਜਿਹੇ ਸਾਬਕਾ ਖਿਡਾਰੀ ਨੂੰ ਲਾਇਆ ਜਾਂਦਾ ਜੋ ਅੰਤਰਰਾਸ਼ਟਰੀ ਪੱਧਰ 'ਤੇ ਨਾਮਣਾ ਖੱਟ ਚੁੱਕਾ ਹੋਵੇ ਤੇ ਖੇਡਾਂ ਦੇ ਖੇਤਰ ਵਿੱਚ ਉਸਦੀਆਂ ਗਿਨਣਯੋਗ ਪ੍ਰਾਪਤੀਆਂ ਹੋਣ ਪਰ ਸਰਕਾਰ ਨੇ ਇੱਕ ਅਜਿਹੇ ਰਾਜਨੀਤਕ ਲੀਡਰ ਨੂੰ ਇਸ ਆਹੁਦੇ 'ਤੇ ਤਾਇਨਾਤ ਕਰ ਰੱਖਿਆ ਹੈ ਜੋ ਅਕਸਰ ਵਿਵਾਦਾਂ ਵਿੱਚ ਘਿਰਿਆ ਰਹਿੰਦਾ ਹੈ।

ਕੁਸ਼ਤੀ ਫੈਡਰੇਸ਼ਨ ਦਾ ਪ੍ਰਧਾਨ ਰਹਿੰਦਿਆਂ ਇਸਨੇ ਖਿਡਾਰੀਆਂ ਵਿਰੋਧੀ ਕੰਮ ਇਹ ਕੀਤਾ ਕਿ ਖੇਡਾਂ ਵਿੱਚ ਵੀ ਠੇਕਾ ਪ੍ਰਣਾਲੀ ਲਾਗੂ ਕਰ ਦਿੱਤੀ ਤੇ ਖਿਡਾਰੀਆਂ ਨੂੰ ਗ੍ਰੇਡ ਏ,ਬੀ,ਸੀ,ਡੀ ਵਿੱਚ ਵੰਡ ਦਿੱਤਾ।

ਭਾਰਤੀ ਜਨਤਾ ਪਾਰਟੀ ਦੀ ਸਿਆਸਤ ਦੇ ਧੁਰੇ ਵਜੋਂ ਜਾਣੇ ਜਾਂਦੇ ਅਯੁੱਧਿਆ ਖੇਤਰ ਵਿੱਚ ਬ੍ਰਿਜ ਭੂਸ਼ਣ ਸ਼ਰਨ ਸਿੰਘ ਨੂੰ ਸਭ ਤੋਂ ਵੱਧ ਪ੍ਰਭਾਵਸ਼ਾਲੀ ਭਾਜਪਾ ਆਗੂ ਮੰਨਿਆ ਜਾਂਦਾ ਹੈ।ਇਸਦਾ ਪੁੱਤਰ ਪ੍ਰਤੀਕ ਭੂਸ਼ਣ ਗੋਂਡਾ ਤੋਂ ਭਾਜਪਾ ਵਿਧਾਇਕ ਹੈ।

ਪ੍ਰਧਾਨ ਜੀ ਦਾ ਕਿਰਦਾਰ 'ਬਦਮਾਸ਼ੀ' ਵਾਲਾ ਹੈ।ਝਾਰਖੰਡ ਵਿੱਚ ਕੌਮੀ ਰੈਸਲਿੰਗ ਚੈਂਪੀਅਨਸ਼ਿਪ ਦੌਰਾਨ ਸਟੇਜ 'ਤੇ ਹੀ ਬ੍ਰਿਜ ਭੂਸ਼ਣ ਸ਼ਰਨ ਸਿੰਘ ਨੇ ਇੱਕ ਘੱਟ ਉਮਰ ਦੇ ਭਲਵਾਨ ਦੇ ਥੱਪੜ ਮਾਰ ਦਿੱਤਾ ਸੀ।

ਹਿੰਦੂਤਵ ਦੀ ਖੁੱਲ੍ਹ ਕੇ ਰਾਜਨੀਤੀ ਕਰਨ ਵਾਲਾ ਇਹ ਚਿਹਰਾ ਉੱਤਰ ਪ੍ਰਦੇਸ਼ ਦੀਆਂ ਲੰਘੀਆਂ ਵਿਧਾਨ ਸਭਾ ਚੋਣਾਂ ਦੌਰਾਨ ਕਹਿ ਰਿਹਾ ਸੀ ਕਿ ਜੇਕਰ ਤੁਸੀਂ ਸਮਾਜਵਾਦੀ ਪਾਰਟੀ ਨੂੰ ਵੋਟ ਪਾਓਗੇ ਤਾਂ ਪਾਕਿਸਤਾਨ ਖੁਸ਼ ਹੋਵੇਗਾ।ਪਿਛਲੇ ਦਿਨੀਂ ਉਸਨੇ ਰਾਹੁਲ ਗਾਂਧੀ ਅਤੇ ਬਿਲਾਵਲ ਭੁੱਟੋ ਨੂੰ ਇੱਕੋ ਨਸਲ ਦੇ ਦੱਸਿਆ ਸੀ।

ਇਹ ਪਹਿਲੀ ਵਾਰ ਨਹੀਂ ਹੋਇਆ ਹੈ ਕਿ ਕਿਸੇ ਭਾਜਪਾ ਆਗੂ 'ਤੇ ਔਰਤਾਂ ਨਾਲ ਬਦਸਲੂਕੀ ਕਰਨ ਦੇ ਇਲਜ਼ਾਮ ਲੱਗੇ ਹੋਣ ਅਤੇ ਪੂਰੀ ਸਟੇਟ ਮਸ਼ੀਨੀਰੀ ਉਸ ਲੀਡਰ ਦੇ ਪੱਖ ਵਿੱਚ ਭੁਗਤੀ ਹੋਵੇ।ਉੱਤਰ ਪ੍ਰਦੇਸ਼ ਦੇ ਭਾਜਪਾ ਵਿਧਾਇਕ ਕੁਲਦੀਪ ਸਿੰਘ ਸੇਂਗਰ ਦੇ ਮਾਮਲੇ ਵਿੱਚ ਉੱਤਰ ਪ੍ਰਦੇਸ਼ ਦੀ ਸਰਕਾਰ ਉਸਦੇ ਪੱਖ ਵਿੱਚ ਭੁਗਤਦੀ ਰਹੀ ਹੈ।ਪਿਛਲੇ ਦਿਨੀਂ ਹਰਿਆਣਾ ਦੇ ਖੇਡ ਮੰਤਰੀ ਸੰਦੀਪ ਸਿੰਘ ਖਿਲਾਫ ਇੱਕ ਮਹਿਲਾ ਕੋਚ ਨੇ ਛੇੜਛਾੜ ਦੇ ਇਲਜ਼ਾਮ ਲਗਾਏ ਸਨ ਤਾਂ ਉਸ ਮਹਿਲਾ ਖਿਡਾਰੀ ਨੂੰ ਚੁੱਪ ਕਰਵਾਉਣ ਦੀ ਕੋਸ਼ਿਸ਼ ਕੀਤੀ ਗਈ।ਮਸਲੇ ਦੀ ਅਸਲ ਜੜ੍ਹ ਮਨੂੰਵਾਦੀ ਵਿਚਾਰਧਾਰਾ ਹੈ ਜਿਸ ਅੰਦਰ ਔਰਤ ਨੂੰ ਸਿਰਫ ਭੋਗਣ ਦੀ ਇੱਕ ਵਸਤੂ ਸਮਝਿਆ ਜਾਂਦਾ ਹੈ।ਅਨੇਕਾਂ ਮਸਲਿਆਂ ਦੀਆਂ ਉਦਾਹਰਨਾ ਵੇਖੀਆਂ ਜਾ ਸਕਦੀਆਂ ਹਨ ਜਦ ਭਾਜਪਾ ਸਰਕਾਰ ਔਰਤਾਂ ਦੇ ਪੱਖ ਵਿੱਚ ਖੜ੍ਹਣ ਦੀ ਬਜਾਏ ਦੋਸ਼ੀ ਦਾ ਪੱਖ ਪੂਰਦੀ ਨਜ਼ਰ ਆਵੇਗੀ।ਸਾਧਵੀਆਂ ਨਾਲ ਬਲਾਤਕਾਰ ਦੇ ਦੋਸ਼ਾਂ ਤਹਿਤ ਹਰਿਆਣਾ ਦੀ ਸੁਨਾਰੀਆ ਜੇਲ੍ਹ ਵਿੱਚ ਬੰਦ ਗੁਰਮੀਤ ਰਾਮ ਰਹੀਮ ਨੂੰ ਪਿਛਲੇ 14 ਮਹੀਨਿਆਂ ਵਿੱਚ ਚੌਥੀ ਵਾਰ 40 ਦਿਨ ਦੀ ਪੈਰੋਲ ਦਿੱਤੀ ਗਈ ਹੈ।ਸਰਕਾਰ ਨੇ ਇੱਕ ਪਾਸੇ ਤਾਂ ਸਜ਼ਾ ਪੂਰੀ ਕਰਨ ਦੇ ਬਾਵਜੂਦ ਅਨੇਕਾਂ ਕੈਦੀ ਜੇਲ੍ਹਾਂ ਵਿੱਚ ਬੰਦ ਕੀਤੇ ਹੋਏ ਹਨ ਤੇ ਦੂਜੇ ਪਾਸੇ ਬਿਲਕਿਸ ਬਾਨੋ ਗੈਂਗਰੇਪ ਦੇ ਦੋਸ਼ੀਆਂ ਦੀ ਸਜ਼ਾ ਮੁਆਫ ਕਰਕੇ ਸਮੇਂ ਤੋਂ ਰਿਹਾਈ ਕੀਤੀ ਗਈ ਹੈ।ਦਿੱਲੀ ਦੇ ਜੰਤਰ-ਮੰਤਰ 'ਤੇ ਬੈਠੀਆਂ ਔਰਤ ਪਹਿਲਵਾਨਾਂ ਨੂੰ ਬਿਲਕਿਸ ਬਾਨੋ ਦਾ ਮਾਮਲਾ ਜ਼ਰੂਰ ਯਾਦ ਆਉਂਦਾ ਹੋਵੇਗਾ ਕਿ ਜਿਸ ਹਕੂਮਤ ਤੋਂ ਅਸੀਂ ਇਨਸਾਫ ਮੰਗ ਰਹੇ ਹਾਂ ਉਹ ਹਕੂਮਤ ਤਾਂ ਬਲਾਤਕਾਰੀਆਂ ਨੂੰ ਸਮੇਂ ਤੋਂ ਰਿਹਾਈ ਦੇ ਰਹੀ ਹੈ।

ਦੁਨੀਆਂ ਦੇ ਕਈ ਵਿਕਸਿਤ ਮੁਲਕ ਨੌਜਵਾਨਾਂ ਦੀ ਘਾਟ ਨਾਲ ਜੂਝ ਰਹੇ ਹਨ ਪਰ ਭਾਰਤ ਦੁਨੀਆਂ ਦਾ ਉਹ ਬਿਹਤਰੀਨ ਮੁਲਕ ਹੈ ਜਿੱਥੇ ਸਭ ਤੋਂ ਵੱਧ ਨੌਜਵਾਨ ਹਨ।ਜੇਕਰ ਚੰਗੀ ਖੇਡ ਨੀਤੀ ਹੋਵੇ ਤਾਂ ਦੇਸ਼ ਦੀ ਜੁਆਨੀ ਵੱਡੀ ਪੱਧਰ 'ਤੇ ਮੈਡਲ ਲਿਆ ਸਕਦੀ ਹੈ।ਭਲਵਾਨੀ ਦੇ ਖੇਤਰ ਵਿੱਚ ਸਾਡਾ ਪ੍ਰਦਰਸ਼ਨ ਸਭ ਤੋਂ ਵਧੀਆ ਚੱਲ ਰਿਹਾ ਹੈ।ਰਾਸ਼ਟਰ ਮੰਡਲ ਖੇਡਾਂ ਵਿੱਚ ਭਾਰਤ ਵੱਲੋਂ ਜਿੱਤੇ 22 ਗੋਲਡ ਮੈਡਲਾਂ ਵਿੱਚੋਂ 12 ਮੈਡਲ ਪਹਿਲਵਾਨਾਂ ਦੇ ਸਨ।ਪਰ ਅਫਸੋਸ ਕਿ ਓਲੰਪਿਕ ਵਿੱਚ 7 ਮੈਡਲ ਜਿੱਤਣ ਵਾਲੇ ਇਹ ਖਿਡਾਰੀ ਧਰਨਾ ਦੇਣ ਲਈ ਮਜ਼ਬੂਰ ਹਨ।ਜਿਨ੍ਹਾਂ ਦੀ ਜਿੰਦਗੀ 'ਤੇ ਬਣੀਆਂ 'ਦੰਗਲ' ਜਿਹੀਆਂ ਫਿਲਮਾਂ ਕੁੜੀਆਂ ਨੂੰ ਭਲਵਾਨੀ ਵਾਲੇ ਪਾਸੇ ਤੋਰ ਰਹੀਆਂ ਹਨ ਅੱਜ ਉਹ ਹੀ ਸਰਕਾਰ ਖਿਲਾਫ ਪ੍ਰਦਰਸ਼ਨ ਕਰਨ ਲਈ ਮਜ਼ਬੂਰ ਹਨ।

ਸਰਕਾਰਾਂ ਦੇ 'ਬੇਟੀ ਬਚਾਓ,ਬੇਟੀ ਪੜ੍ਹਾਓ' ਜਿਹੇ ਨਾਅਰੇ ਹਕੀਕੀ ਰੂਪ ਵਿੱਚ ਖੋਖਲੇ ਹਨ ਤੇ ਸਮਾਜ ਦੇ ਸੁਹਿਰਦ ਹਲਕਿਆਂ ਨੂੰ ਚਾਹੀਦਾ ਹੈ ਕਿ ਦੇਸ਼ ਦੀਆਂ ਬੇਟੀਆਂ ਨਾਲ ਸੱਤਾ ਵੱਲੋਂ ਕੀਤੀ ਜਾ ਰਹੀ ਧੱਕੇਸ਼ਾਹੀ ਖਿਲਾਫ ਉਹਨਾਂ ਦਾ ਸਾਥ ਦਿੱਤਾ ਜਾਵੇ।

# 'ਲੋਕਤੰਤਰ ਵਲੋਂ ਲੋਕਾਂ ਵਿਰੁੱਧ ਜੰਗ, ਕੀਤੇ ਹਵਾਈ ਹਮਲੇ'

ਬੂਟਾ ਸਿੰਘ
ਮਹਿਮੂਦਪੁਰ
94634-74342




11 ਜਨਵਰੀ ਨੂੰ ਕੇਂਦਰੀ ਗ੍ਰਹਿ ਮੰਤਰਾਲੇ ਦੇ ਆਦੇਸ਼ 'ਤੇ ਬੀਜਾਪੁਰ-ਸੁਕਮਾ-ਤੇਲੰਗਾਨਾ ਦੇ ਸਰਹੱਦੀ ਖੇਤਰ ਵਿਚ ਵਿਸ਼ੇਸ਼ ਕਮਾਂਡੋ ਫੋਰਸ ਵੱਲੋਂ ਮਾਓਵਾਦੀ ਛਾਪਾਮਾਰਾਂ ਉੱਪਰ ਹਵਾਈ ਹਮਲੇ ਦੀ ਖ਼ਬਰ ਸੁਰਖ਼ੀਆਂ ਬਣੀ। ਛੱਤੀਸਗੜ੍ਹ-ਤੇਲੰਗਾਨਾ ਦਾ ਇਹ ਖੇਤਰ ਸੀ.ਪੀ.ਆਈ.(ਮਾਓਵਾਦੀ) ਦਾ ਵਿਸ਼ਾਲ ਆਦਿਵਾਸੀ ਆਧਾਰ ਵਾਲਾ ਗੜ੍ਹ ਹੈ ਜਿਸ ਨੂੰ ਖ਼ਤਮ ਕਰਨ ਲਈ ਕੇਂਦਰ ਅਤੇ ਰਾਜ ਸਰਕਾਰਾਂ ਦਾ ਡੇਢ ਦਹਾਕੇ ਤੋਂ ਅੱਡੀ ਚੋਟੀ ਦਾ ਜ਼ੋਰ ਲਗਾ ਰਹੀਆਂ ਹਨ। ਉਨ੍ਹਾਂ ਦਾ ਇਕੋਇਕ ਮਨੋਰਥ ਹਥਿਆਰਬੰਦ ਛਾਪਾਮਾਰਾਂ ਅਤੇ ਜੁਝਾਰੂ ਆਦਿਵਾਸੀਆਂ ਦਾ ਸਫ਼ਾਇਆ ਕਰਕੇ ਇਸ ਵਿਸ਼ਾਲ ਜੰਗਲੀ ਪੱਟੀ ਨੂੰ ਕਾਰਪੋਰੇਟ ਪ੍ਰੋਜੈਕਟਾਂ ਵਿਚ ਬਦਲਣਾ ਅਤੇ ਆਦਿਵਾਸੀਆਂ ਦੀਆਂ ਲਾਸ਼ਾਂ ਉੱਪਰ 'ਵਿਕਾਸ' ਉਸਾਰਨਾ ਹੈ। ਸਤੰਬਰ 2009 'ਚ ਮਨਮੋਹਨ ਸਿੰਘ-ਚਿਦੰਬਰਮ ਸਰਕਾਰ ਨੇ 'ਨਕਸਲਵਾਦ ਮੁਲਕ ਦੀ ਅੰਦਰੂਨੀ ਸੁਰੱਖਿਆ ਲਈ ਸਭ ਤੋਂ ਵੱਡਾ ਖ਼ਤਰਾ' ਦਾ ਬਿਰਤਾਂਤ ਘੜਿਆ ਅਤੇ 9 ਰਾਜਾਂ ਦੇ 15 ਕਰੋੜ ਆਦਿਵਾਸੀਆਂ ਵਿਰੁੱਧ 'ਓਪਰੇਸ਼ਨ ਗ੍ਰੀਨ ਹੰਟ' ਵਿੱਢ ਦਿੱਤਾ ਗਿਆ। ਲੱਖਾਂ ਦੀ ਤਾਦਾਦ 'ਚ ਨੀਮ-ਫ਼ੌਜੀ ਤਾਕਤਾਂ ਛੱਤੀਸਗੜ੍ਹ, ਝਾਰਖੰਡ, ਪੱਛਮੀ ਬੰਗਾਲ, ਉੜੀਸਾ, ਤੇਲੰਗਾਨਾ ਅਤੇ ਹੋਰ ਰਾਜਾਂ ਦੇ 'ਰੈੱਡ ਕੌਰੀਡੋਰ' ਵਿਚ ਤਾਇਨਾਤ ਕਰਕੇ ਆਪਣੇ ਹੀ ਲੋਕਾਂ ਵਿਰੁੱਧ ਇਕ ਅਣਐਲਾਨੀ ਜੰਗ ਸ਼ੁਰੂ ਕਰ ਦਿੱਤੀ ਗਈ ਜਿਸ ਨੇ ਹਫ਼ਤਿਆਂ 'ਚ ਹੀ ਵਿਆਪਕ ਕਤਲੇਆਮ, ਸਮੂਹਿਕ ਬਲਾਤਕਾਰਾਂ, ਸਾੜਫੂਕ, ਤਬਾਹੀ ਅਤੇ ਉਜਾੜੇ ਦਾ ਰੂਪ ਅਖ਼ਤਿਆਰ ਕਰ ਲਿਆ। 13 ਸਾਲ ਪਹਿਲਾਂ ਅਸਿੱਧੇ ਤੌਰ 'ਤੇ ਭਾਰਤੀ ਫ਼ੌਜ ਦੀ ਮੱਦਦ ਨਾਲ ਵਿੱਢਿਆ ਇਹ ਨੀਮ-ਫ਼ੌਜੀ ਹਮਲਾ ਨਾ ਸਿਰਫ਼ ਲਗਾਤਾਰ ਜਾਰੀ ਹੈ ਸਗੋਂ ਇਹ ਦਿਨੋਦਿਨ ਵਧੇਰੇ ਤਬਾਹਕੁਨ ਅਤੇ ਖ਼ੂੰਖਾਰ ਬਣਦਾ ਜਾ ਰਿਹਾ ਹੈ। ਇਸੇ ਦੀ ਲਗਾਤਾਰਤਾ 'ਚ 11 ਜਨਵਰੀ ਨੂੰ ਐੱਨ.ਐੱਸ.ਜੀ. ਕਮਾਂਡੋ ਇਸਤੇਮਾਲ ਕੀਤੇ ਗਏ ਜੋ ਕਿ ਖ਼ਾਸ ਕਮਾਂਡੋ ਕਾਰਵਾਈਆਂ ਲਈ ਅਤਿ-ਆਧੁਨਿਕ ਹਥਿਆਰਾਂ ਨਾਲ ਲੈਸ ਵਿਸ਼ੇਸ਼ ਫੋਰਸ ਹੈ।

ਇਸ ਸੰਬੰਧੀ ਸੀ.ਆਰ.ਪੀ.ਐੱਫ. ਦੇ ਛੱਤੀਸਗੜ੍ਹ ਸੈਕਟਰ ਦੇ ਆਈ.ਜੀ. ਦਫ਼ਤਰ ਨੇ ਬਿਆਨ ਜਾਰੀ ਕੀਤਾ ਕਿ 'ਇਸ ਸਰਹੱਦੀ ਖੇਤਰ ਵਿਚ ਨਕਸਲੀਆਂ ਵਿਰੁੱਧ ਲਗਾਤਾਰ ਮੁਹਿੰਮ ਚੱਲ ਰਹੀ ਹੈ। ਇਸੇ ਤਹਿਤ 11 ਜਨਵਰੀ ਨੂੰ ਹੈਲੀਕਾਪਟਰ ਰਾਹੀਂ ਮੁਹਿੰਮ ਦੇ ਫਾਰਵਰਡ ਆਪਰੇਟਿੰਗ ਬੇਸ ਉੱਪਰ ਭੇਜੀ ਜਾ ਰਹੀ ਸੀ.ਆਰ.ਪੀ.ਐੱਫ. ਦੀ ਕੋਬਰਾ ਬਟਾਲੀਅਨ ਦੀ ਇਕ ਟੁਕੜੀ ਜਦੋਂ ਹੈਲੀਕਾਪਟਰ ਤੋਂ ਉੱਤਰ ਰਹੀ ਸੀ ਤਾਂ ਕੋਬਰਾ ਅਤੇ ਨਕਸਲੀਆਂ ਦਰਮਿਆਨ ਗੋਲੀਆਂ ਚੱਲੀਆਂ। ਨਕਸਲੀ ਭੱਜਣ ਲਈ ਮਜਬੂਰ ਹੋ ਗਏ। ਕੋਬਰਾ ਫੋਰਸ ਦੀ ਟੁਕੜੀ ਨੂੰ ਕੋਈ ਨੁਕਸਾਨ ਨਹੀਂ ਹੋਇਆ।' ਐਡੀਸ਼ਨਲ ਡੀ.ਜੀ. ਐਂਟੀ ਨਕਸਲ ਓਪਰੇਸ਼ਨਜ਼ ਸ੍ਰੀ ਵਿੱਜ ਸਪਸ਼ਟ ਕਹਿੰਦੇ ਹਨ ਕਿ ਭਾਰਤੀ ਹਵਾਈ ਫ਼ੌਜ ਦੇ ਗਰੁੜ ਕਮਾਂਡੋਜ਼ ਨੇ ਐੱਮ.ਆਈ17 (ਹੈਲੀਕਾਪਟਰ) ਤੋਂ ਫਾਇਰਿੰਗ ਦਾ ਅਭਿਆਸ ਕੀਤਾ। ਅਸੀਂ ਸੌਖੇ ਸ਼ਿਕਾਰ ਨਹੀਂ ਬਣਨਾ। ਅਸੀਂ ਵੀ ਹਮਲਾ ਕਰ ਸਕਦੇ ਹਾਂ।

ਸੀ.ਪੀ.ਆਈ.(ਮਾਓਵਾਦੀ) ਦਾ ਇਸ ਘਟਨਾ ਬਾਰੇ ਪੱਖ ਪੂਰੀ ਤਰ੍ਹਾਂ ਵੱਖਰਾ ਹੈ। ਮਾਓਵਾਦੀ ਪਾਰਟੀ ਦੀ ਦੱਖਣੀ ਸਬ ਜ਼ੋਨਲ ਬਿਊਰੋ ਵੱਲੋਂ ਜਾਰੀ ਕੀਤੇ ਬਿਆਨ ਦਾ ਸਾਰਤੱਤ ਇਹ ਹੈ ਕਿ ਕੇਂਦਰ ਸਰਕਾਰ ਦੇ ਨਿਰਦੇਸ਼ 'ਤੇ ਕੀਤੇ ਗਏ ਸੁਰੱਖਿਆ ਬਲਾਂ ਦੇ ਹਵਾਈ 'ਸਰਜੀਕਲ ਸਟਰਾਈਕ' ਓਪਰੇਸ਼ਨ ਨੂੰ ਪੀ.ਐੱਲ.ਜੀ.ਏ. (ਪੀਪਲਜ਼ ਲਿਬਰੇਸ਼ਨ ਗੁਰੀਲਾ ਆਰਮੀ) ਨੇ ਨਾਕਾਮ ਬਣਾ ਦਿੱਤਾ। ਇਸ ਹਮਲੇ ਵਿਚ ਹਵਾਈ ਫ਼ੌਜ ਅਤੇ ਐੱਨ.ਐੱਸ.ਜੀ. ਕਮਾਂਡੋਜ਼ ਇਸਤੇਮਾਲ ਕੀਤੇ ਗਏ। ਪੀ.ਐੱਲ.ਜੀ.ਏ. ਅਨੁਸਾਰ ਸੁਰੱਖਿਆ ਬਲਾਂ ਦੇ ਛੇ ਕਮਾਂਡੋ ਫੱਟੜ ਹੋਏ। ਬਿਆਨ ਅਨੁਸਾਰ 11 ਜਨਵਰੀ ਨੂੰ ਸਰਹੱਦੀ ਇਲਾਕੇ ਦੇ ਇਰਾਮ, ਮੇਟਾਗੁੜਾ ਅਤੇ ਬੋਟੇਤੋਂਗ ਪਿੰਡਾਂ ਦੇ ਖੇਤਾਂ-ਖਲਿਆਨਾਂ ਵਿਚ ਡਰੋਨਾਂ ਅਤੇ ਹੈਲੀਕਾਪਟਰ ਦੀ ਮੱਦਦ ਨਾਲ ਸੈਂਕੜੇ ਬੰਬ ਸੁੱਟੇ ਗਏ ਅਤੇ ਹੈਲੀਕਾਪਟਰ ਤੋਂ ਫਾਇਰਿੰਗ ਕੀਤੀ ਗਈ। ਹਵਾਈ ਬੰਬਾਰੀ ਸਵੇਰੇ 11 ਵਜੇ ਤੋਂ ਲੈ ਕੇ ਸ਼ਾਮ 4 ਵਜੇ ਤੱਕ ਚੱਲਦੀ ਰਹੀ। ਪੀ.ਐੱਲ.ਜੀ.ਏ. ਨੇ ਸੁਰੱਖਿਆ ਬਲਾਂ ਦੇ ਛੇ ਕਮਾਂਡੋ ਫੱਟੜ ਕਰ ਦਿੱਤੇ। ਇਸ ਦੌਰਾਨ ਛਾਪਾਮਾਰ ਫ਼ੌਜ ਦੀ ਮੈਂਬਰ ਪੋਟਾਮ ਹੁੰਗੀ ਮਾਰੀ ਗਈ।

ਇਸ ਦੌਰਾਨ ਮੀਡੀਆ ਵਿਚ ਮਾਓਵਾਦੀ ਕੇਂਦਰੀ ਕਮੇਟੀ ਮੈਂਬਰ ਹਿੜਮਾ ਦੇ ਇਸ ਹਮਲੇ 'ਚ ਮਾਰੇ ਜਾਣ ਦੀਆਂ ਖ਼ਬਰਾਂ ਵੀ ਆਈਆਂ। ਕਿਹਾ ਜਾਂਦਾ ਹੈ ਕਿ ਹਿੜਮਾ ਇਸ ਖੇਤਰ ਦੀ ਮਾਓਵਾਦੀ ਬਟਾਲੀਅਨ ਨੰ. 1 ਦਾ ਕਮਾਂਡਰ ਹੈ ਅਤੇ ਉਹ ਇਸ ਖੇਤਰ ਵਿਚ ਹੋਏ ਵੱਡੇ ਛਾਪਾਮਾਰ ਹਮਲਿਆਂ ਦਾ ਮਾਸਟਰ-ਮਾਈਂਡ ਹੈ। ਇਨ੍ਹਾਂ ਕਿਆਸ-ਅਰਾਈਆਂ ਨੂੰ ਰੱਦ ਕਰਦਿਆਂ ਮਾਓਵਾਦੀ ਬਿਊਰੋ ਨੇ ਬਿਆਨ ਵਿਚ ਸਪਸ਼ਟ ਕੀਤਾ ਕਿ ਬਟਾਲੀਅਨ ਕਮਾਂਡਰ ਹਿੜਮਾ ਸੁਰੱਖਿਅਤ ਹੈ। ਲਿਹਾਜ਼ਾ ਇਹ ਅੰਦਾਜ਼ੇ ਬੇਬੁਨਿਆਦ ਨਹੀਂ ਜਾਪਦੇ ਕਿ ਇਹ ਖ਼ਾਸ ਹਵਾਈ ਹਮਲਾ ਮਾਓਵਾਦੀ ਕਮਾਂਡਰ ਹਿੜਮਾ ਨੂੰ ਮਾਰਨ ਲਈ ਕੀਤਾ ਗਿਆ ਹੋਵੇਗਾ। 13 ਨਵੰਬਰ 2021 ਨੂੰ ਮਹਾਰਾਸ਼ਟਰ ਪੁਲਿਸ ਵੱਲੋਂ ਘੇਰਾ ਪਾ ਕੇ ਚੋਟੀ ਦੇ ਮਾਓਵਾਦੀ ਆਗੂ ਮਿਲਿੰਦ ਤੇਲਤੁੰਬੜੇ ਸਮੇਤ 26 ਮਾਓਵਾਦੀਆਂ ਨੂੰ ਬੇਕਿਰਕੀ ਨਾਲ ਕਤਲ ਕਰ ਦਿੱਤਾ ਗਿਆ ਸੀ। ਇਸੇ ਤਰ੍ਹਾਂ, ਮਾਓਵਾਦੀ ਛਾਪਾਮਾਰਾਂ ਦੀ ਵੱਡੀ ਨਫ਼ਰੀ ਦੀ ਮੌਜੂਦਗੀ ਦੀ ਪੱਕੀ ਸੂਹ ਦੇ ਆਧਾਰ 'ਤੇ ਇਸ ਕਾਰਵਾਈ ਲਈ ਐੱਨ.ਐੱਸ.ਜੀ. ਭੇਜੇ ਗਏ ਹੋਣਗੇ।

ਛੱਤੀਸਗੜ੍ਹ ਵਿਚ ਹਵਾਈ ਹਮਲੇ ਦੀ ਖ਼ਬਰ ਪਹਿਲੀ ਵਾਰ ਨਹੀਂ ਆਈ ਹੈ। ਰਿਪੋਰਟਾਂ ਅਨੁਸਾਰ ਬਸਤਰ ਖੇਤਰ ਵਿਚ ਅਪ੍ਰੈਲ 2021 'ਚ ਵੀ ਹਵਾਈ ਬੰਬਾਰੀ ਕੀਤੀ ਗਈ ਸੀ। ਫਿਰ ਅਪ੍ਰੈਲ 2022 'ਚ ਦੂਜੀ ਵਾਰ ਹਵਾਈ ਹਮਲਾ ਕੀਤਾ ਗਿਆ। ਹੁਣ ਜਨਵਰੀ 2023 'ਚ ਇਹ ਤੀਜਾ ਹਵਾਈ ਹਮਲਾ ਹੈ। ਮਾਓਵਾਦੀ ਗੜ੍ਹ 'ਚ ਐੱਨ.ਐੱਸ.ਜੀ. ਕਮਾਂਡੋਜ਼ ਤਾਇਨਾਤ ਕਰਨ ਦੀ ਚਰਚਾ ਪਹਿਲਾਂ ਵੀ ਚੱਲਦੀ ਰਹੀ ਹੈ। ਸਭ ਤੋਂ ਪਹਿਲਾਂ 2005 'ਚ ਮਨਮੋਹਣ ਸਿੰਘ ਸਰਕਾਰ ਸਮੇਂ ਇਹ ਗੱਲ ਚੱਲੀ ਕਿ ਨਕਸਲੀ ਰਸੂਖ਼ ਵਾਲੇ ਖੇਤਰਾਂ 'ਚ ਐੱਨ.ਐੱਸ.ਜੀ. ਕਮਾਂਡੋਜ਼ ਭੇਜੇ ਜਾਣੇ ਚਾਹੀਦੇ ਹਨ। ਬਿਹਾਰ ਦੀ ਜਹਾਨਾਬਾਦ ਜੇਲ੍ਹ ਅਤੇ ਪੁਲਿਸ ਬੈਰਕਾਂ ਉੱਪਰ ਮਾਓਵਾਦੀ ਛਾਪਾਮਾਰ ਹਮਲੇ ਨਾਲ ਭਾਰਤੀ ਹੁਕਮਰਾਨ ਬੁਰੀ ਤਰ੍ਹਾਂ ਹਿੱਲ ਗਏ ਸਨ। ਉਦੋਂ ਤਤਕਾਲੀ 'ਅੰਦਰੂਨੀ ਸੁਰੱਖਿਆ ਵਿਸ਼ੇਸ਼ ਸਕੱਤਰ' ਆਸ਼ੀਸ਼ ਮਿਤਰਾ ਦੇ ਹਵਾਲੇ ਨਾਲ ਇਹ ਖ਼ਬਰਾਂ ਆਈਆਂ ਸਨ ਕਿ ਪਹਿਲੀ ਵਾਰ ਐੱਨ.ਐੱਸ.ਜੀ. ਨੂੰ ਨਕਸਲੀ ਵਿਰੋਧੀ ਮੁਹਿੰਮ 'ਚ ਭੇਜਿਆ ਜਾ ਸਕਦਾ ਹੈ। ਮਿਤਰਾ ਐੱਨ.ਐੱਸ.ਜੀ. ਦਾ ਡਾਇਰੈਕਟਰ ਜਨਰਲ ਵੀ ਰਿਹਾ ਹੈ। ਛੱਤੀਸਗੜ੍ਹ ਦੇ ਡੀ.ਜੀ.ਪੀ. ਸ੍ਰੀ ਰਾਠੌਰ ਨੇ ਵੀ ਕਿਹਾ ਸੀ ਕਿ ਐੱਨ.ਐੱਸ.ਜੀ. ਦੇ ਆਉਣ ਨਾਲ ਨਕਸਲੀ ਹਿੰਸਾ ਦਾ ਮੁਕਾਬਲਾ ਕਰਨ 'ਚ ਮਦਦ ਮਿਲੇਗੀ। ਐੱਨ.ਐੱਸ.ਜੀ. ਕਮਾਂਡੋਜ਼ ਵੱਲੋਂ ਆਂਧਰਾ ਪ੍ਰਦੇਸ਼ ਦੇ ਨਕਸਲ ਵਿਰੋਧੀ ਖ਼ੂੰਖ਼ਾਰ ਕਮਾਂਡੋਜ਼ ਗਰੇਅ ਹਾਊਂਡਜ਼ ਨਾਲ ਮਿਲ ਕੇ ਸਿਖਲਾਈ ਲੈਣ ਦੀਆਂ ਰਿਪੋਰਟਾਂ ਵੀ ਹਨ। ਜੋ ਇਸ ਦਾ ਸੰਕੇਤ ਹਨ ਕਿ ਮਸਲੇ ਦੇ ਰਾਜਨੀਤਕ ਹੱਲ ਦੀ ਬਜਾਏ ਆਰ.ਐੱਸ.ਐੱਸ.-ਭਾਜਪਾ ਹਕੂਮਤ ਦਾ ਇੱਕੋਇਕ ਨਿਸ਼ਾਨਾ ਮਾਓਵਾਦੀ ਛਾਪਾਮਾਰਾਂ, ਖ਼ਾਸ ਕਰਕੇ ਉਨ੍ਹਾਂ ਦੀ ਲੀਡਰਸ਼ਿਪ ਨੂੰ ਜਿਸਮਾਨੀ ਤੌਰ 'ਤੇ ਖ਼ਤਮ ਕਰਨਾ ਹੈ। 7 ਜਨਵਰੀ ਨੂੰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਛੱਤੀਸਗੜ੍ਹ ਦੇ ਕੋਰਬਾ ਸ਼ਹਿਰ ਵਿਚ ਇਕ ਰੈਲੀ ਨੂੰ ਸੰਬੋਧਨ ਕਰਦੇ ਹੋਏ ਹੁੱਬ ਕੇ ਐਲਾਨ ਕੀਤਾ ਕਿ ਉਨ੍ਹਾਂ ਦੀ ਸਰਕਾਰ ਬੰਦੂਕ ਦਾ ਜਵਾਬ ਬੰਦੂਕ ਨਾਲ ਦੇਣ ਵਾਲੀ ਸਰਕਾਰ ਹੈ। ਅਮਿਤ ਸ਼ਾਹ ਨੇ '2024 ਤੱਕ ਨਕਸਲ ਮੁਕਤ ਦੇਸ਼' ਬਣਾਉਣ ਦਾ ਦਾਅਵਾ ਵੀ ਕੀਤਾ। ਮਹਿਜ਼ ਚਾਰ ਦਿਨ ਬਾਦ ਹੀ ਆਦਿਵਾਸੀ ਪਿੰਡਾਂ ਉੱਪਰ ਹਵਾਈ ਬੰਬਾਰੀ ਦੀ ਖ਼ਬਰ ਆ ਗਈ। ਇੰਡੀਅਨ ਐਕਸਪ੍ਰੈੱਸ ਦੀ ਰਿਪੋਰਟ ਹੈ ਕਿ ਛੱਤੀਸਗੜ੍ਹ ਵਿਚਲੇ ਭਾਰਤੀ ਹਵਾਈ ਫ਼ੌਜ ਦੇ ਅਫ਼ਸਰਾਂ ਨੇ ਯੁੱਧਨੀਤੀ 'ਚ ਬਦਲਾਅ ਦੀ ਪੁਸ਼ਟੀ ਕੀਤੀ ਹੈ। ਹਵਾਈ ਫ਼ੌਜ ਕਈ ਸਾਲਾਂ ਤੋਂ ਬਸਤਰ ਖੇਤਰ ਵਿਚ ਹੈਲੀਕਾਪਟਰ ਚਲਾ ਰਹੀ ਹੈ। ਡਰੋਨਾਂ ਰਾਹੀਂ ਲਗਾਤਾਰ ਨਿਗਰਾਨੀ ਸੁਰਖ਼ੀਆਂ ਬਣਦੀ ਰਹੀ ਹੈ। ਆਪਣੇ ਟੀਚੇ ਨੂੰ ਅੰਜਾਮ ਦੇਣ ਲਈ ਫਾਸ਼ੀਵਾਦੀ ਹਕੂਮਤ ਦੀ ਟੇਕ ਇਨ੍ਹਾਂ ਤਰੀਕਿਆਂ ਉੱਪਰ ਵਧ ਰਹੀ ਹੈ।

ਛੱਤੀਸਗੜ੍ਹ ਦੇ ਕਾਂਕੇਰ ਜ਼ਿਲ੍ਹੇ ਵਿਚ ਬਣਾਏ 'ਕਾਊਂਟਰ ਟੈਰਰਿਜ਼ਮ ਐਂਡ ਜੰਗਲ ਵਾਰਫੇਅਰ ਕਾਲਜ ਵਿਚ ਸਿਖਲਾਈ ਲੈ ਰਹੇ ਐੱਨ.ਐੱਸ.ਜੀ. ਕਮਾਂਡੋਜ਼ ਦੀਆਂ ਤਸਵੀਰਾਂ ਚਾਰ ਸਾਲ ਪਹਿਲਾਂ ਵੀ ਵਾਇਰਲ ਹੋਈਆਂ ਸਨ। ਇਹ ਖ਼ਾਸ ਕਮਾਂਡੋਜ਼ ਸਿਖਲਾਈ ਕਾਲਜ 2005 'ਚ ਬਣਾਇਆ ਗਿਆ ਸੀ। ਇਸ ਬਾਬਤ ਉਦੋਂ ਇਹ ਵਿਵਾਦ ਵੀ ਉੱਠਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜੰਗਲ ਦੀ ਇਸ ਜ਼ਮੀਨ ਦਾ ਕਾਲਜ ਲਈ ਤਬਾਦਲਾ ਗ਼ੈਰਕਾਨੂੰਨੀ ਤਰੀਕੇ ਨਾਲ ਕੀਤਾ ਗਿਆ ਹੈ। ਆਖ਼ਿਰਕਾਰ ਵਣ ਵਿਭਾਗ ਅਧਿਕਾਰੀਆਂ ਦੀ ਆਵਾਜ਼ ਦਬਾ ਦਿੱਤੀ ਗਈ। ਕਾਲਜ ਦਾ ਡਾਇਰੈਕਟਰ ਭਾਰਤੀ ਫ਼ੌਜ ਦੇ ਸਾਬਕਾ ਬ੍ਰਿਗੇਡੀਅਰ ਬਸੰਤ ਕੁਮਾਰ ਪੌਂਵਾਰ ਨੂੰ ਬਣਾਇਆ ਗਿਆ ਜੋ ਪਹਿਲਾਂ ਭਾਰਤੀ ਫ਼ੌਜ ਦੇ ਉੱਤਰ-ਪੂਰਬੀ ਰਾਜ ਮਿਜ਼ੋਰਮ ਵਿਚ ਵੈਰਾਂਗਤੇ ਵਿਖੇ ਬਣਾਏ ਗਏ 'ਕਾਊਂਟਰ ਇੰਸਰਜੰਸੀ ਐਂਡ ਜੰਗਲ ਵਾਰਫੇਅਰ ਸਕੂਲ' ਦਾ ਕਮਾਂਡੈਂਟ ਰਹਿ ਚੁੱਕਾ ਸੀ। ਕਾਂਕੇਰ ਕਾਲਜ ਬਾਰੇ ਸ਼੍ਰੀ ਪੌਂਵਾਰ ਨੇ ਕਿਹਾ ਸੀ ਕਿ 'ਯੇਹ ਤੋ ਕਮਾਂਡੋ ਕੀ ਫੈਕਟਰੀ ਹੈ', 'ਮੈਂ ਜਵਾਨੋਂ ਕੋ ਛਾਪਾਮਾਰ ਸੇ ਛਾਪਾਮਾਰ ਦੀ ਤਰ੍ਹਾਂ ਲੜਨਾ ਸਿਖਾਤਾ ਹੂੰ।' ਇਹ ਕਾਲਜ ਹਰ ਛੇ ਹਫ਼ਤਿਆਂ 'ਚ 400 ਸਿਪਾਹੀਆਂ ਨੂੰ ਸਿਖਲਾਈ ਦੇ ਕੇ 'ਲੜਾਕੇ' ਬਣਾਉਂਦਾ ਹੈ ਜਿਨ੍ਹਾਂ ਨੂੰ ਮਾਓਵਾਦੀ ਛਾਪਾਮਾਰਾਂ ਵਿਰੁੱਧ ਲੜਨ ਲਈ ਤਿਆਰ ਕੀਤਾ ਜਾ ਰਿਹਾ ਹੈ। ਇਕ ਦਹਾਕੇ 'ਚ ਇਸ ਕਾਲਜ ਵੱਲੋਂ ਪੁਲਿਸ, ਬੀ.ਐੱਸ.ਐੱਫ., ਸੀ.ਆਰ.ਪੀ.ਐੱਫ., ਸਸ਼ਤਰ ਸੀਮਾ ਬਲ ਤੇ ਸੈਂਟਰਲ ਇੰਡਸਟਰੀਅਲ ਸਕਿਊਰਿਟੀ ਫੋਰਸ ਵਗੈਰਾ ਦੇ 30000 ਹਜ਼ਾਰ ਤੋਂ ਵਧੇਰੇ ਔਰਤ ਅਤੇ ਮਰਦ ਸਿਪਾਹੀਆਂ ਨੂੰ ਸਿਖਲਾਈ ਦਿੱਤੇ ਜਾਣ ਦਾ ਅੰਦਾਜ਼ਾ ਹੈ।

ਰਾਜਨੀਤਕ ਵਿਸ਼ਲੇਸ਼ਣਕਾਰਾਂ ਨੇ ਉਦੋਂ ਹੀ ਖ਼ਦਸ਼ਾ ਜ਼ਾਹਿਰ ਕੀਤਾ ਸੀ ਕਿ ਧੁਰ ਜੰਗਲਾਂ ਅੰਦਰ ਵਿਸ਼ੇਸ਼ ਸਿਖਲਾਈ ਕਾਲਜ ਦੀ ਸਥਾਪਨਾ ਬਸਤਰ ਦੇ ਹੋਰ ਜ਼ਿਆਦਾ ਸੰਘਣੇ ਫ਼ੌਜੀਕਰਨ ਦਾ ਹਿੱਸਾ ਹੈ ਅਤੇ ਵਿਸ਼ੇਸ਼ ਸਿਖਲਾਈ ਯਾਫ਼ਤਾ ਕਮਾਂਡੋਜ਼ ਨੂੰ ਆਦਿਵਾਸੀਆਂ ਦੇ ਜੁਝਾਰੂ ਟਾਕਰੇ ਨੂੰ ਕੁਚਲਣ ਲਈ ਇਸਤੇਮਾਲ ਕੀਤਾ ਜਾਵੇਗਾ। ਹਵਾਈ ਬੰਬਾਰੀ ਦੀਆਂ ਰਿਪੋਰਟਾਂ ਤੋਂ ਇਹ ਖ਼ਦਸ਼ੇ ਸੱਚ ਹੁੰਦੇ ਜਾਪਦੇ ਹਨ। ਨਿਰਸੰਦੇਹ, ਮਾਓਵਾਦੀ ਲਹਿਰ ਆਪਣੇ 'ਜੰਨਤਾਨਾ ਸਰਕਾਰ' ਦੇ ਨਿਸ਼ਾਨੇ ਨੂੰ ਪ੍ਰਣਾਈ ਬੇਹੱਦ ਜਾਂਬਾਜ਼ ਇਨਕਲਾਬੀ ਛਾਪਾਮਾਰ ਤਾਕਤ ਹੈ ਜਿਸ ਦੇ ਮੈਂਬਰਾਂ ਨੇ ਸਭ ਕੁਝ ਤਿਆਗ ਕੇ ਅਤੇ ਦਹਾਕਿਆਂ ਤੱਕ ਆਦਿਵਾਸੀਆਂ 'ਚ ਕੰਮ ਕਰਕੇ ਉਨ੍ਹਾਂ ਦਾ ਵਿਸ਼ਵਾਸ ਜਿੱਤਿਆ ਹੈ। ਭਾਰਤੀ ਹੁਕਮਰਾਨ ਆਦਿਵਾਸੀਆਂ ਨੂੰ ਸਰਕਾਰੀ ਬੰਦੂਕਾਂ ਦੇ ਜ਼ੋਰ ਖ਼ਤਮ ਕਰਨ ਲਈ ਇਸ ਨੂੰ ਬਹਾਨੇ ਵਜੋਂ ਵਰਤ ਰਹੇ ਹਨ। ਜਦੋਂ ਭਾਰਤੀ ਹੁਕਮਰਾਨ ਜਮਾਤ ਨੇ 'ਵਿਕਾਸ' ਦੇ ਨਾਂ ਹੇਠ ਕਾਰਪੋਰੇਟ ਪ੍ਰੋਜੈਕਟਾਂ ਲਈ ਦੇਸੀ-ਬਦੇਸ਼ੀ ਕਾਰਪੋਰੇਟ ਕੰਪਨੀਆਂ ਨਾਲ ਇਕਰਾਰਨਾਮੇ ਕਰਕੇ ਆਦਿਵਾਸੀਆਂ ਨੂੰ ਬੰਦੂਕ ਦੇ ਜ਼ੋਰ ਉਜਾੜਨ ਅਤੇ ਜ਼ਮੀਨਾਂ ਖੋਹਣ ਦੀ ਕੋਸ਼ਿਸ਼ ਕੀਤੀ ਤਾਂ ਆਪਣੇ ਜੰਗਲਾਂ-ਪਹਾੜਾਂ ਨੂੰ ਬਚਾਉਣ ਲਈ ਆਦਿਵਾਸੀ ਮਾਓਵਾਦੀ ਅਗਵਾਈ ਹੇਠ ਹੋਰ ਵੀ ਵਸੀਹ ਪੈਮਾਨੇ 'ਤੇ ਲਾਮਬੰਦ ਹੋਣੇ ਸ਼ੁਰੂ ਹੋ ਗਏ। ਕੇਂਦਰ ਅਤੇ ਰਾਜ ਸਰਕਾਰਾਂ ਨੇ ਉਜਾੜੇ ਦਾ ਵਿਰੋਧ ਕਰਨ ਵਾਲੇ ਹਰ ਆਦਿਵਾਸੀ ਨੂੰ 'ਮਾਓਵਾਦੀ' ਕਰਾਰ ਦੇ ਕੇ ਜੇਲ੍ਹਾਂ ਵਿਚ ਸੁੱਟਣਾ ਸ਼ੁਰੂ ਕਰ ਦਿੱਤਾ। ਭਾਰਤੀ ਹੁਕਮਰਾਨਾਂ ਕੋਲ ਐਸੀਆਂ ਲਹਿਰਾਂ ਨੂੰ 'ਅੰਦਰੂਨੀ ਸੁਰੱਖਿਆ ਲਈ ਸਭ ਤੋਂ ਵੱਡਾ ਖ਼ਤਰਾ' ਕਰਾਰ ਦੇ ਕੇ ਫ਼ੌਜੀ ਤਾਕਤ ਨਾਲ ਕੁਚਲਣ ਤੋਂ ਸਿਵਾਏ ਹੋਰ ਕੋਈ 'ਹੱਲ' ਨਹੀਂ ਹੈ। ਉਨ੍ਹਾਂ ਕੋਲ ਹਰ ਗੱਲ ਦਾ ਜਵਾਬ ਕਾਲੇ ਕਾਨੂੰਨ, ਪੁਲਿਸ-ਨੀਮ ਫ਼ੌਜੀ-ਫ਼ੌਜੀ ਤਾਕਤਾਂ ਦੀਆਂ ਘੇਰੋ ਤੇ ਕੁਚਲੋ ਦੀਆਂ ਮੁਹਿੰਮਾਂ ਅਤੇ ਅੰਧਾਧੁੰਦ ਕਤਲੇਆਮ ਹੈ। ਜੇਲ੍ਹਾਂ ਆਪਣੇ ਸੰਵਿਧਾਨਕ ਹੱਕਾਂ ਲਈ ਲੜ ਰਹੇ ਆਦਿਵਾਸੀਆਂ ਅਤੇ ਉਨ੍ਹਾਂ ਦੇ ਹੱਕ 'ਚ ਆਵਾਜ਼ ਉਠਾਉਣ ਵਾਲੇ ਜਮਹੂਰੀ ਸਿਆਸੀ ਕਾਰਕੁੰਨਾਂ ਨਾਲ ਤੁੰਨੀਆਂ ਪਈਆਂ ਹਨ।

ਐਨੇ ਭਿਆਨਕ ਜਬਰ, ਆਦਿਵਾਸੀ ਔਰਤਾਂ ਵਿਰੁੱਧ ਜਿਨਸੀ ਹਿੰਸਾ ਅਤੇ ਕਤਲੇਆਮ ਦੇ ਬਾਵਜੂਦ ਆਦਿਵਾਸੀ ਕਾਰਪੋਰੇਟ ਪ੍ਰੋਜੈਕਟਾਂ ਵਿਰੁੱਧ ਚਟਾਨ ਵਾਂਗ ਡੱਟੇ ਹੋਏ ਹਨ। ਉਨ੍ਹਾਂ ਦੀ ਪ੍ਰੇਰਨਾ ਅੰਗਰੇਜ਼ ਧਾੜਵੀ ਰਾਜ ਨਾਲ ਆਦਿਵਾਸੀ ਪੁਰਖਿਆਂ ਦੀ ਲਹੂ ਡੋਲਵੀਂ ਲੜਾਈ ਦੀ ਸਦੀਆਂ ਲੰਮੀ ਸ਼ਾਨਦਾਰ ਰਵਾਇਤ ਹੈ। ਡੇਢ ਦਹਾਕਾ ਲੰਮੇ ਆਦਿਵਾਸੀ ਟਾਕਰੇ ਨੇ ਜਨਵਰੀ 2019 'ਚ ਹਕੂਮਤ ਨੂੰ ਟਾਟਾ ਸਟੀਲ ਪਲਾਂਟ ਦਾ ਪ੍ਰੋਜੈਕਟ ਰੱਦ ਕਰਨ ਲਈ ਮਜਬੂਰ ਕਰ ਦਿੱਤਾ ਅਤੇ ਲੋਹਾਂਡੀਗੁੜਾ ਸਮੇਤ ਧੱਕੇ ਅਤੇ ਧੋਖੇ ਨਾਲ ਐਕਵਾਇਰ ਕੀਤੀ ਦਸ ਪਿੰਡਾਂ ਦੀ 1764 ਹੈਕਟੇਅਰ ਜ਼ਮੀਨ ਆਦਿਵਾਸੀਆਂ ਨੂੰ ਵਾਪਸ ਕਰਨੀ ਪਈ। ਪਰ ਹਕੂਮਤ ਫ਼ੌਜੀ ਤਾਕਤ ਦੇ ਜ਼ੋਰ ਜੰਗਲਾਂ-ਪਹਾੜਾਂ ਨੂੰ ਤਬਾਹ ਕਰਕੇ ਧੁਰ ਅੰਦਰ ਤੱਕ ਨੀਮ-ਫ਼ੌਜੀ ਕੈਂਪ ਬਣਾਉਣ ਤੋਂ ਪਿੱਛੇ ਨਹੀਂ ਹਟ ਰਹੀ ਅਤੇ ਸੜਕਾਂ ਵਿਛਾ ਕੇ ਰਾਜ ਦੀ ਅਥਾਰਟੀ ਥੋਪ ਰਹੀ ਹੈ। ਤਬਾਹੀ ਦੇ ਬੁਲਡੋਜ਼ਰ ਨੂੰ ਰੋਕਣ ਲਈ ਆਦਿਵਾਸੀ ਕਈ ਥਾਵਾਂ ਉੱਪਰ ਸਾਲਾਂ ਤੋਂ ਸਿਲਗੇਰ ਵਰਗੇ ਪੱਕੇ ਮੋਰਚੇ ਲਗਾਈ ਬੈਠੇ ਹਨ ਅਤੇ ਆਪਣੀ ਤਰਜ਼-ਜ਼ਿੰਦਗੀ ਦੀ ਰਾਖੀ ਲਈ ਲੜ ਰਹੇ ਹਨ। ਹਵਾਈ ਬੰਬਾਰੀ ਦਾ ਇਕ ਮਨੋਰਥ ਇਸ ਵਿਸ਼ਾਲ ਆਦਿਵਾਸੀ ਲਾਮਬੰਦੀ ਨੂੰ ਦਹਿਸ਼ਤਜ਼ਦਾ ਕਰਕੇ ਉਨ੍ਹਾਂ ਦਾ ਮਨੋਬਲ ਡੇਗਣਾ ਵੀ ਹੈ।

ਸਮੱਸਿਆ ਇਹ ਹੈ ਕਿ ਮੁਲਕ ਦੀ 'ਮੁੱਖਧਾਰਾ' ਵੱਲੋਂ ਆਦਿਵਾਸੀਆਂ ਦੀ ਨਸਲਕੁਸ਼ੀ ਵਿਰੁੱਧ ਟਾਵੇਂ-ਟਾਵੇਂ ਪ੍ਰਦਰਸ਼ਨਾਂ ਤੋਂ ਸਿਵਾਏ ਕੋਈ ਪ੍ਰਭਾਵਸ਼ਾਲੀ ਆਵਾਜ਼ ਨਹੀਂ ਉੱਠ ਰਹੀ। ਆਵਾਜ਼ ਉਠਾਉਣ ਵਾਲੇ ਰੋਸ਼ਨ-ਖ਼ਿਆਲ ਬੁੱਧੀਜੀਵੀਆਂ ਸਮੇਤ ਹੱਕਾਂ ਦੇ ਪਹਿਰੇਦਾਰ ਜੇਲ੍ਹਾਂ ਵਿਚ ਡੱਕੇ ਹੋਏ ਹਨ। ਆਪੋ ਆਪਣੇ ਮਸਲਿਆਂ 'ਚ ਉਲਝੇ ਹੋਰ ਲੋਕ ਅੰਦੋਲਨ ਆਪਣੇ ਹੀ ਲੋਕਾਂ ਵਿਰੁੱਧ ਭਾਰਤੀ ਸਟੇਟ ਵੱਲੋਂ ਲੜੀ ਜਾ ਰਹੀ ਇਸ ਜੰਗ ਦੀ ਹਕੀਕਤ ਅਤੇ ਇਸ ਦੇ ਭਵਿੱਖੀ ਖ਼ਤਰਿਆਂ ਤੋਂ ਬੇਖ਼ਬਰ ਹਨ। ਇਸ ਬੇਖ਼ਬਰੀ ਦਾ ਆਖ਼ਿਰਕਾਰ ਭਾਰਤੀ ਅਵਾਮ ਨੂੰ ਵੱਡਾ ਮੁੱਲ ਚੁਕਾਉਣਾ ਪਵੇਗਾ।



# ਡਿਸਟਿਲਰੀਆਂ ਦੇ ਮੈਲੇ ਪਾਣੀ ਦਾ ਪ੍ਰਦੂਸ਼ਣ

**ਡਾ. ਹਰਮਨਜੀਤ ਸਿੰਘ ਧਾਦਲੀ**

*ਵਾਤਾਵਰਨ ਪ੍ਰਦੂਸ਼ਣ ਦਾ ਮੁੱਦਾ ਵਿਸ਼ਵ ਵਿਆਪੀ ਹੈ। ਸ਼ਰਾਬ ਫੈਕਟਰੀਆਂ 'ਚੋਂ ਨਿਕਲਦੇ ਵਾਧੂ ਪਾਣੀ/ਮਵਾਦ ਵਿਚ ਕਈ ਤਰ੍ਹਾਂ ਦੇ ਹਾਨੀਕਾਰਕ ਪਦਾਰਥ ਹੁੰਦੇ ਹਨ। ਇਸ ਸਬੰਧੀ ਕੁਝ ਮਹੱਤਵਪੂਰਨ ਸਵਾਲ ਉੱਠਦੇ ਹਨ ਜਿਨ੍ਹਾਂ ਦੇ ਜਵਾਬ ਕੈਨੇਡਾ ਵਸਦੇ ਜਲ ਸਰੋਤਾਂ ਦੇ ਮਾਹਰ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਸਾਬਕਾ ਭੂਮੀ ਵਿਗਿਆਨੀ ਡਾ. ਹਰਮਨਜੀਤ ਸਿੰਘ ਧਾਦਲੀ ਨੇ ਦਿੱਤੇ ਹਨ।*



ਪੋਲੈਂਡ ਦੀ 'ਯੂਨੀਵਰਸਿਟੀ ਆਫ ਵਰਮੀਆ ਐਂਡ ਮਾਜ਼ੂਰੀ (University of Warmia and Mazury)' ਦੇ ਖੋਜੀ ਵੀਓਲੈਤਾ ਮੀਕੂਕਾ ਅਤੇ ਮਾਗਡਲੇਨਾ ਜ਼ੀਲਿੰਸਕਾ (Wioleta Mikucka, Magdalena Zielinska) ਆਪਣੇ ਖੋਜ-ਪੱਤਰ 'ਡਿਸਟਿਲਰੀ ਤੋਂ ਨਿਕਲਿਆ ਮਵਾਦ: ਵਿਸ਼ੇਸ਼ ਗੁਣ, ਸੋਧ ਅਤੇ ਨਿਕਾਸ (Distillery Stillage: Characteristics, Treatment and Valorisation)' ਵਿਚ ਲਿਖਦੇ ਹਨ, "ਡਿਸਟਿਲਰੀ ਤੋਂ ਨਿਕਲੇ ਮਵਾਦ/ਮੈਲੇ ਪਾਣੀ ਵਿਚ ਸ਼ੂਗਰ ਅਤੇ ਅਮੀਨੋ ਏਸਿਡਜ਼ ਤੋਂ ਬਣੇ ਕੁਦਰਤੀ ਪਦਾਰਥਾਂ, ਜਿਨ੍ਹਾਂ ਨੂੰ ਮਿਲੈਨੋਈਡਿਨਜ਼ (Melanoidins) ਕਿਹਾ ਜਾਂਦਾ ਹੈ, ਦੀ ਮਾਤਰਾ 2 ਫ਼ੀਸਦੀ ਹੁੰਦੀ ਹੈ; ਮਿਲੈਨੋਈਡਿਨਜ਼ ਵਿੱਚ ਗਾੜ੍ਹਾ ਭੂਰਾ ਪਿਗਮੈਂਟ ਕਾਫ਼ੀ ਮਾਤਰਾ ਵਿੱਚ ਹੁੰਦਾ ਹੈ। ਡਿਸਟਿਲਰੀਆਂ ਤੋਂ ਨਿਕਲੇ ਮਵਾਦ/ਮੈਲੇ ਪਾਣੀ ਨੂੰ ਸ਼ੁੱਧ ਕਰਨ ਲਈ ਲਗਾਏ ਗਏ ਰਵਾਇਤੀ ਪਲਾਂਟ ਰਾਹੀਂ ਮਿਲੈਨੋਈਡਿਨਜ਼ ਦਾ ਖ਼ਾਤਮਾ ਨਹੀਂ ਹੁੰਦਾ। ਇਸ ਲਈ ਉਹ ਪਾਣੀ, ਜੋ ਡਿਸਟਿਲਰੀਆਂ ਸੋਧਿਆ ਹੋਇਆ ਪਾਣੀ ਕਹਿ ਕੇ ਛੱਡਦੀਆਂ ਹਨ, ਦਾ ਰੰਗ ਗੂੜ੍ਹਾ ਭੂਰਾ ਹੁੰਦਾ ਹੈ ਕਿਉਂਕਿ ਇਹ ਪਦਾਰਥ ਸੋਧਣ ਯੋਗ (biodegradable) ਨਹੀਂ ਹੁੰਦੇ। ਇਸੇ ਕਾਰਨ ਡਿਸਟਿਲਰੀ ਤੋਂ ਨਿਕਲਦੇ ਗੰਦੇ ਪਾਣੀ/ਮਵਾਦ ਨੂੰ ਸੋਧਣਾ ਬਹੁਤ ਮੁਸ਼ਕਿਲ ਹੁੰਦਾ ਹੈ।" ਇਸ ਟਿੱਪਣੀ ਬਾਰੇ ਹੋਰ ਚਾਨਣਾ ਪਾਓ।

– ਵਿਗਿਆਨਕ ਖੋਜਾਂ ਰਾਹੀਂ ਇਹ ਸਥਾਪਿਤ ਕੀਤਾ ਜਾ ਚੁੱਕਿਆ ਹੈ ਕਿ ਡਿਸਟਿਲਰੀਆਂ ਵਿੱਚ ਸੀਰੇ ਜਾਂ ਮੋਟੇ ਅਨਾਜਾਂ ਤੋਂ ਸ਼ਰਾਬ ਜਾਂ ਅਲਕੋਹਲ ਪੈਦਾ ਕਰਨ ਸਮੇਂ ਭੂਰੇ ਰੰਗ ਦੇ ਬਹੁਤ ਹੀ ਸਖ਼ਤ-ਜਾਨ ਮਿਲੈਨੋਈਡਿਨਜ਼ ਪਦਾਰਥ ਪੈਦਾ ਹੁੰਦੇ ਹਨ ਜਿਨ੍ਹਾਂ ਦੀ ਬਣਤਰ ਅਮਾਇਨੋ ਪੌਲੀਮਰਜ਼ (Amino polymers) 'ਤੇ ਆਧਾਰਿਤ ਹੁੰਦੀ ਹੈ। ਡਿਸਟਿਲਰੀਆਂ ਵਿੱਚ ਪੈਦਾ ਹੋਣ ਵਾਲੇ ਮਿਲੈਨੋਈਡਿਨਜ਼ ਦੀ ਕਿਸਮ ਅਤੇ ਬਣਤਰ ਸ਼ਰਾਬ ਜਾਂ ਅਲਕੋਹਲ ਪੈਦਾ ਕਰਨ ਲਈ ਵਰਤੇ ਜਾਂਦੇ ਕੱਚੇ ਪਦਾਰਥਾਂ, ਤੇਜ਼ਾਬੀਪਣ, ਸ਼ਰਾਬ ਤਿਆਰ ਕਰਨ (Fermentation) ਦੌਰਾਨ ਰੱਖੇ ਗਏ ਤਾਪਮਾਨ ਅਤੇ ਨਾਲ ਹੀ ਪੂਰੀ ਵਿਧੀ ਵਿੱਚ ਲੱਗੇ ਕੁੱਲ ਸਮੇਂ 'ਤੇ ਨਿਰਭਰ ਕਰਦੀ ਹੈ। ਸਖ਼ਤ-ਜਾਨ ਮਿਲੈਨੋਈਡਿਨਜ਼ ਨੂੰ ਤੋੜ ਕੇ ਕੁਦਰਤੀ ਰੂਪ ਵਿੱਚ ਖ਼ਤਮ ਕਰਨਾ ਬਹੁਤ ਹੀ ਔਖਾ ਕਾਰਜ ਹੈ। ਮਿਲੈਨੋਈਡਿਨਜ਼ ਦੀ ਤਾਸੀਰ ਐਂਟੀ-ਔਕਸੀਡੈਂਟ (Anti-oxidant) ਹੋਣ ਕਰਕੇ ਇਹ ਟਰੀਟਮੈਂਟ ਪਲਾਂਟ ਵਿੱਚ ਪਾਣੀ ਸਾਫ਼ ਕਰਨ ਵਾਲੇ ਕਿਰਿਆਸ਼ੀਲ ਸੂਖ਼ਮ ਜੀਵਾਂ ਲਈ ਜ਼ਹਿਰ ਦਾ ਕੰਮ ਕਰਦੇ ਹਨ, ਜਿਸ ਕਰਕੇ ਦੂਸ਼ਿਤ ਪਾਣੀ ਨੂੰ ਸਾਫ਼ ਕਰਨ ਦੀ ਪ੍ਰਕਿਰਿਆ ਹੌਲੀ ਹੋ ਜਾਂਦੀ ਹੈ। ਫੈਕਟਰੀਆਂ ਵਿੱਚੋਂ ਨਿਕਲਦੇ ਦੂਸ਼ਿਤ ਪਾਣੀ ਨੂੰ ਸਾਫ਼ ਕਰਨ ਦੀਆਂ ਪ੍ਰਚੱਲਿਤ ਜੈਵਿਕ (organic) ਵਿਧੀਆਂ ਰਾਹੀਂ ਸਿਰਫ਼ 6-7 ਫ਼ੀਸਦੀ ਮਿਲੈਨੋਈਡਿਨਜ਼ ਨੂੰ ਹੀ ਖ਼ਤਮ ਕੀਤਾ ਜਾ ਸਕਦਾ ਹੈ। ਡਿਸਟਿਲਰੀਆਂ ਵਿੱਚੋਂ ਨਿਕਲਦੇ ਦੂਸ਼ਿਤ ਪਾਣੀ ਨੂੰ ਮਿਲੈਨੋਈਡਿਨਜ਼ ਤੋਂ ਮੁਕਤ ਕਰਨਾ ਬਹੁਤ ਹੀ ਔਖਾ ਤੇ ਖਰਚੇ ਵਾਲਾ ਕੰਮ ਹੈ ਅਤੇ ਇਹ ਕੰਮ ਦੂਜੇ ਤੇ ਤੀਜੇ ਦਰਜੇ ਦੇ ਪਾਣੀ ਸਾਫ਼ ਕਰਨ ਵਾਲੇ ਪ੍ਰਬੰਧ (Treatments) ਤੋਂ ਬਿਨਾਂ ਪੂਰਾ ਨਹੀਂ ਹੋ ਸਕਦਾ।

[ਪਹਿਲੇ ਦਰਜੇ ਦੇ ਇਲਾਜ ਵਿੱਚ ਜੈਵਿਕ ਕਿਰਿਆਵਾਂ ਰਾਹੀਂ ਪਾਣੀ ਨੂੰ ਸਾਫ਼ ਕੀਤਾ ਜਾਂਦਾ ਹੈ ਜਦੋਂਕਿ ਦੂਜੇ ਅਤੇ ਤੀਜੇ ਦਰਜੇ ਦੇ ਟਰੀਟਮੈਂਟ ਵਿੱਚ ਕੈਮੀਕਲਜ਼ ਫਿਲਟਰ, ਮੈਂਮਬਰੇਨਜ਼ ਦੀ ਵਰਤੋਂ ਰਾਹੀਂ ਪਾਣੀ ਨੂੰ ਪੂਰਨ ਰੂਪ ਵਿੱਚ ਸਾਫ਼ ਕੀਤਾ ਜਾਂਦਾ ਹੈ। ਪਹਿਲੇ ਦਰਜੇ ਵਿੱਚ ਆਸਾਨੀ ਨਾਲ ਗਲਣ ਵਾਲੇ ਪਦਾਰਥ ਤਾਂ ਖ਼ਤਮ ਹੋ ਜਾਂਦੇ ਹਨ ਪਰ ਮਿਲੈਨੋਈਡਿਨਜ਼, ਖੈਲੇਟ, ਪੌਲੀ-ਫਿਨੋਲ ਅਤੇ ਭਾਰੀਆਂ ਧਾਤਾਂ ਆਦਿ ਨੂੰ ਵੱਖ ਜਾਂ ਖ਼ਤਮ ਕਰਨ ਲਈ ਦੂਜੇ ਅਤੇ ਤੀਜੇ ਦਰਜੇ ਦੇ ਇਲਾਜ ਦੀ ਜ਼ਰੂਰਤ ਹੁੰਦੀ ਹੈ। ਬਹੁਤ ਉੱਚੇ ਤਾਪਮਾਨ 'ਤੇ ਭਸਮ ਕਰਕੇ ਵੀ ਇਨ੍ਹਾਂ ਨੂੰ ਸਵਾਹ ਵਿੱਚ ਤਬਦੀਲ ਕੀਤਾ ਦਾ ਸਕਦਾ ਹੈ।]

ਜੇ ਮਿਲੈਨੋਈਡਿਨਜ਼ ਮਨੁੱਖਾਂ ਦੇ ਪੀਣ ਵਾਲੇ ਪਾਣੀ ਵਿੱਚ ਆ ਜਾਣ ਤਾਂ ਉਨ੍ਹਾਂ ਦੇ ਮਨੁੱਖੀ ਸਿਹਤ 'ਤੇ ਕੀ ਪ੍ਰਭਾਵ ਪੈਂਦੇ ਹਨ?

– ਜੇਕਰ ਮਨੁੱਖੀ ਭੋਜਨ ਅਤੇ ਪੀਣ ਵਾਲੇ ਪਾਣੀ ਵਿੱਚ ਮਿਲੈਨੋਈਡਿਨਜ਼ ਆ ਜਾਣ ਤਾਂ ਇਨ੍ਹਾਂ ਦੇ ਮਨੁੱਖੀ ਸਿਹਤ 'ਤੇ ਬਹੁਤ ਖ਼ਤਰਨਾਕ ਪ੍ਰਭਾਵ ਪੈਂਦੇ ਅਤੇ ਬਹੁਤ ਲੰਮੇ ਸਮੇਂ ਤੱਕ ਰਹਿੰਦੇ ਹਨ। ਮਿਲੈਨੋਈਡਿਨਜ਼ ਮਨੁੱਖੀ ਸਰੀਰ ਦੇ ਸੈੱਲਾਂ ਦੇ ਜੀਨਜ਼ (Genes) ਅਤੇ ਕੰਮਾਂ ਵਿੱਚ ਤਬਦੀਲੀ ਕਰਕੇ ਕੈਂਸਰ (Cancer), ਦਿਲ ਦੇ ਰੋਗ (Cardiovascular complications), ਸ਼ੱਕਰ-ਰੋਗ/ ਸ਼ੂਗਰ (Diabetes Mellitus) ਅਤੇ ਅਲਜ਼ੀਮਰਜ਼ (AlzheimerÒs disease) ਵਰਗੀਆਂ ਨਾਮੁਰਾਦ ਬਿਮਾਰੀਆਂ ਪੈਦਾ ਕਰ ਦਿੰਦੇ ਹਨ।

ਮਿਲੈਨੋਈਡਿਨਜ਼ ਤੋਂ ਇਲਾਵਾ ਡਿਸਟਿਲਰੀ ਵਿਚੋਂ ਨਿਕਲਣ ਵਾਲੇ ਪਾਣੀ ਵਿਚ ਪਾਏ ਜਾਣ ਵਾਲੇ ਹੋਰ ਕਿਹੜੇ ਪਦਾਰਥ ਮਨੁੱਖੀ ਸਿਹਤ ਲਈ ਬਹੁਤ ਹਾਨੀਕਾਰਕ ਹੁੰਦੇ ਹਨ?

– ਮਿਲੈਨੋਈਡਿਨਜ਼ ਤੋਂ ਇਲਾਵਾ ਡਿਸਟਿਲਰੀਆਂ ਵਿੱਚੋਂ ਨਿਕਲਦੇ ਦੂਸ਼ਿਤ ਪਾਣੀ ਵਿੱਚ ਥੈਲੇਟਸ (phthalate) ਸ਼੍ਰੇਣੀ ਦੇ ਡਾਈ-ਬਊਟਾਇਲ- ਥੈਲੇਟਸ (di-butylphthalate), ਡਾਈ-ਐਨ-ਔਕਟਾਇਲ-ਥੈਲੇਟ (di-n-octylphthalate), ਬੈਨਜ਼ੀਨਪਰੋਪੈਨਿਓਕ ਐਸਿਡ (benzenepropanoic acid), ਬਿਓਟੇਨਡੋਇਕ ਐਸਿਡ (butanedioicacid) ਅਤੇ 2-ਹਾਈਡਰੋਕਸੀਸੋਕਾਪਰੋਇਕ ਐਸਿਡ (2-hydroxysocaproicacid) ਖ਼ਤਰਨਾਕ ਪਦਾਰਥ ਹਨ, ਜੋ ਮਨੁੱਖੀ ਸਰੀਰ ਵਿੱਚ ਹਾਰਮੋਨਜ਼ (Hormones) ਨਾਲ ਛੇੜ-ਛਾੜ ਕਰਕੇ ਕਈ ਸਰੀਰਕ ਕਿਰਿਆਵਾਂ ਨੂੰ ਬਦਲ ਕੇ ਜਣੇਪੇ, ਸਰੀਰਕ ਵਿਕਾਸ, ਮਨੁੱਖੀ ਵਤੀਰੇ ਅਤੇ ਸਰੀਰਕ ਸਮਤੋਲ (homeostasis) ਵਿੱਚ ਖ਼ਤਰਨਾਕ ਤਬਦੀਲੀਆਂ ਕਰ ਦਿੰਦੇ ਹਨ, ਜਿਸ ਨਾਲ ਬਾਂਝਪਣ, ਵਿਕਲਾਂਗਤਾ ਅਤੇ ਦਿਮਾਗ਼ੀ ਰੋਗ ਪੈਦਾ ਹੋ ਜਾਂਦੇ ਹਨ। ਇਸ ਤੋਂ ਇਲਾਵਾ ਦੂਸ਼ਿਤ ਪਾਣੀ ਵਿੱਚ ਮੌਜੂਦ ਪੌਲੀ ਫਿਨੋਲ (Polyphenols) ਪਦਾਰਥ ਕਈ ਕਿਸਮ ਦੇ ਚਮੜੀ ਰੋਗਾਂ ਨੂੰ ਜਨਮ ਦਿੰਦੇ ਹਨ। ਜੇਕਰ ਮਨੁੱਖੀ ਸਰੀਰ ਵਿੱਚ 1300 ਮਿਲੀਗਰਾਮ ਪ੍ਰਤੀ ਲਿਟਰ ਤੋਂ ਵੱਧ ਫਿਨੌਲ ਚਲੇ ਜਾਣ ਤਾਂ ਦਸਤ, ਗੂੜ੍ਹੇ ਰੰਗ ਦੇ ਪਿਸ਼ਾਬ, ਮੂੰਹ ਵਿੱਚ ਛਾਲੇ ਅਤੇ ਮਿਹਦੇ ਦੀ ਜਲਣ ਵਰਗੇ ਕਈ ਪ੍ਰਕਾਰ ਪੇਟ ਦੇ ਰੋਗ ਲੱਗ ਜਾਂਦੇ ਹਨ।

ਡਿਸਟਿਲਰੀ ਦੇ ਵਾਧੂ ਪਾਣੀ 'ਚੋਂ ਨਿਕਲਦੇ ਮਿਲੈਨੋਈਡਿਨਜ਼ ਤੇ ਹੋਰ ਬਹੁਤ ਹਾਨੀਕਾਰਕ ਪਦਾਰਥ (ਖਾਧ ਥੈਲੇਟਸ ਸ਼੍ਰੇਣੀ ਦੇ ਪਦਾਰਥ) ਮਨੁੱਖ ਦੇ ਪੀਣ ਵਾਲੇ ਪਾਣੀ ਵਿਚ ਮਿਲ ਜਾਣ ਤਾਂ ਉਨ੍ਹਾਂ ਦਾ ਪਤਾ ਕਿਵੇਂ ਲਗਾਇਆ ਜਾ ਸਕਦਾ ਹੈ?


– ਮਿਲੈਨੋਈਡਿਨਜ਼ ਅਤੇ ਥੈਲੇਟਸ (phthalate) ਸ਼੍ਰੇਣੀ ਦੇ ਖਤਰਨਾਕ ਪਦਾਰਥਾਂ ਦੇ ਪ੍ਰਦੂਸ਼ਣ ਬਾਰੇ ਸਹੀ ਪਤਾ ਲਗਾਉਣ ਲਈ ਲਗਾਤਾਰਤਾ ਵਿੱਚ ਪਾਣੀ, ਮਿੱਟੀ, ਪੌਦਿਆਂ, ਜਾਨਵਰਾਂ ਅਤੇ ਮਨੁੱਖਾਂ ਦੀ ਜਾਂਚ ਜ਼ਰੂਰੀ ਹੈ। ਮਿੱਥੀ ਤਰਕੀਬ ਵਿਚ ਪਾਣੀ, ਮਿੱਟੀ, ਪੌਦਿਆਂ ਦੇ ਨਮੂਨੇ ਲੈਣ ਦੇ ਨਾਲ ਨਾਲ ਜਾਨਵਰਾਂ ਅਤੇ ਮਨੁੱਖਾਂ ਦੇ ਖ਼ੂਨ, ਸਿੰਗਾਂ/ਵਾਲਾਂ ਦੇ ਨਮੂਨੇ ਲੈ ਕੇ, ਪ੍ਰਦੂਸ਼ਣ ਜਾਂਚਣ ਲਈ ਕੀਤੇ ਜਾਂਦੇ ਮੁੱਢਲੇ ਟੈਸਟਾਂ ਨਾਲ ਹੀ, ਮਿਲੈਨੋਈਡਿਨਜ਼ ਅਤੇ ਥੈਲੇਟਸ ਪਦਾਰਥਾਂ ਦੀ ਜਾਂਚ ਲਈ ਖ਼ਾਸ ਕਿਸਮ ਦੇ (advanced) ਟੈਸਟ ਵੀ ਕਰਨੇ ਅਤਿ ਜ਼ਰੂਰੀ

(ਬਾਕੀ ਸਫ਼ਾ 23 'ਤੇ)

Harpreet Parmar CPA, CGA
Chartered Professional Accountant
• Accounting • Tax • Business Advisory
We also provide
FINTRAC Registration/Compliance Services for Money Exchange Business
FINTRAC AML MANUAL SERVICES for Money Exchange Business
New Location
Extensive experience with Revenue Canada audits, reviews etc.
• Accounting • Financial • Statements • Personal Tax • Corporate Tax
• Incorporation • Payroll • Business Advisory • New Business Startups
• Book-Keeping • Management • Consulting Services
ਤੁਹਾਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਵਧੀਆ ਤੇ ਪ੍ਰੋਫੈਸ਼ਨਲ ਅਕਾਊਂਟਸ ਸਰਵਿਸ ਲਈ ਸਾਡੇ ਨਾਲ ਸੰਪਰਕ ਕਰੋ।
In Business Since 1997
Suite 218, 7 Westwinds Cres NE, Calgary, AB T3J 5H2 Park Plaza (Besides Prairie Winds Park)
Ph: (403) 271-5100, Fax: (403) 271-5171
Email: hparmar@hppcorp.ca
Website: www.hppcorp.ca




Sandhu G Construction Ltd.
Preparation- Shower Base - Water Proof
We can install Ceramic Tiles & Marble,Back Splash Tiles, Tiles on Walls, Kitchen,Washroom or anywhere in Home.
You can upgrade your Kitchen or Washroom
ਵਰਕਰ ਦੀ ਤੁਰੰਤ ਲੋੜ
ਪੁਰਾਣੇ ਜਾਂ ਨਵੇਂ ਘਰਾਂ ਵਿਚ ਟਾਇਲਾਂ ਅਤੇ ਮਾਰਬਲ ਲਗਵਾਉਣ ਅਤੇ ਤਸੱਲੀਬਖਸ਼ ਕੰਮ ਕਰਵਾਉਣ ਲਈ ਸੰਪਰਕ ਕਰੋ
Sharmanjot22@gmail.com







Harmanjot Dhudike
403-975-0006



-ਅਮੋਲਕ ਸਿੰਘ
98778-68710

# ਲਤੀਫ ਪੁਰਾ ਕਰੇ ਸੁਆਲ: ਕਿਵ ਕੂੜੈ ਤੁਟੈ ਪਾਲਿ

ਫਿਰੋਜਦੀਨ ਸ਼ਰਫ਼ ਅਤੇ ਵਿਧਾਤਾ ਸਿੰਘ ਤੀਰ ਹੋਰਾਂ ਦੀਆਂ ਕਲਮਾਂ- ਜਾਏ ਬੋਲ ਮੁੜ ਮੁੜ ਯਾਦ ਕਰਾਉਂਦੇ ਹਨ ਕਿ ਜਲ੍ਹਿਆਂਵਾਲਾ ਬਾਗ ਅਤੇ ਪੰਜਾਬ ਵੰਡ ਦੇ ਸੰਤਾਪ ਵਰਗੀਆਂ ਹਿਰਦੇ ਵੇਦਕ ਘਟਨਾਵਾਂ ਅੱਜ ਵੀ ਲਤੀਫ਼ਪੁਰਾ ਦੀ ਪੀੜ ਪਰੁੰਨੀ,ਤਾਰ ਤਾਰ ਹੋਈ ਹਿੱਕ 'ਤੇ ਪੜ੍ਹੀਆਂ ਜਾ ਸਕਦੀਆਂ ਹਨ।

ਸਦੀ ਤੋਂ ਵੱਧ ਅਰਸਾ ਬੀਤ ਜਾਣ 'ਤੇ ਵੀ ਉਹਨਾਂ ਕਲਮਾਂ ਦਾ ਸਿਰਜਿਆ ਸੱਚ ਇਉਂ ਜਾਪਦਾ ਹੈ ਜਿਉਂ ਉਹਨਾਂ ਨੇ ਲਤੀਫ਼ਪੁਰਾ ਦੀ ਕਾਲਜੇ ਰੁੱਗ ਭਰਦੀ ਦਾਸਤਾਂ ਤੱਕ ਕੇ ਅੱਜ ਹੀ ਲਿਖਿਆ ਹੋਵੇ :

**'ਏਸ ਧਰਤ 'ਤੇ ਮਾਤਮੀ ਰੁੱਤ ਛਾਈ**
**ਲੀਨ ਗ਼ਮਾਂ ਅੰਦਰ ਕਾਲ਼ੀ ਸਿਆਹ ਦਿਸਦੀ**
**ਜੀਅ ਜੰਤ ਪੰਛੀ ਸ਼ੋਕ ਸ਼ੋਕ ਕਰਦੇ**
**ਦੁਖੀਏ ਦਿਲਾਂ ਤੋਂ ਨਿਕਲਦੀ ਆਹ ਦਿਸਦੀ'**

ਲਤੀਫ਼ਪੁਰਾ ਕੁਦਰਤੀ ਅਤੇ ਸਥਾਪਤੀ ਦੀ ਦੋਹਰੀ ਧੁੰਦ ਦੀ ਮਾਰ ਹੇਠ ਹੈ। ਇਸ ਧੁੰਦ ਦੇ ਓਹਲੇ ਲਤੀਫ਼ਪੁਰਾ ਵਾਸੀਆਂ ਦੇ ਵਸੇਬੇ ਦੇ ਹਕੀਕੀ ਤੱਥ ਛੁਪਾਏ ਜਾ ਰਹੇ ਹਨ। ਸਿਤਮਜਰੀਫ਼ੀ ਦੀ ਹੱਦ ਇਹ ਹੈ ਕਿ 700 ਦੀ ਗਿਣਤੀ 'ਚ ਪੁਲਸ ਮੁਲਾਜ਼ਮ ਤਾਇਨਾਤ ਕਰਕੇ ਲਤੀਫ਼ਪੁਰਾ ਘੇਰ ਲਿਆ। ਆਟੋ ਰਿਕਸ਼ੇ 'ਤੇ ਸਪੀਕਰ ਲਗਾ ਕੇ ਮੁਨਾਦੀ ਦੀ ਖ਼ਾਨਾਪੂਰਤੀ ਕਰਕੇ ਸਰਘੀ ਵੇਲੇ ਲਤੀਫ਼ਪੁਰਾ ਵਾਸੀਆਂ ਦੀ ਜ਼ਿੰਦਗੀ ਦਾ ਸੂਰਜ ਅਸਤ ਕਰ ਦਿੱਤਾ। ਨਜਾਇਜ ਕਾਰਵਾਈ ਕਰਨ ਵਾਲੀ ਧਿਰ ਲਤੀਫ਼ਪੁਰ ਵਾਸੀਆਂ ਨੂੰ ਉਲਟਾ ਨਜਾਇਜ਼ ਕਾਬਜ਼ ਧਿਰ ਗਰਦਾਨ ਰਹੀ ਹੈ। ਉਜਾੜੇ, ਤਬਾਹੀ ਅਤੇ ਹਨੇਰੇ ਭਵਿੱਖ ਦੇ ਸੰਸਿਆਂ ਦੇ ਭੰਨੇ ਮਰਦ ਔਰਤਾਂ ਦੇ ਝੁੰਡ ਫੋਟੋ ਕਾਪੀਆਂ ਕਰਾਕੇ ਹੱਡ ਚੀਰਵੀਂ ਠੰਢ ਵਿੱਚ ਖੁੱਲ੍ਹੇ ਅੰਬਰ ਦੇ ਹੇਠਾਂ ਅੱਜ ਵੀ ਆਧਾਰ ਕਾਰਡ, ਵੋਟਰ ਕਾਰਡ, ਬਿਜਲੀ ਪਾਣੀ ਦੇ ਬਿਲ ਹੱਥਾਂ 'ਚ ਲੈ ਕੇ ਇਨਸਾਫ਼ ਦੀ ਉਡੀਕ ਕਰ ਰਹੇ ਹਨ। ਨਜ਼ਾਇਜ ਕਾਬਜ ਭੂ-ਮਾਫ਼ੀਆ ਅੱਜ ਵੀ ਆਪਣੇ ਘਰਾਂ ਕੋਠੀਆਂ 'ਚ ਨਵੇਂ ਵਰ੍ਹੇ ਦੇ ਜਸ਼ਨ ਮਨਾਉਣ ਉਪਰੰਤ ਲੋਹੜੀ ਮੌਕੇ ਧਮਾਲਾਂ ਪਾਉਣ ਦੀਆਂ ਤਿਆਰੀਆਂ ਖਿੱਚ ਰਿਹਾ ਹੈ।




ਤੱਥ ਬੋਲਦੇ ਹਨ ਕਿ ਜਲੰਧਰ ਇੰਪਰੂਵਮੈਂਟ ਟ੍ਰਸਟ ਨੇ 1975 ਵਿੱਚ ਸ਼ਹਿਰੀ ਵਿਕਾਸ ਦੇ ਨਾਂਅ ਹੇਠ 1947 ਤੋਂ ਵਸਦੇ ਆ ਰਹੇ ਲੋਕਾਂ ਦੇ ਵਸੇਬੇ ਵਾਲੀ ਕੁੱਝ ਜ਼ਮੀਨ ਐਕਵਾਇਰ ਕੀਤੀ ਸੀ। ਇਸ ਵਿੱਚ ਪੁਰਾਣੇ ਰਿਕਾਰਡਾਂ ਮੁਤਾਬਿਕ ਕੁੱਝ ਜ਼ਮੀਨ ਖੇਤੀ ਵਾਲੀ ਅਤੇ ਕੁੱਝ ਲਾਲ ਲਕੀਰ ਦੇ ਅੰਦਰ ਸੀ। ਸਰਕਾਰੇ-ਦਰਬਾਰੇ ਪਹੁੰਚ ਵਾਲੇ ਧਨਵਾਨਾ ਅਤੇ ਜੋਰਾਵਰ ਰਾਜ ਭਾਗ ਨੇ ਆਪੋ ਵਿੱਚ ਗਲਵੱਕੜੀ ਪਾਉਂਦਿਆਂ ਸੜਕਾਂ, ਗਲੀਆਂ ਉੱਪਰ ਹੌਲੀ-ਹੌਲੀ ਕਬਜ਼ੇ ਜਮਾ ਲਏ। ਲਤੀਫ਼ਾਪੁਰਾ ਚਾਰ ਏਕੜ ਦੇ ਕਲਾਵੇ ਵਿੱਚ ਹੈ। 16 ਕਨਾਲ 8 ਮਰਲੇ ਥਾਂ (ਖਸਰਾ ਨੰਬਰ 3567, 3568, 3569 ਅਤੇ 3570 ਹੈ) ਜਲੰਧਰ ਇੰਪਰੂਵਮੈਂਟ ਟ੍ਰਸਟ ਐਕਵਾਇਰ ਕਰਨ ਦਾ ਦਾਅਵਾ ਜਿਤਾਉਂਦਾ ਹੈ। ਇਹ ਰਕਬਾ 'ਵੱਡਿਆ ਘਰਾਂ' ਨੂੰ ਵੇਚ ਦਿੱਤਾ, ਹੁਣ ਸੜਕ ਲਈ 60 ਫੁੱਟ ਥਾਂ ਖਾਲੀ ਕਰਾਉਣ ਦੇ ਪੱਜ ਹੇਠ ਆਮ ਲੋਕਾਂ ਵਾਲੇ ਪਾਸਿਓ 300 ਫੁੱਟ ਤੱਕ ਘਰ, ਮਲਬੇ ਦੇ ਢੇਰ ਬਣਾ ਦਿੱਤੇ। ਲੋਕ ਗੱਜ ਵੱਜ ਕੇ ਕਹਿੰਦੇ ਰਹੇ ਕਿ ਨਿਸ਼ਾਨਦੇਹੀ ਕਰੋ। ਜਿੱਥੇ ਸੜਕ ਦੀ ਥਾਂ ਬਣਦੀ ਹੈ ਉੱਥੇ ਸੜਕ ਕੱਢ ਲਵੋ। ਨਿਸ਼ਾਨਦੇਹੀ ਤੋਂ ਕਿਨਾਰਾ ਕਸੀ ਕੀਤੀ ਗਈ ਕਿਉਂਕਿ ਉਸਦੀ ਜਰੀਬ, ਜ਼ਮੀਨ ਦੱਬਣ ਵਾਲੇ ਸਾਹੀ ਠਾਠ ਨਾਲ ਰਹਿ ਰਹੇ ਖਾਸ ਲੋਕਾਂ ਵਾਲੇ ਪਾਸੇ ਜਾਂਦੀ ਸੀ। ਅੱਜ ਉਹ ਨਜ਼ਾਇਜ਼ ਕਾਬਜ਼ ਹੱਸਦੇ ਵਸਦੇ ਹਨ। ਜੋ ਲਹਿੰਦੇ ਪੰਜਾਬ ਤੋਂ ਉੱਜੜਕੇ ਆਏ ਉਹ ਦੋਬਾਰਾ ਉਜਾੜ ਦਿੱਤੇ। ਇਹ ਹੈ ਸਾਰੇ ਜਹਾਂ ਸੇ ਅੱਛਾ...

ਜਮਹੂਰੀ ਅਧਿਕਾਰ ਸਭਾ ਦੇ ਖੋਜ਼ਕਾਰਾਂ ਦਾ ਵੀ ਕਹਿਣਾ ਹੈ ਕਿ ਪਟਵਾਰੀ ਸੁਖਦੇਵ ਸਿੰਘ ਨੇ 15 ਮਈ 2006 ਨੂੰ ਅਦਾਲਤ ਵਿੱਚ ਦਿੱਤੇ ਆਪਣੇ ਲਿਖਤੀ ਬਿਆਨ ਵਿੱਚ ਪੁਸ਼ਟੀ ਕੀਤੀ ਹੈ ਕਿ ਅਵਾਰਡ ਵਿੱਚ ਸਿਰਫ਼ ਚਾਰ ਖਸਰਾ ਨੰਬਰ ਹੀ ਹਨ। ਪਟਵਾਰੀ ਸੁਖਦੇਵ ਸਿੰਘ ਨੇ ਇਹ ਵੀ ਦੱਸਿਆ ਕਿ ਹਾਈ ਕੋਰਟ ਵਿੱਚ ਜੋ ਪੀ.ਆਈ.ਐੱਲ ਰਵਿੰਦਰ ਸਿੰਘ ਦੁਆਰਾ ਪਾਈ ਗਈ ਉਸ ਵਿੱਚ ਰਿਸ਼ੀਨਗਰ ਦੇ ਘਰਾਂ ਦੀਆਂ ਤਸਵੀਰਾਂ ਨੂੰ ਲਤੀਫ ਪੁਰਾ ਦੀਆਂ ਦੱਸਿਆ ਗਿਆ। ਇਸ ਅਧਾਰ ਤੇ ਹੀ ਕਾਰਵਾਈ ਲਤੀਫ਼ਪੁਰੇ 'ਤੇ ਕਰਨ ਬਾਰੇ ਕਿਹਾ ਗਿਆ।

ਇਹ ਸਾਡੇ ਸਮਿਆਂ ਦਾ ਸਦਾ ਰਿਸ਼ਦਾ ਰਹਿਣ ਵਾਲਾ ਜਖ਼ਮ ਹੈ ਕਿ 'ਵਿਸ਼ਵ ਗੁਰੂ', 'ਵਿਸ਼ਵ ਦੀ ਮਹਾਂ ਜਮਹੂਰੀਅਤ' ਵਾਲਾ ਦੇਸ਼ ਕਹਾਉਣ ਦੇ ਦਾਅਵੇਦਾਰਾਂ ਨੇ ਇਹ ਕਾਰਵਾਈ 700 ਪੁਲਸ ਮੁਲਾਜ਼ਮਾਂ ਵੱਲੋਂ ਪੂਰਾ ਇਲਾਕਾ ਘੇਰਕੇ 'ਵਿਸ਼ਵ ਮਨੁੱਖੀ ਅਧਿਕਾਰ ਦਿਵਸ਼' ਮੌਕੇ 10 ਦਸੰਬਰ ਨੂੰ ਕਰਕੇ ਇਹ ਦਰਸਾ ਦਿੱਤਾ ਹੈ ਕਿ ਇਨ੍ਹਾਂ ਦੀ ਕਹਿਣੀ ਅਤੇ ਕਰਨੀ ਵਿਚਕਾਰ ਦਿਨ ਰਾਤ ਵਰਗਾ ਫ਼ਾਸਲਾ ਹੈ। ਜਦੋਂ ਲੋਕ, ਪੋਹ ਦੀਆਂ ਰਾਤਾਂ 'ਚ ਸਰਹਿੰਦ ਦੀ ਦੀਵਾਰ ਦੇ ਸਾਕੇ ਨੂੰ ਯਾਦ ਕਰਦੇ ਹੋਏ 'ਕਿਵ ਕੂੜੇ ਤੁਟਿ ਪਾਲਿ' ਦਾ ਗਾਇਨ ਕਰ ਰਹੇ ਸਨ ਉਨ੍ਹਾਂ ਦਿਨਾਂ ਵਿੱਚ ਹੀ ਆਮ ਆਦਮੀ ਦੇ ਰਹਿਬਰਾਂ ਵੱਲੋਂ ਕੂੜ ਦੀ ਕੰਧ ਉਸਾਰਕੇ ਸਾਰੇ ਤੱਥਾਂ ਨੂੰ ਜੇ.ਸੀ.ਬੀ. ਮਸ਼ੀਨਾਂ ਨਾਲ ਮਲਬੇ ਹੇਠ ਦਫ਼ਨ ਕਰਨ ਦਾ ਯਤਨ ਕੀਤਾ ਗਿਆ।

ਲੋਕਾਂ ਦੀਆਂ ਅੱਖਾਂ ਸਾਹਵੇਂ ਮਲਬਾ ਬਣੇ ਘਰ, ਤਬਾਹ ਹੋਇਆ ਸਾਮਾਨ ਹੈ। ਹੱਥਾਂ ਵਿੱਚ ਸਨਾਖ਼ਤੀ ਕਾਰਡ ਅਤੇ ਰਕਬੇ ਦੀਆਂ ਫਾਈਲਾਂ। ਸੋਚਾਂ ਵਿੱਚ ਭਵਿੱਖ ਦਾ ਵੱਢ-ਵੱਢ ਖਾ ਰਿਹਾ ਝੋਰਾ। ਉਨ੍ਹਾਂ ਦੇ ਕੰਨਾਂ ਵਿੱਚ ਗੂੰਜ ਰਹੀਆਂ ਨੇ ਮਾਵਾਂ ਭੈਣਾਂ ਸਾਹਮਣੇ ਡੀ.ਸੀ.ਪੀ. ਜਸਕਿਰਨਜੀਤ ਸਿੰਘ ਤੇਜਾ ਵੱਲੋਂ ਕੱਢੀਆਂ ਗਾਲ਼ਾਂ।

10 ਦਸੰਬਰ ਨੂੰ ਢਾਹੇ ਕਹਿਰ ਨੂੰ ਮਹੀਨਾ ਬੀਤ ਗਿਆ। ਨਾ ਪਾਣੀ, ਨਾ ਬਿਜਲੀ, ਨਾ ਬਾਥਰੂਮ। ਅਣਗਿਣਤ ਚੋਰ ਮੋਰੀਆਂ ਵਾਲਾ ਇੱਕੋ ਰਾਗ ਅਲਾਪਿਆ ਜਾ ਰਿਹੈ ਕਿ ਕਾਰਵਾਈ ਕਾਨੂੰਨੀ ਤੌਰ ਤੇ ਅਦਾਲਤ ਦੇ ਹੁਕਮਾਂ ਅਨੁਸਾਰ ਕੀਤੀ ਹੈ। ਜਿਹੜੇ ਲੋਕ 70 ਵਰ੍ਹੇ ਤੋਂ ਵੰਨ-ਸੁਵੰਨੀਆਂ ਹਾਕਮ ਜਮਾਤਾਂ ਦੀਆਂ ਪਾਰਟੀਆਂ ਦੇ 'ਵੋਟਾਂ' ਬਣੇ ਰਹੇ ਕੀ ਉਹ ਇਸ ਧਰਤੀ ਦੇ ਨਾਗਰਿਕ ਨਹੀਂ? ਉਨ੍ਹਾਂ ਨੂੰ ਅਜੇਹੇ ਦਿਨ ਦੇਖਣ ਲਈ ਮਜ਼ਬੂਰ ਕਰਨ ਦੀ ਕੀ ਇਹਨਾਂ ਪਾਰਟੀਆਂ ਦੇ ਆਗੂਆਂ/ਹਕੂਮਤਾਂ ਸਿਰ ਜਿੰਮੇਵਾਰੀ ਨਹੀਂ ਆਉਂਦੀ?

ਲਤੀਫ਼ਪੁਰਾ ਦੇ ਇਰਦ-ਗਿਰਦ ਝੂਠ ਦੀਆਂ ਉੱਚੀਆਂ ਕੰਧਾਂ ਕੱਢੀਆਂ ਜਾ ਰਹੀਆਂ ਹਨ। ਲਤੀਫ਼ਪੁਰਾ ਦਾ ਦਰਦ ਜੀਰਾ ਸ਼ਰਾਬ ਫੈਕਟਰੀ ਦੇ ਬਾਹਰ ਜੂਝਦੇ ਲੋਕਾਂ ਦੇ ਬੋਲਾਂ 'ਚ ਧੜਕਦਾ ਹੈ। ਜੀਰਾ ਖੇਤਰ ਦੇ ਪ੍ਰਦੂਸ਼ਣ ਮਾਰੇ ਲੋਕਾਂ ਦਾ ਦਰਦ ਲਤੀਫ਼ਪੁਰਾ ਦੇ ਲੋਕਾਂ ਦੇ ਸੀਨੇ 'ਚ ਉੱਸਲਵੱਟੇ ਲੈਂਦਾ ਹੈ। ਹੱਕ ਸੱਚ ਇਨਸਾਫ ਦੀ ਆਵਾਜ ਵੀ ਉੱਠ ਰਹੀ ਹੈ। ਇਹ ਸੁਲੱਖਣਾ ਵਰਤਾਰਾ ਰੌਸਨ ਭਵਿੱਖ ਵੱਲ ਜਾਂਦੇ ਮਾਰਗ ਦਾ ਰਾਹ ਰੁਸਨਾਉਂਦਾ ਹੈ। ਮੂੰਹ ਜੋਰ ਹੋਏ ਕੂੜ ਦੇ ਬੱਦਲ ਵੀ ਗਾੜ੍ਹੇ ਹਨ। ਝੂਠ ਦੇ ਸਹਾਰੇ ਸੱਚ ਦਾ ਦਮ ਘੁੱਟਿਆ ਜਾ ਰਿਹਾ ਹੈ। ਸਰਹਿੰਦ ਦੀਆਂ ਕੰਧਾਂ ਹੋਰ ਵੀ ਉੱਚੀਆਂ ਚੁੱਕੀਆਂ ਜਾ ਰਹੀਆਂ ਹਨ। ਦੋਵੇਂ ਥਾਵਾਂ ਤੋਂ ਫ਼ਿਜਾ 'ਚ ਸੁਆਲ ਉੱਠਦਾ ਹੈ। 'ਕਿਵ ਕੂੜੇ ਤੁਟਿ ਪਾਲਿ।' ਇਹ ਝੂਠ ਦੀ ਕੰਧ ਕਿੰਝ ਟੁੱਟੇ।

Westwinds PHARMACY
ਤੁਹਾਡੀ ਆਪਣੀ ਦਵਾਈਆਂ ਦੀ ਦੁਕਾਨ
Open 7 Days A Week
New Hours Mon To Fri 9am to 9 pm and 10 am to 6 pm Weekends
10% Discount on OTC Products with this coupon
EXP : Dec 31, 2022 | LIMIT : 1 Coupon per Visit
Free Delivery In NE
• Blister Packaging • Service in English, Punjabi, Urdu and Hindi
• Servicing This Community Since 2004 • 50 Puls Years of Dispensing Experience
• ਬਲਿਸਟਰ ਪੈਕੇਜਿੰਗ • ਅੰਗਰੇਜ਼ੀ, ਪੰਜਾਬੀ, ਉਰਦੂ ਤੇ ਹਿੰਦੂ ਵਿਚ ਸੇਵਾ ਉਪਲਬਧ
• 2004 ਤੋਂ ਸੇਵਾ ਵਿਚ • 50 ਸਾਲ ਤੋਂ ਵੱਧ ਦਾ ਸ਼ਾਨਦਾਰ ਤਜਰਬਾ
Fast, Friendly, Hassle Free Service!
Apinder Aujla BSc.Pharm
Satvachan Lal B.Sc.Pharm
#1150, 4818 Westwindus Drive NE. Calgary
403-293-9360

Trust Your Memories to the Professionals
Dream Productions inc.
Wedding, Birthday, Engagement, Slide Show, Music Video, T.V. Program, Modeling Picture, Concert, Community Event Etc.
We can Also Arrange Decoration Party Rentals
Customer satisfaction is our pride!
VIDEO: Video film with single, double & multiple camera system (Broadcast Quality)
PHOTOGRAPHY: Digital Photography (Coloured, black and white) digital enhancement
MUSIC: DJ, Lighting, screen Projector live sound etc.
403-835-2762 or 29 DREAM (37326)
Special Packages Available For All Occasions

Call Romi Sidhu For Insurance & Financial Needs
StateFarm IS NOW Desjardins Insurance
Monday - Friday 9am to 5:30pm
Weekends: All Other Times
Only Appointments
4851 Westwinds Drive NE,
Suite 217, Calgary, AB T3J 4L4
Bus: 403-568-4330
Email: romi.sidhu@desjardins.com
* HOME * DISABILTY * VEHICLE FINANCE
* AUTO * RRSV * CRITICAL ILLNESS
* LIFE * RESP * MUTUAL FUNDS
Romi Sidhu, Agent
P02720CN



ਡਾ. ਬਲਜਿੰਦਰ
94170-79720
singh.drbaljinder@gmail.com

# ਵਧ ਰਹੀ ਆਬਾਦੀ-ਨਿਆਮਤ ਕਿ ਸਮੱਸਿਆ

ਅਖ਼ਬਾਰੀ ਸੁਰਖ਼ੀਆਂ ਬੋਲਦੀਆਂ ਹਨ ਕਿ ਯੂਐੱਨ ਮੁਤਾਬਕ ਬੀਤੇ 15 ਨਵੰਬਰ 2022 ਨੂੰ ਮਨੀਲਾ ਦੇ ਇਲਾਕੇ ਟੋਂਡੋ 'ਚ ਪੈਦਾ ਹੋਈ ਇੱਕ ਨਵੀਂ ਜਿੰਦ ਦੇ ਇਸ ਸੰਸਾਰ 'ਚ ਆ ਜਾਣ ਨਾਲ ਸੰਸਾਰ ਦੀ ਅਬਾਦੀ 8 ਬਿਲੀਅਨ ਹੋ ਗਈ ਹੈ। ਅਤੇ ਇਹਦੇ ਨਾਲ ਹੀ ਆਬਾਦੀ ਬਾਰੇ ਚਰਚਾਵਾਂ ਦਾ ਬਾਜ਼ਾਰ ਇੱਕ ਵਾਰੀ ਫਿਰ ਗਰਮ ਹੋ ਗਿਆ ਹੈ ਕਿ ਆਬਾਦੀ 'ਚ ਵਾਧਾ ਹੋਣਾ ਸਮੁੱਚੀ ਮਨੁੱਖਤਾ ਲਈ ਘਾਤਕ ਹੈ, ਕੋਈ ਪਰਲੋ ਆਉਣ ਵਾਲੀ ਹੈ ਆਦਿ। ਪਰ ਦੇਖਦੇ ਹਾਂ ਕਿ ਸਾਲ 1974 'ਚ ਜਿਹੜੀ ਆਬਾਦੀ ਚਾਰ ਬਿਲੀਅਨ ਸੀ ਹੁਣ ਉਹ ਪਿਛਲੀ ਅੱਧੀ ਸਦੀ ਬਾਅਦ ਹੀ ਦੁੱਗਣੀ ਹੋ ਗਈ ਹੈ। ਮਾਹਰਾਂ ਦਾ ਮੰਨਣਾ ਹੈ ਕਿ ਵੱਧਦੀ ਅਬਾਦੀ ਦਾ ਇਹ ਗ੍ਰਾਫ ਜ਼ਰੂਰੀ ਨਹੀਂ ਕਿ ਆਉਣ ਵਾਲੇ ਸਮੇਂ 'ਚ ਇਓਂ ਹੀ ਬਰਕਰਾਰ ਰਹੇ ਅਤੇ ਅਬਾਦੀ ਦੇ ਵਾਧੇ ਦੀ ਰਫ਼ਤਾਰ ਨਾਲ ਹੀ ਉਤਾਂਹ ਵੱਲ ਆਪਣਾ ਸਫਰ ਜਾਰੀ ਰੱਖੇ।

ਅਜੇ 11 ਸਾਲ ਪਹਿਲਾਂ 2011 'ਚ ਇਹ ਆਬਾਦੀ 7 ਬਿਲੀਅਨ ਸੀ। ਇਤਿਹਾਸਕ ਤੌਰ 'ਤੇ ਨਿਗ੍ਹਾ ਮਾਰਿਆਂ ਪਤਾ ਲੱਗਦਾ ਹੈ ਕਿ 200 ਸਾਲ ਪਹਿਲਾਂ ਲੱਗਪੱਗ 1800 'ਚ ਇਹ 1 ਬਿਲੀਅਨ ਸੀ। ਮਾਹਰਾਂ ਦਾ ਅਨੁਮਾਨ ਹੈ ਕਿ ਇਹ 10.5 ਬਿਲੀਅਨ 'ਤੇ ਆਕੇ ਰੁਕ ਜਾਵੇਗੀ। ਸਨ 1900 'ਚ ਮਨੁੱਖਤਾ ਦਾ ਵਾਧਾ ਯੂਰੋਪ ਤੇ ਉੱਤਰੀ ਅਮਰੀਕਾ 'ਚ ਹੋਇਆ ਸੀ ਜਦਕਿ ਆਉਣ ਵਾਲੀ ਸਦੀ 'ਚ ਏਸ਼ੀਆ ਤੇ ਅਫ਼ਰੀਕਾ ਅੰਦਰਲੀ ਆਬਾਦੀ 'ਚ ਵਾਧਾ ਹੋਵੇਗਾ।

ਅਣਵੰਡੇ ਭਾਰਤ ਦੀ ਆਬਾਦੀ ਕੁੱਲ ਸੰਸਾਰ ਦੀ ਆਬਾਦੀ ਦਾ 17ਫੀਸਦੀ ਸੀ ਜਦਕਿ ਭਾਰਤ, ਪਾਕਿਸਤਾਨ ਤੇ ਬੰਗਲਾਦੇਸ਼ ਤਿੰਨੋ ਮਿਲਕੇ ਅੱਜ 23ਫੀਸਦੀ ਬਣਦੇ ਹਨ ਅਤੇ 2050 ਤੱਕ ਇਕੱਲੇ ਭਾਰਤ ਦੀ ਆਬਾਦੀ ਹੀ ਆਲਮੀ ਆਬਾਦੀ ਦਾ 17ਫੀਸਦੀ ਹੋ ਜਾਣ ਦਾ ਅਨੁਮਾਨ ਹੈ। ਇਸੇ ਤਰ੍ਹਾਂ ਸੰਨ 1900 'ਚ ਅਫਰੀਕੀ ਮੁਲਕਾਂ ਦੀ ਆਬਾਦੀ ਆਲਮੀ ਆਬਾਦੀ ਦਾ 6% ਬਣਦੀ ਸੀ ਜਿਹੜੀ ਕਿ 2050 ਤੱਕ 21% ਹੋ ਜਾਣ ਦਾ ਅਨੁਮਾਨ ਹੈ।



ਆਬਾਦੀ ਦੇ ਵਾਧੇ ਨੂੰ ਲੈ ਕੇ ਕੀਤੀਆਂ ਜਾਣ ਵਾਲੀਆਂ ਵਿਚਾਰ-ਚਰਚਾਵਾਂ ਨੂੰ ਦੋ ਪੱਖਾਂ 'ਚ ਵੰਡਿਆ ਜਾ ਸਕਦਾ ਹੈ। ਜਿੱਥੇ ਇੱਕ ਪਾਸੇ ਲੋਕਾਂ ਦਾ ਪੱਖ ਹੈ ਉੱਥੇ ਦੂਜੇ ਬੰਨ੍ਹੇ ਹੈ।

**ਜੋਕਾਂ ਦਾ ਪੱਖ**

ਅਠਾਰ੍ਹਵੀਂ ਸਦੀ ਦੇ ਅਖੀਰ 1798 'ਚ ਐਨ ਐਸੇਯ ਆਨ ਦ ਪਰਿੰਸੀਪਲਜ਼ ਆਫ ਪਾਪੂਲੇਸ਼ਨ ਨਾਮੀਂ ਆਪਣੀ ਰਚਨਾ 'ਚ ਅੰਗਰੇਜ਼ ਅਰਥ-ਸ਼ਾਸ਼ਤਰੀ ਥਾਮਸ ਮਾਲਥਸ ਨੇ ਆਬਾਦੀ ਦੇ ਵਾਧੇ ਦੀ ਵਿਆਖਿਆ ਕਰਦਿਆਂ ਦੱਸਿਆ ਸੀ ਕਿ ਮਨੁੱਖੀ ਆਬਾਦੀ ਤੇਜ਼ੀ ਨਾਲ ਵੱਧਦੀ ਹੈ ਜਦਕਿ ਵੱਧਦੀ ਆਬਾਦੀ ਲਈ ਅੰਨ ਦੀ ਸਪਲਾਈ ਉਸ ਰਫ਼ਤਾਰ ਨਾਲ ਮੇਲ ਨਹੀਂ ਖਾਂਦੀ ਅਤੇ ਉਹ ਮੁਕਾਬਲੇ 'ਚ ਫਾਡੀ ਰਹਿ ਜਾਂਦੀ ਹੈ। ਅਜਿਹੀ ਅਸਮਾਨਤਾ ਵਾਲੀ ਹਾਲਤ 'ਚ ਦੋਨਾਂ ਪਾਸਿਆਂ ਦਰਮਿਆਨ ਸਮਾਨਤਾ ਲਿਆਉਣ ਦਾ ਕੰਮ ਅਕਾਲ-ਭੁੱਖਮਰੀਆਂ, ਜੰਗਾਂ ਜਾਂ ਮਹਾਂਮਾਰੀਆਂ ਕਰਦੀਆਂ ਹਨ ਜਿਹੜੀਆਂ ਇੱਕੋ ਝੱਟੇ ਹੀ ਆਬਾਦੀ ਦਾ ਸਫਾਇਆ ਕਰਕੇ ਦੋਨਾਂ ਦਰਮਿਆਨ ਤਨਾਸਬ ਬਣਾਈ ਰੱਖਣ ਦਾ ਕੰਮ ਕਰਦੀਆਂ ਹਨ। ਉਹਦਾ ਮੰਨਣਾ ਹੈ ਕਿ ਆਬਾਦੀ ਜਿਓਮੈਟਰੀ(ਜੀਪੀ-ਜੁਮੈਟਰੀਕਲ ਪ੍ਰੋਪੋਰਸ਼ਨ) ਦੇ ਹਿਸਾਬ ਨਾਲ ਯਾਨੀ ਕਿ 2, 4, 8, 16, 32, 64 ਦੇ ਹਿਸਾਬ ਨਾਲ ਵੱਧਦੀ ਹੈ ਜਦਕਿ ਆਨਾਜ ਦਾ ਉਤਪਾਦਨ ਗਣਿਤੀ ਚਾਲ(ਏਪੀ-ਅਰਥਮੈਟਿਕ ਪ੍ਰੋਪੋਰਸ਼ਨ) ਮੁਤਾਬਕ 2, 4, 6, 8, 10, 12 ਆਦਿ ਅਨੁਸਾਰ ਅੱਗੇ ਵੱਧਦਾ ਹੈ। ਭਾਵੇਂ ਕਿ ਮਾਲਥਸ ਨੇ 1803 'ਚ ਆਪਣੀ ਲਿਖਤ ਅੰਦਰ ਕੀਤੀਆਂ ਕੁੱਝ ਸੋਧਾਂ ਨਾਲ ਆਪਣੇ ਇਸ ਵਿਚਾਰ ਨੂੰ ਸੋਧਿਆ ਸੀ ਪਰ ਉਸਦੇ ਵਿਚਾਰਾਂ ਦੀ ਬੁਨਿਆਦ ਉਹੀ ਦੀ ਉਹੀ ਰਹੀ। ਉਸਦਾ ਮੰਨਣਾ ਸੀ ਕਿ ਆਉਣ ਵਾਲੇ 200 ਸਾਲਾਂ 'ਚ ਆਬਾਦੀ ਤੇ ਆਨਾਜ ਦੀ ਸਪਲਾਈ ਦਰਮਿਆਨ ਅਨੁਪਾਤ 259:9 ਦਾ ਹੋਵੇਗਾ, ਤਿੰਨ ਸਦੀਆਂ ਬਾਅਦ 4096:13 ਦਾ ਅਤੇ 2000 ਸਾਲਾਂ 'ਚ ਇਹ ਬੇਹਿਸਾਬਾ ਹੋ ਜਾਵੇਗਾ। ਉਸ ਮੁਤਾਬਕ ਅੰਨ ਦੀ ਅਜਿਹੀ ਕਿੱਲਤ ਵਾਲੀ ਹਾਲਤ 'ਚ ਮਨੁੱਖੀ ਜਿਓਣ ਪੱਧਰ ਨੂੰ ਬਰਕਰਾਰ ਨਹੀਂ ਰੱਖਿਆ ਜਾ ਸਕਦਾ ਹੈ।

ਮਾਲਥਸ ਨਾਲ ਮਿਲਦੇ-ਜੁਲਦੇ ਵਿਚਾਰਾਂ ਦਾ ਖੁਲਾਸਾ 1968 'ਚ ਲਿਖੀ ਆਪਣੀ ਕਿਤਾਬ- ਦ ਪਾਪੂਲੇਸ਼ਨ ਬੰਬ- 'ਚ ਅਮਰੀਕੀ ਅਰਥ-ਸ਼ਾਸ਼ਤਰੀ ਪਾਲ ਐਹਰਲਿਕ ਨੇ ਕੀਤਾ ਸੀ ਜਿਸ 'ਚ ਉਸਨੇ ਦੱਸਿਆ ਸੀ ਕਿ ਆਉਣ ਵਾਲੇ ਸਮੇਂ 'ਚ ਮਨੁੱਖ ਭੁੱਖਾ ਹੀ ਮਰ ਜਾਵੇਗਾ।

ਇੱਥੇ ਇਹ ਯਾਦ ਰਹਿਣਾ ਚਾਹੀਦਾ ਹੈ ਕਿ ਮਾਲਥਸ ਸਮਾਜ ਦੇ ਇਤਿਹਾਸਕ ਆਰਥਕ ਵਿਕਾਸ ਦੇ ਉਸ ਦੌਰ 'ਚ ਆਇਆ ਸੀ ਜਦੋਂ ਸਰਮਾਏਦਾਰੀ ਆਪਣਾ ਅਗਾਂਹਵਧੂ ਖ਼ਾਸਾ ਗੁਆ ਚੁੱਕੀ ਸੀ ਅਤੇ ਸਮਾਜ ਦੇ ਸੱਭ ਤੋਂ ਵੱਧ ਲਿਤਾੜੇ ਜਾਂਦੇ ਵਰਗਾਂ ਦੀ ਹਾਲਤ ਦਿਨੋਂ-ਦਿਨ ਨਿੱਘਰਦੀ ਜਾ ਰਹੀ ਸੀ। ਉਹ ਭੁੱਖਾਂ-ਦੁੱਖਾਂ ਦੇ ਸਮੁੰਦਰ 'ਚ ਡੁੱਬ ਚੁੱਕੇ ਸਨ। ਉਹਨਾਂ ਦੀ ਅਜਿਹੀ ਤਬਾਹੀ ਵਾਲੀ ਹਾਲਤ ਦਾ ਸਰਮਾਏਦਾਰੀ ਕੋਲ ਕੋਈ ਵੀ ਢੁੱਕਵਾਂ ਹੱਲ ਜਾਂ ਜੁਆਬ ਨਹੀਂ ਸੀ। ਅਜਿਹੀ ਹਾਲਤ 'ਚ ਸਰਮਾਏਦਾਰਾਨਾ ਜਮਾਤ ਦੇ ਨੁਮਾਇੰਦੇ ਦੇ ਰੂਪ 'ਚ ਮਾਲਥਸ ਨੇ ਆਬਾਦੀ ਦਾ ਇਹ ਸਿਧਾਂਤ ਘੜਿਆ ਸੀ ਕਿ ਅਜਿਹੇ ਲੋਕਾਂ ਦੀ ਮੰਦਹਾਲੀ-ਗਰੀਬੀ ਦਾ ਕਾਰਨ ਉਹਨਾਂ ਦੀ ਆਬਾਦੀ ਦਾ ਵਧੇਰੇ ਹੋਣਾ ਹੈ ਅਤੇ ਇਸੇ 'ਚੋਂ ਹੀ ਉਸਨੇ ਵਧਦੀ ਆਬਾਦੀ ਨੂੰ ਕਾਬੂ ਹੇਠ ਕਰਨ ਲਈ ਰਾਜ ਵੱਲੋਂ ਉਠਾਏ ਜਾਣ ਵਾਲੇ ਕਦਮਾਂ ਦੀ ਨਿਸ਼ਾਨਦੇਹੀ ਕੀਤੀ ਸੀ। ਉਸਦੇ ਇਸ ਸਿਧਾਂਤ ਨੂੰ ਸਰਮਾਏਦਾਰੀ, ਧਰਮ ਤੇ ਰਾਜ ਵੱਲੋਂ ਪੁਰ-ਜ਼ੋਰ ਹਮਾਇਤ ਹਾਸਲ ਹੋਈ ਅਤੇ ਉਸਦੇ ਇਸ ਵਿਚਾਰ ਮੁਤਾਬਕ ਵਿਓਂਤਾਂ ਘੜੀਆਂ ਗਈਆਂ।

ਪਰ ਸਮੇਂ ਦੇ ਨਾਲ ਮਾਲਥਸ ਦਾ ਆਬਾਦੀ ਦਾ ਇਹ ਸਿਧਾਂਤ ਗਲਤ ਸਾਬਤ ਹੋਇਆ। ਕਿਓਂਕਿ ਭਾਵੇਂ ਜਿਵੇਂ-ਜਿਵੇਂ ਆਬਾਦੀ 'ਚ ਵਾਧਾ ਦਰਜ ਹੋਇਆ ਹੈ, ਤਿਓਂ-ਤਿਓਂ ਲੋਕਾਂ ਦੇ ਰਹਿਣ-ਸਹਿਣ ਦੇ ਪੱਧਰ 'ਚ ਵੀ ਸੁਧਾਰ ਹੋਇਆ ਹੈ। ਹਾਲਾਂਕਿ ਇਹ ਸੁਧਾਰ ਸਮੁੱਚੀ ਲੋਕਾਈ ਦਾ ਇਕਸਾਰ ਨਹੀਂ ਹੋਇਆ।

ਆਮ ਲੋਕਾਂ ਦੇ ਮੂੰਹੋਂ ਅਕਸਰ ਹੀ ਇਹ ਲਫਜ਼ ਸੁਣਨ ਨੂੰ ਮਿਲਦੇ ਹਨ ਅਤੇ ਖਾਸਕਰ ਕਰੋਨਾ ਮਹਾਂਮਾਰੀ ਦੇ ਕਾਰਜ-ਕਾਲ ਦੌਰਾਨ ਤਾਂ ਇਹ ਗੱਲ ਆਮ ਹੀ ਸੁਣੀ ਜਾ ਸਕਦੀ ਸੀ ਕਿ ਜਦੋਂ ਮੁਲਖ ਯਾਨੀ ਕਿ ਆਬਾਦੀ ਬਹੁਤ ਜ਼ਿਆਦਾ ਵੱਧ ਜਾਵੇ ਤਾਂ ਕੁਦਰਤ ਉਸ ਆਬਾਦੀ ਨੂੰ ਥੈਂਅ-ਸਿਰ ਰੱਖਣ ਲਈ ਕੋਈ ਨਾ ਕੋਈ ਵਿਧੂ ਅਪਣਾਉਂਦੀ ਹੈ ਅਤੇ ਇਓਂ ਕਰੋਨਾ ਮਹਾਂਮਾਰੀ ਨੂੰ ਹਾਕਮ ਜਮਾਤਾਂ ਦੀ ਕੋਝੀ ਸਾਜ਼ਸ਼ ਦਰਸਾਉਣ ਦੀ ਬਜਾਏ ਕੁਦਰਤ ਦੇ ਕਹਿਰ ਨੂੰ ਹੀ ਜ਼ੁੰਮੇਵਾਰ ਠਹਿਰਾਇਆ ਗਿਆ ਅਤੇ ਇਸ ਕਹਿਰ ਦਾ ਕਾਰਨ ਵੱਧਦੀ ਆਬਾਦੀ ਨੂੰ।

(ਬਾਕੀ ਸਫ਼ਾ ਸਫ਼ਾ 24 'ਤੇ)

NEW SERVICE BY CARE INC
CARE AUDIOLOGY
Calgary 403-605-6300
ਸੋਮਵਾਰ ਤੋ ਸ਼ਨੀਵਾਰ 10 ਵਜੇ ਤੋ 6 ਵਜੇ ਤੱਕ
ਐਤਵਾਰ ਬੰਦ

ਕੀ ਤੁਸੀਂ ਜਾਣਦੇ ਹੋ ਕਿ ਵਡੇਰੀ ਉਮਰ ਵਿੱਚ ਤੰਦਰੁਸਤ ਰਹਿਣ ਲਈ ਸੁਣਨ ਸ਼ਕਤੀ ਦਾ ਪੂਰਾ ਹੋਣਾ ਬਹੁਤ ਹੀ ਜਰੂਰੀ ਹੈ....??

ਦੁਨੀਆਂ ਦੀ ਪ੍ਰਸਿੱਧ ਮੈਡੀਕਲ ਯੂਨੀਵਰਸਿਟੀ ਦੀ ਖੋਜ ਮੁਤਾਬਿਕ ਜੇਕਰ ਘੱਟ ਸੁਣਨ ਦਾ ਇਲਾਜ ਨਾ ਕੀਤਾ ਜਾਵੇ ਤਾਂ ਉਦਾਸੀ, ਦਿਮਾਗੀ ਕਮਜ਼ੋਰੀ, ਦਿਲ ਦਾ ਦੌਰਾ ਅਤੇ ਡਿੱਗਣ ਦੇ ਖਤਰੇ ਵੱਧ ਜਾਂਦੇ ਹਨ।

ਸ਼ੁਨਣ ਸ਼ਕਤੀ ਕਮਜ਼ੋਰ ਹੋਵੇ ਤਾਂ ਵੱਡੀ ਗਲਤਫ਼ਹਿਮੀ ਹੋ ਸਕਦੀ ਹੈ। ਬਜ਼ੁਰਗਾਂ ਨੂੰ ਵੱਖੋ-ਵੱਖ ਸੇਵਾਵਾਂ ਦੇਣ ਵਾਲੇ Care Inc. ਨੇ ਹੁਣ ਖੋਲ ਦਿੱਤੀ ਹੈ Care Audiology! ਜਿੱਥੇ ਦੁਨਿਆਂ ਦੀਆਂ Latest ਮਸ਼ੀਨਾ ਨਾਲ ਕੰਨਾ ਦਾ hearing test ਕੀਤਾ ਜਾਂਦਾ ਹੈ। ਤੁਸੀਂ ਮੁਫਤ hearing aid ਲੈਣ ਵਾਸਤੇ ਵੀ ਕੁਆਲੀਫਾਈ ਕਰ ਸਕਦੇ ਹੋ। 19 ਸਾਲ ਤੋਂ ਵੱਧ ਉਮਰ ਵਾਲਿਆਂ ਦਾ hearing test free ਕਰਦੇ ਨੇ।

'ਕੇਅਰ ਇੰਕ'
ਤੁਹਾਡੀ ਸੇਫਟੀ, ਸਾਡਾ ਵਿਸ਼ਵਾਸ
Payment Plans Available



www.careinc.ca
Calgary Store: #124 - 4774 Westwinds Drive N.E., Calgary Alberta, Canada
Phone: 403-605-6300 Fax : 403-536-4057 Email : calgary@careinc.ca

Sun Life
Advice from someone you trust.
It's important to protect yourself and your family from the financial impact of lost income due to accident, illness or disability. Do you have a plan in place?
Critical illness insurance • Life insurance • Personal Health Insurance



Harvinder Singh
587-574-0029
harvinder.h.singh@sunlife.com

Sun Life Assurance Company of Canada is a member of the Sun Life group of companies.
© Sun Life Assurance Company of Canada, 2021.

Avon Accounting & Tax Services



ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜ਼ਨਿਸ ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।
ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ
Personal Tax Returns (TI)
Self Employed
Taxi Business
Corporate Tax Returns (T2)
GST/Payrolls/ROE
WCB Returns
Tax Planning & Advisory Services
Weekends/Evenings Services also available.
Tel. : 403-479-4220, 403-561-9011
pandher_2004@yahoo.com or singhh73@gmail.com

# ਪਰਵਾਸ ਆਵਾਸ ਦਾ ਯੂਰਪੀ ਪੰਜਾਬੀ ਸਾਹਿਤ ਅਤੇ ਅਗਲੀ ਪੀੜ੍ਹੀ !!



- ਕੇਹਰ ਸ਼ਰੀਫ
+491733546050



ਪੰਜਾਬੀ ਦੇ ਸਾਡੇ ਬਹੁਤ ਉੱਘੇ ਕਵੀ ਫੀਰੋਜਦੀਨ ਸਰਫ ਨੇ ਬਹੁਤ ਦੇਰ ਪਹਿਲਾਂ ਪੰਜਾਬੀ ਦੀ ਹਾਲਤ ਦੇਖ ਕੇ ਕਦੀਂ ਦੁਖੀ ਹੋ ਕੇ ਲਿਖਿਆ ਸੀ :

**ਮੁੱਠਾਂ ਮੀਟ ਕੇ ਨੁੱਕਰੇ ਹਾਂ ਬੈਠੀ,**
**ਟੁੱਟੀ ਹੋਈ ਰਬਾਬ ਰਬਾਬੀਆਂ ਦੀ।**
**ਪੁੱਛੀ ਸ਼ਰਫ ਨਾ ਜਿਨ੍ਹਾਂ ਨੇ ਬਾਤ ਮੇਰੀ,**
**ਵੇ ਮੈਂ ਬੋਲੀ ਹਾਂ ਉਨ੍ਹਾਂ ਪੰਜਾਬੀਆਂ ਦੀ।**

ਪਰ ਉਦੋਂ ਨਾਲੋਂ ਹਾਲਤ ਹੁਣ ਬਹੁਤ ਬਦਲ ਗਏ ਹਨ ਹੁਣ ਅੱਜ ਦੇ ਹਵਾਲੇ ਨਾਲ ਹੀ ਗੱਲ ਕਰਨੀ ਬਣਦੀ ਹੈ।

ਕਿਸੇ ਵੀ ਇਨਸਾਨ ਦਾ ਪਰਵਾਸੀ ਹੋਣਾ ਪਹਿਲਾਂ ਜਰੂਰ ਦੁੱਖ ਭਰਿਆ ਹੁੰਦਾ ਹੈ, ਪਰ ਵਕਤ ਦੇ ਬੀਤਣ ਨਾਲ ਇਹ ਆਮ ਵਰਤਾਰੇ ਵਿਚ ਬਦਲ ਜਾਂਦਾ ਹੈ। ਅੱਜ ਦੇ ਸਮੇਂ ਪਰਵਾਸ ਦੀਆਂ ਹਾਲਤਾਂ ਤੇ ਸਰੂਪ ਦੋਵੇਂ ਹੀ ਪਹਿਲੇ ਸਮਿਆਂ ਤੋਂ ਬਹੁਤ ਬਦਲ ਗਏ ਹਨ। ਤਕਨੀਕੀ ਸਹੂਲਤਾਂ ਦੇ ਆਸਰੇ ਹੁੰਦੇ ਪ੍ਰਚਾਰ ਦਾ ਇਸ ਵਿਚ ਵੱਡਾ ਯੋਗਦਾਨ ਰਿਹਾ ਹੈ। ਫੇਰ ਵੀ ਪਰਵਾਸ ਵਿਚ ਪਹੁੰਚ ਕੇ ਹੇਰਵਾ, ਉਦਰੇਵਾਂ ਲੰਬਾ ਸਮਾਂ ਬੰਦੇ ਦਾ ਖਹਿੜਾ ਨਹੀਂ ਛੱਡਦਾ, ਇਸ ਖਲਜਗਣ ਵਿਚੋਂ ਨਿਕਲਣ ਵਾਸਤੇ ਹਰ ਕਿਸੇ ਨੂੰ ਖੁਦ ਹੀ ਯਤਨ ਕਰਨੇ ਪੈਂਦੇ ਹਨ, ਦੂਜਾ ਰਾਹ ਵੀ ਕੋਈ ਨਹੀਂ ਹੁੰਦਾ। ਨਵਾਂ ਥਾਂ, ਹਰ ਕਿਸੇ ਨੂੰ ਹੀ ਪਹਿਲਾਂ ਪਿਛਲੀਆਂ ਯਾਦਾਂ ਵਿਚੋਂ ਲੰਘਦਿਆਂ ਉਦਾਸੀ ਤੇ ਦੁੱਖ ਜਿਹਾ ਬਣਕੇ ਮਿਲਦਾ ਹੈ।

ਪਰਵਾਸ ਤੋਂ ਆਵਾਸ ਤੱਕ ਦਾ ਜੀਵਨ ਹੰਢਾਉਣ ਵਾਲੇ ਜਾਗਰੂਕ ਲੋਕ ਆਪਣੇ ਆਲੇ-ਦੁਆਲੇ ਨੂੰ ਡੂੰਘੀ ਨਜਰੇ ਪਰਖਣ ਲਗਦੇ ਹਨ। ਵੱਖੋ ਵੱਖ ਕਲਾਵਾਂ ਨਾਲ ਜੁੜੇ ਲੋਕ ਆਪੋ ਆਪਣੇ ਮਾਧਿਅਮ ਰਾਹੀਂ ਕੋਸ਼ਿਸ਼ ਕਰਦੇ ਹਨ ਕਿ ਜਿੱਥੇ ਵੀ ਉਹ ਰਹਿ ਰਹੇ ਹਨ ਉਸ ਸਮਾਜ ਬਾਰੇ ਆਪਣੇ ਲੋਕਾਂ (ਦੁਨੀਆਂ) ਨਾਲ ਸਾਂਝ ਪੁਆਈ ਜਾਵੇ। ਸਾਹਿਤ ਨਾਲ ਜੁੜੇ ਆਪਣੀ ਕਲਮ ਦਾ ਸਹਾਰਾ ਲੈ ਕੇ ਰਚਨਾ ਕਰਦੇ ਹਨ। ਹਰ ਕਿਸੇ ਦਾ ਰਚਨਾ ਸੰਸਾਰ ਆਪਣਾ ਹੁੰਦਿਆਂ ਹੋਇਆਂ ਵੀ ਸਰਵਵਿਆਪੀ (ਯੂਨੀਵਰਸਲ) ਹੁੰਦਾ ਹੈ, ਇਹ ਹੀ ਤਾਂ ਗਲੋਬਲੀ ਵਰਤਾਰਾ ਕਹਾਉਂਦਾ ਹੈ। ਯੂਰਪ ਅੰਦਰ ਪਹੁੰਚੇ ਪੰਜਾਬੀ ਵੀ ਇਸ ਵਿਚ ਪਿੱਛੇ ਨਹੀਂ ਰਹੇ। ਪਿੱਛੇ ਛੱਡ ਆਏ ਰਿਸ਼ਤਿਆਂ ਦੀ ਯਾਦ ਜਾਂ ਫੇਰ ਨਵੇਂ ਸਮਾਜ ਨਾਲ ਬਣਦੇ ਕੌੜੇ-ਮਿੱਠੇ ਸਬੰਧ ਅਤੇ ਇਸ ਸਮਾਜ ਵਿਚੋਂ ਪੈਦਾ ਹੋਣ ਵਾਲੇ ਵਖਰੇਵੇਂ ਜਾ ਸਮਾਜਿਕ ਦਵੰਧ, ਵਿਤਕਰੇ ਭਰੇ ਵਿਹਾਰ ਦੀ ਕਾਟ ਕਰਨ ਵਾਸਤੇ ਜਗਿਆਸੂ ਮਨੁੱਖ ਲਈ ਪ੍ਰੇਰਨਾ ਬਣਦੇ ਹਨ, ਇਹ ਪ੍ਰੇਰਨਾ ਹੀ ਉਸਦੀ ਸਿਰਜਣਾ ਦਾ ਅਧਾਰ ਹੁੰਦੇ ਹਨ। ਲਿਖਣ ਵਾਲੇ ਜਗਿਆਸੂ ਲੋਕ, ਆਪ ਦੇਖੇ, ਸੁਣੇ ਤੇ ਹੱਡੀਂ ਹੰਢਾਏ ਨੂੰ ਸਿਰਜਣਾ ਅੰਦਰ ਪੇਸ ਕਰ ਸਕਣ ਵੇਲੇ ਕਿੱਥੋਂ ਕੁ ਤੱਕ ਕਾਮਯਾਬ ਹੁੰਦੇ ਹਨ ਇਹ ਉਨ੍ਹਾਂ ਦੇ ਅਨੁਭਵ ਨੂੰ ਪੇਸ ਕਰਨ ਦੀ ਵਿਧੀ, ਲਿਖਣ ਵਾਲੀ ਸੂਝ ਅਤੇ ਇਕੱਠੇ ਕੀਤੇ ਗਿਆਨ 'ਤੇ ਨਿਰਭਰ ਕਰਦਾ ਹੈ।

ਪੰਜਾਬੀ ਪਰਵਾਸੀਆਂ ਵਲੋਂ ਸਿਰਜੇ ਸਾਹਿਤ ਨੂੰ ਪਹਿਲਾਂ ਕਾਫੀ ਦੇਰ ਤੱਕ ਅਕਾਦਮਿਕ ਖੇਤਰ ਅੰਦਰਲੇ ਬੁੱਧੀਮਾਨ ਕਹਾਉਣ ਵਾਲੇ ਜੀਵ, ਹਲਕਾ ਜਿਹਾ ਜਾਂ ਦੋ ਨੰਬਰ ਦਾ ਸਾਹਿਤ (ਪਰਵਾਸੀ, ਡਾਲਰਾਂ, ਪੌਂਡਾਂ ਦਾ ਸਾਹਿਤ) ਹੀ ਸਮਝਦੇ ਰਹੇ ਸਨ। ਪਰ ਯੂਰਪੀ ਦੇਸਾਂ ਦੇ ਪੰਜਾਬੀ ਲੇਖਕਾਂ ਨੇ ਆਪਣੇ ਅਨੁਭਵੀ ਸਿਰੜ ਅਤੇ ਮਿਹਨਤ ਨਾਲ ਇਹ ਸਾਬਤ ਕੀਤਾ ਕਿ ਇਹ ਮੁੱਖ ਧਾਰਾ ਦਾ ਪੰਜਾਬੀ ਸਾਹਿਤ ਹੈ ਭਾਵੇਂ ਕਿ ਇਹ ਦੂਰ-ਦੁਰਾਡੇ ਵਸਦਿਆਂ ਵਲੋਂ ਲਿਖਿਆ ਜਾ ਰਿਹਾ ਹੈ, ਕਿਉਂਕਿ ਉਹ ਲੇਖਕ ਦੋ ਸਮਾਜਾਂ ਦੇ ਜਾਣਕਾਰ ਹਨ। ਫੇਰ ਇਸ ਬਾਰੇ ਢੁੱਚਰਾਂ ਡਾਹੁਣ ਵਾਲਿਆਂ ਨੂੰ ਵੀ ਇਹ ਗੱਲ ਕਬੂਲ ਕਰਨੀ ਪਈ। ਹੁਣ ਤਾਂ ਯੂਰਪ ਦੇ ਹਰ ਦੇਸ ਅੰਦਰ ਪੰਜਾਬੀ ਦਾ ਸਿਰਜਣਾਮਿਕ ਸਾਹਿਤ ਲਗਾਤਾਰ ਲਿਖਿਆ ਜਾ ਰਿਹਾ ਹੈ। (ਇਸ ਨੂੰ ਸੰਸਾਰ ਪੱਧਰ ਤੇ ਵੀ ਕਿਹਾ ਜਾ ਸਕਦਾ ਹੈ) ਸਾਹਿਤ ਦੀ ਅਜਿਹੀ ਕੋਈ ਵਿਧਾ ਨਹੀਂ ਜਿਸ ਵਿਚ ਇੱਥੇ ਵਸਦੇ ਸੈਂਕੜੇ ਲੇਖਕਾਂ ਨੇ ਨਾ ਲਿਖਿਆ ਹੋਵੇ। ਕਵਿਤਾ, ਕਹਾਣੀ, ਨਾਵਲ, ਨਾਟਕ, ਵਾਰਤਕ, ਗੀਤ, ਗਜਲ ਕੀ ਨਹੀਂ ਲਿਖਿਆ ? ਤੇ ਲਿਖਿਆ ਵੀ ਭਾਵਪੂਰਤ। ਹਾਂ ਇੰਨਾਂ ਜਰੂਰ ਕਿਹਾ ਜਾ ਸਕਦਾ ਹੈ ਕਿ ਸਾਹਿਤ ਸਿਰਜਣਾ ਦੇ ਮੁਕਾਬਲੇ ਯੂਰਪ ਅੰਦਰ ਪੰਜਾਬੀ ਸਾਹਿਤਕ ਆਲੋਚਨਾ ਦਾ ਖੇਤਰ ਲੰਬੇ ਸਮੇਂ ਤੱਕ ਬਹੁਤ ਛੋਟਾ ਰਿਹਾ, ਜੋ ਅਜੇ ਵੀ ਹੈ। ਪਰਵਾਸੀ ਸਾਹਿਤਕਾਰ ਦੇਸੀ ਆਲੋਚਕਾਂ ਵੱਲ ਹੀ ਦੇਖਣ ਵਾਸਤੇ ਮਜਬੂਰ ਹੁੰਦੇ ਰਹੇ, ਆਰੰਭ 'ਚ ਦੇਸੀ ਆਲੋਚਕ ਰਚਨਾਵਾਂ ਦੇ ਅੰਦਰਲੇ ਦਾ ਥਹੁ ਪਾਉਣ ਵਿਚ ਲੰਬਾ ਸਮਾਂ ਸੁਣੇ-ਸੁਣਾਏ ਨਾਲ ਹੀ "ਦੇਸੀ ਪ੍ਰਵਚਨਾਂ" ਦੇ ਆਸਰੇ ਬੁੱਤਾ ਸਾਰਦੇ ਰਹੇ। ਉਹਦਾ ਕਾਰਨ ਕਿ ਯੂਰਪੀ ਸਮਾਜ ਦੀ ਸਾਰੰਚਨਾ, ਇੱਥੋਂ ਦੇ ਰਾਜਨੀਤਕ, ਆਰਥਿਕ ਤੇ ਸਮਾਜਿਕ ਤਾਣੇ-ਬਾਣੇ, ਇਸ ਅੰਦਰਲੀਆਂ ਉਲਝਣਾਂ ਬਾਰੇ, ਅਤੇ ਅਜਿਹੀਆਂ ਸਥਿਤੀਆਂ ਨੂੰ ਮਨੋਵਿਗਿਆਨਕ ਪੱਖੋਂ ਹੰਘਾਲਣ ਦੇ ਉਹ ਆਦੀ ਜਾਂ ਇਸ ਦੇ ਯੋਗ ਤੇ ਵਾਕਿਫ ਨਹੀ ਸਨ, ਤਾਂ ਇੱਥੇ ਸਿਰਜੀਆਂ ਰਚਨਾਵਾਂ ਬਾਰੇ ਨਿਰਣਾ ਜਾਂ ਪਰਖ ਕਰਨੀ ਉਨ੍ਹਾਂ ਦੇ ਵਸੋਂ ਬਾਹਰੀ ਗੱਲ ਸੀ। ਰਚਨਾਵਾਂ ਅੰਦਰ ਅਣਲਿਖੇ ਦੀ ਨਿਸਾਨਦਹੀ ਕਿਵੇਂ ਕਰਦੇ ? ਉਹ ਅਜਿਹੇ ਮਸਲਿਆਂ/ਕਾਰਜਾਂ ਤੋਂ ਇਸ ਕਰਕੇ ਅਸਮਰੱਥ ਸਨ ਕਿ ਉਨ੍ਹਾ ਦਾ ਇਸ ਸਮਾਜ ਬਾਰੇ ਗਿਆਨ ਬਹੁਤ ਹੀ ਸੀਮਤ ਸੀ। ਹਾਂ, ਫੇਰ ਜਦੋਂ ਪੰਜਾਬੀ ਸਮਾਜ ਅਤੇ ਇੱਥੋਂ ਦੇ ਸਮਾਜ ਬਾਰੇ ਅਤੇ ਸਾਹਿਤਕ ਵਿਧਾਵਾਂ ਦੀ ਪਰਖ ਕਰਨ ਵਾਲੇ ਯੂ.ਕੇ 'ਚ ਹਰਬਖਸ ਮਕਸੂਦਪੁਰੀ ਤੇ ਸਵਰਨ ਚੰਦਨ ਇਸ ਪਾਸੇ ਆਏ ਉਨ੍ਹਾਂ ਦਾ ਕਾਰਜ ਸਲਾਹੁਣਯੋਗ ਸੀ। ਗੁਰਦਿਆਲ ਸਿੰਘ ਰਾਏ ਹੋਰਾਂ ਨੇ ਵੀ ਇਸ ਖੇਤਰ ਵਿਚ ਹਿੱਸਾ ਪਾਇਆ। ਕਿਉਂਕਿ ਇਹ ਸਾਰੇ ਇੱਥੋਂ ਦੀ ਸਮਾਜਿਕ ਅਤੇ ਸਾਹਿਤਕ ਧਰਾਤਲ ਦੇ ਵਾਕਿਫ ਸਨ, ਇੱਥੇ ਲਿਖੇ ਸਾਹਿਤ ਦੇ ਗੁਣ-ਔਗਣ ਪਰਖਣ ਦੇ ਕਾਫੀ ਹੱਦ ਤੱਕ ਯੋਗ ਸਨ। ਪਰ ਯੂਰਪੀ ਪੱਧਰ 'ਤੇ ਅਜੇ ਤੱਕ ਵੀ ਸਾਹਿਤ ਸਿਰਜਣਾ ਦੇ ਮੁਕਾਬਲੇ ਪੰਜਾਬੀ ਆਲੋਚਨਾ ਦਾ ਖੇਤਰ ਬਹੁਤ ਪਿਛੇ ਦਿਸਦਾ ਹੈ।

ਨਾਲ ਹੀ ਇੱਥੇ ਇਸ ਗੱਲ ਦੀ ਵੀ ਪ੍ਰਸੰਸਾ ਕਰਨੀ ਬਣਦੀ ਹੈ ਕਿ ਪਿਛਲੇ ਸਮੇਂ ਦੌ ਵਲੈਤ ਵਾਸੀ ਪੰਜਾਬੀ ਲੇਖਕਾਂ ਨੇ ਇਤਹਾਸਕ ਨਾਵਲ ਵੀ ਲਿਖੇ, ਹਰਜੀਤ ਅਟਵਾਲ ਨੇ "ਆਪਣਾ" ਮਹਾਰਾਜਾ ਦਲੀਪ ਸਿੰਘ ਦੀ ਜ਼ਿੰਦਗੀ ਬਾਰੇ ਅਤੇ ਮਹਿੰਦਰਪਾਲ ਧਾਲੀਵਾਲ ਨੇ ਮਹਾਰਾਜਾ ਦਲੀਪ ਸਿੰਘ ਦੀ ਧੀ ਬਾਰੇ "ਸੋਫੀਆ" ਨਾਵਲ ਲਿਖਿਆ। ਸੋਫੀਆ ਜੋ ਔਰਤਾਂ ਦੇ ਹੱਕਾਂ ਲਈ ਲੜਨ ਵਾਲੀ ਵੀਰਾਂਗਣਾ ਸੀ।

ਇਹ ਜਰੂਰ ਕਹਿਣਾ ਬਣਦਾ ਹੈ ਕਿ ਪਹਿਲਾਂ ਕੱਲੇ-ਦੁਕੱਲੇ ਇਸ ਬਾਰੇ ਕਾਰਜ ਕਰਦੇ ਸਨ ਫੇਰ ਡਾ. ਐਸ ਪੀ ਸਿੰਘ ਹੋਰਾਂ ਦੇ ਯਤਨਾਂ ਨਾਲ ਪਰਵਾਸੀ ਸਾਹਿਤ ਅਧਿਅਨ ਕੇਂਦਰ ਕਾਇਮ ਕਰਕੇ ਜਥੇਬੰਦਕ ਤੌਰ 'ਤੇ ਇਸ ਸਾਹਿਤ ਬਾਰੇ ਨਿੱਠ ਕੇ ਕੰਮ ਹੋਇਆ। ਤ੍ਰੈ ਮਾਸਿਕ ਸਾਹਿਤਕ ਪਰਚੇ













"ਪਰਵਾਸ" ਦਾ ਇਸ ਖੇਤਰ ਵਿਚ ਸਲਾਹੁਣਯੋਗ ਹਿੱਸਾ ਹੈ। ਹੁਣ ਪਰਵਾਸੀ ਸਾਹਿਤ ਅਧਿਐਨ ਕੇਂਦਰ ਦਾ ਤੇ ਸੁੱਖੀ ਬਾਠ ਹੋਰਾਂ ਵਲੋਂ ਕਾਇਮ ਕੀਤੇ ਪੰਜਾਬ ਭਵਨ ਸਰੀ, ਕੈਨੇਡਾ ਅਤੇ ਸਾਹਿਤ ਸੁਰ ਸੰਗਮ ਸਭਾ ਇਟਲੀ ਨਾਲ ਸਾਂਝਾ ਕਾਫਲਾ ਇਸ ਕਾਰਜ ਨੂੰ ਅੱਗੇ ਲਿਜਾ ਰਿਹਾ ਹੈ। ਇਨ੍ਹਾਂ ਸਾਂਝੇ ਜਤਨਾਂ ਤੋਂ ਕਾਫੀ ਆਸਾਂ ਵੀ ਹਨ।

ਸਿਰਜੇ ਸਾਹਿਤ (ਲਿਖਤ) ਨਾਲ ਇਨਸਾਫ ਕਰਨ ਵਾਸਤੇ ਕਿਸੇ ਵੀ ਰਚਨਾ ਅੰਦਰ ਅਣਲਿਖੇ ਅਤੇ ਅਣਕਹੇ ਬਾਰੇ ਆਲੋਚਕ ਵਲੋਂ ਉਸ ਉੱਤੇ ਟਿੱਪਣੀ ਕਰਨਾ ਜ਼ਰੂਰੀ ਹੁੰਦਾ ਹੈ ਤਾਂ ਜੋ ਸਾਹਿਤ ਸਿਰਜਕ ਨੂੰ ਉਸਦੀ ਰਚਨਾ 'ਚ ਰਹਿ ਗਈ ਘਾਟ ਤੋਂ ਵੀ ਜਾਣੂ ਕਰਵਾਇਆ ਜਾ ਸਕੇ । ਕਿਸੇ ਵੀ ਸਾਹਿਤ ਸਿਰਜਕ ਦੀ ਅਗਲੀ ਸਿਰਜਣਾ ਲਈ ਇਹ ਕਾਰਜ ਸਹਾਇਕ ਸਾਬਿਤ ਹੋ ਸਕਦਾ ਹੈ। ਸ਼ਬਦ ਸਾਧਕਾਂ ਵਾਸਤੇ ਇਹ ਬਹੁਤ ਜ਼ਰੂਰੀ ਹੈ, ਕਿ ਉਨ੍ਹਾਂ ਨੂੰ ਉਨ੍ਹਾ ਦੀ ਘਾਟ ਦਾ ਵੀ ਪਤਾ ਲਗਦਾ ਰਹੇ। ਪਹਿਲੀ ਪੀੜ੍ਹੀ ਦਾ ਸਾਹਿਤ ਬਹੁਤਾ ਫਿਕਰਮੰਦੀਆ ਦਾ ਸਾਹਿਤ ਦੇਖਿਆ ਗਿਆ, ਅਸਲੋਂ ਸੰਘਰਸ਼ ਭਰਪੂਰ। (ਜਿਹੜੇ ਇਸ ਬਾਰੇ ਨਹੀਂ ਜਾਣਦੇ, ਜਿਨ੍ਹਾਂ ਨੇ ਅਜੇ ਤੱਕ ਨਹੀਂ ਪੜ੍ਹਿਆ ਉਹ ਸਾਧੂ ਸਿੰਘ ਧਾਮੀ ਹੋਰਾਂ ਵਲੋਂ ਲਿਖਿਆ ਨਾਵਲ "ਮਲੂਕਾ" ਜ਼ਰੂਰ ਪੜ੍ਹ ਲੈਣ ਗਿਆਨ ਹੋ ਜਾਵੇਗਾ)।

ਯੂਰਪ 'ਚ ਵਸਦੇ ਪੰਜਾਬੀਆਂ ਵਲੋਂ ਲਿਖਿਆ ਸਾਹਿਤ, ਪੰਜਾਬੀ ਸਾਹਿਤ ਨੂੰ ਬੌਧਿਕ ਅਮੀਰੀ ਬਖ਼ਸ਼ਣ ਦਾ ਸਬੱਬ ਬਣਿਆ। ਇੱਥੇ ਵਸਦਿਆਂ ਨੇ ਆਪਣਾ ਸਾਹਿਤ ਰਚਨਾ ਸ਼ੁਰੂ ਕੀਤਾ ਤਾਂ ਉਸ ਅੰਦਰ ਸੱਭਿਆਚਾਰਕ ਵਖਰੇਵਿਆਂ ਦਾ ਚਿਤ੍ਰਣ ਤਾਂ ਸੀ ਹੀ ਅਤੇ ਅਗਲੀ ਪੀੜ੍ਹੀ ਬਾਰੇ ਜਾਹਿਰਾ ਤੌਰ 'ਤੇ ਫਿਕਰਮੰਦੀ ਵੀ ਸੀ, ਜੋ ਜੀਵਨ ਦੀ ਸਹਿਜਤਾ ਨੂੰ ਭੰਗ ਕਰਦੀ ਸੀ।

ਇਹ ਉਵੇਂ ਦਾ ਹੀ ਫਿਕਰ ਸੀ ਅਤੇ ਅਜੇ ਵੀ ਹੈ ਜਿਵੇਂ ਕੋਈ ਬੀਬੀ ਸਹੁਰੇ ਵਸਦੀ ਹੋਈ ਪੇਕਿਆਂ ਨੂੰ ਕਦੀਂ ਨਹੀਂ ਵਿਸਾਰਦੀ, ਉਹਦੀ ਖਾਹਸ ਤੇ ਜਤਨ ਇਹ ਹੁੰਦਾ ਹੈ ਕਿ ਮੇਰੇ ਬੱਚੇ ਆਪਣੇ ਨਾਨਕਿਆਂ (ਬੀਬੀ ਦੇ ਪੇਕਿਆਂ) ਨਾਲ ਵੀ ਸਦਾ ਹੀ ਮਿਲਦੇ-ਵਰਤਦੇ ਰਹਿਣ। ਇਸ ਸਬੰਧੀ ਸਾਹਿਤਕ ਕਾਰਜ (ਇਕੱਠ, ਕਾਨਫਰੰਸਾਂ) ਜਿੱਥੇ ਵੀ ਹੁੰਦੇ ਹਨ ਉਨ੍ਹਾਂ ਨੂੰ ਭਰਪੂਰ ਸਲਾਹੁਣਯੋਗ ਕੋਸ਼ਿਸ਼ ਕਿਹਾ ਜਾ ਸਕਦਾ ਹੈ ਕਿ ਸਾਡੀ ਅਗਲੀ ਪੀੜ੍ਹੀ ਸਾਡੀ ਮਾਂ ਬੋਲੀ ਨਾਲ ਜੁੜੀ ਰਹੇ, ਉਸ ਪੰਜਾਬੀ ਸੱਭਿਆਚਾਰ ਵਿਚਲਾ ਸਾਂਝ ਦਾ ਹੋਕਾ ਦੇਣ ਵਾਲੀਆਂ ਰਹੁ-ਰੀਤਾਂ ਨਾਲ ਜੁੜੀ ਰਹੇ। ਇਸ ਸਚਾਈ ਨੂੰ ਸਭ ਜਾਣਦੇ ਹਨ ਕਿ ਕਿਸੇ ਵੀ ਇਨਸਾਨ ਵਾਸਤੇ ਦੁਨੀਆਂ ਦੀ ਸਭ ਤੋਂ ਸੋਹਣੀ ਜ਼ੁਬਾਨ ਉਸਦੀ ਮਾਂ ਬੋਲੀ ਹੀ ਹੁੰਦੀ ਹੈ। ਜਿਸ ਦਾ ਕਿਸੇ ਹੋਰ ਬੋਲੀ ਨਾਲ ਮੁਕਾਬਲਾ ਨਹੀਂ ਕੀਤਾ ਜਾ ਸਕਦਾ। ਭਾਸ਼ਾਈ ਪੱਧਰ 'ਤੇ ਸ਼ਬਦ ਭੰਡਾਰ ਵਲੋਂ ਕੋਈ ਵੀ ਯੂਰਪੀ ਭਾਸ਼ਾ ਪੰਜਾਬੀ ਦੇ ਮੁਕਾਬਲੇ ਦੀ ਨਹੀਂ। ਇਸ ਵਾਸਤੇ ਬਹੁਤ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ।

ਕਿਸੇ ਵੀ ਲਿਖਤ ਵਾਸਤੇ ਸ਼ਬਦ ਸਹਾਰਾ ਹੀ ਬਣਦੇ ਹਨ। ਇਹ ਵੀ ਗੱਲ ਯਾਦ ਰੱਖਣਯੋਗ ਹੈ ਕਿ ਸ਼ਬਦ ਗੁਰੂ ਦਾ ਕੋਈ ਧਰਮ ਨਹੀਂ ਹੁੰਦਾ, ਸ਼ਬਦ ਹੀ ਸਭ ਦਾ ਗੁਰੂ ਹੈ, ਰਹਿਬਰ ਹੈ, ਦੁਨੀਆਂ ਦੇ ਸਾਰੇ ਗਿਆਨ ਦਾ ਪਸਾਰਾ ਸ਼ਬਦ ਰਾਹੀਂ ਹੀ ਹੁੰਦਾ ਹੈ। ਕੋਈ ਆਸਤਿਕ ਹੋਵੇ ਜਾਂ ਨਾਸਤਿਕ ਹਰ ਕਿਸੇ ਨੂੰ ਆਪਣੇ ਆਦਰਸ਼ਾਂ ਦਾ ਪ੍ਰਚਾਰ/ਪ੍ਰਸਾਰ ਕਰਨ ਵਾਸਤੇ ਸ਼ਬਦ ਦਾ ਹੀ ਸਹਾਰਾ ਲੈਣਾ ਪੈਂਦਾ ਹੈ। ਸ਼ਬਦ ਨੂੰ ਕਿਸੇ ਧਰਮ ਦੀ ਲੋੜ ਨਹੀਂ ਪੈਂਦੀ ਪਰ ਦੁਨੀਆਂ ਦੇ ਹਰ ਧਰਮ ਨੂੰ ਸ਼ਬਦ ਦੇ ਸਹਾਰੇ ਤੋਂ ਬਿਨਾਂ ਪ੍ਰਚਾਰਿਆ ਹੀ ਨਹੀਂ ਜਾ ਸਕਦਾ। ਕਿਸੇ ਵੀ ਲਿਖਤ ਦਾ ਅਧਾਰ ਸ਼ਬਦ ਹੈ। ਪੰਜਾਬੀ ਕੌਮ, ਪੰਜਾਬੀ ਸੱਭਿਆਚਾਰ, ਪੰਜਾਬੀ ਲੋਕਾਚਾਰ ਦਾ ਅਧਾਰ ਵੀ ਪੰਜਾਬੀ ਬੋਲੀ ਅਤੇ ਪੰਜਾਬੀ ਭਾਸ਼ਾ ਹੀ ਹੈ। ਸਾਡੇ ਵਾਸਤੇ ਇਹ ਮਾਣ ਵਾਲੀ ਗੱਲ ਵੀ ਕਹੀ ਜਾ ਸਕਦੀ ਹੈ ਕਿ ਪੰਜਾਬੀ ਇਕੋ ਇਕ ਅਜਿਹੀ ਜ਼ੁਬਾਨ ਹੈ ਜੋ ਦੋ ਲਿੱਪੀਆਂ (ਗੁਰਮੁਖੀ ਤੇ ਸ਼ਾਹਮੁਖੀ) ਵਿਚ ਲਿਖੀ ਜਾਂਦੀ ਹੈ, ਭਾਵੇਂ ਕਿ ਇਸ ਦੀਆਂ ਆਪਣੀਆਂ ਸਮੱਸਿਆਵਾਂ ਵੀ ਹਨ। ਸੱਭਿਆਚਾਰ ਆਪਸੀ ਸਾਂਝ ਦਾ ਹੀ ਨਾਮ ਹੈ ਪਰ ਸੱਭਿਆਚਾਰ ਦੇ ਬਹੁਤ ਸਾਰੇ ਅੰਗ ਹਨ, ਜੋ ਵੱਖੋ ਵੱਖ ਵਰਤਾਰਿਆਂ ਰਾਹੀਂ ਪੇਸ਼ ਹੁੰਦੇ ਹਨ, ਸਾਰੀਆਂ ਕਲਾਵਾਂ ਲੋਕ ਗੀਤ, ਲੋਕ ਨਾਚ, ਲੋਕ ਕਹਾਣੀਆਂ ਹੋਰ ਬਹੁਤ ਕੁੱਝ ਹਨ, ਉਨ੍ਹਾਂ ਵਰਤਾਰਿਆਂ ਨੂੰ ਜੋੜਨ ਵਾਲੀ ਤੰਦ ਨਹੀਂ ਸਗੋਂ ਚੂਲ ਭਾਵ ਬੁਨਿਆਦ ਬੋਲੀ ਤੇ ਭਾਸ਼ਾ ਹੀ ਹੁੰਦੀ ਹੈ। ਬੋਲੀ ਤੇ ਭਾਸ਼ਾ ਨੂੰ ਪਾਸੇ ਰੱਖ ਕੇ ਸੱਭਿਆਚਾਰ ਦੀ ਤਾਂ ਪ੍ਰੀਭਾਸ਼ਾ ਵੀ ਨਹੀਂ ਦਿੱਤੀ ਜਾ ਸਕਦੀ।

ਸਾਹਿਤ, ਲਿਖਿਆ ਤਾਂ ਵਰਤਮਾਨ ਵਿਚ ਜਾਂਦਾ ਹੈ ਪਰ ਉਹ ਬੀਤ ਗਈ ਅਤੇ ਆਉਣ ਵਾਲੀ ਪੀੜ੍ਹੀ ਦੇ ਵਿਚਕਾਰ ਪੁਲ ਵੀ ਹੁੰਦਾ ਹੈ। ਸਾਹਿਤ ਜ਼ਿੰਦਗੀ ਵਾਂਗ ਸੁਭਾਵਕ ਹੀ ਤਿੰਨ ਕਾਲਾਂ ਦਾ ਸੁਮੇਲ ਬਣਦਾ ਹੈ। ਸਾਡਾ ਬੀਤਿਆ ਹੋਇਆ ਵਕਤ ਪੁਲ ਦੇ ਇਕ ਪਾਸੇ ਤੇ ਸਾਡੀ ਅਗਲੀ ਪੀੜ੍ਹੀ (ਭਾਵ ਸਾਡਾ ਆਉਣ ਵਾਲਾ ਵਕਤ) ਪੁਲ ਦੇ ਅਗਲੇ ਪਾਸੇ ਹੁੰਦੀ ਹੈ। ਸਾਨੂੰ ਖਲੀਲ ਜਿਬਰਾਨ ਦਾ ਇਹ ਕਿਹਾ ਵੀ ਯਾਦ ਰੱਖਣਾ ਚਾਹੀਦਾ ਹੈ ਕਿ "ਬੱਚੇ ਤੁਹਾਡੀ ਜਾਇਦਾਦ ਨਹੀਂ, ਭਾਵੇਂ ਕਿ ਇਹ ਵੀ ਸੱਚ ਹੈ ਕਿ ਉਹ ਤੁਹਾਡੇ ਰਾਹੀਂ ਇਸ ਜਹਾਨ 'ਚ ਆਏ ਹਨ" ਸਾਨੂੰ ਬੱਚਿਆਂ ਨੂੰ ਆਪਣੇ ਵਰਗੇ ਨਹੀਂ ਸਗੋਂ ਸਾਨੂੰ ਬੱਚਿਆਂ ਵਰਗੇ ਬਣਨਾ ਚਾਹੀਦਾ ਹੈ, ਕਿਉਂਕਿ ਉਹ ਸਾਡੇ ਭਵਿੱਖ ਨੂੰ ਅੱਗੇ ਤੋਰਨ ਦੇ ਵਾਹਕ ਹੋਣਗੇ। ਮਨੋਵਿਗਿਆਨਕ ਪੱਖੋਂ ਇਸ ਨੂੰ ਜ਼ਰੂਰ ਵਿਚਾਰਿਆ ਜਾਣਾ ਚਾਹੀਦਾ ਹੈ ਤਾਂ ਕਿ ਪੀੜ੍ਹੀ ਪਾੜੇ ਵਾਲੇ ਗੈਰਜ਼ਰੂਰੀ ਟਕਰਾਵਾਂ ਦੇ ਪੈਦਾ ਹੋਣ ਤੋਂ ਬਚਿਆ ਜਾ ਸਕੇ।

ਹਰ ਲਿਖਣ ਵਾਲੇ ਕੋਲੋਂ ਬਹੁਤ ਕੁੱਝ ਅਣਲਿਖਿਆ ਰਹਿ ਜਾਂਦਾ ਹੈ, ਇਸ ਕਰਕੇ ਹੀ ਅਗਲੀ ਸਿਰਜਣਾ ਹੁੰਦੀ ਹੈ। ਇਹ ਅਣਲਿਖਿਆ ਤੇ ਅਣਕਿਹਾ ਅਗਲੀਆਂ ਪੀੜ੍ਹੀਆਂ ਵਲੋਂ ਸਿਰਜੇ ਜਾਣ ਵਾਲੀਆਂ ਲਿਖਤਾਂ ਦਾ ਅਧਾਰ ਬਣਨਾ ਹੁੰਦਾ ਹੈ, ਉਹ ਫੇਰ ਅਣਲਿਖੇ ਨੂੰ ਲਿਖਣ ਦਾ ਜਤਨ ਕਰਦੇ ਰਹਿੰਦੇ ਹਨ। ਇਹ ਮੌਖਿਕ (ਜ਼ੁਬਾਨੀ) ਪੱਧਰ ਤੇ ਵੀ ਹੁੰਦਾ ਅਤੇ ਲਿਖਤੀ ਪੱਧਰ 'ਤੇ ਵੀ। ਸਾਡੀ ਆਉਣ ਵਾਲੀ ਪੀੜ੍ਹੀ ਨੇ ਸਾਡੇ ਦੱਸੇ ਹੋਏ ਨੂੰ ਚੇਤੇ ਰਖਦਿਆਂ, ਅਣਕਹੇ ਨੂੰ ਆਪਣੇ ਸਮੇਂ ਅਨੁਸਾਰ ਕਹਿਣਾ ਹੈ, ਅਤੇ ਅਣਲਿਖੇ ਨੂੰ ਆਪਣੇ ਹੀ ਸਮੇਂ ਅਨੁਸਾਰ ਲਿਖਣਾ ਹੈ, ਇਹ ਉਨ੍ਹਾ ਦੀ ਇਨਸਾਨੀ ਜ਼ੁੰਮੇਵਾਰੀ ਅਤੇ ਆਪਣੇ ਵਡੇਰਿਆਂ ਦਾ ਤੇ ਆਪਣੇ ਵਿਰਸੇ ਦਾ ਕਰਜ ਲਾਹੁਣ ਦੇ ਨਾਲ ਹੀ ਉਸਦਾ ਪ੍ਰਚਾਰ ਕਰਨ ਦਾ ਸਬੱਬ ਵੀ ਹੋਵੇਗਾ। ਪਰ ਜੇ ਅਸੀਂ ਆਪਣੇ ਵਿਰਸੇ ਨੂੰ ਬਚਾਉਣ ਵਾਲਾ ਇਹ ਸੁਨੇਹਾ ਉਨ੍ਹਾਂ ਤੱਕ ਪਹੁੰਚਾਉਣ ਵਿਚ ਕਾਮਯਾਬ ਹੋਏ ਤਾਂ। ਇਹ ਕਾਰਜ ਅੱਜ ਵਾਲੀ ਪੀੜ੍ਹੀ ਦੀ ਜ਼ੁੰਮੇਵਾਰੀ ਹੋਵੇਗੀ, ਕਿਸੇ ਵੀ ਥਾਵੇਂ ਅਜਿਹੇ ਕਾਰਜਾਂ ਨੂੰ ਨੇਪਰੇ ਚਾੜ੍ਹਨ ਦਾ ਸੁਨੇਹਾ ਦੇਣ ਵਾਸਤੇ, ਇਕੱਠਾਂ, ਕਾਨਫਰੰਸਾਂ ਰਾਹੀਂ ਉਸ ਸੁਨੇਹੇ ਨੂੰ ਉਨ੍ਹਾ ਤੱਕ ਪਹੁੰਚਾਉਣ ਦਾ, ਇਸ ਅਹਿਸਾਸ ਨੂੰ ਜੀਊਂਦਾ ਤੇ ਮਘਦਾ ਰੱਖਣ ਦਾ ਜਤਨ ਵੀ ਕਿਹਾ ਜਾ ਸਕਦਾ ਹੈ।

ਸਾਹਿਤ ਵਿਚ ਜਦੋਂ ਵੀ ਯਥਾਰਥ ਦਾ ਜ਼ਿਕਰ ਹੋਵੇਗਾ ਤਾਂ ਉਹ ਧੜਕਦੀ ਜ਼ਿੰਦਗੀ ਦੀ ਪੇਸ਼ਕਾਰੀ ਰਾਹੀਂ ਹੀ ਹੋ ਸਕਦਾ ਹੈ, ਇਸ ਤੋਂ ਬਿਨਾਂ ਹੋ ਹੀ ਨਹੀਂ ਸਕਦਾ, ਇੱਥੇ ਕਲਪਨਾ ਕੰਮ ਨਹੀਂ ਆਉਂਦੀ। ਗਰਾਮਸੀ ਦੇ ਅਨੁਸਾਰ "ਹਰ ਜਮਾਤ ਦੇ ਆਪਣੇ ਬੁੱਧੀਜੀਵੀ ਹੁੰਦੇ ਹਨ ਇਹਨਾਂ ਦੀ ਕੋਈ ਜਮਾਤ ਨਹੀਂ ਹੁੰਦੀ" ਸੱਚ ਹੀ ਤਾਂ ਹੈ। ਇਕ ਵੱਡਾ ਸਵਾਲ ਭਵਿੱਖ ਦੀ ਕੁੱਖ ਵਿਚ ਹੈ ਕਿ ਉਹ ਕਿਹੜੀ ਭਾਸ਼ਾ ਰਾਹੀਂ ਆਪਣਾ ਸੁਨੇਹਾ ਦੇਣ ਦੇ ਯੋਗ ਹੋਣਗੇ।

ਸਾਨੂੰ ਸਭ ਨੂੰ ਉਦਾਸ ਕਰਨ ਵਾਲੀ ਗੱਲ ਕਿ ਅਜੇ ਤੱਕ ਪੰਜਾਬ ਦਾ ਲੋਕ ਇਤਿਹਾਸ ਕਿਉਂ ਨਹੀਂ ਲਿਖਿਆ ਗਿਆ, ਕਿਸੇ ਸਮਾਜ ਦੇ ਇਤਿਹਾਸਕ ਵਿਕਾਸ ਦੀ ਗੱਲ ਕਰਨ ਜਾਂ ਇਸ ਨੂੰ ਸਮਝਣ ਵਾਸਤੇ ਇਹ ਬਹੁਤ ਜ਼ਰੂਰੀ ਹੈ। ਲੋਕ ਜੀਵਨ ਦੀ ਪੇਸ਼ਕਾਰੀ ਇਤਿਹਾਸ ਰਾਹੀਂ ਵੀ ਹੁੰਦੀ ਹੈ ਤੇ ਸਾਹਿਤ ਸਿਰਜਣਾ ਰਾਹੀਂ ਵੀ। ਲੋਕ ਇਤਿਹਾਸ ਹੀ ਸਾਡੇ ਜੀਵਨ ਅਤੇ ਸਾਡੇ ਇਤਿਹਾਸਕ ਵਿਕਾਸ ਦੀ ਨਿਸ਼ਾਨਦਹੀ ਕਰਦਾ ਹੈ, ਸਾਡੇ ਕੋਲ ਵੀ ਸਾਡਾ ਲਿਖਤੀ ਲੋਕ ਇਤਿਹਾਸ ਹੋਵੇ, ਇਸ ਬਾਰੇ ਇਸ ਖੇਤਰ ਦੇ ਜਾਣਕਾਰਾਂ ਤੇ ਵਿਦਵਾਨਾਂ ਨੂੰ ਜਤਨ ਕਰਨ ਵਾਸਤੇ ਪ੍ਰੇਰਿਆ ਜਾਣਾ ਚਾਹੀਦਾ ਹੈ, ਤਾਂ ਕਿ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਆਪਣੇ ਪਿਛੋਕੜ ਦੇ ਇਤਿਹਾਸ ਨੂੰ ਜਾਣ ਸਕਣ ਅਤੇ ਆਪਣੀਆਂ ਜੜ੍ਹਾਂ ਦਾ ਸਿਰਨਾਵਾਂ ਲੱਭ ਸਕਣ। ਇਹ ਵੀ ਯਾਦ ਰੱਖਿਆ ਜਾਣਾ ਚਾਹੀਦਾ ਹੈ ਕਿ ਇਤਿਹਾਸ ਦੀ ਪੜ੍ਹਤ (ਪੜ੍ਹਨਾ ਤੇ ਵਿਚਾਰਨਾ) ਸਾਡੇ ਵਰਤਮਾਨ ਦਾ ਨਜ਼ਰੀਆ ਬਦਲਣ ਵਾਸਤੇ ਬਹੁਤ ਜ਼ਰੂਰੀ ਹੁੰਦੀ ਹੈ, ਬੀਤ ਗਏ ਬਾਰੇ ਲਿਖਤ ਨੇ ਫੇਰ ਪੈਰ ਪੈਰ 'ਤੇ ਸਾਡੀ ਗਲਤੀ ਵੇਲੇ ਸਾਨੂੰ ਟੋਕਣਾ ਹੁੰਦਾ ਹੈ। ਇਸ ਨਾਲ ਸਾਡੇ ਭਵਿੱਖ ਵੀ ਤੋਰ ਅਤੇ ਸੇਧ ਨੇ ਵੀ ਨਿਸ਼ਚਤ ਹੋਣਾ ਹੁੰਦਾ ਹੈ। ਯੂਰਪ (ਜਾਂ ਹੋਰ ਦੇਸਾਂ) ਅੰਦਰ ਵਸਦੀ ਪੰਜਾਬੀ ਪਿਛੋਕੜ ਵਾਲੀ ਪੀੜ੍ਹੀ ਨੂੰ ਆਪਣੀਆਂ ਜੜ੍ਹਾਂ ਦੇ ਵਿਕਾਸ ਦਾ ਖੁਰਾ ਲੱਭਣ ਵਿਚ ਲੋਕ ਇਤਿਹਾਸ ਸਹਾਈ ਹੋ ਸਕਦਾ ਹੈ।

ਔਰਤਾ ਬਾਰੇ ਸਾਡੇ ਸਮਾਜ ਅੰਦਰਲੀ ਸਥਿਤੀ ਨੂੰ ਵਿਚਾਰਦਿਆਂ ਫਰਾਂਸੀਸੀ ਲੇਖਿਕਾ ਸੀਮੋਨ ਦੀ ਬਾਓਵਾਰ ਜਿਹਦੀ ਦੁਨੀਆਂ ਵਿਚ ਨਾਰੀਵਾਦੀ ਵਜੋਂ ਪਛਾਣ ਬਣੀ ਉਹ ਆਪਣੀ ਕਿਤਾਬ "ਦ ਸੈਕੰਡ ਸੈਕਸ" (ਜਿਸ ਨੂੰ ਨਾਰੀਵਾਦ ਦੀ ਬਾਈਬਲ ਕਿਹਾ ਜਾਂਦਾ ਹੈ) ਵਿਚ ਕਹਿੰਦੀ ਹੈ ਕਿ "ਔਰਤ ਪੈਦਾ ਨਹੀਂ ਹੁੰਦੀ ਉਹਨੂੰ ਔਰਤ ਬਣਾ ਦਿੱਤਾ ਜਾਂਦਾ ਹੈ।" ਨਾਲ ਹੀ ਉਸਦਾ ਕਥਨ ਚੇਤੇ ਰੱਖਣਾ ਚਾਹੀਦਾ ਹੈ ਕਿ "ਮੇਰੇ ਜੀਵਨ ਵਿਚ ਕੁੱਝ ਵੀ ਵਿਅਰਥ ਨਹੀਂ" ਕੀ ਇਹ ਸਾਡੇ ਵਾਸਤੇ ਸਬਕ ਨਹੀਂ? ਇੱਥੇ ਸਾਨੂੰ ਸ਼ਰਮਿੰਦੇ ਹੋ ਕੇ ਆਪਣੀ ਬੁੱਕਲ ਵਿਚ ਝਾਤੀ ਮਾਰ ਲੈਣੀ ਚਾਹੀਦੀ ਹੈ, ਕਿਉਂਕਿ ਬਾਬਾ ਨਾਨਕ ਤਾਂ ਕਹਿੰਦੇ ਹਨ, "ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ..." , ਪਰ ਸਾਡੇ ਸਮਾਜ ਵਿਚੋਂ ਕਿੰਨੇ ਕੁ ਮੰਨਦੇ ਇਸ ਸੰਦੇਸ ਨੂੰ? ਕਿੰਨੇ ਕੁ ਹਨ ਜੋ ਇਸ 'ਤੇ ਅਮਲ ਕਰਦੇ ਹਨ? ਦੇਖਦਿਆਂ ਪਤਾ ਲਗਦਾ ਹੈ ਕਿ ਬਹੁਤ ਹੀ ਥੋੜ੍ਹੇ।

ਸਮਾਜਿਕ ਮਸਲਿਆਂ ਨੂੰ ਸਾਹਿਤ ਵਿਚ ਕਦੇ ਵੀ ਸਹੂਲਤੀ ਪੱਧਰ 'ਤੇ ਪੇਸ਼ ਨਹੀਂ ਕੀਤਾ ਜਾ ਸਕਦਾ।

ਅੱਜ ਜੋ ਲਿਖਿਆ ਜਾ ਰਿਹਾ ਹੈ ਇਹ ਵੀ ਸਮਾਂ ਅੱਗੇ ਤੁਰਨ ਨਾਲ ਬਦਲੇਗਾ, ਜਦੋਂ ਅਸੀਂ ਨਵੇਂ ਵਿਸ਼ਿਆ ਨੂੰ ਪੇਸ਼ ਕਰਨ ਵੱਲ ਅਹੁੜਾਂਗੇ ਤਾਂ ਸਾਨੂੰ ਨਵੀਆਂ ਜੁਗਤਾਂ ਵਰਤਣ ਵੇਲੇ ਨਵੀਂ ਸ਼ਬਦਾਵਲੀ ਦੀ ਲੋੜ ਪਵੇਗੀ। ਕਿਉਂਕਿ ਹਾਵਰਡ ਫਾਸਟ ਦੇ ਕਥਨ ਅਨੁਸਾਰ "ਕਲਾ ਸਮਾਜੀ ਯਥਾਰਥ ਤੋਂ ਬਿਨਾਂ ਕੁੱਝ ਵੀ ਨਹੀਂ ਹੁੰਦੀ"। ਇਸੇ ਮਸਲੇ ਨੂੰ ਵਿਚਾਰਦਿਆਂ ਕਲਾ ਦਾ ਜੀਵਨ ਨਾਲ ਕੀ ਸਬੰਧ ਹੈ (ਲਿਖਣਾ ਵੀ ਕਲਾ ਹੈ) ਸਾਨੂੰ ਦੱਸਣਾ ਪਵੇਗਾ। ਕਲਾ ਦੇ ਪ੍ਰਗਟਾਵੇ ਦੇ ਵੱਖੋ-ਵੱਖਰੇ ਢੰਗ ਤਰੀਕੇ ਹਨ ਤੇ ਨਿੱਤ ਨਵੀਆਂ ਤਕਨੀਕਾਂ ਈਜਾਦ ਹੋ ਰਹੀਆਂ ਹਨ, ਇਸ ਬਾਰੇ ਵਿਚਾਰ ਵਟਾਂਦਰੇ ਦੇ ਮੌਕੇ ਪੈਦਾ ਕਰਨੇ ਚਾਹੀਦੇ ਹਨ। ਸਾਡੇ ਵਿਚੋਂ ਬਹੁਤ ਸਾਰੇ ਬਹਿਸ ਲਈ ਦਿਲਚਸਪੀ ਰੱਖਦੇ ਹਨ ਪਰ ਲੋੜ ਤਾਂ ਵਿਚਾਰ-ਵਟਾਂਦਰੇ ਦੀ ਹੈ, ਵਿਚਾਰਾਂ ਦੇ ਆਦਾਨ-ਪ੍ਰਦਾਨ ਦੀ। ਬਾਬਾ ਨਾਨਕ ਆਖਦੇ ਹਨ, "ਜਬ ਲਗ ਦੁਨੀਆਂ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਏ।" ਸਾਡੇ ਵਿਚੋਂ ਬਹੁਤਿਆਂ ਦੀ ਕਹਿਣ ਵਿਚ ਤਾਂ ਦਿਲਚਸਪੀ ਹੈ ਪਰ ਸੁਣਨ ਵਿਚ ਨਹੀਂ, ਪਰ ਹੁਕਮ ਤਾਂ ਪਹਿਲਾਂ ਸੁਣਨ ਦਾ ਹੈ।

ਨਿਰਪੱਖਤਾ ਬਾਰੇ ਦੋ ਸ਼ਬਦ ਜ਼ਰੂਰ ਕਹਿਣੇ ਚਾਹਾਂਗਾ, ਕਈ ਕਹਿ ਦਿੰਦੇ ਹਨ ਕਿ ਸਾਡੀ ਕੋਈ ਵਿਚਾਰਧਾਰਾ ਨਹੀਂ, ਅਸੀਂ ਕਿਸੇ ਪਾਸੇ ਨਹੀਂ, ਉਹ ਝੂਠ ਬੋਲਦੇ ਹਨ, ਬਾਬੇ ਨਾਨਕ ਦੇ ਸੰਦੇਸ਼ ਨੂੰ ਅਣਸੁਣਿਆਂ ਕਰ ਦਿੰਦੇ ਹਨ। ਆਉਣ ਵਾਲੀ ਪੀੜ੍ਹੀ ਨੂੰ ਸਾਨੂੰ ਬਾਬੇ ਵਲੋਂ ਦਿੱਤੇ ਸੰਦੇਸ਼ ਦੇ ਲੜ ਲਾਉਣਾ ਪਵੇਗਾ। ਬਾਬਾ ਨਾਨਕ ਦਾ ਸੰਦੇਸ਼ ਸਾਨੂੰ ਨਿਰਪੱਖ ਰਹਿਣ ਹੀ ਨਹੀਂ ਦਿੰਦਾ ਸਗੋਂ ਆਪਣੇ ਸਮਾਜ, ਆਪਣੇ ਲੋਕਾਂ ਨਾਲ ਪ੍ਰਤੀਬੱਧ ਹੋਣ ਦਾ ਹੋਕਾ ਦਿੰਦਾ ਹੈ। ਬਾਬਾ ਕੀ ਕਹਿੰਦਾ ਹੈ, :

**ਨੀਚਾ ਅੰਦਰਿ ਨੀਚ ਜਾਤਿ**
**ਨੀਚੀ ਹੂ ਅਤਿ ਨੀਚੁ ॥**
**ਨਾਨਕੁ ਤਿਨ ਕੈ ਸੰਗਿ ਸਾਥਿ**
**ਵਡਿਆ ਸਿਉ ਕਿਆ ਰੀਸ ॥**

ਸਾਨੂੰ ਆਪਣੀ ਕਲਾ ਰਾਹੀਂ, ਉਹ ਲਿਖਣ ਦੀ ਹੋਵੇ ਜਾਂ ਬੋਲਣ ਦੀ ਹੋਵੇ ਜ਼ਰੂਰ ਆਪਣੀ ਅਗਲੀ ਪੀੜ੍ਹੀ ਅੰਦਰ ਨੈਤਿਕ ਕਦਰਾਂ / ਕੀਮਤਾਂ ਦਾ ਪ੍ਰਚਾਰ ਤੇ ਪ੍ਰਸਾਰ ਕਰਨਾ ਚਾਹੀਦਾ ਹੈ, ਇਹ ਪ੍ਰਚਾਰ ਅਪਣੱਤ ਦੇ ਪ੍ਰਵਚਨ ਤੱਕ ਹੀ ਸੀਮਤ ਨਹੀਂ ਰਹੇਗਾ ਸਗੋਂ ਸਮਾਜ ਅੰਦਰ ਵਿਹਾਰਕ ਪੱਧਰ ਤੱਕ ਫੈਲ ਜਾਵੇਗਾ, ਜੋ ਸਾਡੇ ਫਿਕਰਾਂ ਨੂੰ ਦੂਰ ਕਰਦਿਆਂ, ਸਾਡੀਆਂ ਭਾਵਨਾਵਾਂ ਤੇ ਸਾਡੀ ਮਨਸਾ ਦੀ ਪੂਰਤੀ ਦਾ ਸਬੱਬ ਬਣ ਸਕਦਾ ਹੈ। ਇਹ ਵਰਤਾਰਾ ਸਾਡੀ ਅਗਲੀ ਪੀੜ੍ਹੀ ਦੇ ਕਾਰਜਾਂ ਵਿਚ ਜ਼ਰੂਰ ਸ਼ਾਮਲ ਹੋਣਾ ਚਾਹੀਦਾ ਹੈ। ਪਰ ਅਗਲੀ ਪੀੜ੍ਹੀ ਨੂੰ ਇਸ ਵਾਸਤੇ ਪ੍ਰੇਰਨਾ ਅੱਜ ਦੀ ਪੀੜ੍ਹੀ ਦਾ ਫਰਜ ਹੈ।

ਸਾਡੇ ਵਲੋਂ ਅਗਲੀ ਪੀੜ੍ਹੀ ਨੂੰ ਇਹ ਵੀ ਲਗਾਤਾਰ ਦੱਸਣਾ ਪਵੇਗਾ ਕਿ ਜਦੋਂ ਕੋਈ ਵੀ ਲਿਖਤ ਸਾਨੂੰ ਸਮਾਜ ਦੇ ਯਥਾਰਥ ਬਾਰੇ ਦੱਸ ਰਹੀ ਹੋਵੇ ਤਾਂ ਉਸ ਨਾਲ ਸਾਡੀ ਸਮਾਜਿਕ ਚੇਤਨਾ ਤਿੱਖੀ ਹੁੰਦੀ ਹੈ। ਪਰ ਸਾਡੇ ਵਿਚੋਂ ਬਹੁਤ ਸਾਰੇ ਲੋਕ ਚਿੰਤਾ ਵਿਚ ਹੀ ਫਸੇ ਰਹਿੰਦੇ ਹਨ, ਗੱਲ ਦਾ ਨਿਬੇੜਾ ਚਿੰਤਾ ਨੇ ਨਹੀਂ ਚਿੰਤਨ ਨੇ ਕਰਨਾ ਹੁੰਦਾ ਹੈ। ਸੋਚ ਦੇ ਪੱਖੋਂ ਚਿੰਤਾ ਕਿਸੇ ਮਸਲੇ ਵੱਲ ਧਿਆਨ ਦੇਣ/ਦਵਾਉਣ ਦਾ ਪਹਿਲਾ ਕਦਮ ਹੁੰਦਾ ਹੈ। ਚਿੰਤਾ ਤੋਂ ਚਿੰਤਨ ਤੱਕ ਦਾ ਸਫਰ ਕਿਸੇ ਮਸਲੇ ਬਾਰੇ ਪ੍ਰਤੀਬੱਧਤਾ ਦੀ ਨਿਸ਼ਾਨੀ ਹੁੰਦਾ ਹੈ। ਚਿੰਤਨ ਜਿੰਨਾ ਗੰਭੀਰ ਹੋਵੇ ਕਿਸੇ ਮਸਲੇ ਦਾ ਹੱਲ ਓਨਾ ਸੌਖਾ ਹੋ ਜਾਂਦਾ ਹੈ। ਇਹ ਵੀ ਯਾਦ ਰੱਖਣ ਵਾਲੀ ਗੱਲ ਕਿ ਸਮਾਜਿਕ ਬਰਾਬਰੀ ਦੀ ਗੱਲ ਨਾ ਕਰਨ ਵਾਲੀ ਅਵਾਰਾ ਸੋਚ ਕਿਸੇ ਵੀ ਸਮਾਜ ਲਈ ਖਤਰਨਾਕ ਹੁੰਦੀ ਹੈ।

ਸ਼ਬਦ ਦੇ ਸਾਧਕਾਂ ਨੂੰ ਯਾਦ ਰੱਖਣਾ ਚਾਹੀਦਾ ਹੈ, ਸ਼ਬਦ ਦਾ ਸੰਸਾਰ ਮਨੁੱਖ ਨੂੰ ਸੱਭਿਅਕ ਬਣਾਉਣ ਲਈ ਅਤਿਅੰਤ ਜ਼ਰੂਰੀ ਹੈ। ਕਿਸੇ ਵੀ ਸੋਚਵਾਨ ਕਲਮਕਾਰ ਵਾਸਤੇ ਸ਼ਬਦ ਉਸ ਦਾ ਕੀਮਤੀ ਸਰਮਾਇਆ ਹੁੰਦੇ ਹਨ।

ਸ਼ਬਦ ਦੇ ਸਬੰਧ ਵਿਚ ਲਿਖਦਿਆਂ ਹਿੰਦੀ ਭਾਸ਼ਾ ਦਾ ਉੱਘਾ ਲੇਖਕ ਤੇ ਹਿੰਦੀ ਮਾਸਿਕ "ਹੰਸ" ਦਾ ਸੰਪਾਦਕ ਰਾਜੇਂਦਰ ਯਾਦਵ ਕਹਿੰਦਾ ਹੈ, "ਇਸ ਬਾਰੇ ਨਹੀਂ ਸੋਚਣਾ ਚਾਹੀਦਾ ਕਿ ਸ਼ਬਦ ਦਾ ਭਵਿੱਖ ਕੀ ਹੋਵੇਗਾ, ਸਗੋਂ ਗੱਲ ਭਵਿੱਖ ਦੇ ਸ਼ਬਦ 'ਤੇ ਹੋਣੀ ਚਾਹੀਦੀ ਹੈ"। ਭਵਿੱਖ ਦੇ ਓਸ ਸ਼ਬਦ ਦੀ ਸਿਰਜਣਾ ਸਾਡੀ ਆਉਣ ਵਾਲੀ ਪੀੜ੍ਹੀ ਨੇ ਕਰਨੀ ਹੈ। ਇਸ ਲਈ ਅਗਲੀ ਪੀੜ੍ਹੀ ਨੂੰ ਇਸ ਸਬੰਧੀ ਸੁਚੇਤ ਕਰਦਿਆਂ ਇਸ ਦੇ ਹਾਂਅ ਪੱਖੀ ਹੁੰਗਾਰੇ ਬਾਰੇ ਸਾਨੂੰ ਆਸ ਅਤੇ ਵਿਸ਼ਵਾਸ ਰੱਖਣਾ ਪਵੇਗਾ।

ਸ਼ਬਦ ਤੋਂ ਵਿਚਾਰ ਦਾ ਸਫਰ ਵੀ ਇਸ ਪੀੜ੍ਹੀ ਦੇ ਹਿੱਸੇ ਆਵੇਗਾ ਜੋ ਇਸ ਧਰਤੀ ਦੇ ਜੰਮੇ-ਜਾਏ ਹਨ, ਆਪਣੀ ਜੰਮਣ ਭੋਇੰ ਲਈ ਹਰ ਮਨੁੱਖ ਕਰਜ਼ਦਾਰ ਹੁੰਦਾ ਹੈ, ਇਨ੍ਹਾਂ ਪੰਜਾਬੀ ਪਿਛੋਕੜ ਅਤੇ ਪੰਜਾਬੀ ਵਿਰਸੇ ਦੇ ਪਿਛੋਕੜ ਵਾਲੀ ਨਵੀਂ ਪੀੜ੍ਹੀ ਵਾਸਤੇ ਨਵੀਆਂ ਅਤੇ ਦੋਹਰੀਆਂ ਚੁਣੌਤੀਆਂ ਹੋਣਗੀਆਂ, ਪਰ ਹੱਲ ਵੀ ਇਨ੍ਹਾਂ ਨੇ ਆਪ ਹੀ ਲੱਭਣਾ ਹੈ। ਪਰਵਾਸੀ ਬੜੀ ਦੇਰ ਤੋਂ ਪਰਵਾਸੀ ਨਹੀਂ ਰਹੇ ਆਵਾਸੀ ਹੋ ਗਏ ਹਨ, ਇਨ੍ਹਾਂ ਮੁਲਕਾਂ ਦੇ ਬਾਸ਼ਿੰਦੇ (ਨਾਗਰਿਕ) ਹਨ, ਹੁਣ ਇਹ ਸਾਡੇ ਆਪਣੇ ਵਤਨ ਹਨ। ਆਪਣੇ ਵਤਨ ਦੀ ਖੈਰ-ਸੁੱਖ ਵਾਸਤੇ ਸਾਂਝ ਭਰੇ ਜਤਨ ਕਰਨੇ ਹਰ ਕਿਸੇ ਲਈ ਬਹੁਤ ਜ਼ਰੂਰੀ ਹੁੰਦੇ ਹਨ।

# ਸੂਖ਼ਮ ਪੇਸ਼ਕਾਰੀ ਦਾ ਕਮਾਲ : ਸੁਰਿੰਦਰ ਗੀਤ ਕਾਵਿ

(ਸਫ਼ਾ 17 ਦੀ ਬਾਕੀ)

ਜਿਹੜਾ ਕਾਵਿਕ ਗੁਣ ਲੋਕਪ੍ਰਿਯਤਾ ਦਾ ਹੱਕਦਾਰ ਬਣਾਉਂਦਾ ਹੈ, ਉਹ ਹੈ ਉਸਦੀ ਕਾਵਿ ਪ੍ਰਤਿਭਾ ਵਿਚ ਵਿਦਮਾਨ ਕਹਿਰਾਂ ਦੀ ਰਵਾਨੀ। ਉਸਦੀ ਚੇਤਨਾ ਕਿਸੇ ਲੈਅ ਵਿਚ ਥਰਕਦੀ ਹੈ। ਉਸਦੀ ਸ਼ਬਦ ਚੋਣ, ਸ਼ਬਦ ਘਾੜਤ ਅਤੇ ਬੀੜ੍ਹਤ ਅਨੁਪਮ ਤੇ ਨਿਰਾਲੀ ਹੈ। ਕਵਿਤਰੀ ਦੇ ਸ਼ਬਦਾਂ ਵਿਚ ਬੇਹੱਦ ਤਾਕਤ ਹੁੰਦੀ ਹੈ। ਇਨ੍ਹਾਂ ਨੂੰ ਜਦ ਕਵਿਤਾਵਾਂ ਵਿਚ ਢਾਲਿਆ ਜਾਂਦਾ ਹੈ, ਤਦ ਹੀ ਇਨ੍ਹਾਂ ਦੀ ਅਸਲ ਤਾਕਤ ਦਾ ਬੋਧ ਹੁੰਦਾ ਹੈ :

**ਤੜਕਸਾਰ**
**ਇਕ ਸ਼ਬਦ ਸੁਨੱਖੇ**
**ਮੈਨੂੰ ਆਣ ਜਗਾਇਆ**
**ਕਹਿਣ**
**ਉੱਠ ਕਰ ਇਸ਼ਨਾਨਾ**
**ਮੇਰੇ ਸਾਹਵੇਂ ਬਹਿ ਜਾ**
**ਤੇਰੇ ਲਈ ਮੈਂ ਅੱਗ ਦਾ ਭੋਰਾ**
**ਮੰਗ ਸੂਰਜ ਤੋਂ ਲਿਆਇਆ...**
**ਅਦਬ ਪਿਆਰ ਦੇ ਨਾਲ ਉਸਨੇ**
**ਅੱਗ ਦਾ ਭੋਰਾ**
**ਨੈਣਾਂ 'ਚੋਂ ਦੋ ਹੰਝੂ ਕਿਰ ਕੇ**
**ਅਗਨੀ ਦੇ ਸੰਗ ਰਲ ਗਏ**
**ਮੇਰੀ ਤਲੀ ਟਿਕਾਇਆ...**
**ਵੇਂਹਦੇ-ਵੇਂਹਦੇ ਕਾਗਜ਼ ਉੱਤੇ**
**ਹੜ੍ਹ ਕਵਿਤਾ ਦਾ ਆਇਆ।**

**(ਸ਼ਬਦ ਸੁਨੱਖੇ)**

ਸੁਰਿੰਦਰ ਦੀ ਸਰਬਾਂਗੀ ਕਵਿਤਾ ਉਸਦੇ ਵਸਤੂਗਤ ਅਤੇ ਰੂਪਗਤ ਸਰੋਕਾਰਾਂ ਅਤੇ ਵਿਚਾਰਾਂ ਦਾ ਰੂਪਾਂਤਰਣ ਹੈ। ਉਸਦੀ ਕਵਿਤਾ ਦਾ ਕੱਦ ਉਸਦੇ ਵਿਅਕਤਿਤਵ ਜਿੰਨਾ ਹੈ, ਇਉਂ ਕਹਿਣਾ ਵੀ ਉਚਿਤ ਹੈ ਕਿ ਉਸਦੇ ਉੱਚੇ-ਸੁੱਚੇ ਵਿਅਕਤਿਤਵ ਦੇ ਕੱਦ ਜਿੱਡੀ ਉਸਦੀ ਕਵਿਤਾ ਹੈ। ਸੁਰਿੰਦਰ 'ਚੋਂ ਕਵਿਤਾ, ਕਵਿਤਾ 'ਚੋਂ ਗੀਤ ਨਜ਼ਰ ਆਉਂਦੀ ਹੈ। ਸੁਰਿੰਦਰ 'ਸੁਰਿੰਦਰ' ਕਰ ਕੇ ਚਰਚਿਤ ਨਹੀਂ, ਸੁਰਿੰਦਰ 'ਗੀਤ' ਅਤੇ 'ਕਵਿਤਾ' ਕਰਕੇ ਚਰਚਿਤ ਹੈ।13 ਉਸਦੀ ਕਵਿਤਾ ਕਦੇ ਇਕ ਸ਼ਬਦ ਵਿਚੋਂ ਸੰਚਾਰਿਤ ਹੁੰਦੀ ਹੈ, ਕਦੇ ਕਿਸੇ ਵਾਕ ਵਿਚੋਂ ਅਤੇ ਕਦੇ ਸਮੁੱਚੀ ਕਵਿਤਾ ਦੇ ਕੇਂਦਰੀ ਭਾਵ ਵਜੋਂ। ਉਸਦੀ ਕਵਿਤਾ ਵਿਚ ਪਾਠਕ ਨੂੰ ਸਹਿਜ-ਸੁਭਾਅ ਆਪਣੇ ਨਾਲ ਤੋਰਨ ਦੀ ਨਿਵੇਕਲੀ ਖਿੱਚ ਹੈ। ਇਸ ਖਿੱਚ ਦਾ ਮੂਲ ਆਧਾਰ ਸਰੋਤ ਹੈ। ਉਸਦੇ ਗਹਿਨ-ਗੰਭੀਰ ਵਿਚਾਰ ਅਤੇ ਇਨ੍ਹਾਂ ਵਿਚਾਰਾਂ ਦੀ ਸੂਖ਼ਮ ਪੇਸ਼ਕਾਰੀ। ਸੱਚ ਤਾਂ ਇਹ ਹੈ ਕਿ ਸੁਰਿੰਦਰ ਗੀਤ ਨੂੰ ਕਵਿਤਾ ਦੀ ਹੋਂਦ ਵਿਧੀ ਦਾ ਪੂਰਨ ਬੋਧ ਹੈ।

ਹਵਾਲੇ ਅਤੇ ਟਿੱਪਣੀਆਂ

1. ਹਰਿਭਜਨ ਸਿੰਘ ਭਾਟੀਆ, ਸੰਵਾਦ ਪੁਨਰ-ਸੰਵਾਦ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2012, ਪੰਨਾ 9.
2. ਡਾ. ਯੋਗਰਾਜ, ਨਵੀਂ ਪੰਜਾਬੀ ਕਵਿਤਾ ਤੇ ਸੁਹਜ ਸ਼ਾਸਤਰ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2006, ਪੰਨਾ 13.
3. ਡਾ. ਦੇਵਿੰਦਰ ਸੈਫ਼ੀ, "ਸੰਵੇਦਨਸ਼ੀਲ ਕਵਿਤਰੀ", ਸ਼ਬਦ ਸੁਨੱਖੇ, ਸੁਰਿੰਦਰ ਗੀਤ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2019, ਪੰਨਾ 10.
4. ਡਾ. ਯੋਗਰਾਜ, ਉਹੀ, ਪੰਨਾ 33.
5. ਡਾ. ਸੁਰਜੀਤ ਬਰਾੜ, ਸੁਰਿੰਦਰ ਗੀਤ ਕਾਵਿ : ਦ੍ਰਿਸ਼ਟੀਗਤ ਪ੍ਰਵਚਨ, ਨਵਰੰਗ ਪਬਲੀਕੇਸ਼ਨਜ਼, ਸਮਾਣਾ, 2019, ਪੰਨਾ 9.
6. ਡਾ. ਸਤਿੰਦਰ ਸਿੰਘ, ਵਿਹਾਰਕ ਸਮੀਖਿਆ : ਕਵਿਤਾ ਤੇ ਵਾਰਤਕ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011, ਪੰਨਾ 5.
7. "A figure of speech in which one thing is described in terms of another. The basic figure of poetry." J. A. Cuddon, Dictionary of Literary terms Ú Literary theory, Penguin Books, London, 1999.
8. ਤਸਕੀਨ, ਸੱਤਾ ਦਾ ਪ੍ਰਵਚਨ ਅਤੇ ਪੰਜਾਬੀ ਕਵਿਤਾ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2007, ਪੰਨਾ 13.
9. ਸੁਦਰਸ਼ਨ ਗਾਸੋ, ਪੰਜਾਬੀ ਕਵਿਤਾ : ਵਿਸ਼ਲੇਸ਼ਣ ਤੇ ਮੁੱਲਾਂਕਣ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2007, ਪੰਨਾ 18.
10. ਡਾ. ਸੁਖਦੇਵ ਸਿੰਘ ਸਿਰਸਾ, "ਸ਼ਬਦ ਸੁਨੱਖੇ", ਸ਼ਬਦ ਸੁਨੱਖੇ, ਪੰਨਾ 9.
11. ਹਰਿਭਜਨ ਸਿੰਘ, ਸਾਹਿਤ ਵਿਗਿਆਨ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ 2002, ਪੰਨਾ 64.
12. ਸੁਰਜੀਤ ਪਾਤਰ, "ਦੋ ਸ਼ਬਦ", ਸ਼ਬਦ ਸੁਨੱਖੇ, ਪੰਨਾ 8.
13. ਡਾ. ਸੁਰਜੀਤ ਬਰਾੜ, ਉਹੀ, ਪੰਨਾ 8.


# ਜਦੋਂ ਦਰਿਆ ਸੁਕਦੇ ਨੇ...



ਡਾ. ਕੁਲਦੀਪ ਸਿੰਘ
98151-15429

**ਪੁਸਤਕ : ਜਦੋਂ ਦਰਿਆ ਸੁਕਦੇ ਨੇ...**
**(ਵਾਰਤਕ)**
**ਫਰੈਂਡ ਪੀਅਰਸ**
**ਅਨੁਵਾਦ ਤੇ ਸੰਪਾਦਨ**
**ਗੁਰਰੀਤ ਬਰਾੜ**
**ਚੇਤਨਾ ਪ੍ਰਕਾਸ਼ਨ**
**ਪੰਜਾਬੀ ਭਵਨ, ਲੁਧਿਆਣਾ**
**ਕੀਮਤ : 595/- ਰੁਪਏ**

**ਫਰੈਂਡ ਪੀਅਰਸ ਦਹਾਕਿਆਂ ਤੋਂ ਵਾਤਾਵਰਣ ਅਤੇ ਵਿਗਿਆਨ ਬਾਰੇ ਲੇਖਣੀ ਕਰਦਾ ਆ ਰਿਹਾ ਹੈ। ਉਹ ਇੰਗਲੈਂਡ ਦੇ ਅਜਿਹੇ ਪਿੰਡ ਵਿਚ ਪੈਦਾ ਹੋਇਆ ਜਿਥੋਂ ਦੋ ਦਰਿਆ ਆਪਣਾ ਸਫ਼ਰ ਸ਼ੁਰੂ ਕਰਦੇ ਸਨ। ਇਸ ਕਰਕੇ ਉਸਨੂੰ ਬਚਪਨ ਵਿਚ ਹੀ ਦਰਿਆਵਾਂ ਦੀ ਤਾਕਤ ਦਾ ਅਹਿਸਾਸ ਹੋ ਗਿਆ ਸੀ। ਉਸ ਨੇ ਦੁਨੀਆ ਦੇ ਪ੍ਰਸਿੱਧ ਅਖ਼ਬਾਰ ਡੇਲੀ ਟੈਲੀਗ੍ਰਾਫ਼, ਗਾਰਡੀਅਨ, ਇੰਡੀਪੇਡੈਂਟ ਤੇ ਟਾਈਮਜ਼ ਹਾਇਰ ਐਜੂਕੇਸ਼ਨ ਨਾਲ ਕਾਰਜ ਕੀਤਾ ਹੈ। ਉਹ ਧਰਤੀ, ਪਾਣੀ, ਜੰਗਲਾਤ ਅਤੇ ਕੁਦਰਤ ਦੇ ਵਿਸ਼ਿਆਂ 'ਤੇ ਖੋਜ ਭਰਪੂਰ ਕਾਰਜ ਕਰਨ ਕਰਕੇ ਇਹ ਹਥਲੀ ਪੁਸਤਕ ਜਿਹੜੇ ਉਸ ਦੇ 20 ਸਾਲਾਂ ਦੀ ਸਾਧਨਾ ਅਤੇ 60 ਮੁਲਕਾਂ ਦੇ ਖੋਜਬੀਨ ਸਫ਼ਰ ਕਾਰਨ ਹੋਂਦ ਵਿਚ ਆਈ ਹੈ।**





ਵਿਸ਼ਵ ਪ੍ਰਸਿੱਧ ਲੇਖਕ ਤੇ ਨਿਊ ਸਾਇੰਟਿਸਟ ਮੈਗਜ਼ੀਨ ਵਾਤਾਵਰਣ ਤੇ ਵਿਗਿਆਨਕ ਮਾਮਲਿਆਂ ਦੇ ਪ੍ਰਵਕਤਾ ਦੀ ਪੁਸਤਕ 'ਜਦੋਂ ਦਰਿਆ ਸੁਕਦੇ ਨੇ...' ਦਾ ਪੰਜਾਬੀ ਅਨੁਵਾਦ ਖੇਤੀ ਵਿਗਿਆਨੀ ਡਾ. ਗੁਰਰੀਤ ਸਿੰਘ ਬਰਾੜ ਨੇ ਦੁਨੀਆ ਦੇ ਸਾਹਰਗ ਦਰਿਆਵਾਂ ਨੂੰ ਸਮਝਣ ਲਈ ਇਹ ਕਾਰਜ ਕਰਕੇ ਵਡਮੁੱਲਾ ਯੋਗਦਾਨ ਪਾਇਆ ਹੈ। ਅਜੋਕੇ ਪਾਣੀਆਂ, ਮੌਸਮਾਂ, ਜੰਗਲਾਂ ਅਤੇ ਕੁਦਰਤ ਨਾਲ ਜੁੜੇ ਮਸਲਿਆਂ ਨੂੰ ਸਮਝਣ ਲਈ ਪੰਜਾਬੀਆਂ ਵਾਸਤੇ ਇਹ ਮੁੱਲਵਾਨ ਪੁਸਤਕ ਹੈ। ਇਸ ਪੁਸਤਕ ਦਾ ਦੁਨੀਆ ਦੀਆਂ 40 ਭਾਸ਼ਾਵਾਂ ਵਿਚ ਅਨੁਵਾਦ ਹੋ ਚੁੱਕਾ ਹੈ। ਇਸ ਦੇ ਲੇਖਕ ਫਰੈਂਡ ਪੀਅਰਸ ਨੇ 60 ਤੋਂ ਵੱਧ ਮੁਲਕਾਂ ਦੇ ਦਰਿਆਵਾਂ ਤੇ ਹੋਰ ਜਲ ਸਰੋਤਾਂ ਦੀ ਬੇਕਦਰੀ ਤੇ ਹੋਣੀ ਬਾਰੇ ਅਹਿਮ ਜਾਣਕਾਰੀ ਇਕੱਤਰ ਕਰਦਿਆਂ 20 ਵਰ੍ਹੇ ਇਸ ਖੋਜਕਾਰਜ ਵਾਲੀ ਪੁਸਤਕ ਲਈ ਸਮਰਪਿਤ ਕੀਤੇ। ਅਨੁਵਾਦਕ ਗੁਰਰੀਤ ਬਰਾੜ ਨੇ ਵੀ ਇਹ ਅਹਿਸਾਸ ਦਰਜ ਕੀਤਾ ਹੈ ਕਿ ਇਹ ਪੁਸਤਕ ਪਾਣੀਆਂ, ਦਰਿਆਵਾਂ ਤੇ ਕਿਸਾਨਾਂ ਦੀ ਹੋਣੀ ਤੇ ਅਣਹੋਣੀ ਦੇ ਨਾਲ ਨਾਲ ਕੁਦਰਤੀ ਸੋਮਿਆਂ ਦੀ ਅਹਿਮੀਅਤ ਦਾ ਅਹਿਸਾਸ ਕਰਵਾਉਂਦੀ ਹੈ।

ਇਸ ਪੁਸਤਕ ਦੇ 11 ਭਾਗ ਹਨ ਜਿਹੜੇ 40 ਅਧਿਆਇ ਵਿਚ ਵੰਡੇ ਹੋਏ ਹਨ, ਜਿਨ੍ਹਾਂ ਵਿਚ ਦਰਿਆਵਾਂ ਦੀ ਸਮਰੱਥਾ ਤੋਂ ਲੈ ਕੇ ਜਲ ਚੱਕਰ ਵਿਚ ਆਏ ਵਿਗਾੜਾਂ ਨੂੰ ਦਰਸਾਇਆ ਗਿਆ ਹੈ। ਜਿਹੜੇ ਦਰਿਆ ਮਰ ਰਹੇ ਹਨ ਉਨ੍ਹਾਂ ਨੂੰ ਤਰਾਸਦਿਕ ਢੰਗ ਨਾਲ ਇਕ ਦੀਵਾਲੀਆ ਦਰਿਆ ਤੋਂ ਲੈ ਕੇ ਸਰਹੱਦੀ ਦਰਿਆਵਾਂ ਦੇ ਆਰ-ਪਾਰ ਦੀ ਦਾਸਤਾਨ ਦੇ ਰੂਪ ਵਿਚ ਦਰਜ ਕੀਤਾ ਗਿਆ ਹੈ। ਜੋ ਦਰਿਆ ਮੌਤ ਦੇ ਸਾਗਰ ਬਣ ਗਏ ਅਤੇ ਜਿਨ੍ਹਾਂ ਦੇ ਦਿਲ ਅਜੇ ਧੜਕਦੇ ਹਨ, ਪਰ ਦੇਰ ਸਵੇਰ ਮਰ ਜਾਣਗੇ ਉਨ੍ਹਾਂ ਦੇ ਨਾਲ-ਨਾਲ ਧਰਤੀ ਵਿਚੋਂ ਅੰਨ੍ਹੇਵਾਹ ਖਿੱਚਿਆ ਜਾਂਦਾ ਪਾਣੀ ਅਤੇ ਉਤਪੰਨ ਹੋ ਰਹੀਆਂ ਤਰਾਸਦੀਆਂ ਜਿਸ ਵਿਚ ਸਭ ਤੋਂ ਵੱਡਾ ਜ਼ਿਕਰ ਬੰਗਲਾਦੇਸ਼ ਵਿਚ ਸੰਸਾਰ ਦੀ ਸਭ ਤੋਂ ਵੱਡੀ ਸਮੂਹਿਕ ਜ਼ਹਿਰਨੋਸ਼ੀ ਦਾ ਨਾਂ ਵਿਸ਼ਵ ਸਿਹਤ ਸੰਸਥਾ ਨੇ ਦਿੱਤਾ ਹੈ ਕਿਉਂਕਿ ਬੰਗਲਾਦੇਸ਼ ਦੇ 68 ਹਜ਼ਾਰ ਪਿੰਡਾਂ ਵਿਚ ਖਾਮੋਸ਼ ਤੇ ਭਿਆਨਕ ਮਹਾਂਮਾਰੀ ਮੂੰਹ ਅੱਡੀ ਖੜ੍ਹੀ ਹੈ। ਚੀਨ ਦੇ ਵਧੇਰੇ ਖੇਤਰ ਸ਼ਿਨਜਿਆਂਗ, ਅੰਦਰੂਨੀ ਮੰਗੋਲੀਆ, ਹੈਨਾਨ, ਸ਼ੈਂਡੋਂਗ ਤੇ ਜ਼ਿਆਂਗਸੂ ਵਿਚ ਦੋ ਕਰੋੜ ਲੋਕਾਂ ਨੂੰ ਧਰਤੀ ਹੇਠਲੇ ਪਾਣੀ ਵਿਚੋਂ ਆਰਸੈਨਿਕ ਦੀ ਬਹੁਤਾਤ ਕਰਕੇ ਖਤਰਾ ਦਰਪੇਸ਼ ਹੈ। ਇਸੇ ਤਰ੍ਹਾਂ ਦੁਨੀਆ ਦੇ ਕਈ ਖੇਤਰਾਂ ਦੀਆਂ ਝੀਲਾਂ ਜੋ ਹੜ੍ਹ ਰਾਹੀਂ ਤਰਾਸਦੀ ਲਿਆਉਂਦੀਆਂ ਹਨ। ਡੈਮਾਂ ਦੀ ਉਸਾਰੀ ਨਾਲ ਕਿਸ ਤਰ੍ਹਾਂ ਪਾਣੀਆਂ ਦੇ ਨਵੇਂ ਸੰਕਟ ਉਤਪੰਨ ਹੋ ਰਹੇ ਹਨ। ਲੇਖਕ ਅਨੁਸਾਰ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਦਰਿਆ ਖੇਤੀਬਾੜੀ ਤੇ ਵਿਅਗਤੀਗਤ ਲੋੜਾਂ ਤੇ ਖਪਤਾਂ ਲਈ ਕੇਂਦਰੀ ਸਰੋਤ ਹਨ। ਹੁਣ ਭਵਿੱਖ ਵਿਚ ਇਹ 2025 ਤੱਕ ਪਾਣੀ ਦੇ ਸੰਕਟ ਕਾਰਨ ਭੋਜਨ ਪੈਦਾਵਾਰ ਵਿਚ ਸੰਕਟ ਉਤਪੰਨ ਕਰ ਦੇਣਗੇ। ਹਜ਼ਾਰਾਂ ਸਾਲਾਂ ਤੋਂ ਦਰਿਆਵਾਂ ਨੇ ਸਿਰਫ਼ ਜ਼ਮੀਨ ਨੂੰ ਹੀ ਨਹੀਂ ਸਿੰਜਿਆ ਬਲਕਿ ਉਥੋਂ ਦੇ ਸਭਿਆਚਾਰਕ ਇਤਿਹਾਸ ਦਾ ਮੂੰਹ ਮੱਥਾ ਵੀ ਸੰਵਾਰਿਆ ਸੀ। ਜੀਵਨ ਦੇ ਹਰੇਕ ਰੰਗ, ਢੰਗ ਤੋਂ ਲੈ ਕੇ ਖਾਧ ਖੁਰਾਕ ਤੱਕ ਨੂੰ ਪ੍ਰਭਾਵਿਤ ਤੇ ਪ੍ਰਭਿਸ਼ਤ ਕੀਤਾ ਸੀ। ਇਸ ਕਿਤਾਬ ਨੂੰ ਪੜ੍ਹਦੇ ਸਮੇਂ ਪਾਠਕ ਪੰਜਾਬ ਦੇ ਦਰਿਆਵਾਂ ਬਾਰੇ ਸੋਚਦਾ ਰਹੇਗਾ। ਦੁਨੀਆ ਭਰ ਦੇ ਦਰਿਆਵਾਂ ਦੀ ਦੁਰਗਤੀ ਤੇ ਸਥਿਤੀ ਸਮਝਦਿਆਂ ਪੰਜਾਬ ਦੇ ਹਰੇਕ ਬਾਸ਼ਿੰਦੇ ਨੂੰ ਇਹ ਸੋਚਣ ਲਈ ਮਜਬੂਰ ਕਰਦੀ ਹੈ ਜਿਵੇਂ ਦੁਨੀਆ ਦੇ ਦਰਿਆ ਖ਼ੂਨ ਤੇ ਪਾਣੀ ਦੀਆਂ ਜੰਗਾਂ ਸਮੇਂ ਇਕਮੁਕਤੀ ਨੂੰ ਦਰਸਾਉਂਦੇ ਹਨ ਉਸੇ ਤਰ੍ਹਾਂ ਸਾਡੇ ਦਰਿਆਵਾਂ ਨੂੰ ਯਾਦ ਕਰਦਿਆਂ ਪੁਰਖਿਆਂ ਦੀਆਂ ਕਹਾਣੀਆਂ ਮੁੜ ਤਾਜ਼ਾ ਹੋ ਜਾਂਦੀਆਂ ਹਨ। ਦਰਿਆਵਾਂ ਦੀ ਕਾਣੀ ਵੰਡ ਹਰੇਕ ਮੁਲਕ ਹੰਢਾਅ ਰਿਹਾ ਹੈ। ਦਰਿਆਵੀ ਪਾਣੀ ਲੋਕਾਂ ਦੇ ਧੀਆਂ ਪੁੱਤਾਂ ਲਈ ਚੀਸ ਬਣ ਕੇ ਅੱਜ ਵੀ ਉਭਰ ਰਹੇ ਹਨ। ਹਜ਼ਾਰਾਂ ਸਾਲਾਂ ਤੋਂ ਜਿਨ੍ਹਾਂ ਦਰਿਆਵਾਂ ਨੇ ਮਨੁੱਖੀ ਇਤਿਹਾਸ ਨੂੰ ਆਪਣੇ ਕੰਢਿਆਂ ਉਪਰ ਉਸਾਰਿਆ। ਇਥੋਂ ਤੱਕ ਭਾਰਤ ਵਿਚ ਕਰੋੜਾਂ ਲੋਕ ਗੰਗਾ ਨਦੀ ਦੇ ਪਾਣੀ ਨੂੰ ਪਵਿੱਤਰ ਮੰਨਦਿਆਂ ਆਪਣੇ ਘਰਾਂ ਵਿਚ ਲਿਆ ਕੇ ਰੱਖਦੇ ਹਨ।

ਪੁਸਤਕ ਦੇ ਲੇਖਕ ਨੇ ਦਰਿਆਵਾਂ ਦੀਆਂ ਗਾਥਾਵਾਂ ਬਾਰੇ ਜ਼ਿਕਰ ਕਰਦਿਆਂ ਲਿਖਿਆ, "ਮਿਸਰ ਦੇ ਨੀਲ ਦਰਿਆ, ਚੀਨ ਦੇ ਪੀਲੇ ਦਰਿਆ, ਪਾਕਿਸਤਾਨ ਵਿਚਲੇ ਸਿੰਧ ਤੇ ਅਮਰੀਕਾ ਵਿਚਲੇ ਕੋਲੋਰਾਡੋ ਤੇ ਰੀਓ ਗਰੈਂਡ ਦਰਿਆ ਸਮੁੰਦਰ ਤੋਂ ਸੈਂਕੜੇ ਮੀਲ ਪਹਿਲਾਂ ਹੀ ਰੇਤਿਆਂ ਵਿਚ ਜਜ਼ਬ ਹੋ ਰਹੇ ਹਨ।" ਇਹ ਵੱਡੀ ਤਰਾਸਦੀ ਹੈ। ਇਸੇ ਤਰ੍ਹਾਂ ਇਜ਼ਰਾਇਲ, ਜਾਰਡਨ ਦਰਿਆ ਵਿਚੋਂ ਪਾਣੀ ਦੀਆਂ ਵਿਸਾਲ ਪਾਈਪਾਂ ਭਰ ਭਰ ਕੇ ਇਸ ਨੂੰ ਜਾਰਡਨ ਦੇਸ਼ ਵਿਚ ਦਾਖਲ ਹੋਣ ਤੋਂ ਪਹਿਲਾਂ ਖਾਲੀ ਕਰ ਦਿੰਦਾ ਹੈ ਜਿਸ ਦਰਿਆ ਦਾ ਨਾਂ ਉਸ ਦੇਸ਼ ਨਾਮ ਉਪਰ ਹੀ ਪਿਆ ਹੈ। ਦੁਨੀਆ ਦੇ ਤਿੰਨ ਸਭ ਤੋਂ ਵੱਡੇ ਦਰਿਆ ਐਮੇਜ਼ਾਨ, ਕੌਂਗੋ ਤੇ ਉਰੀਨੋਕੋ ਸੰਘਣੇ ਜੰਗਲਾਂ 'ਚੋਂ ਲੰਘਣੇ ਹਨ ਜਿਥੇ ਮਨੁੱਖਤਾ ਨਹੀਂ ਵਸ ਰਹੀ। ਭਲਾ ਹੀ ਅੱਜ ਦੁਨੀਆ ਦੀਆਂ ਨਜ਼ਰਾਂ ਇਜ਼ਰਾਇਲ ਤੇ ਫਲਸਤੀਨ ਉਪਰ ਲੱਗੀਆਂ ਹੋਈਆਂ ਹਨ, ਉਥੋਂ ਦੀ ਤਰਾਸਦੀ ਇਹ ਹੈ ਕਿ ਫਲਸਤੀਨੀ ਲੋਕ ਪੀਣ ਵਾਲੇ ਪਾਣੀ ਦੀ ਘਾਟ ਨਾਲ ਜੂਝ ਰਹੇ ਹਨ। ਗਾਜ਼ਾਪੱਟੀ ਦੇ ਇਰਦ-ਗਿਰਦ 10 ਲੱਖ ਲੋਕਾਂ ਕੋਲ ਪ੍ਰਤੀ ਜੀਅ ਤਾਜ਼ੇ ਪਾਣੀ ਦੀ ਉਪਲਬੱਧਤਾ ਦੁਨੀਆ ਵਿਚ ਸਭ ਤੋਂ ਘੱਟ ਹੈ। ਇਸੇ ਤਰ੍ਹਾਂ ਯੂਰਾਲ ਸਾਗਰ ਨੂੰ ਭਰਨ ਵਾਲੇ ਦੋ ਦਰਿਆਵਾਂ ਦੇ ਸੁੱਕਣ ਮਗਰੋਂ ਉਥੇ ਕੈਂਸਰ ਫੈਲਿਆ, ਇਰਾਕ ਤੇ ਉਜਬੇਕਿਸਤਾਨ ਦੀਆਂ ਜ਼ਮੀਨਾਂ ਵਿਚ ਲੂਣ ਵਧੇ ਹਨ। ਦੁਨੀਆ ਦੇ ਦਰਿਆਵਾਂ ਦਾ ਅਜਿਹਾ ਸੰਕਟ ਕਿਉਂ ਵਾਪਰਿਆ? ਕੀ ਵਾਪਰਦਾ ਹੈ ਜਦੋਂ ਦਰਿਆ ਸੁਕਦੇ ਹਨ? ਅਸੀਂ ਕਿੱਧਰ ਜਾ ਰਹੇ ਹਨ? ਲੇਖਕ ਨੇ ਦਰਜ ਕੀਤਾ ਕਿ "ਮੈਂ ਇਕ ਅਜਿਹੇ ਆਦਮੀ ਨੂੰ ਮਿਲਿਆ ਜੋ ਕਦੀ ਦੁਨੀਆ ਦੇ ਸਭ ਤੋਂ ਵੱਡੇ ਬੰਨ੍ਹ ਬਣਾਉਣ ਵਾਲੀ ਸੰਸਥਾ ਚਲਾਉਂਦਾ ਸੀ। ਅੱਜ ਕੱਲ੍ਹ ਡੈਮਾਂ ਢਾਹ ਸੁੱਟਣ ਦੀ ਮੁਹਿੰਮ ਚਲਾ ਰਿਹਾ ਹੈ" ਪ੍ਰੰਤੂ ਤਰਾਸਦੀ ਇਹ ਹੈ ਕਿ ਚੀਨ ਨੇ ਸਾਲ 2011 ਤੋਂ 2013 ਦਰਮਿਆਨ ਯਾਂਗਤਜੇ ਦਰਿਆ 'ਤੇ ਬਣੇ 'ਤਿੰਨ ਖਾਈ ਡੈਮ' ਨੂੰ ਬਣਾਉਣ ਲਈ 11 ਕਰੋੜ ਘਣ ਫੁੱਟ ਸੀਮਿੰਟ ਲਗਾ ਦਿੱਤਾ ਜਿਹੜਾ ਕਿ ਅਮਰੀਕਾ ਨੇ 20ਵੀਂ ਸਦੀ 'ਚ ਕੁੱਲ ਸੀਮਿੰਟ ਵਰਤਣ ਦੇ ਬਰਾਬਰ ਹੈ। ਇਸੇ ਤਰ੍ਹਾਂ ਦੁਨੀਆ ਦੇ ਲਗਭਗ ਅੱਧ ਡੈਮ ਚੀਨ ਇਮਾਰਤਸਾਜ਼ੀ ਕੰਪਨੀਆਂ ਕੋਲ ਹਨ। ਇਨ੍ਹਾਂ ਡੈਮਾਂ ਦੇ ਪ੍ਰੋਜੈਕਟਾਂ ਦੀ ਉਸਾਰੀ ਨਾਲ ਲਗਭਗ 10 ਕਰੋੜ ਲੋਕਾਂ ਦਾ ਉਜਾੜਾ ਵੀ ਹੋਇਆ ਹੈ। ਇਸੇ ਤਰ੍ਹਾਂ ਦੋ ਖਰਬ ਡਾਲਰ ਫਜ਼ੂਲ ਖਰਚਾ ਵੀ ਹੋਇਆ ਹੈ। ਦੁਨੀਆ ਦੀ ਤਰਜ 'ਤੇ ਭਾਰਤ ਵਿਚ ਦਰਿਆਵਾਂ ਨੂੰ ਮਿਲਾਉਣ ਲਈ 'ਉਤਰ-ਦੱਖਣ' ਸਕੀਮ ਦਾ ਮਕਸਦ ਉਤਰ ਭਾਰਤ ਵਿਚਲੇ ਗੰਗਾ ਤੇ ਬ੍ਰਹਮਪੁੱਤਰ ਜਿਹੇ ਮੌਨਸੂਨੀ ਦਰਿਆਵਾਂ ਦੇ ਪਾਣੀਆਂ ਨੂੰ ਦੱਖਣ ਭਾਰਤ ਵਿਚ ਪੱਛਮੀ ਖੇਤਰਾਂ ਦੀਆਂ ਖੁਸਕ, ਤਪਦੀਆਂ ਥਾਵਾਂ 'ਤੇ ਭੇਜਿਆ ਜਾਵੇ। ਜਿਥੇ ਵੱਡੇ ਸੋਕੇ ਪੈਂਦੇ ਹਨ ਤੇ ਧਰਤੀ ਹੇਠਲੇ ਪਾਣੀ ਦਾ ਪੱਧਰ ਤੇਜ਼ੀ ਨਾਲ ਘੱਟ ਰਿਹਾ ਹੈ। ਹਾਲਾਂਕਿ ਇਹ ਭਾਰਤੀ ਸਕੀਮ ਚੀਨ ਦੀ ਯੋਜਨਾ ਨਾਲੋਂ ਬੇਹੱਦ ਗੁੰਝਲਦਾਰ ਹੈ। ਹਿਮਾਲਿਆ ਵਿਚੋਂ ਨਿਕਲਦੇ ਉਤਰੀ ਭਾਰਤ ਦੇ 14 ਦਰਿਆਵਾਂ ਨੂੰ ਦਰਜਨਾਂ ਵੱਡੇ ਡੈਮਾਂ ਤੇ ਨਹਿਰਾਂ ਰਾਹੀਂ ਜੋੜੇਗੀ। ਉਨ੍ਹਾਂ ਦਾ ਪਾਣੀ ਕੋਈ ਇਕ ਹਜ਼ਾਰ ਲੰਮੀਆਂ ਨਹਿਰਾਂ ਤੇ ਸੁਰੰਗਾਂ ਰਾਹੀਂ ਅਤੇ ਤਿੰਨ ਸੌ ਦੇ ਕਰੀਬ ਝੀਲਾਂ ਵਿਚੋਂ ਦੀ ਦੱਖਣ ਭਾਰਤ ਦੇ 17 ਦਰਿਆਵਾਂ ਨੂੰ ਜੋੜਦੇ ਜੰਗਲ ਭੰਡਾਰਾਂ ਵਿਚ ਪਾਇਆ ਜਾਵੇਗਾ। ਦੱਖਣ ਭਾਰਤ ਦੇ ਇਨ੍ਹਾਂ ਦਰਿਆਵਾਂ ਵਿਚ ਗੋਦਾਵਰੀ, ਕ੍ਰਿਸ਼ਨਾ ਤੇ ਕਾਵੇਰੀ ਸ਼ਾਮਲ ਹਨ। ਇਸ ਸਭ ਕੁਝ ਉਪਰ 1.12 ਤੋਂ 2 ਲੱਖ ਕਰੋੜ ਅਮਰੀਕੀ ਡਾਲਰ ਖਰਚਾ ਆਉਣ ਦੀ ਸੰਭਾਵਨਾ ਹੈ ਜੋ ਭਾਰਤ ਦੇ ਕੁੱਲ ਘਰੇਲੂ ਉਤਪਾਦਨ (ਜੀ.ਡੀ.ਪੀ.) ਦਾ 40 ਪ੍ਰਤੀਸ਼ਤ ਬਣਦਾ ਹੈ। ਅਜੋਕੇ ਭਾਰਤੀ ਨੇਤਾਵਾਂ ਦਾ ਵਿਚਾਰ ਹੈ ਕਿ ਪੂਰੇ ਮੁਲਕ ਦੀ ਨਲਸਾਜ਼ੀ ਹੀ ਨਵੇਂ ਸਿਰਿਓਂ ਕਰ ਦਿੱਤੀ ਜਾਵੇ ਜਿਸ ਦਾ ਪਹਿਲਾ ਪੜਾਅ ਗੋਦਾਵਰੀ ਤੇ ਕ੍ਰਿਸ਼ਨਾ ਦਰਿਆਵਾਂ ਨੂੰ ਜੋੜਕੇ ਸ਼ੁਰੂ ਹੋਇਆ ਹੈ। ਹਾਲਾਂਕਿ ਭਾਰਤ ਦੇ ਕਈ ਸੂਬਿਆਂ ਵਿਚ ਦਰਿਆਵਾਂ ਪਾਣੀਆਂ ਦੇ ਝਗੜੇ ਆਮ ਗੱਲ ਹੈ। ਪੰਜਾਬ ਤੇ ਹਰਿਆਣਾ ਰਾਵੀ ਬਿਆਸ ਦੇ ਪਾਣੀਆਂ ਨੂੰ ਲੈ ਕੇ ਅੱਜ ਵੀ ਉਲਝੇ ਪਏ ਹਨ। ਕਰਨਾਟਕਾ ਤੇ ਤਾਮਿਲਨਾਡੂ ਦਹਾਕਿਆਂ ਤੋਂ ਕਾਵੇਰੀ ਦਰਿਆ ਦੇ ਪਾਣੀਆਂ ਦੀ ਵੰਡ ਨੂੰ ਲੈ ਕੇ ਝਗੜਦੇ ਆ ਰਹੇ ਹਨ। ਕਰਨਾਟਕਾ ਵਿਚ ਬੰਗਲੌਰ, ਸਿੱਲੀਕਾਨ ਵੈਲੀ ਬਣਨ ਕਰਕੇ ਪਾਣੀ ਦੀ ਚੌਖੀ ਮੰਗ ਬਣ ਗਈ ਹੈ।

ਹਿਮਾਲਿਆ ਪਰਬਤਾਂ ਤੇ ਤਿੱਬਤੀ ਪਠਾਰ ਦੇ ਗਲੇਸ਼ੀਅਰ (ਤੋਦੇ) ਏਸ਼ੀਆ ਦੇ ਮਹਾਨ ਸੱਤ ਦਰਿਆਵਾਂ ਗੰਗਾ, ਸਿੰਧ, ਬ੍ਰਹਮਪੁੱਤਰ, ਸਲਵੀਨ, ਇਰਾਵਾਡੀ, ਮੀਕਾਂਗ ਤੇ ਯਾਂਗਤਜ਼ੇ ਨੂੰ ਪਾਲਦੇ ਹਨ। ਜਦ ਉਹ ਤੇਜ਼ੀ ਨਾਲ ਪਿਘਲਣੇ ਸ਼ੁਰੂ ਹੋਏ ਤਾਂ ਇਨ੍ਹਾਂ ਤੋਂ ਕਈ ਦਰਿਆ ਖਤਰੇ ਦੀ ਹੱਦ ਤੱਕ ਸੁਕਣਗੇ। ਇਸੇ ਤਰ੍ਹਾਂ ਅਫਰੀਕਾ 'ਚ ਚਾਡ ਝੀਲ ਲਗੋਨ ਦਰਿਆ ਪਾਣੀ ਦਾ ਸਭ ਤੋਂ ਵੱਡਾ ਸਰੋਤ ਸੀ। ਜਿਉਂ-ਜਿਉਂ ਝੀਲ ਸੁੰਗੜਦੀ ਗਈ ਇਲਾਕੇ ਦੇ ਇਕ ਕਰੋੜ 30 ਲੱਖ ਲੋਕ ਜਿਨ੍ਹਾਂ ਵਿਚ ਕਿਸਾਨ, ਮਛਿਆਰੇ ਪਾਣੀ ਦੀ ਕਿੱਲਤ ਨਾਲ ਜੂਝਦੇ ਗਰੀਬੀ ਦੀ ਕੰਗਾਰ 'ਤੇ ਪਹੁੰਚ ਗਏ। ਝੀਲਾਂ ਦੇ ਸੁੱਕਣ ਨਾਲ ਆਰਥਿਕ ਤੰਗੀਆਂ ਨਾਲ ਜਿਥੇ ਨੌਜਵਾਨਾਂ ਵਿਚ ਬੇਰੁਜ਼ਗਾਰੀ ਵਧਦੀ ਹੈ, ਉਥੇ ਅੱਤਵਾਦੀ ਗਤੀਵਿਧੀਆਂ ਵਿਚ ਵਾਧਾ ਹੁੰਦਾ ਹੈ। ਇਹ ਸਭ ਕੁਝ ਕਈ ਦੇਸ਼ਾਂ ਦੀਆਂ ਜੰਗਾਂ ਤੇ ਤਬਾਹੀਆਂ ਵਿਚ ਸਪਸ਼ਟ ਦਿਖਾਈ ਦਿੰਦਾ ਹੈ। ਬਹੁਤੇ ਮੁਲਕਾਂ ਵਿਚ ਤਾਂ ਪਾਣੀਆਂ ਦੇ ਸਵਾਲਾਂ ਨੇ ਆਪਸੀ ਵਿਚ ਮੁਲਕਾਂ ਵਿਚ ਕੁੜੱਤਣ ਵਧਾਈ ਹੈ। ਇਸ ਦੇ ਨਾਲ ਹੀ ਰਾਜਨੀਤਕ ਲੀਡਰਾਂ ਨੇ ਆਪਣੇ ਹਊਮਿਆਂ ਨੂੰ ਪੱਠੇ ਪਾਉਣ ਲਈ ਇੰਜੀਨੀਅਰਾਂ ਦੀਆਂ ਯੋਗਨਾਵਾਂ ਤਹਿਤ ਵਾਧੂ ਦੇ ਡੈਮ ਉਸਾਰ ਦਿੱਤੇ ਹਨ। ਦਰਿਆਵਾਂ ਦੇ ਸੁੱਕਣ ਨਾਲ ਪਰਵਾਸ ਵਧਦਾ ਹੈ ਅਤੇ ਸਮਾਜਿਕ ਗੜਬੜ ਪੈਦਾ ਹੁੰਦੀ ਹੈ। ਪਾਣੀਆਂ ਦੀ ਕਾਣੀ ਵੰਡ ਦੇ ਦਰਦ ਦੁਨੀਆ ਭਰ ਦੇ ਲੋਕਾਂ ਦੇ ਸੀਨਿਆਂ ਵਿਚ ਚੀਸ ਬਣਕੇ ਉਭਰੇ ਪਏ ਹਨ। ਜਿਨ੍ਹਾਂ ਪਾਣੀਆਂ ਨੇ ਹਜ਼ਾਰਾਂ ਵਰ੍ਹਿਆਂ ਤੋਂ ਲੋਕਾਂ ਨੂੰ ਜ਼ਿੰਦਗੀ ਬਖਸ਼ੀ ਉਨ੍ਹਾਂ ਨਾਲ ਅੱਜ ਕੀ ਗੁਜ਼ਰ ਰਹੀ ਹੈ? ਜਿਸ ਤਰ੍ਹਾਂ ਲੁਧਿਆਣੇ ਦੇ ਬੁੱਢੇ ਦਰਿਆ ਨੂੰ ਬੁੱਢਾ ਨਾਲਾ ਬਣਾ ਛੱਡਿਆ ਹੈ। ਸਤਲੁਜ ਤੇ ਬਿਆਸ ਦੇ ਅੰਮ੍ਰਿਤ ਜਿਹੇ ਪਾਣੀਆਂ ਨੂੰ ਫੈਕਟਰੀਆਂ ਤੇ ਕਾਰਖਾਨਿਆਂ 'ਚੋਂ ਝਰਦੀਆਂ ਜ਼ਹਿਰਾਂ ਦੇ ਹਵਾਲੇ ਕਰ ਦਿੱਤਾ ਹੈ। ਇਸ ਦੇ ਨਾਲ ਹੀ ਪਾਣੀ ਨੂੰ ਡਕਾਰਣ ਵਾਲੀਆਂ ਫਸਲਾਂ ਖਾਤਰ ਮਣਾਂਮੂੰਹੀ ਪਾਣੀ ਵਹਾਅ ਕੇ ਰੇਗਿਸਤਾਨ ਬਣਾ ਦਿੱਤਾ ਹੈ। ਹਕੀਕਤ ਇਹ ਹੈ ਕਿ ਮਾਂ ਧਰਤੀ ਦੇ ਸੀਨੇ 'ਤੇ ਦਰਿਆਵਾਂ ਦੀ ਤਬਾਹੀ ਦੇ ਨਾਲ ਨਾਲ ਅਣਗਿਣਤ ਮੱਛੀ ਮੋਟਰਾਂ ਧਰ ਦਿੱਤੀਆਂ ਹਨ ਜਿਹੜੀਆਂ ਇੰਝ ਪਾਣੀ ਕੱਢ ਰਹੀਆਂ ਜਿਵੇਂ ਭਵਿੱਖ ਲਈ ਅਸੀਂ ਕੁਝ ਵੀ ਨਹੀਂ ਛੱਡਣਾ। ਆਪਣੇ ਥੋੜ੍ਹੇ ਜਿਹੇ ਮੁਫਾਦਾਂ ਖਾਤਰ ਆਪਣੀਆਂ ਆਉਣ ਵਾਲੀਆਂ ਨਸਲਾਂ ਦੇ ਹੱਥੋਂ ਪਾਣੀ ਖੋਹ ਲਿਆ ਹੈ। ਕੁਦਰਤੀ ਰਹਿਮਤਾਂ ਨਾਲ ਉਤਪੋਤ ਖਿਤਿਆਂ ਦੇ ਲੋਕ ਪਾਣੀ ਦੀ ਬੂੰਦ-ਬੂੰਦ ਲਈ ਤਰਸ ਰਹੇ ਹਨ। ਅਜਿਹੇ ਵਰਤਾਰੇ ਦੁਨੀਆ ਦੇ ਵੱਖ-ਵੱਖ ਹਿੱਸਿਆਂ ਵਿਚ ਵਾਪਰ ਰਹੇ ਹਨ। ਇਸ ਪੁਸਤਕ ਦੇ ਲੇਖਕ ਨੇ ਵੱਖ-ਵੱਖ ਖੋਜਾਂ ਨੂੰ ਆਧਾਰ ਬਣਾ ਕੇ ਅਤੇ ਵੱਖ-ਵੱਖ ਦੁਨੀਆ ਦੇ ਕੋਨਿਆਂ 'ਤੇ ਖ਼ੁਦ ਜਾ ਕੇ ਅਜਿਹੀ ਲੇਖਣੀ ਦਾ ਕਾਰਜ ਕੀਤਾ ਹੈ ਜੋ ਪਾਣੀਆਂ ਦੀ ਸਮੱਸਿਆ ਨੂੰ ਪ੍ਰਮੁੱਖਤਾ ਉਪਰ ਲਿਆਉਣ ਦਾ ਕਾਰਜ ਤਾਂ ਕਰਦਾ ਹੀ ਹੈ ਬਲਕਿ ਕਿਸ ਕਿਸਮ ਨਾਲ ਛੋਟੇ ਛੋਟੇ ਤਰਜਬੇ ਵੱਖ-ਵੱਖ ਮੁਲਕਾਂ ਵਿਚ ਪਾਣੀ ਦੀ ਰੱਖਿਆ ਲਈ ਲੋਕਾਂ ਵਲੋਂ ਆਪ ਮੁਹਾਰੇ ਕੀਤੇ ਜਾ ਰਹੇ ਹਨ। ਲੇਖਕ ਦੀ ਸਪਸ਼ਟ ਧਾਰਨਾ ਹੈ ਕਿ ਪਾਣੀ ਦੀ ਰੱਖਿਆ ਸਿਰਫ਼ ਦੁਨੀਆ ਭਰ ਦੇ ਵੱਖ-ਵੱਖ ਭਾਈਚਾਰੇ ਸਮੂਹਿਕ ਰੂਪ ਵਿਚ ਕਰ ਸਕਦੇ ਹਨ। ਜੇ ਪਾਣੀਆਂ ਦੇ ਨਿੱਜੀਕਰਨ ਦੀ ਪ੍ਰਕਿਰਿਆ ਅਜਿਹੀ ਹੀ ਰਹੀ ਤਾਂ ਦੁਨੀਆ ਦੇ ਵੱਖ-ਵੱਖ ਖਿੱਤਿਆਂ ਨੂੰ ਤਬਾਹ ਹੋਣ ਤੋਂ ਕੋਈ ਵੀ ਨਹੀਂ ਰੋਕ ਸਕਦਾ। ਇਸ ਦੇ ਨਾਲ ਹੀ ਜਿਸ ਕਿਸਮ ਦੇ ਖਪਤੀ ਪੱਧਰ ਦੀਆਂ ਲੋੜਾਂ ਲਈ ਪਾਣੀ ਦੀ ਵਰਤੋਂ ਕੀਤੀ ਜਾ ਰਹੀ ਹੈ ਉਹ ਵੀ ਪਾਣੀਆਂ ਦੇ ਸੰਕਟ ਵਿਚ ਵੱਡਾ ਯੋਗਦਾਨ ਪਾਉਂਦੀ ਹੈ। ਰੋਜ਼ਮਰਾਂ ਦੀਆਂ ਲੋੜਾਂ ਤੋਂ ਲੈ ਕੇ ਉਸ ਦੀਆਂ ਬਚਤਾਂ ਦੇ ਸਰੋਕਾਰ ਵੀ ਇਸ ਪੁਸਤਕ ਵਿਚ ਮਿਲਦੇ ਹਨ। ਪੰਜਾਬੀ ਜ਼ੁਬਾਨ ਵਿਚ ਅਜਿਹੀ ਪੁਸਤਕਾਂ ਦਾ ਅਨੁਵਾਦਤ ਹੋ ਕੇ ਆਉਣਾ ਆਪਣੇ ਆਪ ਵਿਚ ਮੁੱਲਵਾਨ ਕਾਰਜ ਹੈ ਜਿਹੜਾ ਪਾਣੀਆਂ ਦੇ ਮਸਲੇ 'ਤੇ ਪੰਜਾਬੀਆਂ ਨੂੰ ਚੇਤਨ ਕਰੇਗੀ ਅਤੇ ਉਨ੍ਹਾਂ ਨੂੰ ਸੰਜੀਦਗੀ ਨਾਲ ਸੋਚਣ ਲਈ ਮਜਬੂਰ ਕਰੇਗੀ ਕਿ ਕਿਸ ਤਰ੍ਹਾਂ ਦਰਿਆਵਾਂ ਦੇ ਨਾਂ ਉਤੇ ਵਸੀ ਇਹ ਧਰਤੀ ਆਪਣੀ ਵਿਰਾਸਤ ਨੂੰ ਸਮਝ ਸਕਦੀ ਹੈ ਅਤੇ ਭਵਿੱਖ ਵਿਚ ਆਪਣੇ ਵਿਕਾਸ ਦੇ ਮਾਡਲ ਦੇ ਸਰੋਕਾਰਾਂ ਨਾਲ ਜੋੜ ਸਕਦੀ ਹੈ। ਪੁਸਤਕ ਦੇ ਲੇਖਕ ਨੇ ਜਿਥੇ ਵਿਸ਼ਵ ਪੱਧਰ ਦੀ ਰਾਜਨੀਤੀ ਜੋ ਪਾਣੀਆਂ ਦੇ ਸਵਾਲ ਉਪਰ ਹੁੰਦੀ ਹੈ ਉਸ ਨੂੰ ਸਮਝਣ ਵਾਸਤੇ ਤਾਉਮਰ ਲੇਖਣੀ ਰਾਹੀਂ ਮਿਹਨਤ ਕੀਤੀ ਹੈ, ਉਥੇ ਵਾਤਾਵਰਣ ਦੇ ਸਵਾਲਾਂ ਵਿਚ ਸਭ ਤੋਂ ਅਹਿਮ ਸਵਾਲ ਪਾਣੀਆਂ ਨਾਲ ਜੁੜੀਆਂ ਸਭਿਆਤਾਵਾਂ ਅਤੇ ਉਨ੍ਹਾਂ ਦੇ ਭਵਿੱਖ ਦੇ ਸਵਾਲਾਂ ਉਪਰ ਵੀ ਸੋਚਣ ਤੇ ਕੁਝ ਕਰ ਗੁਜ਼ਰਨ ਲਈ ਗੰਭੀਰਤਾ ਨਾਲ ਚੇਤੰਨ ਕੀਤਾ ਹੈ।



**ਗੁਰਰੀਤ ਬਰਾੜ ਦੇ ਅਹਿਸਾਸ ਅਤੇ ਵੇਗ ਵਿਚ ਪੰਜਾਬ ਦੇ ਦਰਿਆਵਾਂ ਦੀ ਬਰਕਤ ਮੌਜੂਦ ਹੈ। ਉਹ ਅਹਿਸਾਸ ਕਰਦਾ ਹੈ ਕਿ ਪੰਜਾਬ ਦੇ ਦਰਿਆਵਾਂ ਵਿਚੋਂ ਲੰਘਣ ਸਮੇਂ ਉਸ ਦੇ ਅੰਤਰ ਮਨ ਵਿਚ ਪੰਜਾਬ ਦੀ ਹੋਣੀ ਤੇ ਅਣਹੋਣੀ ਉਭਰ ਆਉਂਦੀ ਹੈ। ਉਹ ਪੰਜਾਬ ਦੀ ਸਭਿਆਚਾਰਕ ਵਿਰਾਸਤ ਨੂੰ ਦਰਿਆਵਾਂ ਨਾਲ ਜੋੜ ਕੇ ਮਹਿਸੂਸ ਕਰਦਾ ਹੈ। ਡਾ. ਗੁਰਰੀਤ ਪੇਸ਼ੇ ਵਜੋਂ ਖੇਤੀ ਵਿਗਿਆਨੀ ਹੈ ਤੇ ਪੰਜਾਬ ਤੋਂ ਹਜ਼ਾਰਾਂ ਮੀਲ ਦੂਰ ਕੈਲੀਫੋਰਨੀਆ ਸਟੇਟ ਯੂਨੀਵਰਸਿਟੀ ਵਿਚ ਅਧਿਆਪਨ ਕਾਰਜ ਕਰਦਾ ਹੈ। ਆਪਣੀ ਮਿੱਟੀ ਨਾਲ ਰੂਹੋਂ ਜੁੜੇ ਵਿਗਿਆਨੀ ਦੀ ਸਾਧਨਾ ਦਾ ਹੀ ਨਤੀਜਾ ਹੈ ਕਿ ਉਹ ਇਸ ਪੁਸਤਕ ਨੂੰ ਪੰਜਾਬੀ ਭਾਸ਼ਾ ਨਾਲ ਗੁੰਦਕੇ ਪੰਜਾਬੀਆਂ ਲਈ ਪੇਸ਼ ਕਰ ਸਕਿਆ।**



ਹਰੀਪਾਲ
403-714-4816

# ਉੱਜੜ ਰਿਹਾ ਪੰਜਾਬ

ਪੰਜਾਬ ਦਾ ਫਿਕਰ ਕਰਨ ਵਾਲੇ ਬਹੁਤ ਹਨ। ਕੋਈ ਕੈਨੇਡਾ ਵਿੱਚ ਬੈਠਾ ਹੈ, ਕੋਈ ਇੰਗਲੈਂਡ ਵਿੱਚ ਜਾਂ ਕੋਈ ਆਸਟ੍ਰੇਲੀਆ, ਨਿਊਜ਼ੀਲੈਂਡ ਜਾਂ ਯੂਰਪ ਦੇ ਕਿਸੇ ਦੇਸ਼ ਵਿੱਚ ਬੈਠਾ ਹੈ। ਕਿਸੇ ਨੂੰ ਪੰਜਾਬ ਦੇ ਲਾ ਐਂਡ ਆਰਡਰ ਦਾ ਫਿਕਰ ਹੈ, ਕਿਸੇ ਨੂੰ ਪੰਜਾਬ ਦੇ ਪਾਣੀ ਦਾ, ਕਿਸੇ ਨੂੰ ਪੰਜਾਬ ਦੀ ਪਾਪੂਲੇਸ਼ਨ ਦੇ ਬਦਲ ਰਹੇ ਤਵਾਜਨ ਦਾ, ਪਰ ਹੈਰਾਨੀ ਇਸ ਗੱਲ ਦੀ ਹੈ ਕਿ ਪੰਜਾਬ ਵਿੱਚ ਰਹਿਣਾ ਕੋਈ ਨਹੀਂ ਚਾਹੁੰਦਾ। ਪੰਜਾਬ ਵਿੱਚ ਨਵੰਬਰ ਦਾ ਮਹੀਨਾ ਵਿਆਹਾਂ ਦਾ ਮਹੀਨਾ ਵਿਆਹਾਂ ਦਾ ਮਹੀਨਾ ਸੀ ਅਤੇ ਤੁਸੀਂ ਸੱਚ ਜਾਣਿਓਂ ਕਿ 90 ਫੀਸਦੀ ਵਿਆਹ, ਆਇਲੈਟਸ ਦੀ ਸੌਦੇਬਾਜ਼ੀ ਦੇ ਹੁੰਦੇ ਹਨ। ਕੁੜੀਆਂ ਆਇਲੈਟਸ ਕਰ ਜਾਂਦੀਆਂ ਹਨ, ਫ਼ਿ?ਰ ਕੋਈ ਮੁੰਡੇ ਵਾਲੀ ਅਸਾਮੀ ਲੱਭੀ ਜਾਂਦੀ ਹੈ, ਜਿਹੜੀ ਵਿਆਹ ਤੋਂ ਲੈ ਕੇ ਕੁੜੀ ਦੀ ਬਾਹਰਲੇ ਮੁਲਕ ਵਿਚਲੀ ਪੜ੍ਹਾਈ ਦਾ ਖਰਚ ਵੀ ਚੁੱਕਦੀ ਹੈ। ਕੁੜੀ ਵਾਲੇ ਇਹ ਨਹੀਂ ਦੇਖਦੇ ਕਿ ਮੁੰਡਾ ਕੁੜੀ ਦੇ ਲਾਇਕ ਵੀ ਹੈ ਜਾਂ ਨਹੀਂ। ਉਨ੍ਹਾਂ ਨੂੰ ਤਾਂ ਬੱਸ ਇਹ ਹੁੰਦਾ ਹੈ, ਕਿ ਇਕ ਵਾਰ ਸਾਡੀ ਕੁੜੀ ਬਾਹਰ ਚਲੀ ਜਾਵੇ, ਫਿਰ ਦੇਖੀ ਜਾਵੇਗੀ ਕਿ ਕੀ ਹੁੰਦਾ ਹੈ। ਕਈ ਮੁੰਡੇ ਤਾਂ ਇੰਨੇ ਨਸ਼ੇੜੀ ਹੁੰਦੇ ਹਨ, ਕਿ ਦਿੱਲੀ ਏਅਰਪੋਰਟ ’ਤੇ ਜ਼ਹਾਜ ਚੜ੍ਹਨ ਤੋਂ ਪਹਿਲਾਂ ਉਨ੍ਹਾਂ ਨੂੰ ਪੂਰਾ ਟੈਟ ਕੀਤਾ ਜਾਂਦਾ ਹੈ ਤਾਂ ਕਿ ਟਰਾਂਟੋ ਜਾਂ ਵੈਨਕੂਵਰ, ਸਿਡਨੀ ਵਗ਼ੈਰਾ ਦਾ ਸਫਰ ਅਸਾਨੀ ਨਾਲ ਲੰਘ ਜਾਵੇ। ਕਿਉਂਕਿ ਫਿਰ ਉਸ ਦੇ ਵੈਨਕੂਵਰ, ਟਰਾਂਟੋ, ਸਿਡਨੀ ਜਾਂ ਕਿਸੇ ਵੀ ਟਿਕਾਣੇ ’ਤੇ ਪਹੁੰਚਣ ਸਾਰ ਉਸ ਦੇ ਨਸ਼ੇ ਪੱਤੇ ਦਾ ਸਾਰਾ ਇੰਤਜ਼ਾਮ ਕੀਤਾ ਹੁੰਦਾ ਹੈ। ਕੁੜੀਆਂ ਵੀ ਨਸ਼ੇੜੀਆਂ ਨਾਲ ਵਿਆਹ ਕਰਵਾਉਣੋਂ ਨਾਂਹ ਨਹੀਂ ਕਰਦੀਆਂ ਕਿਉਂਕਿ ਘਰਦਿਆਂ ਦੀ ਹਦਾਇਤ ਹੁੰਦੀ ਹੈ ਕਿ ਇਕ ਵਾਰ ਬਾਹਰ ਚਲੀ ਜਾ ਫਿਰ ਦੇਖੀ ਜਾਵੇਗੀ। ਫ਼ਿ?ਰ ਕੁੜੀ ਮੁੰਡੇ ਨੂੰ ਸੱਦੇ ਜਾਂ ਨਾ ਸੱਦੇ, ਵਿਆਹ ਕਰਾਏ ਜਾਂ ਨਾ ਕਰਾਵੇ, ਨਾਲ ਰਹੇ ਜਾਂ ਨਾ ਰਹੇ। ਇਨ੍ਹਾਂ ਸਾਰੀਆਂ ਗੱਲਾਂ ਨੂੰ ਨਜ਼ਰ-ਅੰਦਾਜ਼ ਹੀ ਕੀਤਾ ਜਾਂਦਾ ਹੈ। ਹੁੰਦਾ ਵੀ ਇਸੇ ਤਰ੍ਹਾ ਹੀ ਹੈ ਕਿ ਕੁੜੀ ਦਾ ਬਾਹਰ ਆ ਕੇ ਕਿਸੇ ਹੋਰ ਮੁੰਡੇ ਨਾਲ ਸੰਬੰਧ ਬਣ ਜਾਂਦਾ ਹੈ, ਜਾਂ ਮੰਗੇਤਰ ਮੁੰਡਾ ਨਸ਼ੇ ਦੀ ਵੱਧ ਘੱਟ ਡੋਜ਼ ਨਾਲ ਮਰ ਜਾਂਦਾ ਹੈ, ਫਿਰ ਪੰਚਾਇਤਾਂ ਦੇ ਰੌਲੇ ਪੈਂਦੇ ਹਨ। ਕਈ ਵਾਰ ਕੁੜੀ ਦੇ ਘਰਦਿਆਂ ਦਾ ਸ਼ੋਸ਼ਲ ਬਾਈਕਾਟ ਕੀਤਾ ਜਾਂਦਾ ਹੈ, ਪਰ ਅਸਲੀਅਤ ਨੂੰ ਕੋਈ ਵੀ ਸਮਝਣ ਦੀ ਕੋਸ਼ਿਸ਼ ਨਹੀਂ ਕਰਦਾ। ਜੁਆਨ ਮੰਡੇ ਕੁੜੀ ਦੀ ਇਕ ਦੂਜੇ ਪ੍ਰਤੀ ਕੁਮਿੱਟਮੈਂਟ ਤਾਂ ਹੋਵੇ ਜੇਕਰ ਵਿਆਹ ਦਾ ਕੋਈ ਜੋੜ ਹੋਵੇ, ਜਦੋਂ ਵਿਆਹ ਹੀ ਸੌਦੇਬਾਜ਼ੀ ਹੈ ਜਾਂ ਜੁਗਾੜ ਹੈ ਤਾਂ ਫ਼ਿ?ਰ ਇਸ ਜੁਗਾੜ ਵਿੱਚ ਵਿਗਾੜ ਪੈਣ ਦੀਆਂ ਸੰਭਾਵਨਾਵਾਂ ਤਾਂ ਵਧਣਗੀਆਂ ਹੀ। ਲੋਕਾਂ ਨੂੰ ਬਾਹਰਲੇ ਮੁਲਕਾਂ ਵਿੱਚ ਜਾਣ ਦਾ ਐਨਾ ਭੂਸ ਸਵਾਰ ਹੈ ਕਿ ਰਾਤ ਮੈਂ ਸਾਰੀ ਰਾਤ ਨਹੀਂ ਸੌਂ ਸਕਿਆ, ਕਿਉਂਕਿ ਰਾਤ ਦੇ ਤਿੰਨ ਵਜੇ ਕੰਨ ਪਾੜਵੇਂ ਪਟਾਕੇ ਚੱਲ ਰਹੇ ਸੀ, ਜਦ ਸਵੇਰੇ ਪਤਾ ਕੀਤਾ ਤਾਂ ਪਤਾ ਲੱਗਿਆ ਕਿ ਫਲਾਣਿਆਂ ਦੀ ਕੁੜੀ ਕੈਨੇਡਾ ਗਈ ਹੈ ਤੇ ਉਸ ਘਰਦਿਆਂ ਨੂੰ ਕਹਿ ਕੇ ਗਈ ਸੀ ਕਿ ਜਦ ਮੈਂ ਵੈਨਕੂਵਰ ਲੈਂਡ ਹੋਣਾ ਹੈ, ਉਸ ਟਾਇਮ ਤੁਸੀਂ ਇੰਡੀਆ ਪਟਾਕੇ ਚਲਾਉਣੇ ਤੇ ਘਰਦਿਆਂ ਨੇ ਕੋਈ ਪ੍ਰਵਾਹ ਨਹੀਂ ਕੀਤੀ ਕਿ ਲੋਕ ਸੁੱਤੇ ਪਏ ਹਨ, ਜਿਹਨਾਂ ਦੀ ਕੁੜੀ ਗਈ ਸੀ, ਉਹ ਕੋਠੇ ’ਤੇ ਚੜ੍ਹ ਕੇ ਨਾਲੇ ਨੱਚੀ ਗਈ ਗਏ ਅਤੇ ਨਾਲੇ ਭੰਗੜੇ ਪਾਈ ਗਏ, ਅਜੇ ਅਗਾਂਹ ਪਤਾ ਨਹੀਂ ਕੀ ਹੋਣਾ ਹੈ। ਕੁੜੀ ਨੇ ਕਦੋਂ ਪੜ੍ਹਨਾ ਹੈ, ਬਿਗਾਨਾ ਮੁੰਡਾ ਵੀ ਮੰਗਵਾਉਣਾ ਹੈ (ਜਿੰਨਾ ਨੇ ਪੈਸੇ ਲਾਏ ਹਨ) ਪਰ ਨਹੀਂ ਘਰ ਦੇ ਹੁਣੇ ਹੀ ਕੈਨੇਡਾ ਦੀ ਫੀਲਿੰਗ ਲੈ ਰਹੇ ਹਨ। ਪੰਜਾਬ ਵਿੱਚ ਹੁਣ ਪੰਜ ਕਿੱਲੇ ਜ਼ਮੀਨ ਵਾਲੇ ਮੁੰਡੇ ਨੂੰ ਵੀ ਕੁੜੀ ਨਹੀਂ ਲੱਭ ਰਹੀ। ਪਹਿਲਾਂ ਤਾਂ ਲੋਕ ਕੁੜੀਆਂ ਮਾਰੀ ਗਏ, ਜਿਸ ਨਾਲ ਕੁੜੀਆਂ-ਮੁੰਡਿਆਂ ਦਾ ਅਨੁਪਾਤ ਬਹੁਤ ਘਟ ਗਿਆ ਅਤੇ ਰਹਿੰਦੀ ਕਸਰ ਆਇਲੈਟਸ ਨੇ ਕੱਢ ਦਿੱਤੀ ਹੈ। ਸਭ ਲੋਕਾਂ ਦੀਆਂ ਅੱਖਾਂ ਤੇ ਕੈਨੇਡਾ, ਅਮਰੀਕਾ ਦੀ ਪੱਟੀ ਚੜ੍ਹ ਗਈ ਹੈ। ਹੁਣ ਪੰਜਾਬ ਵਿਚ ਸੌ ਸਾਲ ਪਹਿਲਾਂ ਵਾਲੀ ਹਾਲਤ ਹੋ ਜਾਵੇਗੀ, ਕਿ ਘਰ ਦੇ ਪੰਜ ਚਾਰ ਮੁੰਡਿਆਂ ਵਿੱਚੋਂ ਇਕ ਹੀ ਵਿਆਹਿਆ ਜਾਇਆ ਕਰੇਗਾ। ਬਹੁਤ ਪੰਜਾਬੀ ਮੁੰਡੇ ਹੁਣੇ ਹੀ ਸੋਚ ਰਹੇ ਹਨ ਕਿ ਪੰਜਾਬ ਚੋਂ ਤਾਂ ਕੁੜੀ ਮਿਲਣੀ ਮੁਸ਼ਲਕ ਹੈ, ਇਸ ਕਰ ਕੇ ਬਿਹਾਰ, ਬੰਗਾਲ ਜਾਂ ਯੂ.ਪੀ. ਵਿੱਚੋਂ ਮੁੱਲ ਦੀ ਕੁੜੀ ਲਿਆਂਦੀ ਜਾਵੇ। ਕੁਝ ਦਿਨ ਹੋਏ ਕਿ ਇਕ ਚਾਲੀ ਕੁ ਸਾਲ ਦੇ ਮੁੰਡੇ ਦਾ ਵਿਆਹ ਹੋਇਆ ਤਾਂ ਬਹੁਤੇ ਲੋਕ ਵਿਚੋਲੇ ਕੋਲ ਪੈਸੇ ਚੱਕੀ ਫਿਰਨ ਕਿ ਪੈਸੇ ਲੈ ਲਾ ਅਤੇ ਸਾਡੇ ਮੁੰਡੇ ਨੂੰ ਸਾਕ ਕਰਵਾ ਦੇ। ਇਹ ਹਾਲਤ ਹੈ। ਅੱਜ ਕੱਲ੍ਹ ਮੁੰਡਿਆਂ ਨੂੰ ਵਿਆਹੁਣ ਦੀ। ਜਿਹੜੇ ਕੱਲ੍ਹ ਤੱਕ ਜਾਤ ਪਾਤ ਦੇ ਵਾਰੇ ਲੋਕ ਬੁੱਲ੍ਹ ਕੱਢਦੇ ਸਨ ਅੱਜ ਉਹੀ ਲੋਕ ਕਹਿ ਰਹੇ ਹਨ, ਕਿ ਸਾਡੇ ਮੁੰਡੇ ਨੂੰ ਸਾਕ ਕਰਵਾ ਦੇਵੋ ਜਾਤ ਵਗੈਰਾ ਦੀ ਸਾਨੂੰ ਕੋਈ ਪ੍ਰਵਾਹ ਨਹੀਂ, ਬੱਸ ਸਾਡੇ ਮੁੰਡੇ ਦੀ ਰੋਟੀ ਪੱਕਦੀ ਹੋ ਜਾਵੇ। ਅਜੇ ਵੀ ਬਹੁਤ ਮੁੰਡੇ ਗ਼ੈਰ-ਕਾਨੂੰਨੀ ਢੰਗ ਨਾਲ ਬਾਹਰ ਜਾ ਰਹੇ ਹਨ, ਨਾਲੇ ਉਹਨਾਂ ਨੂੰ ਪਤਾ ਹੈ ਕਿ ਇਸ ਤਰ੍ਹਾ ਜਾਣ ਵਿੱਚ ਬਹੁਤ ਖਤਰਾ ਹੈ। ਪੰਜਾਬ ਵਿੱਚ ਜ਼ਮੀਨ ਦੇ ਭਾਅਵੀ ਅਜੇ ਡਿੱਗ ਰਹੇ ਹਨ, ਕਿਉਂਕਿ ਹਰ ਕੋਈ ਜ਼ਮੀਨ ਵੇਚ ਕੇ ਬਾਹਰ ਦਾ ਜੁਗਾੜ ਕਰਨਾ ਚਾਹੁੰਦਾ ਹੈ ਜਾਂ ਕੋਈ ਕੋਠੀ ਪਾ ਕੇ ਲੋਕਾਂ ਨੂੰ ਦਿਖਾਉਣਾ ਚਾਹੁੰਦਾ ਹੈ ਤਾਂ ਕਿ ਸਟੈਂਡਰਡ ਦਿਖਾਉਣ ਨਾਲ ਸ਼ਾਇਦ ਮੁੰਡਾ ਮੰਗਿਆ ਜਾਵੇ। ਵਿਆਹ ਐਨੇ ਮਹਿੰਗੇ ਹੋ ਗਏ ਹਨ ਕਿ ਮੈਰਿਜ਼ ਪੈਲੇਸ ਵਿੱਚ ਦੋ ਤਿੰਨ ਘੰਟਿਆਂ ਵਿਚ ਵਿਆਹ ਮੁੱਕ ਜਾਂਦਾ ਹੈ ਅਤੇ ਤੀਹ ਪੈਂਤੀ ਲੱਖ ਦਾ ਬਿਲ ਬਣ ਜਾਂਦਾ ਹੈ। ਦਿਖਾਵੇ ਦਾ ਕਲਚਰ ਅਤੇ ਫੁਕਰਾਪੰਥੀ ਕਰ ਕੇ ਲੋਕ ਆਰਥਿਕ ਤੌਰ ’ਤੇ ਬੁਰੀ ਤਰ੍ਹਾਂ ਨਾਲ ਟੁੱਟ ਰਹੇ ਹਨ। ਬਹੁਤ ਘੱਟ ਲੋਕ ਹਨ, ਜਿਹੜੇ ਆਮਦਨ ਖਰਚ ਦਾ ਹਿਸਾਬ ਰੱਖਦੇ ਹਨ, ਨਹੀਂ ਤਾਂ ਬਹੁਤਿਆਂ ਨੂੰ ਉਦੋਂ ਹੀ ਸੁਰਤ ਆਉਂਦੀ ਹੈ ਜਦ ਘੋਗਾ ਚਿੱਤ ਹੋ ਜਾਂਦਾ ਹੈ। ਵਿਆਹਾਂ ਵਿਚ ਸੱਠ ਸੱਤਰ ਸਾਲ ਦੇ ਬੁੱਢੇ, ਵੀ ਪੱਚੀ ਸਾਲ ਦੀ ਉਮਰ ਵਾਲੀਆਂ ਆਰਕੈਸਟਰਾ ਕੁੜੀਆਂ ਨਾਲ ਨੱਚਦੇ ਹਨ, ਉਹ ਪ੍ਰਵਾਸੀ ਬੁੱਢੇ ਇਹ ਵੀ ਨਹੀਂ ਸੋਚਦੇ ਕਿ ਕੈਨੇਡਾ ਅਮਰੀਕਾ ਵਿੱਚ ਤਾਂ ਇਹ ਪੈਸੇ ਝਾੜੂ ਮਾਰ ਕੇ ਬਣਾਏ ਸਨ। ਮੇਰੇ ਪਿੰਡ ਦੇ ਡੂਢ ਕਿੱਲੋਮੀਟਰ ਲਿੰਕ ਰੋਡ ਦਾ ਟੋਟਾ ਸਾਰਾ ਦਿਨ ਮੋਟਰਸਾਇਕਲਾਂ, ਕਾਰਾਂ ਨਾਲ ਭਰਿਆ ਰਹਿੰਦਾ ਹੈ। ਤਕਰੀਬਨ ਬਹੁ-ਗਿਣਤੀ ਲੋਕਾਂ ਦੇ ਘਰਾਂ ਵਿੱਚ ਗੋਹੇ ਕੂੜੇ ਵਾਲੀਆਂ ਲੱਗੀਆਂ ਹਨ ਅਤੇ ਭਾਂਡੇ ਧੋਣ, ਕੱਪੜੇ ਧੋਣ ਅਤੇ ਪੋਚੇ ਲਾਉਣ ਵਾਲੀਆਂ ਅਲੱਗ ਹਨ। ਆਪ ਚਰੀਆਂ ਢੋਣ ਵਾਲੀਆਂ ਜੱਟੀਆਂ ਬਲੱਡ ਪ੍ਰੈਸ਼ਰ, ਸ਼ੂਗਰ, ਕੋਲੈਸਟਰੋਲ ਵਗ਼ੈਰਾ ਦੀਆਂ ਗੋਲੀਆਂ ਨਾਲ ਜੇਬਾਂ ਭਰੀ ਫ਼ਿ?ਰਦੀਆਂ ਹਨ। ਜੇ ਸਰਕਾਰ ਨੇ ਸੜਕਾਂ ਦੇ ਲਾਮੀ ਦਰੱਖਤ ਲਾਏ ਹਨ ਤਾਂ ਕਿਸਾਨਾਂ ਨੇ ਸੜਕਾਂ ਦੇ ਕਿਨਾਰਿਆਂ ਤੋਂ ਮਿੱਟੀ ਖੁਰਚ-ਖੁਰਚਕੇ ਦਰੱਖਤਾਂ ਦੀਆਂ ਜੜ੍ਹਾਂ ਵੀ ਨੰਗੀਆਂ ਕਰ ਦਿੱਤੀਆਂ ਹਨ। ਪਿੰਡਾਂ ਦੇ ਟੋਬੇ ਵੀ ਮਰਨ ਕਿਨਾਰੇ ਹਨ, ਮਹੀਆਂ ਨੂੰ ਟੋਬੇ ਲਿਜਾਣ ਦਾ ਕੇਸ ਸਿਰਫ 1 ਫੀਸਦੀ ਪਿੰਡ ਵਿੱਚ ਹੋ ਨਹੀਂ ਤਾਂ ਸਾਰੇ ਪਿੰਡ ਦਾ ਗੰਦ ਛੱਪੜ ਵਿੱਚ ਪੈ ਰਿਹਾ ਹੈ ਤੇ ਜਿਹੜਾ ਬਿਮਾਰੀਆਂ ਫੈਲਾਉਣ ਦਾ ਰਿਹਾ ਹੈ। ਪੰਜਾਬ ਦੀਆਂ ਡੈਅਰੀਆਂ ਵਿੱਚ ਦੁੱਸ਼ ਦੀ ਆਮਦ ਪਿਛਲੇ ਕੁੱਝ ਸਾਲਾਂ ਵਿੱਚ 25 ਫੀਸਦੀ ਘਟ ਗਈ ਹੈ, ਡੈਅਰੀ ’ਤੇ ਜਾ ਕੇ ਪਤਾ ਲਗਦਾ ਹੈ ਕਿ ਜਿੰਨੇ ਲੋਕ ਦੁੱਧ ਵੇਣਣ ਵਾਲੇ ਖੜ੍ਹੇ ਹਨ, ਉਸ ਤੋਂ ਕਿਤੇ ਵੱਧ ਦੁੱਧ ਲੈਣ ਵਾਲੇ ਹਨ। ਪਿੰਡਾਂ ਦੀਆਂ ਸੱਥਾਂ ਵਿਚੋਂ ਨੌਜਵਾਨ ਗਾਇਬ ਹਨ, ਸਿਰਫ ਕੁੱਝ ਬੁੱਢੇ ਬੈਠੇ ਤਾਸ਼ ਖੇਡਦੇ ਦਿਸਦੇ ਹਨ। ਕਿਤਾਬਾਂ ਪੜ੍ਹਨ ਦਾ ਰਿਵਾਜ਼ ਬੇ-ਸ਼ਰਮੀ ਦੀ ਹੱਦ ਤੱਕ ਘਟ ਗਿਆ ਹੈ। ਬਹੁਤ ਵੱਡਾ ਦੁਖਾਂਤ ਇਹ ਹੈ ਕਿ ਜਿੰਨ੍ਹਾਂ ਲੋਕਾਂ ਨੂੰ ਵਰਗ ਚੇਤਨਾ ਜਾਂ ਵਰ ਸੰਘਰਸ਼ ਦਾ ਗਿਆ ਸੀ ਉਹ ਵੀ ਆਪਣੇ ਬੱਚਿਆਂ ਨੂੰ ਬਾਹਰ ਸੈੱਟ ਕਰ ਰਹੇ ਹਨ। ਬਾਹਰਲੇ ਆ ਕੇ ਕੋਠੀਆਂ ਪਾ ਦਿੰਦੇ ਹਨ ਅਤੇ ਵੱਡੀਆਂ-ਵੱਡੀਆਂ ਗੱਡੀਆਂ ਲੈ ਲੈਂਦੇ ਹਨ, ਜਿਹੜੀ ਕਿ ਪੰਜਾਬ ਦੀ ਜੁਆਨੀ ਨੂੰ ਹੋ ਗੁੰਮਰਾਹ ਕਰ ਰਹੀ ਹੈ। ਕਈਆਂ ਨੂੰ ਇਹ ਫਿਕਰ ਹੈ ਕਿ ਪੰਜਾਬ ਵਿੱਚ ਇਕ ਦਿਨ ਭਈਏ ਮੁੱਖ ਮੰਤਰੀ, ਮੰਤਰੀ ਬਣਨਗੇ, ਪਰ ਆਪ ਪੰਜਾਬ ਵਿੱਚ ਰਹਿਣ ਨੂੰ ਤਿਆਰ ਨਹੀਂ। ਕੋਈ ਵੀ ਸਰਕਾਰ ਕੋਈ ਠੋਸ ਕਦਮ ਨਹੀਂ ਚੁੱਕ ਰਹੀ, ਜਿਸ ਨਾਲ ਪੰਜਾਬ ਦੀ ਜੁਆਨੀ, ਪੰਜਾਬ ਵਿਚ ਰਹਿਣਾ ਪਸੰਦ ਕਰੇ। ਧਾਰਮਿਕ ਸਥਾਨ, ਡੇਰੇ ਵਧ ਰਹੇ ਹਨ। ਪ੍ਰਾਈਵੇਟ ਸਕੂਲ ਆਇਲੈਟਸ ਵਾਲੇ ਕਾਲਜ, ਦਿਨੋਂ ਦਿਨ ਵਧ ਰਹੇ ਹਨ, ਜਦਕਿ ਬਹੁਤੇ ਸਰਕਾਰੀ ਸਕੂਲ ਬੰਦ ਹੋ ਰਹੇ ਹਨ। ਜਦ ਸੀਜ਼ਨ ਹੁੰਦਾ ਹੈ, ਫਲ-ਫਰੂਟ ਰੁਲਦੇ ਹਨ, ਕਿਉਂਕਿ ਕੋਈ ਮਾਰਕੀਟਿੰਗ ਸਿਸਟਮ ਨਹੀਂ ਹੈ। ਅਵਾਰਾ ਪਸ਼ੂ, ਗਾਈਆਂ ਬੁੱਢੇ ਬਲਦ ਇੱਥੋਂ ਤੱਕ ਕਿ ਇਕ ਦਿਨ ਮੈਂ ਅਵਾਰਾ ਪਸ਼ੂਆਂ ਵਿੱਚ ਬੁੱਢਾ ਘੋੜਾ ਵੀ ਦੇਖਿਆਂ। ਹੱਡਾ ਰੋੜੀਆਂ ਦਾ ਮਾਸ ਖਾ-ਖਾ ਕੁੱਤੇ ਵੀ ਪੂਰੇ ਖੂੰਖਾਰ ਹੋ ਗਏ ਹਨ। ਇਕੱਲੇ ਦੁਕੱਲੇ ਬੰਦੇ ਨੂੰ ਕੁੱਤੇ ਵੀ ਘੇਰ ਲੈਂਦੇ ਹਨ। ਮੇਰੇ ਪੰਜਾਬ ਆਉਣ ’ਤੇ ਇਕ ਮਹੀਨੇ ਵਿੱਚ ਬਰਨਾਲਾ, ਹੰਢਿਆਇਆ ਸੜਕ ’ਤੇ ਤਿੰਨ ਮੋਟਰਸਾਇਕਲ ਸਵਾਰ ਇਨ੍ਹਾਂ ਪਸ਼ੂਆਂ ਕਰ ਕੇ ਆਪਣੀ ਜਾਨ ਤੋਂ ਹੱਥ ਧੋ ਬੈਠੇ ਹਨ। ਜੇਕਰ ਪੂਰੇ ਸਾਲ ਦਾ ਹਿਸਾਬ ਲਾਈਏ ਤਾਂ ਇਕ ਹਜ਼ਾਰ ਤੋਂ ਉੱਪਰ ਲੋਕ ਆਵਾਰਾ ਪਸ਼ੂਆਂ ਕਰ ਕੇ ਪੰਜਾਬ ਵਿਚ ਆਪਣੀ ਜਾਨ ਗੁਆ ਬੈਠਦੇ ਹਨ। ਫਿਰ ਵੀ ਅਗਾਂਹਵਧੂ ਵਿਚਾਰਧਾਰਾ ਨੂੰ ਪ੍ਰਤੀਬੱਧ ਨੌਜਵਾਨ ਜਾਂ ਕਿਸਾਨ ਲੋਕਾਂ ਨੂੰ ਜਗਾਉਣ ਦੀ ਹਰ ਕੋਸ਼ਿਸ਼ ਕਰ ਰਹੇ ਹਨ, ਪਰ ਜਦੋਂ ਤੱਕ ਪੰਜਾਬ ਵਿੱਚ ਇਹੋ ਜਿਹੇ ਹਾਲਾਤ ਪੈਦਾ ਨਹੀਂ ਹੋ ਜਾਂਦੇ ਕਿ ਨੌਜਵਾਨ ਵਰਗ ਪੰਜਾਬ ਨੂੰ ਆਪਦਾ ਘਰ ਸਮਝਣ ਲੱਗ ਪਏ ਤਦ ਤੱਕ ਤਾਂ ਪੰਜਾਬ ਉੱਜੜਦਾ ਹੀ ਰਹੇਗਾ।



## ਇਕ ਸ਼ਰਧਾਂਜਲੀ

# ਸਾਦਗੀ ਨਾਲ ਲੇਬਰੇਜ ਮਾਸਟਰ ਹਰਪਾਲ ਸਿੰਘ ਮੱਲ੍ਹਾ ਨੂੰ ਯਾਦ ਕਰਦਿਆਂ

ਮਾਸਟਰ ਹਰਪਾਲ ਸਿੰਘ ਮੱਲ੍ਹਾ (ਸਿਵੀਆਂ) (7 ਜਨਵਰੀ 1953-27 ਜਨਵਰੀ 2023) ਦੀ ਬੇਵਕਤ ਮੌਤ ਕੈਨੇਡਾ ਵਿਖੇ ਹੋਈ। ਸ੍ਰ. ਹਰਪਾਲ ਸਿੰਘ ਨੇ ਆਪਣਾ ਉਚੇਰੀ ਸਿੱਖਿਆ ਦਾ ਵਿਦਿਅਕ ਸਫ਼ਰ ਸਾਇੰਸ ਕਾਲਜ ਜਗਰਾਓਂ ਤੋਂ ਸ਼ੁਰੂ ਕੀਤਾ। ਉਸ ਦੇ ਵਿਦਿਆਰਥੀ ਜੀਵਨ ਵਿਚ ਹੀ ਅਗਾਂਹਵਧੂ ਵਿਚਾਰਾਂ ਨਾਲ ਸਾਂਝ ਪੈ ਗਈ ਕਿਉਂਕਿ ਉਸ ਦੌਰ ਵਿਚ ਵਿਗਿਆਨ ਦੇ ਕਾਲਜਾਂ ਤੋਂ ਲੈ ਕੇ ਇੰਜੀਨੀਅਰਿੰਗ ਤੇ ਮੈਡੀਕਲ ਕਾਲਜਾਂ ਤੱਕ ਪੰਜਾਬ ਸਟੂਡੈਂਟ ਯੂਨੀਅਨ ਦਾ ਬੋਲਬਾਲਾ ਸੀ। ਅਚੇਤ ਤੇ ਸੁਚੇਤ ਰੂਪ ਵਿਚ ਸ੍ਰ. ਹਰਪਾਲ ਸਿੰਘ ਵੀ ਅਗਾਂਹਵਧੂ ਵਿਚਾਰਾਂ ਵਾਲੇ ਹਿੱਸਿਆਂ ਨਾਲ ਜੁੜ ਗਏ। ਉਸ ਕਾਲਜ ਦੀ ਖੂਬਸੂਰਤੀ ਇਹ ਹੈ ਕਿ ਪੰਜਾਬ ਵਿਸ਼ੇਸ਼ ਕਰਕੇ ਜਗਰਾਓਂ ਇਲਾਕੇ ਵਿਚ ਜਿਥੇ ਸਾਇੰਸ ਅਧਿਆਪਨ ਦੇ ਖੇਤਰ ਤੋਂ ਲੈ ਕੇ ਡਾਕਟਰੀ ਕਿੱਤੇ ਤੱਕ ਮੁੱਲਵਾਨ ਸ਼ਖਸੀਅਤਾਂ ਪੈਦਾ ਹੋਈਆਂ ਹਨ ਉਸ ਦੇ ਨਾਲ ਹੀ ਅਗਾਂਹਵਧੂ ਵਿਚਾਰਾਂ ਵਾਲੀਆਂ ਜਥੇਬੰਦੀਆਂ ਵਿਚ ਕਾਰਜਸ਼ੀਲ ਹਿੱਸੇ ਵੀ ਪੈਦਾ ਹੋਏ ਹਨ। ਉਨ੍ਹਾਂ ਨਾਲ ਅਧਿਆਪਨ ਲਹਿਰ ’ਚ ਕਾਰਜ ਕਰਨ ਵਾਲੇ ਪ੍ਰਤੀਬੱਧ ਆਗੂ ਜੋਗਿੰਦਰ ਅਜ਼ਾਦ ਨੇ ਯਾਦਗਾਰੀ ਦਿਨਾਂ ਨੂੰ ਸਾਂਝੇ ਕਰਦਿਆਂ ਕਿਹਾ ਕਿ ਉਹ ਬੇਰੁਜ਼ਗਾਰ ਅਧਿਆਪਕ ਯੂਨੀਅਨ ਦਾ ਪ੍ਰਤੀਬੱਧ ਮੈਂਬਰ ਸੀ। ਇਸ ਦੇ ਨਾਲ ਹੀ ਹਰੇਕ ਕਿਸਮ ਦੀ ਅਗਾਂਹਵਧੂ ਸਰਗਰਮੀ ਵਿਚ ਭਾਗ ਲੈਂਦਾ ਸੀ। ਹਮੇਸ਼ਾ ਹੀ ਉਸ ਦੀ ਚੇਸ਼ਟਾ ਰਹਿੰਦੀ ਸੀ ਕਿ ਅਗਾਂਹਵਧੂ ਵਿਚਾਰ ਜੀਵਨ ਜਾਚ ਨੂੰ ਤਬਦੀਲ ਕਰਦੇ ਹਨ ਅਤੇ ਸਮਾਜਿਕ ਕਾਰਜਾਂ ਵਿਚ ਯੋਗਦਾਨ ਪਾਉਂਦੇ ਹਨ। ਸ੍ਰ. ਹਰਪਾਲ ਸਿੰਘ ਮੱਲ੍ਹਾ ਦੇ ਨਾਨਕਾ ਘਰ ਸੋਹੀਆਂ ਹੋਣ ਕਰਕੇ ਡਾ. ਕੁਲਦੀਪ ਸਿੰਘ ਨੂੰ ਉਨ੍ਹਾਂ ਤੋਂ ਹਿਸਾਬ ਦਾ ਵਿਸ਼ਾ ਪੜ੍ਹਨ ਦਾ ਮੌਕਾ ਮਿਲਿਆ। ਉਨ੍ਹਾਂ ਨੇ ਆਪਣੀਆਂ ਭਾਵਨਾਵਾਂ ਸਾਂਝੀਆਂ ਕਰਦਿਆਂ ਕਿਹਾ ਕਿ ਸ੍ਰ. ਹਰਪਾਲ ਸਿੰਘ ਅਜਿਹੀ ਸ਼ਖਸੀਅਤ ਸਨ ਜਿਹੜੀ ਸਹਿਜਤਾ ਨਾਲ ਚੱਲਣ ਵਾਲੀ ਅਤੇ ਇਕ ਸ਼ਾਨਦਾਰ ਅਧਿਆਪਕੀ ਗੁਣਾਂ ਨਾਲ ਸਮੋਈ ਹੋਈ ਸੀ। ਜਿਸ ਨਾਲ ਅਦਾਨ-ਪ੍ਰਦਾਨ ਕਰਦਿਆਂ ਤਾਉਮਰ ਅਗਾਂਹਵਧੂ ਵਿਚਾਰਾਂ ਦੇ ਨਾਲ ਨਾਲ ਸ਼ਾਨਦਾਰ ਜੀਵਨ ਜਾਚ ਕਿਸ ਤਰ੍ਹਾਂ ਜੀਵੀ ਜਾ ਸਕਦੀ ਹੈ। ਇਸੇ ਤਰ੍ਹਾਂ ‘ਸਰੋਕਾਰਾਂ ਦੀ ਆਵਾਜ਼’ ਦੇ ਮੁੱਖ ਸੰਪਾਦਕ ਹਰਬੰਸ ਸਿੰਘ ਨੇ ਭਾਵਨਾਵਾਂ ਸਾਂਝੀਆਂ ਕਰਦਿਆਂ ਕਿਹਾ ਕਿ ਉਹ ਸਰੋਕਾਰਾਂ ਦੀ ਆਵਾਜ਼ ਦਾ ਸਹਿਯੋਗੀ ਹੀ ਨਹੀਂ ਸੀ ਬਲਕਿ ਉਸ ਨੂੰ ਪ੍ਰਫੁੱਲਤ ਕਰਨ ਲਈ ਹਰੇਕ ਸਥਾਨ ਉਪਰ ਆਪ ਪਹੁੰਚਦਾ ਅਤੇ ਪੇਪਰ ਨੂੰ ਪਹੁੰਚਾਉਂਦਾ ਤੇ ਬਹੁਤ ਹੀ ਸਲੀਕੇ ਨਾਲ ਇਕ ਇਸ ਕਿਸਮ ਦਾ ਸਹਾਇਕ ਸੀ ਜੋ



ਬੜੇ ਸੰਤੁਲਨ ਢੰਗ ਨਾਲ ਅਗਾਂਹਵਧੂ ਵਿਚਾਰਾਂ ਦੀਆਂ ਪਰਤਾਂ ਸਮਝਣ ਅਤੇ ਲੋਕਾਂ ਨੂੰ ਸਮਝਾਉਣ ਵਿਚ ਯਕੀਨ ਰੱਖਦਾ ਸੀ।

ਮਾਸਟਰ ਹਰਪਾਲ ਸਿੰਘ ਰਾਹੀਂ ਪੰਜਾਬ ਦੇ 7ਵੇਂ ਦਹਾਕੇ ਤੋਂ ਲੈ ਕੇ ਹੁਣ ਤੱਕ ਦੇ ਸਫ਼ਰ ਤੱਕ ਕਿਸ ਤਰ੍ਹਾਂ ਪੰਜਾਬ ਦੇ ਪੜ੍ਹੇ ਲਿਖੇ ਨੌਜਵਾਨ ਜਿਹੜੇ ਅਧਿਆਪਕ ਕਿੱਤੇ ਵਿਚ ਆਏ ਅਤੇ ਮੁੜ ਵੱਖ-ਵੱਖ ਸਮਾਜਿਕ, ਰਾਜਨੀਤਕ ਅਤੇ ਸਭਿਆਚਾਰਕ ਸਰਗਰਮੀਆਂ ਵਿਚ ਕਾਰਜਸ਼ੀਲ ਹੋ ਗਏ। ਜਿਹੜੇ ਜਿਸ ਵਿਚ ਧਰਤੀ ਦੇ ਕੋਨੇ ’ਤੇ ਆਪਣੇ ਰਿਜ਼ਕ ਤੋਂ ਲੈ ਕੇ ਪਰਿਵਾਰਕ ਪਹਿਲੂਆਂ ਨਾਲ ਪਹੁੰਚੇ ਉਨ੍ਹਾਂ ਨੂੰ ਆਪਣੀ ਉਹ ਵਿਰਾਸਤੀ ਸੋਚ ਨਹੀਂ ਛੱਡੀ। ‘ਸਰੋਕਾਰਾਂ ਦੀ ਆਵਾਜ਼’ ਅਜਿਹੀ ਇਕ ਕੜੀ ਬਣ ਗਈ ਜਿਸ ਨੇ ਸਮੁੱਚੇ ਪੁਰਾਣੇ ਅਤੇ ਨਵੇਂ ਪੁੰਘਰਦੇ ਇਨਸਾਨਾਂ ਨੂੰ ਆਪਣੇ ਘੇਰੇ ਵਿਚ ਲੈ ਲਿਆ। ਪੰਜਾਬ ਦੀ ਅਧਿਆਪਕ ਲਹਿਰ ਤੋਂ ਲੈ ਕੇ ਤਰਕਸ਼ੀਲ ਖੇਤਰ ਵਿਚ ਪਹਿਲਕਦਮੀਆਂ ਕਰਨ ਵਾਲੇ ਮਾਸਟਰ ਭਜਨ ਸਿੰਘ ਦਾ ਕਹਿਣਾ ਹੈ ਕਿ ਸਾਨੂੰ ਇਨ੍ਹਾਂ ਮੁਲਕਾਂ ਵਿਚ ਬੈਠਿਆਂ ਇਹ ਮਹਿਸੂਸ ਹੁੰਦਾ ਹੈ ਕਿ ਅਸੀਂ ਜਿਸ ਵਿਚਾਰ ਨੂੰ ਲੈ ਕੇ ਦੇਸ਼ ਵਿਚ ਕਾਰਜਸ਼ੀਲ ਸੀ ਉਹ ਕਈ ਨਵੇਂ ਅਤੇ ਪੁਰਾਣੇ ਸੰਗੀ ਸਾਥੀਆਂ ਨਾਲ ਮੁੜ ਸਰਗਰਮ ਹੀ ਨਹੀਂ ਹੋਏ ਬਲਕਿ ਕੁਝ ਕਰਨ ਦੇ ਕਾਬਲ ਵੀ ਹੋਏ। ਜਿਨ੍ਹਾਂ ਵਿਚ ਮਾਸਟਰ ਹਰਪਾਲ ਸਿੰਘ ਮੱਲ੍ਹਾ ਵੀ ਇਕ ਸਨ। ਕਿਉਂਕਿ ਉਹ ਪੂਰੀ ਤਰ੍ਹਾਂ ਇਸ ਪੇਪਰ ਨਾਲ ਹਰੇਕ ਪੱਖ ਤੋਂ ਜੁੜ ਗਏ ਸਨ। ਉਨ੍ਹਾਂ ਨੂੰ ਜਾਪਦਾ ਸੀ ਕਿ ਇਨ੍ਹਾਂ ਦੇਸ਼ਾਂ ਵਿਚ ਵੀ ਉਹ ਹੀ ਮਸਲੇ ਹਨ ਜਿਹੜੇ ਅਸੀਂ ਆਪਣੇ ਮੁਲਕ ਵਿਚ ਛੱਡ ਕੇ ਆਏ ਸੀ। ਇਸ ਕਰਕੇ ਅਸੀਂ ਜਿਥੇ ਵੀ ਹੋਈਏ ਉਥੇ ਲਹਿਰ ਦਾ ਹਿੱਸਾ ਰਹੀਏ।

ਅਜਿਹੇ ਸਫਰੀ ਕਿਸਮ ਦੇ ਇਨਸਾਨਾਂ ਨਾਲ ਹੀ ਜ਼ਮੀਨੀ ਪੱਧਰ ’ਤੇ ਲਹਿਰਾਂ ਚਲਦੀਆਂ ਹਨ ਅਤੇ ਨਵੇਂ ਹਿੱਸੇ ਸ਼ਾਮਲ ਹੁੰਦੇ ਹਨ। ਅਜਿਹੇ ਵਿਅਕਤੀਆਂ ਨੂੰ ਲਹਿਰਾਂ ਦੇ ਪੱਕੇ ਸਿਪਾਹੀ ਕਿਹਾ ਜਾਂਦਾ ਹੈ। ਜੋ ਇਕ ਧੁਨ ਨਾਲ ਜੁੜੇ ਰਹਿੰਦੇ ਹਨ। ਉਨ੍ਹਾਂ ਦੇ ਤੁਰ ਜਾਣ ਨਾਲ ਪਰਿਵਾਰ ਨੂੰ ਤਾਂ ਘਾਟਾ ਪਿਆ ਹੀ ਹੈ ਬਲਕਿ ਅਜਿਹੇ ਵਿਅਕਤੀ ਦੀ ਅਣਹੋਂਦ ਸਰੋਕਾਰਾਂ ਦੀ ਆਵਾਜ਼ ਨੂੰ ਰੜਕਦੀ ਰਹੇਗੀ। ਕਿਉਂਕਿ ਜਿਸ ਕਿਸਮ ਨਾਲ ਉਹ ਆਪਣੀ ਜੀਵਨ ਜਾਚ ਦਾ ਹਿੱਸਾ ‘ਸਰੋਕਾਰਾਂ ਦੀ ਆਵਾਜ਼’ ਨੂੰ ਬਣਾ ਚੁੱਕੇ ਸਨ ਅਤੇ ਲਗਾਤਾਰ ਇਸ ਗੱਲ ਦੀ ਪੈਰਵਈ ਕਰਦੇ ਸਨ ਕਿ ਕਿਸ ਖਿੱਤੇ ਵਿਚ ਕਿਸ ਕਿਸਮ ਨਾਲ ਇਸ ਆਵਾਜ਼ ਨੂੰ ਪਹੁੰਚਾਇਆ ਜਾਵੇ। ਸਾਡੇ ਅਜਿਹੀ ਆਵਾਜ਼ ਦਾ ਰੁਕ ਜਾਣਾ ਅਤੇ ਸਾਡੇ ਕਾਫ਼ਲੇ ਵਿਚੋਂ ਵਿਛੜ ਜਾਣਾ ਸਾਡੇ ਅਸਹਿ ਅਤੇ ਅਕਹਿ ਹੈ। ਪਰ ਅਦਾਰਾ ਇਹ ਮਹਿਸੂਸ ਕਰਦਾ ਹੈ ਕਿ ਜਿੰਨਾ ਵੀ ਸਮਾਂ ਉਹ ਇਸ ਧਰਤੀ ’ਤੇ ਜੀਵਿਆ ਉਸ ਨੂੰ ਚੰਗੇ ਵਿਚਾਰਾਂ ਨਾਲ ਸਿੰਜਦਾ ਰਿਹਾ ਅਤੇ ਉਨ੍ਹਾਂ ਨੂੰ ਪ੍ਰਫੁੱਲਤ ਕਰਨ ਲਈ ਆਪਣਾ ਯੋਗਦਾਨ ਪਾਉਂਦਾ ਰਿਹਾ। ਇਸ ਦੇ ਨਾਲ ਹੀ ਜਿਸ ਵਿਚ ਅਦਾਰੇ ਵਿਚ ਉਨ੍ਹਾਂ ਅਧਿਆਪਨ ਦਾ ਕਾਰਜ ਕੀਤਾ ਉਹ ਨਾ ਭੁੱਲਣਯੋਗ ਹੈ। ਸਾਇੰਸ ਅਧਿਆਪਕ ਤੋਂ ਲੈ ਕੇ ਪ੍ਰਿੰਸੀਪਲ ਤੱਕ ਦਾ ਸਫ਼ਰ ਉਨ੍ਹਾਂ ਦੀ ਅਹਿਮ ਪ੍ਰਾਪਤੀ ਵੀ ਸੀ। ਇਹ ਹੀ ਸਾਡੇ ਸੰਗੀ ਸਾਥੀ ਨੂੰ ਸ਼ਰਧਾਂਜਲੀ ਹੈ।

**- ਅਦਾਰਾ ‘ਸਰੋਕਾਰਾਂ ਦੀ ਆਵਾਜ਼’**

# ਸ਼ਖਸੀਅਤ ਦਾ ਵਿਕਾਸ ਸਵਾਲ ਕਰਨ ਨਾਲ਼ ਹੁੰਦਾ ਹੈ !

ਕੁਝ ਦਿਨ ਪਹਿਲਾਂ ਮੈਂ mental health and well-being ਦੀ training attend ਕੀਤੀ! "raining ਦੇ ਸ਼ੁਰੂਆਤ ਵਿੱਚ Coach ਤੇ Mentor, ਦੋਨਾਂ ਨੇ ਆਪਣੀ introduction ਦਿੱਤੀ। ਉਸ ਤੋਂ ਬਾਅਦ ਦੋਨਾਂ ਤੇ detail ਵਿੱਚ ਆਪਣੀ qualifications, sources and experiences ਬਾਰੇ ਦੱਸਿਆ। ਉਹਨਾਂ ਨੇ ਪੂਰੇ confidence ਨਾਲ clarify ਕੀਤਾ ਕਿ ਉਹ ਦੋਵੇਂ ਇਸ training ਲਈ ਪੂਰੇ ਯੋਗ ਨੇ ਤੇ ਉਹ ਪੂਰੀ responsibility ਲੈਂਦੇ ਨੇ ਕਿ ਜੋ ਕੁਝ ਵੀ teach and advice ਕੀਤਾ ਜਾਵੇਗਾ ਉਹ ਪੂਰਾ case studies ਤੇ statistics (ਅੰਕੜਿਆਂ) and ਉਹਨਾਂ ਦੇ experience ਦੇ base ਤੇ ਹੋਵੇਗਾ!

ਮੇਰਾ ਧਿਆਨ ਇੱਕ ਦਮ ਸਾਡੇ ਪ੍ਰਚਾਰਕਾਂ ਵੱਲ ਚਲਾ ਗਿਆ ਕਿ ਜਦੋਂ ਵੀ stage ਉੱਪਰ ਜਾਂਦੇ ਨੇ ਤਾਂ ਆਪਣੇ-ਆਪ ਨੂੰ ਨਿਮਾਣਾ ਜਿਹਾ ਕਰ ਕੇ ਪੇਸ਼ ਕਰਦੇ ਨੇ ਤਾਂ ਜੋ ਆਪਣੇ ਕਹੇ ਦੀ ਜ਼ਿੰਮੇਵਾਰੀ ਨਾ ਲੈਣੀ ਪਵੇ! ਉਹ mostly ਕਹਿੰਦੇ ਨੇ ਕਿ 'ਮੈਂ ਤਾਂ ਬੜਾ ਜੀ ਬੜਾ ਆਮ-ਅਣਜਾਣ ਜਿਹਾ ਬੰਦਾ ਆਂ' 'ਮੇਰੀ ਐਨੀ ਔਕਾਤ ਕਿੱਥੇ ਕਿ ਗੁਰੂ ਸਾਹਿਬਾਨਾਂ ਬਾਰੇ ਦੱਸ ਸਕਾਂ' 'ਫਿਰ ਵੀ ਆਪਣੀ ਤੁੱਛ ਬੁੱਧੀ ਅਨੁਸਾਰ ਕੋਸ਼ਿਸ਼ ਕਰਾਂਗਾ...' ਇਹ ਸਭ ਕੁਝ ਦਾ ਮਤਲਬ ਤਾਂ ਇਹੀ ਹੋਇਆ ਪਈ ਸੰਗਤ ਚੁੱਪਚਾਪ ਸੁਣੀ ਜਾਵੇ ਤੇ ਕੋਈ question ਨਾ ਕਰੇ। By chance ਜੇ ਕੋਈ common sense ਲਗਾ ਕੇ question ਕਰ ਵੀ ਲਵੇ ਤਾਂ ਉਹਨਾਂ ਕੋਲ ਘੜਿਆ-ਘੜਾਇਆ ਜਵਾਬ ਤਿਆਰ



ਹੋਏਗਾ ਕਿ 'ਮੈਂ ਤਾਂ ਜੀ ਪਹਿਲਾਂ ਹੀ ਕਿਹਾ ਸੀ ਕਿ ਮੇਰੀ ਐਨੀ ਔਕਾਤ ਨਹੀਂ' 'ਮੈਂ ਤਾਂ ਇੱਕ ਆਮ ਜਿਹਾ ਬੰਦਾ ਆਂ'! 'ਹਰਨੇਕ ਸਿੰਘ' ਜੀ ਦੀ ਕਹੀ ਹੋਈ ਗੱਲ ਯਾਦ ਆਈ ਕਿ, 'ਇਹ ਪ੍ਰਚਾਰਕ ਐਦਾਂ ਦੀਆਂ statements ਦੇ ਕੇ ਆਪਣੇ ਅੱਗੇ shield ਲਗਾ ਲੈਂਦੇ ਨੇ ਤਾਂ ਜੋ ਐਹਨਾਂ ਨੂੰ clarification ਨਾ ਦੇਣੀ ਪਵੇ!'

Trainers ਨੇ ਕਿਹਾ ਕਿ ਜਿੰਨਾ ਹੋ ਸਕੇ questions ਪੁੱਛੋ ਤਾਂ ਜੋ concept clear ਹੋ ਸਕੇ ਤੇ ਸਾਡੇ ਪ੍ਰਚਾਰਕ ਕਹਿੰਦੇ 'ਸ਼ੰਕਾ ਨੀ ਕਰਨੀ!' ਮਤਲਬ ਕਿ ਉਲਝਾਈ ਰੱਖਣਾ ਕਿਉਂਕਿ ਜੇ concept clear ਹੋ ਗਿਆ ਤੇ ਫਿਰ ਐਹਨਾਂ ਨੂੰ ਕੌਣ ਪੁੱਛੂ?

ਇੱਕ ਗੱਲ ਹੋਰ ਐ ਕਿ ਜਦੋਂ ਕਿਸੇ ਇੱਕ topic ਉੱਤੇ understanding ਬਣ ਜਾਂਦੀ ਐ ਤਾਂ human nature ਦੇ according, ਬੰਦਾ ਉਸ topic ਦੀ deeper knowledge ਲੈਂਦਾ ਹੈ ਸੋ ਉਸ ਤੋਂ ਅੱਗੇ ਦਾ ਸੋਚਿਆ ਜਾਂਦਾ ਹੈ! ਪਰ ਅਸੀਂ ਆਪਣੀ ਸੋਚ ਦਾ ਦਾਇਰਾ ਬਹੁਤ ਸੀਮਤ ਕੀਤਾ ਹੋਇਆ ਹੈ! ਬੱਚਿਆਂ ਵਿੱਚ curiosity ਬਹੁਤ ਹੈ ਸੋ ਉਹਨਾਂ ਦੀ learning ਨੂੰ ਕਿਸੇ ਇੱਕ ਵਿਸ਼ੇ ਤੇ limit ਨਾ ਕਰੀਏ! ਬਲਕਿ ਜਦੋਂ ਵੀ ਬੱਚੇ ਕੋਈ question ਪੁੱਛਦੇ ਨੇ ਤਾਂ answer ਦੇਈਏ ਤੇ ਜੇ ਨਹੀਂ ਪਤਾ ਤਾਂ 'I dont know' ਕਹਿਣ ਨਾਲ as a parents/adults ਅਸੀਂ ਛੋਟੇ ਨਹੀਂ ਹੋਣ ਲੱਗੇ। ਬੱਚਿਆਂ ਦੀ reasoning ਗੱਲਬਾਤ ਕਰਨ ਤੇ questions ਪੁੱਛਣ ਨਾਲ ਹੀ

ਹੁੰਦੀ ਐ! ਬੱਚਿਆਂ ਤੋਂ ਸਿੱਖੀਏ ਤੇ ਉਹਨਾਂ ਦੀ learning ਦੇ ਨਾਲ-ਨਾਲ ਆਪਣੀ learning ਵੀ ਜਾਰੀ ਰੱਖੀਏ!

**Sandeep Kaur**

# ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੱਖ ਕੈਦੀਆਂ ਦੀ ਰਿਹਾਈ ਦਾ ਮੁੱਦਾ

ਪੰਜਾਬ ਅੰਦਰ ਪਿਛਲੇ ਕੁੱਝ ਸਾਲਾਂ ਤੋਂ "ਬੰਦੀ ਸਿੰਘਾਂ" ਦੀ ਰਿਹਾਈ ਦਾ ਮਸਲਾ ਚਰਚਾ 'ਚ ਰਹਿ ਰਿਹਾ ਹੈ। ਰਿਹਾਈ ਦੀ ਮੰਗ ਉਭਰਨ ਵਾਲਿਆਂ 'ਚ ਸਿੱਖ ਫਿਰਕਾਪ੍ਰਸਤ ਹਿੱਸੇ, ਫਿਰਕੂ ਅਕਾਲੀ ਸਿਆਸਤਦਾਨ, ਜਮਹੂਰੀ ਹਲਕੇ ਤੇ ਹੋਰ ਸਿਆਸੀ ਹਲਕਿਆਂ ਸਮੇਤ ਕਈ ਤਰ੍ਹਾਂ ਦੇ ਹਿੱਸੇ ਸ਼ੁਮਾਰ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵੀ ਆਪਣੇ ਤੌਰ 'ਤੇ ਦਸਤਖਤੀ ਮੁਹਿੰਮ ਰਾਹੀਂ ਇਹ ਮੰਗ ਉਭਾਰੀ ਜਾ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਬਾਦਲ ਵੱਲੋਂ ਪਿਛਲੇ ਵਰ੍ਹੇ ਸੰਗਰੂਰ ਲੋਕ ਸਭਾ ਹਲਕੇ ਦੀ ਚੋਣ ਦੀ ਇਸ ਮੁੱਦੇ ਦੁਆਲੇ ਲੜੀ ਗਈ ਸੀ ਤੇ ਜੇਲ੍ਹ 'ਚ ਕੈਦੀ ਬਲਵੰਤ ਸਿੰਘ ਰਾਜੋਆਣਾ ਦੀ ਭੈਣ ਨੂੰ ਉਮੀਦਵਾਰ ਬਣਾਇਆ ਗਿਆ ਸੀ।

ਸਿੱਖ ਸਿਆਸਤਦਾਨਾਂ ਵੱਲੋਂ ਦਾਅਵਾ ਕੀਤਾ ਜਾਂਦਾ ਹੈ ਕਿ ਵੱਖ-ਵੱਖ ਜੇਲ੍ਹਾਂ 'ਚ ਕੈਦ ਸ਼ਜਾਵਾਂ ਪੂਰੀਆਂ ਕਰ ਚੁੱਕੇ ਸਿੱਖ ਕੈਦੀਆਂ ਨੂੰ ਭਾਰਤੀ ਰਾਜ ਦੀਆਂ ਸਰਕਾਰਾਂ ਵੱਲੋਂ ਰਿਹਾਅ ਨਹੀਂ ਕੀਤਾ ਜਾ ਰਿਹਾ। ਇਹ ਮੰਗ ਆਮ ਰੂਪ 'ਚ ਤਾਂ ਪੇਸ਼ ਹੁੰਦੀ ਹੈ ਪਰ ਇਹਨਾਂ ਕੈਦੀਆਂ ਦੀ ਗਿਣਤੀ, ਕੇਸਾਂ ਦੀ ਕਿਸਮ ਤੇ ਸ਼ਜਾਵਾਂ ਬਾਰੇ ਪੂਰੀ ਸਪੱਸ਼ਟ ਤਸਵੀਰ ਨਹੀਂ ਉੱਭਰੀ ਹੋਈ। ਇਹ ਮੰਗ ਉਭਾਰਨ ਵਾਲੇ ਹਿੱਸਿਆਂ ਦੇ ਦਾਅਵੇ ਵੀ ਵੱਖਰੇ-ਵੱਖਰੇ ਹਨ। ਸੂਚੀਆਂ ਵੀ ਵੱਖਰੋ-ਵੱਖਰੀਆਂ ਹਨ। ਜਿਨ੍ਹਾਂ ਅੱਠ ਕੈਦੀਆਂ ਦੀ ਗੱਲ ਆਮ ਕਰਕੇ ਚੱਲਦੀ ਹੈ, ਉਹਨਾਂ 'ਚੋਂ ਤਿੰਨ ਕੈਦੀ ਬਲਵੀਰ ਸਿੰਘ, ਵਰਿਆਮ ਸਿੰਘ ਤੇ ਹਰਜਿੰਦਰ ਸਿੰਘ ਸ਼ਜਾਵਾਂ ਪੂਰੀਆਂ ਕਰਨ ਮਗਰੋਂ ਕੁੱਝ ਸਮਾਂ ਪਹਿਲਾਂ ਜੇਲ੍ਹੋਂ ਰਿਹਾਅ ਹੋ ਚੁੱਕੇ ਹਨ। ਪੰਜਾਬ ਦੇ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਕੇਸ ਵਿੱਚ ਸਜ਼ਾਵਾਂ ਭੁਗਤ ਰਹੇ ਬਲਵੰਤ ਸਿੰਘ ਰਾਜੋਆਣਾ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਤਬਦੀਲ ਕਰਨ ਦਾ ਕੇਸ ਕੇਂਦਰ ਸਰਕਾਰ ਵੱਲੋਂ ਲਟਕਦਾ ਹੀ ਰੱਖਿਆ ਜਾ ਰਿਹਾ ਹੈ। ਜਦਕਿ ਜਗਤਾਰ ਸਿੰਘ ਹਵਾਰਾ ਦੀ ਮੌਤ ਦੀ ਸਜ਼ਾ ਉਮਰ ਕੈਦ 'ਚ ਤਬਦੀਲ ਕੀਤੀ ਜਾ ਚੁੱਕੀ ਹੈ। ਉੱਭਰਵੇਂ ਤੌਰ 'ਤੇ ਤਿੰਨ ਕੈਦੀ ਜਿਹੜੇ ਬੇਅੰਤ ਕਤਲ ਕੇਸ ਨਾਲ ਸੰਬੰਧਤ ਹਨ ਅਜਿਹੇ ਹਨ ਜਿਨ੍ਹਾਂ ਦੀ ਕੈਦ ਦੀ 25 ਸਾਲ ਪੂਰੇ ਹੋ ਚੁੱਕੇ ਹਨ ਪਰ ਉਹਨਾਂ ਨੂੰ ਰਿਹਾਅ ਨਹੀਂ ਕੀਤਾ ਗਿਆ ਜਦਕਿ ਕਈ ਕੈਦੀ ਅਜਿਹੇ ਹਨ ਜਿੰਨ੍ਹਾਂ ਦੀ ਸਜ਼ਾਵਾਂ ਅਜੇ ਪੂਰੀਆਂ ਨਹੀਂ ਹੋਈਆਂ ਤੇ ਕਈਆਂ ਦੇ ਕੇਸਾਂ ਦੇ ਨਿਪਟਾਰੇ ਵੀ ਨਹੀਂ ਹੋਏ। ਪਰਮਜੀਤ ਭਿਓਰਾ ਤੇ ਜਗਤਾਰ ਸਿੰਘ ਤਾਰਾ ਜੇਲ੍ਹ ਤੋੜ ਕੇ ਭੱਜਣ ਮਗਰੋਂ ਦੁਬਾਰਾ ਗ੍ਰਿਫਤਾਰ ਕੀਤੇ ਗਏ ਸਨ। ਇਹਨਾਂ ਕੈਦੀਆਂ 'ਚੋਂ ਕਈ ਕੈਦੀ ਜਿਵੇਂ ਹਰਨੇਕ ਸਿੰਘ ਪੈਰੋਲ 'ਤੇ ਆਏ ਹੋਏ ਹਨ ਤੇ ਦਇਆ ਸਿੰਘ ਲਾਹੌਰੀਆ ਪੱਕੀ ਪੈਰੋਲ 'ਤੇ ਜੇਲ੍ਹ 'ਚੋਂ ਬਾਹਰ ਹੈ। 1993 ਦੇ ਦਿੱਲੀ ਬੰਬ ਕਾਂਡ 'ਚ ਦੋਸ਼ੀ ਦਵਿੰਦਰਪਾਲ ਸਿੰਘ ਭੁੱਲਰ 28 ਸਾਲਾਂ ਤੋਂ ਜੇਲ੍ਹ 'ਚ ਹੈ ਤੇ ਮਾਨਸਿਕ ਰੋਗੀ ਵੀ ਹੈ। ਕੇਂਦਰ ਸਰਕਾਰ ਵੱਲੋਂ ਗੁਰੂ ਨਾਨਕ ਦੇਵ ਜੀ 550 ਸਾਲਾ ਜਨਮ ਦਿਵਸ ਮੌਕੇ ਹੋਰਨਾਂ ਕੈਦੀਆਂ ਨੂੰ ਛੱਡਣ ਦੇ ਫੈਸਲੇ ਵਜੋਂ ਉਸਨੂੰ ਵੀ ਰਿਹਾਅ ਕਰਨ ਦਾ ਹੁਕਮ ਜਾਰੀ ਕੀਤਾ ਗਿਆ ਸੀ ਪਰ ਉਸ ਬਾਰੇ ਇੱਕ ਰਿੱਟ ਪਟੀਸ਼ਨ ਪੰਜਾਬ ਤੇ ਹਰਿਆਣਾ ਹਾਈਕੋਰਟ 'ਚ ਪਈ ਹੋਈ ਹੈ।

ਜ਼ਿਕਰਯੋਗ ਹੈ ਗੁਰੂ ਨਾਨਕ ਦੇਵ ਦੇ 550 ਸਾਲਾ ਜਨਮ ਦਿਹਾੜੇ ਮੌਕੇ ਹੀ 11-10-2019 ਨੂੰ ਕੇਂਦਰੀ ਹਕੂਮਤ ਨੇ 8 ਸਿੱਖ ਕੈਦੀਆਂ ਨੂੰ ਰਿਹਾਅ ਕਰਨ ਤੇ ਇੱਕ ਸਿੱਖ ਕੈਦੀ (ਰਾਜੋਆਣਾ) ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ 'ਚ ਬਦਲਣ ਦਾ ਫੈਸਲਾ ਕੀਤਾ ਸੀ। ਇਹ ਹੁਕਮ ਜਾਰੀ ਹੋਣ ਤੋਂ ਪਹਿਲਾਂ ਹੀ ਇਹਨਾਂ ਅੱਠਾਂ 'ਚੋਂ ਤਿੰਨ ਕੈਦੀ ਰਿਹਾਅ ਹੋ ਚੁੱਕੇ ਹਨ।

ਇਹਨਾਂ ਸਭਨਾਂ ਕੇਸਾਂ ਦੇ ਹਵਾਲੇ ਨਾਲ ਦੇਖਿਆਂ ਇਹ ਤਸਵੀਰ ਉੱਭਰਦੀ ਹੈ ਕਿ ਕੈਦੀਆਂ ਦੀਆਂ ਸਜ਼ਾਵਾਂ ਮੁਆਫ ਕਰਨ ਜਾਂ ਉਮਰ ਕੈਦ ਪੂਰੀ ਕਰਨ ਬਾਰੇ ਮੁਲਕ ਅੰਦਰ ਇਕਸਾਰ ਨੀਤੀ ਬਣਾਏ ਜਾਣ ਦੀ ਜ਼ਰੂਰਤ ਹੈ ਕਿਉਂਕਿ ਇਹ ਮਾਮਲੇ ਹਕੂਮਤਾਂ ਹੱਥ ਰੱਖੇ ਹੋਣ ਕਰਕੇ, ਸਜ਼ਾਵਾਂ ਮਨਚਾਹੇ ਢੰਗ ਨਾਲ ਮੁਆਫ਼ ਕੀਤੀਆਂ ਜਾਂਦੀਆਂ ਹਨ। ਸਜ਼ਾਵਾਂ ਮੁਆਫ ਕਰਨ ਵਾਲੇ ਕਈ ਕੇਸ ਜਲਦੀ ਨਿਪਟਾ ਦਿੱਤੇ ਜਾਂਦੇ ਹਨ ਤੇ ਅਸਰ ਰਸੂਖ ਤੋਂ ਸੱਖਣੇ ਕੇਸ ਸਾਲਾਂ ਬੱਧੀ ਰਾਸ਼ਟਰਪਤੀ ਕੋਲ ਜਾਂ ਅਦਾਲਤਾਂ 'ਚ ਲਟਕਦੇ ਰਹਿੰਦੇ ਹਨ। ਇਹਨਾਂ ਸਿੱਖ ਕੈਦੀਆਂ ਦੇ ਮਾਮਲੇ 'ਚ ਵੀ ਜਮਹੂਰੀ ਤੇ ਮਨੁੱਖੀ ਅਧਿਕਾਰਾਂ ਦੇ ਨੁਕਤਾ ਨਜ਼ਰ ਤੋਂ ਇਹੀ ਮੰਗ ਬਣਦੀ ਹੈ ਕਿ ਸੁਣਾਈਆਂ ਗਈਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਕੈਦੀਆਂ ਨੂੰ ਫੌਰੀ ਰਿਹਾਅ ਕੀਤਾ ਜਾਵੇ। ਉਹਨਾਂ ਦੇ ਦੋਸ਼ ਜੋ ਵੀ ਸਨ, ਜੇਕਰ ਕਾਨੂੰਨੀ ਪ੍ਰਕਿਰਿਆ 'ਚੋਂ ਗੁਜ਼ਰ ਕੇ ਸਜ਼ਾਵਾਂ ਸੁਣਾਈਆਂ ਗਈਆਂ ਹਨ ਤੇ ਉਹ ਪੂਰੀਆਂ ਕੀਤੀਆਂ ਜਾ ਚੁੱਕੀਆਂ ਹਨ ਤਾਂ ਉਹਨਾਂ ਨੂੰ ਰਿਹਾਅ ਨਾ ਕਰਨਾ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਬਣਦੀ ਹੈ। ਸਜ਼ਾਵਾਂ ਮੁਆਫ ਕਰਨ ਦੇ ਮਾਮਲੇ 'ਚ ਵੀ ਹਕੂਮਤਾਂ ਵੱਲੋਂ ਵੱਖੋ-ਵੱਖਰੀਆਂ ਪਹੁੰਚਾਂ ਅਖਤਿਆਰ ਕੀਤੀਆਂ ਜਾਂਦੀਆਂ ਹਨ। ਇੱਕ ਮਾਨਸਿਕ ਰੋਗੀ ਵਜੋਂ ਭੁੱਲਰ ਦਾ ਕੇਸ ਏਨਾ ਸਪੱਸ਼ਟ ਹੈ ਕਿ ਉਸਨੂੰ ਅਜਿਹੀ ਹਾਲਤ 'ਚ ਜੇਲ੍ਹ 'ਚ ਡੱਕੀ ਰੱਖਣ ਦੀ ਕੀ ਤੁਕ ਬਣਦੀ ਹੈ। ਅਜਿਹੇ ਕੇਸਾਂ ਦੇ ਮਾਮਲੇ 'ਚ ਜਮਹੂਰੀ ਹੱਕਾਂ ਦੇ ਪਹਿਰੇਦਾਰ ਸਭਨਾਂ ਹਿੱਸਿਆਂ ਨੂੰ ਆਵਾਜ਼ ਉਠਾਉਣੀ ਚਾਹੀਦੀ ਹੈ ਤੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਇਹਨਾਂ ਕੈਦੀਆਂ ਦੀ ਰਿਹਾਈ ਦੀ ਮੰਗ ਕਰਨੀ ਚਾਹੀਦੀ ਹੈ ਇਸਦੇ ਨਾਲ ਹੀ ਜਮਹੂਰੀ ਪੈਂਤੜੇ ਤੋਂ ਹਰ ਜਾਤ, ਧਰਮ ਤੇ ਖਿੱਤੇ ਦੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਕੈਦੀਆਂ ਦੀ ਰਿਹਾਈ ਦੀ ਮੰਗ ਕਰਨੀ ਚਾਹੀਦੀ ਹੈ। ਅਜਿਹੀ ਰਿਹਾਈ ਹਰ ਦੋਸ਼ੀ ਵਿਅਕਤੀ ਦਾ ਵੀ ਮੁੱਢਲਾ ਜਮਹੂਰੀ ਅਧਿਕਾਰ ਹੈ।

ਫ਼ਿਰਕੂ ਸਿੱਖ ਹਲਕਿਆਂ ਵੱਲੋਂ ਤੇ ਕਈ ਫ਼ਿਰਕੂ ਸਿਆਸਤਦਾਨਾਂ ਵੱਲੋਂ ਇਹ ਮੰਗ ਜਮਹੂਰੀ ਪੈਂਤੜੇ ਤੋਂ ਹੀ ਨਹੀਂ ਉਠਾਈ ਜਾ ਰਹੀ ਸਗੋਂ ਆਪਣੀ ਫ਼ਿਰਕੂ ਸਿਆਸਤ ਦੇ ਵਧਾਰੇ ਪਸਾਰੇ ਦਾ ਸਾਧਨ ਵੀ ਬਣਾਈ ਜਾ ਰਹੀ ਹੈ। ਇਹਨਾਂ ਕੈਦੀਆਂ ਨੂੰ 'ਸਿੱਖ ਸੰਘਰਸ਼ ਦੇ ਯੋਧੇ' ਕਰਾਰ ਦਿੱਤਾ ਜਾ ਰਿਹਾ ਹੈ ਤੇ ਇਹਨਾਂ ਨੂੰ ਜੇਲ੍ਹੀਂ ਡੱਕਣ ਪਿੱਛੇ ਭਾਰਤੀ ਰਾਜ ਵੱਲੋਂ ਸਿੱਖਾਂ ਨਾਲ ਵਿਤਕਰੇ ਦਾ ਸਿਰਜਿਆ ਜਾਂਦਾ ਬਿਰਤਾਂਤ ਤਕੜਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਜਦਕਿ ਹਕੀਕਤ ਇਹ ਹੈ ਕਿ ਕੈਦੀ 80ਵਿਆਂ ਦੀ ਖਾਲਿਸਤਾਨੀ ਦਹਿਸ਼ਤਗਰਦੀ ਲਹਿਰ ਦੀ ਪੈਦਾਇਸ਼ ਹਨ ਜਿਹੜੀ ਲਹਿਰ ਨੇ ਲੋਕਾਂ ਦਾ ਘਾਣ ਕੀਤਾ ਸੀ। ਜਿਸਨੂੰ ਸਿੱਖ ਸੰਘਰਸ਼ ਕਹਿ ਕੇ ਉਚਿਆਇਆ ਜਾ ਰਿਹਾ ਹੈ, ਉਹ ਇੱਕ ਫ਼ਿਰਕੂ-ਫਾਸ਼ੀ ਲਹਿਰ ਸੀ। ਉਹ ਦੌਰ ਫ਼ਿਰਕੂ ਦਹਿਸ਼ਤਗਰਦੀ ਦਾ ਦੌਰ ਸੀ ਤੇ ਫ਼ਿਰਕੂ ਸਿਆਸਤ ਲੋਕਾਂ 'ਤੇ ਕਹਿਰ ਬਣਕੇ ਝੁੱਲੀ ਸੀ। ਇਸ ਲਹਿਰ ਦੀ ਆੜ ਹੇਠ ਹਕੂਮਤੀ ਦਹਿਸ਼ਤਗਰਦੀ ਦਾ ਝੱਖੜ ਵੀ ਲੋਕਾਂ 'ਤੇ ਝੁੱਲਿਆ ਸੀ ਤੇ ਆਮ ਲੋਕ ਦੋਹਾਂ ਤਰ੍ਹਾਂ ਦੀ ਦਹਿਸ਼ਤਗਰਦੀ ਦੇ ਪੁੜਾਂ 'ਚ ਪਿਸੇ ਸਨ। ਇਸ ਫ਼ਿਰਕੂ ਦਹਿਸ਼ਤਗਰਦੀ ਨੂੰ ਕਾਬੂ ਕਰਨ ਦੇ ਨਾਂ ਹੇਠ ਹਕੂਮਤੀ ਮਸ਼ੀਨਰੀ ਨੇ ਪੰਜਾਬ ਦੇ ਕਈ ਬੇਕਸੂਰ ਨੌਜਵਾਨਾਂ 'ਤੇ ਵੀ ਤਸ਼ੱਦਦ ਢਾਹਿਆ ਸੀ ਤੇ ਸਿੱਖ ਨੌਜਵਾਨਾਂ ਨੂੰ ਖਾਲਿਸਤਾਨੀ ਦਹਿਸ਼ਤਗਰਦਾਂ ਦੀਆਂ ਸਫਾਂ 'ਚ ਸ਼ਾਮਲ ਹੋਣ ਵੱਲ ਧੱਕਿਆ ਸੀ। ਖਾਲਿਸਤਾਨੀ ਦਹਿਸ਼ਤਗਰਦਾਂ ਦੇ ਝੂਠੇ ਪੁਲਿਸ ਮੁਕਾਬਲੇ ਬਣਾਏ ਸਨ। ਇਹਨਾਂ ਝੂਠੇ ਪੁਲਿਸ ਮੁਕਾਬਲਿਆਂ ਦਾ ਉਦੋਂ ਵੀ ਪੰਜਾਬ ਦੀਆਂ ਜਮਹੂਰੀ ਤੇ ਇਨਕਲਾਬੀ ਸ਼ਕਤੀਆਂ ਨੇ ਡਟਵਾਂ ਵਿਰੋਧ ਕੀਤਾ ਸੀ ਹਲਾਂਕਿ ਇਹ ਸ਼ਕਤੀਆਂ ਖਾਲਿਸਤਾਨੀ ਕਾਤਲੀ ਗ੍ਰੋਹਾਂ ਦਾ ਚੋਣਵਾਂ ਨਿਸ਼ਾਨਾ ਸਨ ਤੇ ਕਮਿ: ਇਨਕਲਾਬੀ ਕਾਰਕੁੰਨ ਤੇ ਜਮਹੂਰੀ ਲੋਕ ਆਗੂ ਇਹਨਾਂ ਵੱਲੋਂ ਚੁਣ-ਚੁਣ ਕੇ ਕਤਲ ਕੀਤੇ ਜਾ ਰਹੇ ਸਨ। ਇਹ ਇਨਕਲਾਬੀ ਲੋਕ ਸਨ ਜਿਨ੍ਹਾਂ ਨੇ ਹਕੂਮਤ ਦੀ ਜਬਰ ਦੀ ਇਸ ਨੀਤੀ ਦਾ ਵਿਰੋਧ ਕੀਤਾ ਸੀ ਤੇ ਖਾਲਿਸਤਾਨੀ ਦਹਿਸ਼ਤਗਰਦਾਂ ਦੇ ਮਨੁੱਖੀ ਅਧਿਕਾਰਾਂ ਦੇ ਹੱਕ ਲਈ ਆਵਾਜ਼ ਉਠਾਈ ਸੀ। ਹੁਣ ਵੀ ਸਜ਼ਾਵਾਂ ਪੂਰੀਆਂ ਕਰ ਚੁੱਕੇ ਇਹਨਾਂ ਕੈਦੀਆਂ ਦੀ ਰਿਹਾਈ ਲਈ ਆਵਾਜ਼ ਉਠਾਉਣਾ ਖਰਾ ਜਮਹੂਰੀ ਪੈਂਤੜਾ ਬਣਦਾ ਹੈ ਪਰ ਇਹ ਆਵਾਜ਼ ਉਠਾਉਣ ਵੇਲੇ ਫਿਰਕੂ ਸਿਆਸਤ ਦੇ ਪੈਂਤੜੇ ਨਾਲੋਂ ਸਪੱਸ਼ਟ ਨਿਖੇੜਾ ਕਰਨਾ ਚਾਹੀਦਾ ਹੈ। ਉਹਨਾਂ ਦੇ ਕੀਤੇ ਨੂੰ ਵਾਜਬ ਨਹੀਂ ਠਹਿਰਾਇਆ ਜਾ ਸਕਦਾ ਸਗੋਂ ਉਹ ਰੱਦ ਕਰਨ ਯੋਗ ਹੈ। ਪਰ ਕੈਦੀਆਂ ਵਜੋਂ ਵੀ ਉਹਨਾਂ ਦੇ ਮਨੁੱਖੀ ਅਧਿਕਾਰ ਹਰ ਜਮਹੂਰੀ ਹਿੱਸੇ ਦੇ ਸਰੋਕਾਰਾਂ ਦਾ ਮਸਲਾ ਬਣਨੇ ਚਾਹੀਦੇ ਹਨ।

ਫ਼ਿਰਕੂ ਸਿਆਸਤਦਾਨਾਂ ਤੇ ਫ਼ਿਰਕੂ ਜਨੂੰਨੀ ਅਨਸਰਾਂ ਵੱਲੋਂ ਸਿਰਜਿਆ ਜਾ ਰਿਹਾ ਇਹ ਬਿਰਤਾਂਤ ਸਹੀ ਨਹੀਂ ਹੈ ਕਿ ਅਜਿਹਾ ਸਿੱਖ ਕੈਦੀਆਂ ਨਾਲ ਕੀਤਾ ਜਾ ਰਿਹਾ ਹੈ। ਇਹ ਝੂਠਾ ਬਿਰਤਾਂਤ ਹੈ ਕਿ ਭਾਰਤੀ ਰਾਜ ਹਿੰਦੂ ਰਾਜ ਹੈ ਤੇ ਸਿੱਖ ਕੈਦੀਆਂ ਨਾਲ ਵਿਤਕਰਾ ਕੀਤਾ ਜਾ ਰਿਹਾ ਹੈ। ਭਾਰਤੀ ਰਾਜ ਸਾਰੇ ਧਰਮਾਂ ਦੀ ਪਾਲਣਾ ਪੋਸ਼ਣਾ ਕਰਨ ਵਾਲਾ ਸਿਰੇ ਦਾ ਧੱਕੜ ਤੇ ਜਬਰ ਰਾਜ ਹੈ। ਇਹ ਹਰ ਵੰਨਗੀ ਦੀਆਂ ਫ਼ਿਰਕੂ ਲਹਿਰਾਂ ਦੀ ਪਾਲਣਾ ਪੋਸ਼ਣਾ ਕਰ ਸਕਦਾ ਹੈ ਤੇ ਇਹਦੇ 'ਤੇ ਕਾਬਜ਼ ਹਾਕਮ ਜਮਾਤੀ ਵੋਟ ਪਾਰਟੀਆਂ ਇਹਨਾਂ ਨੂੰ ਆਪੋ-ਆਪਣੇ ਵੋਟ ਮਕਸਦਾਂ ਲਈ ਵਰਤ ਸਕਦੀਆਂ ਹਨ ਤੇ ਵਰਤਦੀਆਂ ਆ ਰਹੀਆਂ ਹਨ। ਇਹ ਫ਼ਿਰਕੂ ਹਿੱਸੇ ਮੌਕੇ ਦੀਆਂ ਹਕੂਤਾਂ ਨਾਲ ਟਕਰਾਅ 'ਚ ਵੀ ਆ ਜਾਂਦੇ ਹਨ ਤੇ ਹਕੂਮਤੀ ਕਰੋਪੀ ਵੀ ਝੱਲਦੇ ਹਨ। ਭਾਰਤੀ ਰਾਜ ਨੇ ਹਰ ਵੰਨਗੀ ਦੀ ਫਿਰਕਾਪ੍ਰਸਤੀ ਦੀ ਪਾਲਣਾ ਪੋਸ਼ਣਾ ਕੀਤੀ ਹੈ ਅਤੇ 1980ਵਿਆਂ 'ਚ ਪੰਜਾਬ ਅੰਦਰ ਖਾਲਿਸਤਾਨੀ ਦਹਿਸ਼ਤਗਰਦੀ ਦਾ ਉਭਾਰ ਵੀ ਕੇਂਦਰੀ ਕਾਂਗਰਸੀ ਹਕੂਮਤ ਵੱਲੋਂ ਫ਼ਿਰਕੂ ਅਨਸਰਾਂ ਦੀ ਪਾਲਣਾ ਪੋਸ਼ਣਾ ਦਾ ਹੀ ਸਿੱਟਾ ਸੀ ਜਿਹੜੀ ਉਸਨੇ ਅਕਾਲੀ ਸਿਆਸਤਦਾਨਾਂ ਨੂੰ ਟੱਕਰ ਦੇਣ ਦਾ ਕੁਰਸੀ ਤੇ ਮੌਕਾਪ੍ਰਸਤ ਲੋੜਾਂ ਕਾਰਨ ਕੀਤੀ ਸੀ। ਹੁਣ ਭਾਜਪਾ ਦੇਸ਼ ਭਰ 'ਚ ਹਿੰਦੂ ਫਿਰਕਾਪ੍ਰਸਤੀ ਨੂੰ ਹਵਾ ਦੇ ਕੇ ਕੁਰਸੀ 'ਤੇ ਬਿਰਾਜਮਾਨ ਰਹਿਣ ਦੀ ਸਿਆਸਤ ਖੇਡ ਰਹੀ ਹੈ। ਇਸ ਨੀਤੀ ਕਾਰਨ ਭਾਰਤੀ ਰਾਜ ਦੇ ਵੱਖ-ਵੱਖ ਅੰਗਾਂ 'ਚ ਹਿੰਦੂਤਵ ਦਾ ਬੋਲਬਾਲਾ ਵਧਿਆ ਹੈ। ਇਹ ਵਰਤਾਰਾ ਹੋਰਨਾਂ ਧਰਮਾਂ ਦੀਆਂ ਫਿਰਕਾਪ੍ਰਸਤ ਤਾਕਤਾਂ ਨੂੰ ਵੀ ਤਾਕਤ ਦੇ ਰਿਹਾ ਹੈ।

ਹਕੂਮਤ ਦਾ ਕੈਦੀਆਂ ਪ੍ਰਤੀ ਇਹ ਰਵੱਈਆ ਸਿਰਫ ਸਿੱਖ ਕੈਦੀਆਂ ਪ੍ਰਤੀ ਹੀ ਨਹੀਂ ਹੈ ਸਗੋਂ ਹੋਰਨਾਂ ਧਰਮਾਂ ਦੇ ਕੈਦੀਆਂ ਪ੍ਰਤੀ ਵੀ ਹੈ। ਦੇਸ਼ ਭਰ ਦੀਆਂ ਜੇਲ੍ਹਾਂ 'ਚ ਹਜ਼ਾਰਾਂ ਕੈਦੀ ਸਭਨਾਂ ਧਰਮਾਂ ਨਾਲ ਹੀ ਸੰਬੰਧਿਤ ਹਨ ਜਿਹੜੇ ਲੰਮਾ ਸਮਾਂ ਕੇਸ ਲਮਕਦੇ ਰਹਿਣ ਕਾਰਨ ਆਪਣੀ ਹੋਣ ਵਾਲੀ ਸਜ਼ਾ ਤੋਂ ਵੀ ਜਿਆਦਾ ਸਜ਼ਾ ਭੁਗਤ ਲੈਂਦੇ ਹਨ। ਕੈਦੀਆਂ ਦੇ ਮਨੁੱਖੀ ਅਧਿਕਾਰਾਂ ਨੂੰ ਕੁਚਲਣ ਵਾਲੀ ਰਾਜ ਸੱਤਾ ਕਿਸੇ ਵਿਸ਼ੇਸ਼ ਧਰਮ ਦਾ ਲਿਹਾਜ਼ ਨਹੀਂ ਕਰਦੀ ਸਗੋਂ ਜਮਾਤਾਂ ਦਾ ਲਿਹਾਜ਼ ਕਰਦੀ ਹੈ। ਇਹ ਠੀਕ ਹੈ ਕਿ ਹਿੰਦੂ ਫਿਰਕੂ ਜਨੂੰਨੀ ਅਨਸਰਾਂ ਨੂੰ ਕੇਂਦਰੀ ਮੋਦੀ ਹਕੂਮਤ ਸਜ਼ਾਵਾਂ ਤੋਂ ਵੀ ਬਚਾ ਰਹੀ ਹੈ ਤੇ ਸਜ਼ਾਵਾਂ ਮੁਆਫ ਵੀ ਕਰਵਾ ਰਹੀ ਹੈ। ਇਹ ਉਸਦੇ ਫ਼ਿਰਕੂ-ਫਾਸ਼ੀ ਹਥਿਆਰ ਦੀਆਂ ਲੋੜਾਂ ਅਨੁਸਾਰ ਕੀਤਾ ਜਾ ਰਿਹਾ ਵਿਹਾਰ ਹੈ ਜਦਕਿ ਕਿੰਨੇ ਹੀ ਬੇਹੱਦ ਗਰੀਬ ਹਿੰਦੂ ਕਿਰਤੀ ਜੇਲ੍ਹਾਂ 'ਚ ਵੀ ਸੜ੍ਹ ਰਹੇ ਹਨ ਜਿਹੜੇ ਭਾਜਪਾ ਦੀ ਫਿਰਕੂ ਵਿਉਂਤ 'ਚ ਫਿੱਟ ਨਹੀਂ ਆਉਂਦੇ। ਆਮ ਹਿੰਦੂ ਧਰਮੀ ਕਿਰਤੀ ਨਹੀਂ ਸਗੋਂ ਹਿੰਦੂ ਫਿਰਕਾਪ੍ਰਸਤ ਅਨਸਰ ਭਾਜਪਾਈ ਹਕੂਮਤ ਦੀ ਮਿਹਰ ਦੇ ਪਾਤਰ ਹਨ। ਕਿੰਨੇ ਹੀ ਦਲਿਤ, ਆਦਿਵਾਸੀ ਤੇ ਮੁਸਲਮਾਨ ਧਰਮ ਨਾਲ ਸੰਬੰਧਿਤ ਕੈਦੀ ਜੇਲ੍ਹਾਂ 'ਚ ਡੱਕੇ ਹੋਏ ਹਨ ਤੇ ਸਾਲਾਂ ਬੱਧੀ ਉਹਨਾਂ ਦੇ ਮੁਕੱਦਮੇ ਹੀ ਸ਼ੁਰੂ ਨਹੀਂ ਹੁੰਦੇ, ਜਮਾਨਤਾਂ ਭਰਨ ਵਾਲਾ ਵੀ ਕੋਈ ਨਹੀਂ ਹੁੰਦਾ ਤੇ ਜੇਲ੍ਹਾਂ ਅੰਦਰ ਹੀ ਸੜ੍ਹ ਕੇ ਮਰ ਜਾਣ ਦੀ ਹੋਣੀ ਲਈ ਸਰਾਪੇ ਹੋਏ ਹਨ। ਜੇਕਰ ਕੋਈ ਸਜ਼ਾਵਾਂ ਤੋਂ ਬੱਚਦੇ ਹਨ ਜਾਂ ਸਜ਼ਾਵਾਂ ਮੁਆਫ ਕਰਵਾਉਂਦੇ ਹਨ ਤਾਂ ਸੰਜੇ ਦੱਤ ਤੇ ਸਲਮਾਨ ਖਾਨ ਵਰਗੇ ਪੈਸੇ ਦੇ ਧਨੀ ਹਨ ਜਾਂ ਵੱਡੇ-ਵੱਡੇ ਘਪਲੇ ਕਰਨ ਵਾਲੇ ਨੇਤਾ ਹਨ ਜਿਹੜੇ ਜੇਲ੍ਹਾਂ 'ਚ ਨਹੀਂ ਸੜ੍ਹਦੇ। ਜੇਕਰ ਕੋਈ ਫਸ ਵੀ ਜਾਵੇ ਤਾਂ ਉਹਨਾਂ ਲਈ ਸਜ਼ਾ ਮੁਆਫੀ, ਪੈਰੋਲ ਤੱਕ ਦੇ ਹਰ ਤਰ੍ਹਾਂ ਦੇ ਮੌਕੇ ਹਾਸਲ ਹਨ ਤੇ ਜੇਕਰ ਚਾਰ ਦਿਨ ਜੇਲ੍ਹ 'ਚ ਕੱਟਣੇ ਵੀ ਪੈ ਜਾਣ ਤਾਂ ਜੇਲ੍ਹਾਂ ਅੰਦਰ ਵੀ ਫਾਈਵ ਸਟਾਰ ਹੋਟਲਾਂ ਵਰਗੀਆਂ ਸਹੂਲਤਾਂ ਮੌਜੂਦ ਹਨ। ਦੇਸ਼ ਭਰ 'ਚ ਗ੍ਰਿਫਤਾਰ ਕੀਤੇ ਗਏ ਜਮਹੂਰੀ ਹੱਕਾਂ ਦੇ ਕਾਰਕੁੰਨਾਂ ਤੇ ਬੁੱਧੀਜੀਵੀਆਂ 'ਚੋਂ ਕਿੰਨੇ ਹੀ ਹਿੰਦੂ ਧਰਮ ਨਾਲ ਸੰਬੰਧਿਤ ਹਨ ਪਰ ਹਕੂਮਤ ਦੀ ਜਬਰ ਦੀ ਨੀਤੀ ਦਾ ਵਿਰੋਧ ਕਰਨ ਕਰਕੇ ਜੇਲ੍ਹੀਂ ਸੜ ਰਹੇ ਹਨ ਹਲਾਂਕਿ ਕਿ ਭੀਮਾ ਕੋਰੇਗਾਉਂ ਵਰਗੇ ਕੇਸ ਪੂਰੀ ਤਰ੍ਹਾਂ ਝੂਠੇ ਹਨ। ਸਟੇਨ ਸਵਾਮੀ ਨੂੰ ਗੰਭੀਰ ਬੀਮਾਰੀ ਦੀ ਹਾਲਤ 'ਚ ਜ਼ਮਾਨਤ ਨਹੀਂ ਦਿੱਤੀ ਗਈ ਸੀ ਤੇ ਉਸਦੀ ਅੰਦਰੇ ਮੌਤ ਹੋ ਗਈ। ਇਸ ਪ੍ਰਸੰਗ 'ਚ ਜਮਹੂਰੀ ਤੇ ਮਨੁੱਖੀ ਅਧਿਕਾਰਾਂ ਦੀ ਪਹੁੰਚ ਅਨੁਸਾਰ ਜੇਲ੍ਹਾਂ ਅੰਦਰ ਸਜ਼ਾਵਾਂ ਕੱਟ ਰਹੇ ਕੈਦੀਆਂ ਦੇ ਹੱਕਾਂ ਦੀ ਜ਼ਾਮਨੀ ਅਤੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਭਨਾਂ ਕੈਦੀਆਂ ਦੀ ਰਿਹਾਈ ਦੀ ਮੰਗ ਜਮਹੂਰੀ ਲਹਿਰ ਦਾ ਸਰੋਕਾਰ ਬਣਦੀ ਹੈ।

ਸਿੱਖ ਧਰਮ ਨਾਲ ਸੰਬੰਧਿਤ ਕੈਦੀਆਂ ਦੀ ਇੱਕ ਹੋਰ ਵੰਨਗੀ ਹੈ ਜਿੰਨ੍ਹਾਂ ਨੂੰ ਖਾਲਿਸਤਾਨ ਦਾ ਨਾਅਰਾ ਲਾਉਣਾ ਜਾਂ ਲਿਖਣ ਕਾਰਨ ਹੀ ਜੇਲ੍ਹੀਂ ਡੱਕ ਦਿੱਤਾ ਗਿਆ ਜਾਂ ਅਜਿਹੀਆਂ ਕਿਤਾਬਾਂ ਰੱਖਣ ਕਾਰਨ ਹੀ ਸਜ਼ਾ ਸੁਣਾਈ ਗਈ ਹੈ। ਇਹ ਹਿੱਸਾ ਸਿਆਸੀ ਕੈਦੀਆਂ 'ਚ ਸ਼ੁਮਾਰ ਹੁੰਦਾ ਹੈ ਕਿਉਂਕਿ ਉਹਨਾਂ ਨੂੰ ਉਹਨਾਂ ਦੇ ਵੱਖਰੇ ਸਿਆਸੀ ਵਿਚਾਰਾਂ ਕਾਰਨ ਗ੍ਰਿਫਤਾਰ ਕੀਤਾ ਗਿਆ ਹੈ, ਮੁਕੱਦਮੇ ਚਲਾਏ ਗਏ ਹਨ ਤੇ ਕੁੱਝ ਕੁ ਨੂੰ ਸਜ਼ਾਵਾਂ ਵੀ ਹੋਈਆਂ ਹਨ। ਵੱਖਰੇ ਸਿਆਸੀ ਵਿਚਾਰਾਂ ਦੇ ਅਧਾਰ 'ਤੇ ਸਜ਼ਾਵਾਂ ਦੇਣ ਦੀ ਰਾਜ ਦੀ ਜਾਬਰ ਨੀਤੀ ਦਾ ਵਿਰੋਧ ਕਰਨਾ ਚਾਹੀਦਾ ਹੈ ਤੇ ਇਨਕਲਾਬੀ ਜਮਹੂਰੀ ਹਿੱਸੇ ਹਮੇਸ਼ਾਂ ਇਸ ਖ਼ਿਲਾਫ਼ ਆਵਾਜ਼ ਉਠਾਉਂਦੇ ਹਨ ਚਾਹੇ ਸਿਆਸੀ ਵਿਚਾਰਾਂ ਦੇ ਤੌਰ 'ਤੇ ਇਹਨਾਂ ਨਾਲ ਇਨਕਲਾਬੀਆਂ ਦੀ ਨਾ ਸਿਰਫ ਅਸਹਿਮਤੀ ਹੈ ਸਗੋਂ ਇਹਨਾਂ ਨੂੰ ਪਿਛਾਖੜੀ ਸਿਆਸੀ ਵਿਚਾਰ ਸਮਝ ਰੱਦ ਕਰਦੇ ਹਨ ਪਰ ਨਾਲ ਹੀ ਇਸ ਵਿਚਾਰ ਨੂੰ ਪ੍ਰਚਾਰਨ ਤੇ ਲੋਕਾਂ 'ਚ ਲੈ ਕੇ ਜਾਣ ਦੇ ਜਮਹੂਰੀ ਹੱਕ ਨੂੰ ਬੁਲੰਦ ਕਰਦੇ ਹਨ। ਵੱਖਰੇ ਸਿਆਸੀ ਵਿਚਾਰਾਂ ਦੇ ਅਧਾਰ 'ਤੇ ਮੁਕੱਦਮੇ ਦਰਜ ਕਰਨ ਤੇ ਸਜ਼ਾਵਾਂ ਦੇਣ ਦਾ ਵੀ ਸਮੁੱਚੀ ਜਮਹੂਰੀ ਲਹਿਰ ਨੂੰ ਵਿਰੋਧ ਕਰਨਾ ਚਾਹੀਦਾ ਹੈ।

**(ਸੁਰਖ ਲੀਹ ਜਨਵਰੀ ਫਰਵਰੀ ਤੋਂ ਧੰਨਵਾਦ ਸਹਿਤ)**

# ਕੈਨੇਡਾ 'ਚ ਇੰਟਰਨੈਸ਼ਨਲ ਸਟੂਡੈਂਟਾਂ ਬਾਰੇ ਚਿੰਤਾ, ਨਸ਼ੇ ਦੀ ਓਵਰਡੋਜ਼ ਨਾਲ ਮੌਤਾਂ

(ਅੰਤਰਰਾਸਟਰੀ ਵਿਦਿਆਰਥੀਆਂ ਦੇ ਸੰਬੰਧ ਵਿੱਚ ਇਹ ਰਿਪੋਰਟ 16 ਜਨਵਰੀ ਨੂੰ ਪ੍ਰੈੱਸ ਪ੍ਰੌਗਰੈਸ ਦੇ ਵੈੱਬਸਾਈਟ 'ਤੇ ਅੰਗਰੇਜੀ ਵਿੱਚ ਛਪੀ ਹੈ। ਇਸ ਦਾ ਪੰਜਾਬੀ ਅਨੁਵਾਦ ਪੇਸ਼ ਹੈ ।)

ਲੇਖਕ: ਰਮਨੀਕ ਜੌਹਲ
ਅੰਗਰੇਜ਼ੀ ਤੋਂ ਅਨੁ.: ਸੁਖਵੰਤ ਹੁੰਦਲ

ਸਥਾਨਕ ਧਾਰਮਿਕ ਲੀਡਰ ਅਤੇ ਕਮਿਊਨਿਟੀ ਵਰਕਰਾਂ ਦਾ ਕਹਿਣਾ ਹੈ ਕਿ ਸਰੀ ਵਿੱਚ ਇੰਟਰਨੈਸਨਲ ਸਟੂਡੈਂਟ ਵੱਡੀ ਦਰ 'ਤੇ ਡਰੱਗ ਓਵਰਡੋਜ ਨਾਲ ਮਰ ਰਹੇ ਹਨ, ਪਰ ਓਵਰਡੋਜ ਕਾਰਨ ਹੋਈਆਂ ਇਹਨਾਂ ਮੌਤਾਂ ਬਾਰੇ ਅੰਕੜੇ ਸਰਕਾਰ ਵਲੋਂ ਜਨਤਕ ਨਹੀਂ ਕੀਤੇ ਜਾ ਰਹੇ। ਸਰੀ ਵਿਚਲੇ ਦੁੱਖ ਨਿਵਾਰਨ ਗੁਰਦਵਾਰੇ ਦੇ ਗਿਆਨੀ ਨਰਿੰਦਰ ਸਿੰਘ ਦਾ ਕਹਿਣਾ ਹੈ ਕਿ ਗੁਰਦਵਾਰੇ ਨੇ ਵਿਦਿਆਰਥੀਆਂ ਦੀਆਂ ਲਾਂਸਾਂ ਨੂੰ ਇੰਡੀਆ ਪਹੁੰਚਾਉਣ ਵਿੱਚ ਮਦਦ ਕਰਨ ਲਈ ਲੱਖਾਂ ਡਾਲਰ ਖਰਚ ਕੀਤੇ ਹਨ। ਬਹੁਤੀ ਵਾਰ ਪਰਿਵਾਰ ਗੁਰਦਵਾਰੇ ਨੂੰ ਮੁਖਤਿਆਰਨਾਮਾ (ਪਾਵਰ ਆਫ ਅਟਾਰਨੀ) ਦੇ ਦਿੰਦੇ ਹਨ ਕਿਉਂਕ ਉਹ ਫਿਊਨਰਲ ਦਾ ਖਰਚਾ ਨਹੀਂ ਚੁੱਕ ਸਕਦੇ ਜਾਂ ਲਾਸ ਨੂੰ ਵਾਪਸ ਮੰਗਵਾਉਣ ਦਾ ਖਰਚਾ ਨਹੀਂ ਦੇ ਸਕਦੇ। ਇਸ ਕਰਕੇ ਗੁਰਦਵਾਰੇ ਨੂੰ ਕੌਰਨਰ ਦੀ ਰਿਪੋਰਟ ਮਿਲਦੀ ਹੈ, ਜਿਸ ਵਿੱਚ ਮੌਤ ਦਾ ਕਾਰਨ ਦਿੱਤਾ ਗਿਆ ਹੁੰਦਾ ਹੈ। ਸਿੰਘ ਨੇ ਪ੍ਰੈੱਸ ਪ੍ਰੌਗਰੈੱਸ ਨੂੰ ਦੱਸਿਆ ਕਿ "ਸਾਨੂੰ ਮਿਲੀਆਂ 80% ਫੀਸਦੀ ਰਿਪੋਰਟਾਂ ਵਿੱਚ ਅਸੀਂ ਨੋਟ ਕੀਤਾ ਹੈ ਕਿ ਮੌਤ ਦਾ ਕਾਰਨ ਡਰੱਗ ਨਾਲ ਸੰਬੰਧਿਤ ਹੁੰਦਾ ਹੈ।"

ਸਿੰਘ ਨੇ ਅਗਾਂਹ ਦੱਸਿਆ ਕਿ ਬੇਇਜਤੀ ਹੋਣ ਦੇ ਡਰ ਕਰਕੇ ਮਰਨ ਵਾਲਿਆਂ ਦੇ ਪਰਿਵਾਰ ਦੇ ਮੈਂਬਰ ਬਹੁਤੀ ਵਾਰ ਲੋਕਾਂ ਨੂੰ ਕਹਿੰਦੇ ਹਨ ਕਿ ਮ੍ਰਿਤਕ ਦੀ ਮੌਤ ਦਿਲ ਦੇ ਦੌਰੇ ਕਾਰਨ ਹੋਈ ਹੈ ਜਾਂ ਉਹ ਸੁੱਤਾ ਹੀ ਰਹਿ ਗਿਆ, ਜਦੋਂ ਕਿ ਅਸਲ ਕਾਰਨ ਡਰੱਗ ਦੀ ਓਵਰਡੋਜ ਹੁੰਦਾ ਹੈ।

ਸਿੰਘ ਅਨੁਸਾਰ, "ਕਈਆਂ ਨੇ ਇਸ ਨੂੰ ਪਹਿਲਾਂ ਕਦੀ ਵੀ ਨਹੀਂ ਲਿਆ ਹੁੰਦਾ ਅਤੇ ਇੱਥੇ ਉਹ ਇਸ ਨੂੰ ਪਹਿਲੀ ਵਾਰ ਲੈਂਦੇ ਹਨ, ਕਈ ਇਸ ਨੂੰ ਇੱਥੇ ਲੈਣ ਤੋਂ ਪਹਿਲਾਂ ਇੰਡੀਆ ਤੋਂ ਲੈਂਦੇ ਆਏ ਹੁੰਦੇ ਹਨ- ਇਸ ਦੇ ਕਈ ਕਾਰਨ ਹੋ ਸਕਦੇ ਹਨ, ਤੁਸੀਂ ਇਸ ਨੂੰ ਇਕ ਕੋਣ ਤੋਂ ਨਹੀਂ ਦੇਖ ਸਕਦੇ।" ਸਿੰਘ ਦਾ ਕਹਿਣਾ ਹੈ ਕਿ ਬਹੁਤਿਆਂ ਨੂੰ ਡਰੱਗ ਦੇ ਜਹਿਰੀਲੇਪਣ ਦਾ ਨਹੀਂ ਪਤਾ ਹੁੰਦਾ ਅਤੇ ਉਹ ਇਹ ਨਹੀਂ ਜਾਣਦੇ ਕਿ ਡਰੱਗ ਵਿੱਚ ਫੈਨਟਨਿਲ ਅਤੇ ਹੋਰ ਚੀਜਾਂ ਮਿਲੀਆਂ ਹੋ ਸਕਦੀਆਂ ਹਨ। "ਉਹਨਾਂ ਨੂੰ ਇਹ ਨਹੀਂ ਪਤਾ ਹੁੰਦਾ ਕਿ ਇਸ ਵਿੱਚ ਡਰੱਗ ਕਿੰਨੀ ਹੈ, ਹੋ ਸਕਦਾ ਹੈ ਕਿ ਇਹ ਉਹਨਾਂ ਨੇ ਪਹਿਲੀ ਵਾਰੀ ਲਈ ਹੋਵੇ, ਅਤੇ ਪਹਿਲੀ ਵਾਰੀ ਹੀ ਉਹ ਓਵਰਡੋਜ ਹੋ ਗਏ ਹੋਣ।"

ਗੁਰੂ ਨਾਨਕ ਫੂਡ ਬੈਂਕ ਦੇ ਸੈਕਟਰੀ ਅਤੇ ਉਪਰੇਸਨਲ ਮੁੱਖੀ ਨੀਰਜ ਵਾਲੀਆ ਦਾ ਕਹਿਣਾ ਹੈ ਕਿ ਸਰਕਾਰ ਇਹ ਅੰਕੜੇ ਇਸ ਲਈ ਜਾਰੀ ਨਹੀਂ ਕਰ ਰਹੀ ਕਿਉਂਕਿ ਇਹ ਹੋਰ ਵਿਦਿਆਰਥੀਆਂ ਨੂੰ ਕੈਨੇਡਾ ਆਉਣ ਤੋਂ ਰੋਕ ਸਕਦੀ ਹੈ। ਪ੍ਰੈੱਸ ਪ੍ਰੌਗਰੈੱਸ ਨਾਲ ਗੱਲ ਕਰਦਿਆਂ ਵਾਲੀਆ ਨੇ ਕਿਹਾ "ਫਿਊਨਰਲ ਹੋਮ, ਇਹ ਗਿਣਤੀ ਦਸ ਸਕਦੇ ਹਨ। ਮੇਰੇ ਅਨੁਸਾਰ, ਹਰ ਹਫਤੇ ਸਰੀ ਵਿੱਚ ਇੰਟਰਨੈਸਨਲ ਵਿਦਿਆਰਥੀਆਂ ਦੀਆਂ ਇਕ ਜਾਂ ਦੋ ਮੌਤਾਂ ਹੋਣ ਦੀ ਖਬਰ ਆਉਂਦੀ ਹੈ। ਸੋਮਵਾਰ ਨੂੰ ਇਕ ਹੋਰ ਨੌਜਵਾਨ ਦਾ ਫਿਊਨਰਲ ਹੈ ਜਿਸ ਦੀ ਮੌਤ ਓਵਰਡੋਜ ਨਾਲ ਹੋਈ ਹੈ।"

ਵਾਲੀਆ ਨੇ ਅੱਗੇ ਕਿਹਾ, "ਸਰਕਾਰ ਨੂੰ ਇਹ ਸਵੀਕਾਰ ਕਰਨ ਦੀ ਲੋੜ ਹੈ ਅਤੇ ਇਹ ਗਿਣਤੀ ਦੱਸਣ ਦੀ ਲੋੜ ਹੈ, ਕਿ ਹਾਂ (ਇਹਨਾਂ ਮੌਤਾਂ ਦਾ) ਕਾਰਨ ਇਹ ਹੈ, ਅਤੇ ਉਹਨਾਂ ਨੂੰ ਇਸ ਦਾ ਹੱਲ ਕਰਨ ਦੀ ਲੋੜ ਹੈ।" ਵਾਲੀਆ ਦਾ ਕਹਿਣਾ ਹੈ ਕਿ ਸਰਕਾਰ ਦੇ ਐਕਸਨ ਦੀ ਅਣਹੋਂਦ ਵਿੱਚ, ਗੁਰਦੁਆਰਾ ਦੁੱਖ ਨਿਵਾਰਨ ਅਤੇ ਫੂਡ ਬੈਂਕ ਵਿਦਿਆਰਥੀ ਦੇ ਸਸਕਾਰ ਲਈ ਅਤੇ ਉਸ ਦੀ ਲਾਸ ਵਾਪਸ ਭੇਜਣ ਲਈ ਪੈਸੇ ਇਕੱਤਰ ਕਰ ਰਿਹਾ ਹੈ- ਸਰਕਾਰ ਵਲੋਂ ਕਿਸੇ ਤਰ੍ਹਾਂ ਦੀ ਮਦਦ ਜਾਂ ਸਵੀਕ੍ਰਿਤੀ ਤੋਂ ਬਿਨਾਂ।

ਵਾਲੀਆ ਅਨੁਸਾਰ "ਇਸ ਸਮੇਂ ਇੰਟਰਨੈਸਨਲ ਵਿਦਿਆਰਥੀ ਕੈਨੇਡਾ ਲਈ ਆਮਦਨ ਦਾ ਨੰਬਰ ਇਕ ਸ੍ਰੋਤ ਹਨ।"

ਪਰ ਬੀ ਸੀ ਦੀ ਕੌਰਨਰ ਸਰਵਿਸ ਡਰੱਗ ਓਵਰਡੋਜ ਨਾਲ ਸੰਬੰਧਿਤ ਅੰਕੜਿਆਂ ਦਾ ਨਸਲ ਦੇ ਆਧਾਰ 'ਤੇ ਹਿਸਾਬ ਨਹੀਂ ਰੱਖਦੀ।

ਪ੍ਰੈੱਸ ਪ੍ਰੌਗਰੈੱਸ ਨੂੰ ਜਾਰੀ ਕੀਤੇ ਇਕ ਬਿਆਨ ਵਿੱਚ ਬੀ ਸੀ ਕੌਰਨਰ ਸਰਵਿਸ ਦੇ ਬੁਲਾਰੇ ਰਾਇਨ ਪੈਨਟਨ ਨੇ ਕਿਹਾ, "ਅਸੀਂ ਮਾਰੇ ਜਾਣ ਵਾਲੇ ਲੋਕਾਂ ਬਾਰੇ ਉਹਨਾਂ ਦੇ ਸਭਿਆਚਰਕ ਪਿਛੋਕੜ (ਐਥਨਿਸਟੀ) ਦੇ ਆਧਾਰ 'ਤੇ ਅੰਕੜੇ ਇਕੱਤਰ ਨਹੀਂ ਕਰਦੇ ਕਿਉਂਕਿ ਇਸ ਸਮੇਂ ਇਸ ਤਰ੍ਹਾਂ ਦੀ ਜਾਣਕਾਰੀ ਬਾਰੇ ਕੋਈ ਸੂਬਾਈ ਮਿਆਰ ਨਹੀਂ ਹਨ।"

ਪਰ ਫਸਟ ਨੇਸਨਜ ਹੈਲਥ ਅਥਾਰਟੀ ਹਰ ਮਹੀਨੇ ਬੀ ਸੀ ਦੀ ਫਸਟ ਨੇਸਨਜ ਵਸੋਂ ਵਿੱਚ ਡਰੱਗ ਕਾਰਨ ਹੋਣ ਵਾਲੀਆਂ ਘਟਨਾਵਾਂ (ਡਰੱਗ ਪੁਆਜਨਿੰਗ ਈਵੈਂਟਸ) ਅਤੇ ਮੌਤਾਂ ਦੀ ਗਿਣਤੀ ਬਾਰੇ "ਕਮਿਊਨਿਟੀ ਸਿਚੂਏਸਨ ਰਿਪੋਰਟ" ਜਾਰੀ ਕਰਦੀ ਹੈ। ਬੀ ਸੀ ਵਿਚਲੇ ਹੋਰ ਭਾਈਚਾਰਿਆਂ ਬਾਰੇ ਇਸ ਤਰ੍ਹਾਂ ਦੀਆਂ ਰਿਪੋਰਟਾਂ ਤਿਆਰ ਨਹੀਂ ਕੀਤੀਆਂ ਜਾਂਦੀਆਂ।

ਯੂ ਬੀ ਸੀ ਦੇ ਸੋਸਿਓਲੌਜੀ ਵਿਭਾਗ ਦੀ ਐਸੋਸੀਏਟ ਪ੍ਰੋਫੈਸਰ ਲਿੰਡਜੇ ਰਿਚਰਡਸਨ ਨੇ ਪ੍ਰੈੱਸ ਪ੍ਰੌਗਰੈੱਸ ਨੂੰ ਦੱਸਿਆ, "ਮੇਰੇ ਖਿਆਲ ਵਿੱਚ ਇਹ ਮੰਨਣਾ ਮਹੱਤਵਪੂਰਨ ਹੈ ਕਿ ਡਰੱਗਾਂ ਦੇ ਨਸੇ ਅਤੇ ਜਹਿਰੀਲੇਪਣ ਦੇ ਸੰਕਟ ਨਾਲ ਹਰ ਕਿਸੇ 'ਤੇ ਇਕੋ ਜਿੰਨਾ ਅਸਰ ਨਹੀਂ ਹੁੰਦਾ। ਉਮਰ, ਲਿੰਗ, ਸਮਾਜਕ ਆਰਥਿਕ ਦਰਜੇ ਅਤੇ ਸਭਿਆਚਾਰਕ ਪਿਛੋਕੜ (ਐਥਿਨਿਸਟੀ) ਦੇ ਲੋਕਾਂ ਵਿੱਚ ਇਸ ਦੇ ਵੱਡੀ ਪੱਧਰ 'ਤੇ ਵੱਖ ਵੱਖ ਅਸਰ ਪੈਂਦੇ ਹਨ।"

"ਮੇਰੇ ਖਿਆਲ ਵਿੱਚ ਇਹ ਆਮ ਮੰਨਿਆ ਜਾਂਦਾ ਹੈ ਕਿ ਵੱਖ ਵੱਖ ਸਮੂਹਾਂ ਬਾਰੇ ਅੰਕੜੇ ਇਕੱਤਰ ਕਰਨਾ ਮਦਦਗਾਰ ਹੁੰਦਾ ਹੈ।" ਰਿਚਰਡਸਨ ਨੇ ਦੱਸਿਆ ਕਿ ਨਸਲ-ਆਧਾਰਿਤ ਅੰਕੜੇ ਇਕੱਠੇ ਕਰਨ ਵਿੱਚ ਅਤੇ ਇਸ ਦੀ ਸਚਾਈ ਯਕੀਨੀ ਬਣਾਉਣ ਵਿੱਚ ਅਤੇ ਇਹ ਯਕੀਨੀ ਬਣਾਉਣ ਵਿੱਚ ਕਿ ਇਸ ਦੇ ਨਤੀਜੇ ਵਜੋਂ ਭਾਈਚਾਰਿਆਂ ਨੂੰ ਨਮੋਸੀ ਦਾ ਸਾਹਮਣਾ ਨਾ ਕਰਨਾ ਪਵੇ, ਕਈ ਰੁਕਾਵਟਾਂ ਅਤੇ ਚੁਣੌਤੀਆਂ ਹਨ।

ਰਿਚਰਡਸਨ ਨੇ ਅੱਗੇ ਕਿਹਾ "ਇਸ ਲਈ ਸੁਆਲ ਪੈਦਾ ਹੁੰਦਾ ਹੈ, ਕਿ ਕੀ ਓਵਰਡੋਜ ਦੇ ਸੰਕਟ ਨਾਲ ਨਿਪਟਣ ਲਈ ਸਮੁੱਚਾ ਅਤੇ ਸਭਿਆਚਾਰਕ ਤੌਰ 'ਤੇ ਢੁਕਵਾਂ ਹੱਲ ਲੱਭਣ ਲਈ ਸਾਨੂੰ ਇਹਨਾਂ ਅੰਕੜਿਆਂ ਦੀ ਲੋੜ ਹੈ? ਕੀ ਉਹ ਹੱਲ ਘੱਟ ਸੰਪੂਰਨ ਜਾਂ ਕੋਈ ਵੀ ਜਾਣਕਾਰੀ ਤੋਂ ਬਿਨਾਂ ਨਹੀਂ ਕੱਢੇ ਜਾ ਸਕਦੇ? ਕਿਉਂਕਿ ਸਾਨੂੰ ਪਤਾ ਹੈ ਕਿ ਸੂਬੇ ਭਰ ਵਿੱਚ ਭਾਈਚਾਰੇ ਇਸ ਤੋਂ ਪ੍ਰਭਾਵਿਤ ਹੋ ਰਹੇ ਹਨ।"

ਉਸ ਨੇ ਕਿਹਾ ਕਿ ਜਾਣਕਾਰੀ ਦੇ ਨਾ ਹੋਣ ਦੇ ਬਾਵਜੂਦ, ਸਰਕਾਰ ਦੇ ਐਕਸਨਾਂ ਨੂੰ ਵੱਖ ਵੱਖ ਤਰ੍ਹਾਂ ਦੀ ਵਸੋਂ ਨੂੰ ਸੰਬੋਧਨ ਹੋਣਾ ਚਾਹੀਦਾ ਹੈ।

ਇਸ ਤੋਂ ਅੱਗੇ ਉਸ ਨੇ ਕਿਹਾ "ਜੇ ਸਾਨੂੰ ਇਹ ਪਤਾ ਲੱਗ ਰਿਹਾ ਹੈ, ਭਾਵੇਂ ਕਿ ਨਿੱਜੀ ਕਹਾਣੀਆਂ ਦੇ ਆਧਾਰ 'ਤੇ ਹੀ, ਕਿ ਵਿਦਿਆਰਥੀ ਇਸ ਕਾਰਨ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੇ ਹਨ, ਤਾਂ ਇਹ ਸਾਡੀ ਜਿੰਮੇਵਾਰੀ ਨਹੀਂ ਬਣਦੀ ਕਿ ਅਸੀਂ ਵਿਦਿਆਰਥੀਆਂ 'ਤੇ ਕੇਂਦਰਿਤ ਕੋਈ ਕਦਮ ਚੁੱਕੀਏ?" "ਇਹ ਸਪਸਟ ਹੈ ਕਿ ਇਕ ਆਦਰਸਕ ਸਥਿਤੀ ਵਿੱਚ, ਸਾਡੇ ਕੋਲ ਸੰਪੂਰਨ ਅਤੇ ਸਹੀ ਜਾਣਕਾਰੀ ਹੋਵੇਗੀ। ਪਰ ਉਸ ਜਾਣਕਾਰੀ ਦੀ ਗੈਰਹਾਜਰੀ ਵਿੱਚ, ਜੇ ਸਾਨੂੰ ਪਤਾ ਹੈ ਕਿ ਖਾਸ ਸਮੂਹ ਪ੍ਰਭਾਵਿਤ ਹੋ ਰਹੇ ਹਨ, ਤਾਂ ਉਹ ਸਾਨੂੰ ਇਸ ਬਾਰੇ ਕੁੱਝ ਕਰਨ ਦੀ ਜਿੰਮੇਵਾਰੀ ਤੋਂ ਬਰੀ ਨਹੀਂ ਕਰਦਾ।"

2019 ਵਿੱਚ ਫਰੇਜਰ ਹੈਲਥ ਦੇ ਚੀਫ ਮੈਡੀਕਲ ਅਫਸਰ ਨੇ ਇਕ ਰਿਪੋਰਟ ਜਾਰੀ ਕੀਤੀ ਸੀ ਕਿ ਫਰੇਜਰ ਹੈਲਥ ਦੇ ਇਲਾਕੇ ਵਿੱਚ ਸਾਊਥ ਏਸੀਅਨ ਮਰਦ ਡਰੱਗ ਓਵਰਡੋਜ ਦੇ ਸੰਕਟ ਨਾਲ ਵਸੋਂ ਵਿੱਚ ਆਪਣੇ ਅਨੁਪਾਤ ਦੇ ਮੁਕਾਬਲੇ ਜਿਆਦਾ ਗਿਣਤੀ ਵਿੱਚ ਪ੍ਰਭਾਵਿਤ ਹੋ ਰਹੇ ਸਨ। ਉਸ ਸਮੇਂ ਤੋਂ ਬਾਅਦ ਸਰਕਾਰ ਵਲੋਂ ਇਸ ਸਮੂਹ ਬਾਰੇ ਹੋਰ ਜਾਣਕਾਰੀ ਜਾਰੀ ਨਹੀਂ ਕੀਤੀ ਗਈ।

ਸਾਊਥ ਏਸੀਅਨ ਮੈਂਟਲ ਹੈਲਥ ਅਲਾਇੰਸ ਦੇ ਬਾਨੀ ਕੁਲਪ੍ਰੀਤ ਸਿੰਘ ਦਾ ਕਹਿਣਾ ਹੈ ਕਿ ਜਾਣਕਾਰੀ ਬਾਰੇ ਪਾਰਦਰਸਤਾ ਦੀ ਘਾਟ ਦੇ ਨਾਲ ਨਾਲ ਸਰਕਾਰ ਡਰੱਗ ਦੇ ਜਹਿਰੀਲੇਪਣ ਅਤੇ ਓਵਰਡੋਜ ਦੇ ਸੰਬੰਧ ਵਿੱਚ ਵੱਖ ਵੱਖ ਭਾਈਚਾਰਿਆਂ ਤੱਕ ਪਹੁੰਚਣ ਲਈ ਪੂਰੀ ਤਰ੍ਹਾਂ ਕੰਮ ਨਹੀਂ ਕਰ ਰਹੀ।

ਸਿੰਘ ਨੇ ਪ੍ਰੈੱਸ ਪ੍ਰੌਗਰੈੱਸ ਨੂੰ ਦੱਸਿਆ, "ਜੇ ਤੁਸੀਂ ਬੀ ਸੀ ਦੀ ਸਟੌਪ ਓਵਰਡੋਜ ਮੁਹਿੰਮ ਨੂੰ ਦੇਖੋ, ਤਾਂ ਪਹਿਲਾਂ ਉਹਨਾਂ ਦੀ ਮੁਹਿੰਮ ਵਿੱਚ, ਉਦੋਂ ਅਸੀਂ ਉਨ੍ਹਾਂ ਨੂੰ ਸਲਾਹ ਮਸਵਰਾ ਦਿੱਤਾ ਸੀ, ਪੰਜਾਬੀ ਅਨੁਵਾਦ, ਪੰਜਾਬੀ ਦੇ ਚਿੰਨ ਅਤੇ ਪੰਜਾਬੀ ਵਿੱਚ ਇਸਤਿਹਾਰ ਹੁੰਦੇ ਸਨ। ਪਰ ਮੁਹਿੰਮ ਦੇ ਪਿਛਲੇ ਦੌਰ ਵਿੱਚ, ਜਦੋਂ ਨਵਾਂ ਮਨਿਸਟਰ ਆਇਆ, ਉਹਨਾਂ ਨੇ ਇਹ ਸਭ ਕੁੱਝ ਹਟਾ ਦਿੱਤਾ ਅਤੇ ਵੈੱਬਸਾਈਟ 'ਤੇ ਕਿਤੇ ਵੀ ਕੁੱਝ ਪੰਜਾਬੀ ਵਿੱਚ ਨਹੀਂ ਹੈ। ਸਭ ਕੁਝ ਅੰਗਰੇਜੀ ਵਿੱਚ ਹੈ, ਮੈਂਡਰੀਨ ਵਿੱਚ ਕੁੱਝ ਨਹੀਂ, ਇਨਡਿਜੀਨਿਸ ਭਾਸਾਵਾਂ ਵਿੱਚ ਕੁੱਝ ਨਹੀਂ।"

ਸਿੰਘ ਡਰੱਗ ਦੇ ਜਹਿਰੀਲੇਪਣ ਅਤੇ ਓਵਰਡੋਜ ਸੰਕਟ ਬਾਰੇ 2022 ਦੀ ਪੱਤਝੜ ਰੁੱਤ ਵਿਚ ਜਾਰੀ ਕੀਤੀ ਗਈ ਸਟੈਂਡਿੰਗ ਕਮੇਟੀ ਦੀ ਹੈਲਥ ਰਿਪੋਰਟ ਦੇ ਸੰਬੰਧ ਵਿੱਚ ਸਲਾਹ ਮਸਵਰੇ ਦਾ ਹਿੱਸਾ ਸੀ।

ਸਿੰਘ ਦਾ ਕਹਿਣਾ ਹੈ ਕਿ ਅਡਿਕਸਨ, ਰਿਕਵਰੀ ਅਤੇ ਇਲਾਜ ਬਾਰੇ ਕਾਨਫਰੰਸਾਂ ਵੀ ਅਸਲੀਅਤ ਦਾ ਅਕਸ ਨਹੀਂ ਦਿਖਾਉਂਦੀਆਂ ਕਿ ਬੀ ਸੀ ਵਿੱਚ ਕੌਣ ਡਰੱਗ ਵਰਤ ਰਿਹਾ ਹੈ ਅਤੇ ਕੌਣ ਇਸ ਕਾਰਨ ਮਰ ਰਿਹਾ ਹੈ।

ਇਹ ਇਸ ਬਾਰੇ ਚੇਤਨਾ ਅਤੇ ਸਮਝ ਦੀ ਘਾਟ ਪੈਦਾ ਕਰਨ ਵਿੱਚ ਯੋਗਦਾਨ ਪਾਉਂਦਾ ਹੈ ਅਤੇ ਫਿਰ ਸਿਸਟਮ ਦੇ ਪੱਧਰ 'ਤੇ ਰੁਕਾਵਟਾਂ ਪੈਦਾ ਕਰਦਾ ਹੈ। ਸਿੰਘ ਨੇ ਦੱਸਿਆ, "ਜਦੋਂ ਅਸਲੀ ਇਲਾਜ ਦੀ ਗੱਲ ਆਉਂਦੀ ਹੈ ਤਾਂ ਬਹੁਤ ਸਾਰੇ ਲੋਕ ਇਹ ਕਹਿੰਦੇ ਹਨ ਕਿ ਮਦਦ ਲੈਣ ਦੀ ਕੋਸਿਸ ਕਰਨ ਸਮੇਂ ਉਹਨਾਂ ਨੂੰ ਸਿਸਟਮ ਦੀ ਪੱਧਰ ਤੇ ਰੁਕਾਵਟਾਂ, ਨਸਲਵਾਦ, ਭਾਸਾ ਨਾਲ ਸੰਬੰਧਿਤ ਰੁਕਾਵਟਾਂ ਦਾ ਸਾਹਮਣਾ ਕਰਨਾ ਪਿਆ ਹੈ।"

"ਕੁੱਝ ਵਿਦਿਆਰਥੀ ਜਾਣਦੇ ਹਨ ਕਿ ਉਹ ਅਜਿਹੀ ਚੀਜ ਲੈ ਰਹੇ ਹਨ ਜਿਹੜੀ ਉਹਨਾਂ ਦੀ ਸਿਹਤ 'ਤੇ ਅਸਰ ਪਾ ਸਕਦੀ ਹੈ, ਪਰ ਉਹ ਹੈਰੋਈਨ, ਫੈਨਟਿਨਲ, ਬੈਨਜੋਡਾਇਆਜੈਪਾਈਨਜ ਅਤੇ ਹੋਰ ਚੀਜਾਂ ਵਿਚਲੇ ਫਰਕ ਤੋਂ ਪੂਰੀ ਤਰ੍ਹਾਂ ਜਾਣੂ ਨਹੀਂ ਹਨ। ਬਹੁਤੀ ਵਾਰ ਉਹ ਕਹਿਣਗੇ 'ਮੇਰੇ ਦੋਸਤ (ਸਾਥੀ) ਨੇ ਮੈਨੂੰ ਕੁੱਝ ਗੋਲੀਆਂ ਦਿੱਤੀਆਂ ਕਿਉਂਕਿ ਮੈਂ ਲੰਮੀ ਸਿਫਟ ਕਰਨੀ ਚਾਹੁੰਦਾ ਸੀ ਜਾਂ ਮੈਂ ਬਹੁਤ ਜਿਆਦਾ ਸਟਰੈੱਸ ਵਿੱਚ ਸੀ, ਅਤੇ ਉਸ ਨੇ ਮੈਨੂੰ ਕਿਹਾ, "ਇਹ ਲੈ ਲਾ, ਇਹ ਤੇਰੀ ਮਦਦ ਕਰਗੀ"

ਇਹ ਕਮੇਟੀ ਦੀ ਰਿਪੋਰਟ ਦਾ ਉਹ ਹਿੱਸਾ ਸੀ ਜਿਸ ਵੱਲ ਧਿਆਨ ਨਹੀਂ ਦਿੱਤਾ ਗਿਆ, ਜਿਸ ਬਾਰੇ ਮੁੱਖ ਤੌਰ 'ਤੇ ਸਰਕਾਰ ਨੇ ਕੁੱਝ ਨਹੀਂ ਕੀਤਾ। ਰਿਪੋਰਟ ਵਿੱਚ ਲਿਖਿਆ ਹੈ "ਸਾਊਥ ਏਸੀਅਨ ਮੈਂਟਲ ਹੈਲਥ ਅਲਾਇੰਸ ਅਤੇ ਸਟੂਡੈਂਟ ਵਰਕਮਿੰਗ ਸਬਸਟਾਂਸ ਯੂਜ ਡਿਸਔਰਡਰ ਐਂਡ ਅਡਿਕਸਨ ਨੇ ਕਮੇਟੀ ਨੂੰ ਦੱਸਿਆ ਸੀ ਕਿ ਉਹਨਾਂ ਅਜਿਹੀਆਂ ਉਦਾਹਰਨਾਂ ਬਾਰੇ ਸੁਣਿਆ ਹੈ ਜਿਹਨਾਂ ਵਿੱਚ ਕੰਮ ਮਾਲਕ ਚੁਸਤੀ ਵਧਾਉਣ ਲਈ ਆਪਣੇ ਕਾਮਿਆਂ ਨੂੰ ਗੈਰ-ਕਾਨੂੰਨੀ ਚੀਜਾਂ ਲੈਣ ਲਈ ਉਤਸਾਹਿਤ ਕਰਦੇ ਹਨ।"

ਵਾਲਿਆ ਨੇ ਇਸ ਦੀ ਪੁਸਟੀ ਕੀਤੀ ਕਿ ਉਸ ਨੇ ਵੀ ਇਸ ਮਾਮਲੇ ਬਾਰੇ ਸੁਣਿਆ ਹੈ। ਉਸ ਨੇ ਕਿਹਾ ਕਿ ਨਵੰਬਰ ਵਿੱਚ ਉਸ ਨੇ ਇਕ ਵਿਦਿਆਰਥੀ ਨਾਲ ਗੱਲ ਕੀਤੀ ਸੀ, ਜਿਸ ਨੇ ਉਸ ਨੂੰ ਦੱਸਿਆ ਸੀ ਕਿ ਇਕ ਫੂਡ ਫਰੇਮਰ ਵਜੋਂ ਕੰਮ ਕਰਦੇ ਵਕਤ ਉਸ ਨੂੰ ਚੁਸਤ ਰਹਿਣ ਲਈ ਨਸੇ ਲੈਣ ਲਈ ਉਤਸਾਹਿਤ ਕੀਤਾ ਗਿਆ ਸੀ। 'ਵਾਲੀਆ ਨੇ ਕਿਹਾ, "ਉਸ ਨੇ ਮੈਨੂੰ ਦੱਸਿਆ, 'ਮੇਰਾ ਰੂਮਮੇਟ ਕਹਿੰਦਾ ਕਿ ਜੇ ਤੂੰ ਇਹ ਇਹ ਲੈ ਰਿਹਾ ਹੈਂ, ਤਾਂ ਕੰਮ ਦਾ ਭਾਰ ਸਹਿਣ ਦੇ ਯੋਗ ਹੋਵੇਂਗਾ, ਨਹੀਂ ਤਾਂ ਤੂੰ ਇਹ ਨਹੀਂ ਕਰ ਸਕੇਂਗਾ।"

ਸਿੰਘ ਅਨੁਸਾਰ, ਟਰੱਕਿੰਗ ਅਤੇ ਕਨਸਟ੍ਰਕਸਨ ਇੰਡਸਟਰੀ ਵਿੱਚ ਇਹ ਇਕ ਵੱਡੀ ਸਮੱਸਿਆ ਹੈ, ਪਰ ਜਾਣਕਾਰੀ ਅਤੇ ਆਊਟਰੀਚ ਸਾਊਥ ਏਸੀਅਨ ਵਸੋਂ ਨੂੰ ਆਪਣੇ ਘੇਰੇ ਵਿੱਚ ਨਹੀਂ ਲੈਂਦੀ, ਇਸ ਗੱਲ ਦੇ ਬਾਵਜੂਦ ਕਿ ਨਿੱਜੀ ਕਹਾਣੀਆਂ ਦੇ ਆਧਾਰਿਤ ਸਬੂਤ ਇਹ ਦਰਸਾਉਂਦੇ ਹਨ ਕਿ ਉਹ ਇਸ ਸੰਕਟ ਤੋਂ ਵਸੋਂ ਵਿੱਚ ਆਪਣੇ ਅਨੁਪਾਤ ਤੋਂ ਵੱਧ ਅਨੁਪਾਤ ਵਿੱਚ ਪ੍ਰਭਾਵਿਤ ਹਨ। ਸਿੰਘ ਨੇ ਅਗਾਂਹ ਦੱਸਿਆ "ਬਹੁਤੀ ਵਾਰ ਸਾਡਾ ਸਿਸਟਮ ਇਸ ਤੱਥ ਵੱਲ ਧਿਆਨ ਨਹੀਂ ਦਿੰਦਾ ਕਿ ਵੱਡੇ ਕਾਰੋਬਾਰ ਨਵੇਂ ਇੰਮੀਗਰੈਂਟ ਮਜਦੂਰਾਂ ਦਾ ਸੋਸਣ ਕਰ ਰਹੇ ਹਨ, ਭਾਵੇਂ ਕਿ ਇਹ ਫਾਰਮਵਰਕਰ ਹੋਣ ਜਾਂ ਫੈਕਟਰੀ ਵਰਕਰ ਜਾਂ ਟਰੱਕ ਡਰਾਈਵਰ ਹੋਣ। ਉਹਨਾਂ 'ਤੇ ਜਿਆਦਾ ਸਿਫਟਾਂ ਅਤੇ ਲੰਮੇ ਘੰਟੇ ਕਰਨ ਲਈ ਦਬਾਅ ਹੁੰਦਾ ਹੈ, ਅਤੇ ਕਈ ਇਸ ਦਬਾਅ ਨੂੰ ਸਹਿਣ ਲਈ ਨਸੇ ਕਰਦੇ ਹਨ।"

ਪਰ ਸਿੰਘ ਦਾ ਕਹਿਣਾ ਹੈ ਕਿ ਇੱਥੋਂ ਤੱਕ ਕਿ ਸਕਿਲਡ ਟਰੇਡਜ ਐਂਡ ਟ੍ਰਾਂਸਪੋਰਟੇਸਨ ਵਰਗੀਆਂ ਸਨਅਤਾਂ ਵਿੱਚ, ਜਿੱਥੇ ਇਹ ਸਮੱਸਿਆ ਹੋਣ ਬਾਰੇ ਨੋਟ ਕੀਤਾ ਗਿਆ ਸੀ, ਵੱਖਰੇ ਪਿਛੋਕੜਾਂ ਦੇ ਵਰਕਰਾਂ ਨੂੰ ਹੱਲ ਵਿੱਚ ਸਾਮਲ ਨਹੀਂ ਕੀਤਾ ਜਾਂਦਾ।

ਉਸ ਦਾ ਕਹਿਣਾ ਹੈ ਕਿ ਕਨਸਟ੍ਰਕਸਨ ਵਰਕਰਾਂ ਲਈ ਨਸਿਆ ਦੀ ਵਰਤੋਂ ਅਤੇ ਮਾਨਸਿਕ ਸਿਹਤ ਬਾਰੇ ਟੇਲਗੇਟ ਟੂਲਕਿੱਟ ਨਾਮੀ ਪ੍ਰੋਗਰਾਮ ਵਿੱਚ ਪੰਜਾਬੀ ਵਿੱਚ ਵਸੀਲੇ ਪ੍ਰਦਾਨ ਨਹੀਂ ਕੀਤੇ ਜਾਂਦੇ, ਭਾਵੇਂ ਕਿ ਇਸ ਇੰਡਸਟਰੀ ਵਿੱਚ ਪੰਜਾਬੀ ਕਮਿਊਨਿਟੀ ਦੇ ਕਈ ਲੋਕ ਕੰਮ ਕਰਦੇ ਹਨ।

ਸਿੰਘ ਅਨੁਸਾਰ "ਇਸ ਤਰ੍ਹਾਂ ਦੀਆਂ ਬੇਧਿਆਨੀਆਂ ਤਾਂ ਵਾਪਰਦੀਆਂ ਹਨ ਕਿਉਂਕਿ ਜੇ ਅਸੀਂ ਨਜਰਾਂ ਤੋਂ ਦੂਰ ਹਾਂ, ਤਾਂ ਧਿਆਨ ਤੋਂ ਵੀ ਦੂਰ ਹਾਂ। ਅਤੇ ਅਸੀਂ ਸਿਸਟਮਬੱਧ ਨਸਲਵਾਦ ਕਰਕੇ ਨਜਰਾਂ ਅਤੇ ਧਿਆਨ ਤੋਂ ਦੂਰ ਹਾਂ।' ਪ੍ਰੈੱਸ ਪ੍ਰੌਗਰੈੱਸ ਨੂੰ ਦਿੱਤੇ ਇਕ ਬਿਆਨ ਵਿੱਚ ਮਨਿਸਟਰੀ ਆਫ ਲੇਬਰ ਦੇ ਇਕ ਬੁਲਾਰੇ ਨੇ ਕਿਹਾ, "ਮਨਿਸਟਰੀ ਨੂੰ ਉਹਨਾਂ ਖਾਸ ਉਦਾਹਰਨਾਂ ਦਾ ਗਿਆਨ ਨਹੀਂ ਹੈ ਜਿਸ ਵਿੱਚ ਕੰਮ ਮਾਲਕ ਵਰਕਰਾਂ ਨੂੰ ਚੁਸਤ ਰਹਿਣ ਲਈ ਗੈਰ-ਕਾਨੂੰਨ ਨਸੇ ਲੈਣ ਲਈ ਉਤਸਾਹਿਤ ਕਰਦੇ ਹਨ।"

"ਵਰਕਸੇਫ ਬੀ ਸੀ ਵੈਨਕੂਵਰ ਆਈਲੈਂਡ ਕੰਨਸਟ੍ਰਕਸਨ ਐਸੋਸੀਏਸਨ ਵਲੋਂ ਤਿਆਰ ਕੀਤੇ ਟੇਲਗੇਟ ਟੂਲਕਿੱਟ ਹਾਰਮ ਰਿਡਕਸਨ ਪ੍ਰੋਗਰਾਮ ਨੂੰ ਸਾਰੇ ਬੀ ਸੀ ਵਿੱਚ ਕਨਸਟ੍ਰਕਸਨ ਅਤੇ ਟ੍ਰੇਡਜ ਨਾਲ ਸੰਬੰਧਿਤ ਕੰਮ ਦੀਆਂ ਥਾਂਵਾਂ ਤੱਕ ਵਧਾਉਣ ਲਈ ਮਨਿਸਟਰੀ ਆਫ ਮੈਂਟਲ ਹੈਲਥ ਐਂਡ ਅਡਿਕਸਨਜ ਨਾਲ ਮਿਲ ਕੇ ਕੰਮ ਕਰ ਰਿਹਾ ਹੈ। ਇਸ ਵਿੱਚ ਇਸ ਸਾਲ ਵਿੱਚ ਹੋਰ ਬੋਲੀਆਂ ਵਿੱਚ ਵਸੀਲੇ ਤਿਆਰ ਕਰਨਾ ਵੀ ਸਾਮਲ ਹੈ।"

# ਗਹਿਰ-ਗੰਭੀਰ ਸਖਸ਼ੀਅਤ ਸੀ-ਸ੍ਰੀਮਤੀ ਸਰਲਾ ਦੇਵੀ

ਕਿਸੇ ਵੀ ਹੱਸਦੇ-ਵੱਸਦੇ ਅਤੇ ਖੁਸ਼ਹਾਲ ਪਰਿਵਾਰ ਦੀ ਚੂਲ ਔਰਤ ਦੀ ਸਿਆਣਪ ਤੇ ਸੰਜਮ ਅਤੇ ਮਰਦ ਦੀ ਮਿਹਨਤ ਤੇ ਲਿਆਕਤ ਮੰਨੀ ਜਾਂਦੀ ਹੈ। ਕਿਸੇ ਵੀ ਇਕ ਧਿਰ ਵੱਲੋਂ ਇਸ ਕਸਵੱਟੀ 'ਤੇ ਖਰਾ ਨਾ ਉਤਰਨ ਨਾਲ ਖੁਸ਼ਹਾਲ ਪਰਿਵਾਰ ਦਾ ਕਿਆਸ ਵੀ ਨਹੀਂ ਕੀਤਾ ਜਾ ਸਕਦਾ। ਸ੍ਰੀਮਤੀ ਸਰਲਾ ਦੇਵੀ ਨੇ ਸਿਆਣਪ ਤੇ ਸੰਜਮ ਨਾਲ ਆਪਣੇ ਪਤੀ ਗੁਦਿਆਲ ਸਿੰਘ ਦੀ ਮਿਹਨਤ ਤੇ ਲਿਆਕਤ ਸਦਕਾ ਆਪਣੇ ਵੱਡੇ ਪ੍ਰੀਵਾਰ ਨੂੰ ਖੁਸ਼ਹਾਲ ਵੀ ਬਣਾਇਆ ਅਤੇ ਪੈਰਾਂ ਸਿਰ ਵੀ ਕੀਤਾ।

ਆਪਣੀ ਆਰਥਿਕਤਾ ਨੂੰ ਪੱਕੇ ਪੈਰੀਂ ਕਰਨ ਲਈ ਪਿੰਡ ਘੜੂੰਆਂ ਤੋਂ ਸ਼ਿਮਲਾ ਅਤੇ ਸ਼ਿਮਲਾ ਤੋਂ 1952 ਵਿਚ ਚੰਡੀਗੜ੍ਹ ਆ ਕੇ ਕਾਰੋਬਾਰ ਨੂੰ ਵਧਾਉਣ ਅਤੇ ਪ੍ਰਫੁਲਤ ਕਰਨ ਲਈ ਆਪਣੇ ਪਤੀ ਨੂੰ ਘਰੇਲੂ ਸੁਖਾਵਾਂ ਮਾਹੌਲ ਪ੍ਰਦਾਨ ਕੀਤਾ।ਆਮ ਤੌਰ 'ਤੇ ਔਰਤ ਆਪਣੇ ਪ੍ਰੀਵਾਰ ਦੀ ਬੇਹਤਰੀ ਅਤੇ ਖੁਸ਼ਹਾਲੀ ਤੱਕ ਹੀ ਸੀਮਤ ਰਹਿੰਦੀ ਹੈ ਪਰ ਸ੍ਰੀਮਤੀ ਸਰਲਾ ਦੇਵੀ ਨੇ ਆਪਣੇ ਸੁਹਰੇ ਪਰਿਵਾਰ, ਜੇਠਾਂ, ਦਿਓਰਾਂ ਅਤੇ ਨਣਦਾਂ ਨੂੰ ਵੀ ਚੰਡੀਗੜ੍ਹ ਵਰਗੇ ਸ਼ਹਿਰ ਵਿਚ ਸਥਾਪਤ ਕਰਨ ਲਈ ਆਪਣੇ ਪਤੀ ਦਾ ਤਨੋ-ਮਨੋ ਸਾਥ ਦਿੱਤਾ। ਹਰ ਇਨਸਾਨ ਦੀ ਇੱਛਾ ਹੁੰਦੀ ਹੈ ਕਿ ਆਪਣੇ ਧੀ-ਪੁੱਤ ਵਾਸਤੇ ਰਿਸ਼ਤਾ ਉਸਦੇ ਮੇਚ ਦਾ ਹੋਵੇ, ਬਣਦਾ-ਫੱਬਦਾ



ਹੋਵੇ।ਅਖ਼ਬਾਰ ਵਿਚ ਇਸ਼ਿਤਹਾਰ ਪੜਕੇ ਇਕ ਬਾਪ ਆਪਣੇ ਭਾਣਜੇ ਨਾਲ ਅਪਣੀ ਧੀ ਲਈ ਮੁੰਡਾ ਦੇਖਣ ਆਇਆ ਪਰ ਬਿਨਾਂ ਪਲਸਤਰ, ਫਰਸ਼ ਅਤੇ ਦਰਵਜ਼ਿਆਂ ਤੋਂ ਅਧੂਰੇ ਮਕਾਨ ਦਾ ਢਾਂਚਾ ਦੇਖਕੇ ਬਾਹਰੋਂ ਹੀ ਮੁੜਣ ਲੱਗਾ ਪਰ ਭਾਣਜੇ ਦੇ ਇਕ ਵਾਰ ਪਰਿਵਾਰ ਅਤੇ ਮੁੰਡਾ ਦੇਖਣ ਲਈ ਜ਼ੋਰ ਪਾਉਂਣ 'ਤੇ ਅਧੂਰੇ ਮਕਾਨ ਵਿਚ ਰਹਿ ਰਹੇ ਮੁੰਡੇ ਦਾ ਬਣਦਾ-ਫੱਬਦਾ ਅਤੇ ਉੱਚਾ-ਲੰਮਾ ਹੋਣ ਕਰਕੇ, ਉਸ ਦੇ ਦਾਦੇ ਤੋਂ ਜਾਣੂੰ ਹੋਣ ਕਰਕੇ, ਉਸਦੇ ਤਾਏ ਦਾ ਪੰਜਾਬੀ ਦਾ ਸਿਰਮੌਰ ਲੇਖਕ ਹੋਣ ਕਰਕੇ ਅਤੇ ਉਸਦੇ ਮਾਂ-ਬਾਪ ਦਾ ਸਰਕਾਰੀ ਮੁਲਾਜ਼ਮਤ ਹੋਣ ਕਰਕੇ ਮੁੰਡੇ ਨੂੰ ਪਸੰਦ ਕਰਕੇ ਕੁੜੀ ਦੇਖਣ ਦਾ ਸੱਦਾ ਦੇ ਕੇ ਚੱਲੇ ਗਏ।

ਆਮ ਤੌਰ 'ਤੇ ਮੁੰਡੇ-ਕੁੜੀ ਦੀ ਇੱਛਾ ਇਕ ਦੂਜੇ ਦੇਖ ਕੇ, ਇਕ ਦੂਜੇ ਨਾਲ ਗੱਲਬਾਤ ਕਰਕੇ, ਇਕ ਦੂਜੇ ਨੂੰ ਸਮਝ-ਪਰਖ਼ ਕੇ ਗੱਲ ਅੱਗੇ ਤੋਰਨ ਦੀ ਹੁੰਦੀ ਹੈ।ਪਰ ਮੈਂ ਸ਼ਾਇਦ ਪਹਿਲਾਂ ਅਤੇ ਸ਼ਾਇਦ ਆਖਰੀ ਮੁੰਡਾ ਹੋਵਾਂਗਾ ਜਿਸ ਨੇ ਕੁੜੀ ਨਹੀ ਬਲਕਿ ਸੱਸ ਪਸੰਦ ਕੀਤੀ। ਕਿਉਂਕਿ ਮੇਰਾ ਮੰਨਣਾ ਸੀ/ਹੈ ਕਿ ਔਲਾਦ, ਖਾਸ ਤੌਰ 'ਤੇ ਕੁੜੀਆਂ ਉਪਰ, ਉਨਾਂ ਦੀ ਮਾਂ ਦੀ ਸਖਸ਼ੀਅਤ ਅਤੇ ਸੁਭਾਅ ਦਾ ਅਸਰ ਹੁੰਦਾ ਹੀ ਹੁੰਦਾ ਹੈ। ਮੈਨੂੰ ਮੇਰੇ ਬੀਜੀ (ਸੱਸ) ਦੀ ਗਹਿਰ ਗੰਭੀਰ ਸਖਸ਼ੀਅਤ ਅਤੇ ਗੱਲਬਾਤ ਦੇ ਸਲੀਕੇ ਨੇ ਬੇਹੱਦ ਪ੍ਰਭਾਵਿਤ ਕੀਤਾ। ਕਿਸੇ ਨਾਲ ਲੜਦੇ ਝਗੜਦੇ ਤਾਂ ਕੀ ਮੈਂ ਤਾਂ ਕਦੇ ਬੀਜੀ ਨੂੰ ਉੱਚਾ ਬੋਲਦੇ ਵੀ ਨੀ ਸੁਣਿਆ।ਕਈ ਵਾਰ ਤਾਂ ਉਨਾਂ ਦੀ ਗੱਲ ਸਮਝਣ ਲਈ ਬਹੁਤ ਹੀ ਧਿਆਨ ਨਾਲ ਸੁਣਨਾ ਪੈਂਦਾ ਸੀ ਕਿ ਉਹ ਕੀ ਕਹਿ ਰਹੇ ਹਨ। ਆਪਣੇ ਪਿੱਛੇ ਪੁੱਤਰਾਂ-ਨੂੰਹਾਂ, ਧੀਆਂ-ਜਵਾਈਆਂ, ਪੋਤੇ-ਪੋਤੀਆਂ, ਦੋਹਤੇ-ਦੋਹਤੀਆਂ, ਪੜਪੋਤੇ-ਪੜਪੋਤੀਆਂ ਅਤੇ ਪੜਦੋਹਤੇ-ਪੜਦੋਹਤੀਆਂ ਦਾ ਸੱਠ ਦੇ ਕਰੀਬ ਹੱਸਦਾ-ਵੱਸਦਾ ਅਤੇ ਸਾਧਨ ਸੰਪਨ ਪਰਿਵਾਰ ਛੱਡ ਕੇ ਇਸ ਸੰਸਾਰ ਤੋਂ ਰੁਖ਼ਸਤ ਹੋਏ ਸ੍ਰੀਮਤੀ ਸਰਲਾ ਦੇਵੀ ਦੀ ਅੰਤਿਮ ਅਰਦਾਸ 22 ਜਨਵਰੀ 2023, ਐਤਵਾਰ ਨੂੰ ਗੁਰੂਦੁਆਰਾ ਸਾਹਿਬ, ਸੈਕਟਰ 23-ਡੀ, ਚੰਡੀਗੜ੍ਹ ਵਿਖੇ ਬਾਅਦ ਦੁਹਿਪਰ 12 ਤੋਂ 1 ਵਜੇ ਤੱਕ ਹੋਈ।

ਸੰਜੀਵਨ ਸਿੰਘ
94174-60656

### ਜਥੇਬੰਦਕ ਧਰਮਾਂ ਦੀ ਸਮੱਸਿਆ-1

# ਨਕਲੀ ਧਰਮ



ਹਰਚਰਨ ਸਿੰਘ ਪਰਹਾਰ
403-681-8689
hp8689@gmail.com

**ਨੋਟ: ਅੱਜ ਦੇ ਪ੍ਰਚਲਤ ਜਥੇਬੰਦਕ ਧਾਰਮਿਕ ਫਿਰਕਿਆਂ ਵਿੱਚ ਅਨੇਕਾਂ ਤਰ੍ਹਾਂ ਦੇ ਨਕਲੀ ਧਰਮ ਪ੍ਰਚਲਤ ਹੋ ਚੁੱਕੇ ਹਨ। ਜਿਨ੍ਹਾਂ ਤੇ ਪੁਜਾਰੀਆਂ, ਸਿਆਸਤਦਾਨਾਂ ਤੇ ਸਰਮਾਏਦਾਰਾਂ ਦੀ ਤਿਕੜੀ ਦਾ ਪੂਰਾ ਕਬਜ਼ਾ ਹੋ ਚੁੱਕਾ ਹੈ। ਧਰਮਾਂ ਦਾ ਤਕਰੀਬਨ 5 ਹਜ਼ਾਰ ਸਾਲ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਇਹ ਤਿਕੜੀ ਰਲ਼ ਕੇ ਮਨੁੱਖਤਾ ਨੂੰ ਧਰਮ ਦੇ ਨਾਮ ਤੇ ਲੁੱਟਦੀ ਆ ਰਹੀ ਹੈ। ਧਰਮ ਇਨ੍ਹਾਂ ਲਈ ਪੈਸਾ ਕਮਾਉਣ ਦਾ ਧੰਦਾ ਤੇ ਸ਼ਰਧਾਲੂਆਂ ਦੀ ਤਾਕਤ ਨੂੰ ਆਪਣੇ ਸਿਆਸੀ ਮੁਫਾਦਾਂ ਲਈ ਵਰਤਣ ਦਾ ਜ਼ਰੀਆ ਹੈ। ਇਨ੍ਹਾਂ ਦਾ ਇਹ ਧੰਦਾ ਸਦੀਆਂ ਤੋਂ ਅਗਿਆਨਤਾ, ਅੰਧ-ਵਿਸ਼ਵਾਸ਼ ਤੇ ਕਰਮਕਾਂਡਾਂ ਦੇ ਅਧਾਰ ਤੇ ਚੱਲ ਰਿਹਾ ਹੈ। ਇਤਿਹਾਸ ਵਿੱਚ ਸਮੇਂ-ਸਮੇਂ ਅਨੇਕਾਂ ਸੱਚੇ ਮਨੁੱਖਤਾਵਾਦੀ ਧਰਮ ਗੁਰੂ, ਰਹਿਬਰ, ਪੀਰ-ਪੈਗੰਬਰ, ਮਹਾਂਪੁਰਸ਼ ਪੈਦਾ ਹੁੰਦੇ ਰਹੇ, ਜੋ ਮਨੁੱਖ ਨੂੰ ਅਸਲੀ ਧਰਮ ਨਾਲ ਜੋੜਦੇ ਰਹੇ, ਅਗਿਆਨਤਾ ਤੇ ਅੰਧ ਵਿਸ਼ਵਾਸ਼ ਦੀ ਬੇਹੋਸ਼ੀ ਵਿਚੋਂ ਜਗਾ ਕੇ ਸੱਚ ਦੇ ਰਾਹ ਪਾਉਂਦੇ ਰਹੇ। ਪਰ ਇਸ ਤਿਕੜੀ ਨੇ ਅਜਿਹੇ ਮਹਾਨ ਪੁਰਸ਼ਾਂ ਨੂੰ ਕਦੇ ਬਰਦਾਸ਼ਤ ਨਹੀਂ ਕੀਤਾ। ਉਨ੍ਹਾਂ ਨੂੰ ਸੂਲ਼ੀਆਂ, ਫਾਂਸੀਆਂ ਤੇ ਚੜ੍ਹਾਉਣ ਦੇ ਨਾਲ-ਨਾਲ ਉਨ੍ਹਾਂ ਦੀ ਵਿਚਾਰਧਾਰਾ ਨੂੰ ਖਤਮ ਕਰਨ ਦੀਆਂ ਸਾਜ਼ਿਸ਼ਾਂ ਰਚਦੇ ਰਹੇ ਤੇ ਅਨੇਕਾਂ ਤਰ੍ਹਾਂ ਦੀਆਂ ਮੁਸੀਬਤਾਂ ਉਨ੍ਹਾਂ ਦੇ ਰਾਹਾਂ ਵਿੱਚ ਖੜ੍ਹੀਆਂ ਕਰਦੇ ਰਹੇ। ਪਰ ਫਿਰ ਵੀ ਜਦੋਂ ਅਜਿਹੇ ਮਹਾਂਪੁਰਸ਼ ਆਪਣੀ ਨਵੀਂ ਤੇ ਵੱਖਰੀ ਵਿਚਾਰਧਾਰਾ ਮਨੁੱਖਤਾ ਨੂੰ ਦੇਣ ਵਿੱਚ ਸਫਲ ਹੋ ਜਾਂਦੇ ਤੇ ਉਨ੍ਹਾਂ ਦੇ ਸੰਸਾਰ ਤੋਂ ਚਲੇ ਜਾਣ ਤੋਂ ਬਾਅਦ ਸਮਾਂ ਪਾ ਕੇ ਇਹ ਤਿਕੜੀ ਨਵੇਂ ਰੂਪ ਵਿੱਚ ਉਸੇ ਮਹਾਂਪੁਰਸ਼ ਦੇ ਨਾਮ ਤੇ ਨਵੀਆਂ ਮਰਿਯਾਦਾਵਾਂ, ਕਰਮਕਾਂਡਾਂ ਤੇ ਚਿੰਨ੍ਹਾਂ ਨਾਲ ਲੈਸ ਹੋ ਕੇ ਨਵਾਂ ਧਾਰਮਿਕ ਫਿਰਕਾ ਖੜ੍ਹਾ ਕਰਕੇ ਉਨ੍ਹਾਂ ਦੇ ਅਨੁਆਈਆਂ ਨੂੰ ਆਪਣੇ ਕਰਮਕਾਂਡੀ ਮਾਇਆ ਜਾਲ ਵਿੱਚ ਫਸਾ ਲੈਂਦੇ। ਅੱਜ ਦੇ ਪ੍ਰਚਲਤ ਹਰ ਜਥੇਬੰਦਕ ਛੋਟੇ-ਵੱਡੇ ਧਾਰਮਿਕ ਫਿਰਕੇ ਵਿੱਚ ਨਕਲੀ ਧਰਮਾਂ ਦਾ ਪੂਰਾ ਬੋਲ-ਬਾਲਾ ਹੈ ਤੇ ਧਰਮ ਇਨ੍ਹਾਂ ਵਿਚੋਂ ਪੂਰੀ ਤਰ੍ਹਾਂ ਅਲੋਪ ਹੋ ਚੁੱਕਾ ਹੈ। ਹਰ ਧਾਰਮਿਕ ਫਿਰਕਾ ਝੂਠੀਆਂ, ਅੰਧ ਵਿਸ਼ਵਾਸ਼ੀ, ਅਗਿਆਨਤਾ ਭਰਪੂਰ ਰੀਤਾਂ-ਰਸਮਾਂ, ਕਰਮਕਾਂਡਾਂ, ਮਰਿਯਾਦਾਵਾਂ, ਪ੍ਰੰਪਰਾਵਾਂ, ਧਾਰਮਿਕ ਚਿੰਨ੍ਹਾਂ ਦਾ ਮਿਲਗੋਭਾ ਜਿਹਾ ਨਕਲੀ ਧਰਮ ਬਣ ਚੁੱਕਾ ਹੈ। ਇਸ ਲੇਖ ਲੜੀ ਦਾ ਮਕਸਦ ਆਮ ਵਿਅਕਤੀ ਨੂੰ ਜਿਥੇ ਧਰਮ ਦੇ ਨਾਮ ਤੇ ਬਣੇ ਹੋਏ ਇਨ੍ਹਾਂ ਧਾਰਮਿਕ ਫਿਰਕਿਆਂ ਵਿਚਲੇ ਨਕਲੀ ਧਰਮਾਂ ਤੋਂ ਜਾਣੂ ਕਰਾਉਣਾ ਹੈ, ਉਥੇ ਅਸਲੀ ਧਰਮ ਦੀ ਜਾਣ-ਪਛਾਣ ਕਰਾਉਣਾ ਵੀ ਹੈ ਤਾਂ ਕਿ ਲੋਕ ਸੱਚੇ ਧਰਮ ਨਾਲ ਜੁੜ ਸਕਣ। ਕੋਸ਼ਿਸ਼ ਇਹੀ ਹੈ ਕਿ ਲੋਕ ਜਾਗ ਪੈਣ ਤੇ ਪਛਾਣ ਕਰਨ ਦੇ ਸਮਰੱਥ ਹੋ ਸਕਣ ਕਿ ਜਿਸਨੂੰ ਉਹ ਤਨੋ, ਮਨੋ ਧਰਮ ਸਮਝ ਕੇ ਆਪਾ ਨਿਛਾਵਰ ਕਰ ਰਹੇ ਹਨ, ਕੀ ਉਸ ਵਿੱਚ ਕੁਝ ਧਰਮ ਵਾਲਾ ਹੈ ਵੀ ਜਾਂ ਉਹ ਸਿਰਫ ਪੁਜਾਰੀਆਂ ਦੀਆਂ ਬਣਾਈਆਂ ਅਗਿਆਨਤਾ ਤੇ ਅੰਧ ਵਿਸ਼ਵਾਸ਼ ਅਧਾਰਿਤ ਮਰਿਯਾਦਾਵਾਂ, ਰੀਤਾਂ-ਰਸਮਾਂ, ਕਰਮਕਾਂਡਾਂ ਦਾ ਭਾਰ ਹੀ ਢੋਹ ਰਹੇ ਹਨ। ਇਹ ਤਿਕੜੀ ਧਰਮ ਨੂੰ ਵਧਾਉਣ ਤੇ ਧਰਮ ਨੂੰ ਖਤਰੇ ਦੇ ਨਾਮ ਤੇ ਪਿਛਲੇ 5 ਹਜ਼ਾਰ ਸਾਲਾਂ ਵਿੱਚ 15 ਹਜ਼ਾਰ ਤੋਂ ਵੱਧ ਯੁੱਧਾਂ ਰਾਹੀਂ ਮਨੁੱਖਤਾ ਦਾ ਵੱਡੇ ਪੱਧਰ ਤੇ ਘਾਣ ਕਰ ਚੁੱਕੀ ਹੈ। ਧਰਮ ਨੂੰ ਖਤਰਾ ਨਾਸਤਿਕਾਂ ਜਾਂ ਧਰਮ ਵਿਰੋਧੀਆਂ ਤੋਂ ਨਹੀਂ, ਇਨ੍ਹਾਂ ਨਕਲੀ ਧਰਮਾਂ ਦੇ ਅੰਧ ਵਿਸ਼ਵਾਸ਼ੀ ਸ਼ਰਧਾਲੂਆਂ ਤੇ ਇਸ ਤਿਕੜੀ ਤੋਂ ਹੈ। ਤੁਸੀਂ ਇਸ ਲੇਖ ਲੜੀ ਬਾਰੇ ਆਪਣੇ ਵਿਚਾਰ ਭੇਜ ਸਕਦੇ ਹੋ ਤਾਂ ਕਿ ਗੱਲ ਅੱਗੇ ਤੁਰ ਸਕੇ। ਤੁਹਾਡੇ ਸੁਝਾਵਾਂ ਤੇ ਵਿਚਾਰਾਂ ਬਾਰੇ ਗੰਭੀਰਤਾ ਨਾਲ ਵਿਚਾਰ ਕੀਤੀ ਜਾਵੇਗੀ।**

ਧਰਮ ਦੇ ਇਤਿਹਾਸ ਨੂੰ ਵਾਚਣ ਤੋਂ ਇੱਕ ਗੱਲ ਬੜੀ ਸਪੱਸ਼ਟ ਹੈ ਕਿ ਧਰਮ ਦੀ ਸ਼ੁਰੂਆਤ ਮਨੁੱਖ ਦੀ ਅਗਿਆਨਤਾ ਅਤੇ ਡਰ ਤੋਂ ਹੋਈ ਹੈ। ਵੈਸੇ ਡਰ ਹੁੰਦਾ ਵੀ ਉੱਥੇ ਹੀ ਹੈ, ਜਿੱਥੇ ਅਗਿਆਨਤਾ ਹੋਵੇ। ਮਨੁੱਖੀ ਸਭਿਅਤਾ ਦੇ ਸ਼ੁਰੂਆਤੀ ਦੌਰ ਵਿੱਚ ਜਦੋਂ ਮਨੁੱਖ ਨੂੰ ਕੁਦਰਤ ਦੇ ਸਿਧਾਂਤਾਂ ਜਾਂ ਕੁਦਰਤ ਬਾਰੇ ਬਹੁਤੀ ਜਾਣਕਾਰੀ ਨਹੀਂ ਸੀ ਤਾਂ ਕੁਦਰਤੀ ਆਫਤਾਂ ਅਤੇ ਹੋਰ ਸਮੱਸਿਆਵਾਂ ਦੇ ਡਰ ਵਿੱਚੋਂ ਮਨੁੱਖ ਨੇ ਉਸ ਤੋਂ ਬਚਣ ਲਈ ਅਗਿਆਨਤਾ ਵੱਸ ਉਸਦੀ ਪੂਜਾ ਸ਼ੁਰੂ ਕਰ ਦਿੱਤੀ, ਜਿੱਥੋਂ ਧਰਮ ਦਾ ਮੁੱਢ ਬੱਝਾ। ਕੁਦਰਤੀ ਆਫਤਾਂ ਤੋਂ ਬਚਣ ਲਈ ਕੁਦਰਤੀ ਸ਼ਕਤੀਆਂ ਤੋਂ ਸ਼ੁਰੂ ਹੋਈ ਪੂਜਾ ਤੋਂ ਫਿਰ ਉਨ੍ਹਾਂ ਹੀ ਸ਼ਕਤੀਆਂ ਨੂੰ ਦੇਵੀ ਦੇਵਤੇ ਬਣਾ ਕੇ ਪੂਜਾ ਸ਼ੁਰੂ ਹੋ ਗਈ। ਪੂਰਬੀ (ਹਿੰਦੂ, ਬੁੱਧ, ਜੈਨ, ਪਾਰਸੀ ਆਦਿ) ਅਤੇ ਪੱਛਮੀ (ਯਹੂਦੀ, ਈਸਾਈ, ਇਸਲਾਮ ਆਦਿ) ਧਰਮਾਂ ਦੇ ਸ਼ੁਰੂਆਤੀ ਦੌਰ ਵਿਚ ਕੁਦਰਤੀ ਸ਼ਕਤੀਆਂ ਅਤੇ ਦੇਵੀ ਦੇਵਤਿਆਂ ਦੀ ਮੂਰਤੀਆਂ ਬਣਾ ਕੇ ਪੂਜਾ ਕੀਤੀ ਜਾਂਦੀ ਰਹੀ ਹੈ। ਹੌਲੀ ਹੌਲੀ ਕੁਦਰਤੀ ਸ਼ਕਤੀਆਂ ਅਤੇ ਦੇਵੀ ਦੇਵਤਿਆਂ ਦੀ ਪੂਜਾ ਦੇ ਨਾਲ ਨਾਲ ਕਬੀਲੇ ਦੇ ਮੁਖੀ ਜਾਂ ਰਾਜੇ ਦੀ ਸ਼ਖਸ਼ੀ ਪੂਜਾ ਵੀ ਹੁੰਦੀ ਰਹੀ। ਪਰ ਜਿਉਂ ਜਿਉਂ ਮਨੁੱਖੀ ਸਭਿਅਤਾ ਦਾ ਵਿਕਾਸ ਹੋਇਆ ਤਾਂ ਮਨੁੱਖ ਨੂੰ ਇਸ ਸ੍ਰਿਸ਼ਟੀ ਵਿਚ ਚੱਲ ਰਹੀਆਂ ਸ਼ਕਤੀਆਂ ਤੇ ਉਸਦੇ ਨਿਯਮਾਂ ਪਿੱਛੇ ਕਿਸੇ ਅਗੰਮੀ ਸ਼ਕਤੀ ਦੀ ਹੋਂਦ ਦਾ ਅਹਿਸਾਸ ਹੋਣਾ ਸ਼ੁਰੂ ਹੋਇਆ, ਜਿੱਥੋਂ ਇੱਕ ਰੱਬ ਦਾ ਸਿਧਾਂਤ ਪ੍ਰਚਲਤ ਹੋਇਆ।

ਪੁਰਾਤਨ ਸਾਰੇ ਧਰਮਾਂ (ਪੂਰਬੀ ਅਤੇ ਪੱਛਮੀ) ਵਿੱਚ ਕਿਸੇ ਨਾ ਕਿਸੇ ਢੰਗ ਨਾਲ ਇੱਕ ਰੱਬ ਦੀ ਗੱਲ ਹਜਾਰਾਂ ਸਾਲਾਂ ਤੋਂ ਚਲਦੀ ਰਹੀ ਹੈ, ਪਰ ਕੁਦਰਤ ਦੀ ਬੇਅੰਤਤਾ ਬਾਰੇ ਮਨੁੱਖੀ ਗਿਆਨ ਅਜੇ ਸੀਮਤ ਸੀ। ਇਸੇ ਕਰਕੇ ਗੁਰੂ ਨਾਨਕ ਸਾਹਿਬ ਤੋਂ ਪਹਿਲੇ ਸਾਰੇ ਧਰਮ ਗੁਰੂਆਂ, ਰਹਿਬਰਾਂ, ਪੀਰ-ਪੈਗੰਬਰਾਂ, ਰਿਸ਼ੀਆਂ ਮੁਨੀਆਂ ਨੇ ਰੱਬ ਨੂੰ ਕਿਸੇ ਹੋਰ ਦੇਸ਼ ਦਾ ਵਾਸੀ ਜਾਂ ਅਸਮਾਨ ਵਿੱਚ ਕਿਤੇ ਉੱਪਰ ਲੁਕ ਕੇ ਰਹਿੰਦਾ ਹੋਇਆ ਕਲਪਿਆ ਹੋਇਆ ਸੀ, ਇਸੇ ਕਰਕੇ ਹੀ ਅੱਜ ਵੀ ਧਰਮ ਨੂੰ ਮੰਨਣ ਵਾਲੇ ਲੋਕ ਆਪਣੀ ਅਰਦਾਸ ਉੱਪਰ ਨੂੰ ਹੱਥ ਚੁੱਕ ਕੇ ਹੀ ਕਰਦੇ ਹਨ ਤੇ ਬਹੁਤ ਵਾਰੀ ਰੱਬ ਨੂੰ ਉੱਪਰ ਵਾਲਾ ਹੀ ਕਿਹਾ ਜਾਂਦਾ ਹੈ। ਧਰਮਾਂ ਦੀ ਦੁਨੀਆਂ ਵਿੱਚ ਸਿੱਖ ਧਰਮ ਹੀ ਅਜਿਹਾ ਧਰਮ ਹੈ, ਜਿਸ ਵਿਚ ਰੱਬ ਨੂੰ "ਬਲਿਹਾਰੀ ਕੁਦਰਤਿ ਵਸਿਆ" ਜਾਂ "ਸਭੇ ਘਟਿ ਰਾਮ ਬੋਲੇ ਰਾਮ ਬਿਨਾ ਕੋਇ ਬੋਲੇ ਰੇ" ਜਾਂ "ਸਭਿ ਮਹਿ ਜੋਤਿ ਜੋਤਿ ਹੈ ਸੋਇ" ਵਰਗੇ ਪ੍ਰਮਾਣਾਂ ਰਾਹੀਂ ਬਾਕੀ ਧਰਮਾਂ ਦੇ ਅਕਾਸ਼ੀਂ ਵਸਦੇ ਕਲਪਿਤ ਰੱਬਾਂ ਦਾ ਭੋਗ ਪਾ ਦਿੱਤਾ ਸੀ। ਸਿੱਖਾਂ ਸਮੇਤ ਦੁਨੀਆਂ ਦੇ ਸਾਰੇ ਧਰਮੀ ਲੋਕ ਜਿਸ ਨੂੰ ਰੱਬ ਮੰਨਦੇ ਹਨ ਜਾਂ ਸਨ, ਗੁਰਬਾਣੀ ਉਸ ਰੱਬ ਨੂੰ ਨਹੀਂ ਮੰਨਦੀ ਤੇ ਜਿਸਨੂੰ ਗੁਰਬਾਣੀ ਰੱਬ ਮੰਨਦੀ ਹੈ, ਉਸ ਨੂੰ ਅਖੌਤੀ ਧਰਮੀ ਲੋਕ ਨਾਸਤਿਕਤਾ ਕਹਿੰਦੇ ਹਨ। ਜੇ ਕੋਈ ਅੱਜ ਗੁਰਬਾਣੀ ਦੇ ਰੱਬ ਦੇ ਨਜ਼ਦੀਕ ਹੈ ਜਾਂ ਉਸ ਦਾ ਪ੍ਰਚਾਰ ਕਰ ਰਿਹਾ ਹੈ ਜਾਂ ਉਸਦੀ ਖੋਜ ਕਰ ਰਿਹਾ ਹੈ ਤਾਂ ਉਹ ਇੱਕ ਸਾਇੰਸਦਾਨ ਨੂੰ ਹੀ ਕਿਹਾ ਜਾ ਸਕਦਾ ਹੈ। ਬਾਕੀ ਤਾਂ ਕਲਪਿਤ ਰੱਬ ਦੀ ਪੂਜਾ ਹੀ ਕਰ ਰਹੇ ਹਨ।

ਧਰਮ ਦੀ ਸਮੱਸਿਆ ਨੂੰ ਸਮਝਣ ਲਈ ਅਸੀਂ ਸਾਰੇ ਧਰਮਾਂ ਨੂੰ ਤਿੰਨ ਹਿੱਸਿਆਂ ਵਿਚ ਵੰਡ ਸਕਦੇ ਹਾਂ ਤੇ ਸਮੱਸਿਆ ਸਮਝਣ ਤੋਂ ਬਾਅਦ ਇਸ ਵਿੱਚੋਂ ਹੀ ਹੱਲ ਲੱਭਣ ਦਾ ਯਤਨ ਕਰਾਂਗੇ। ਧਰਮ ਦੇ ਤਿੰਨ ਹਿੱਸੇ ਇਸ ਤਰ੍ਹਾਂ ਹਨ:

**1. ਧਰਮ ਦੇ ਅਸੂਲ, 2. ਧਰਮ ਦੀ ਫਿਲਾਸਫੀ 3. ਧਰਮ ਦੀ ਮਰਿਆਦਾ**

**1. ਧਰਮ ਦੇ ਅਸੂਲ** : ਧਰਮ ਦੇ ਅਸੂਲ ਉਹ ਸਦੀਵੀ ਨੈਤਿਕ ਗੁਣ ਹਨ, ਜੋ ਹਰ ਇਨਸਾਨ ਵਿੱਚ ਹੋਣੇ ਚਾਹੀਦੇ ਹਨ ਤਾਂ ਹੀ ਅਸੀਂ ਇੱਕ ਵਧੀਆ ਪਰਿਵਾਰ, ਸਮਾਜ ਤੇ ਸੰਸਾਰ ਸਿਰਜ ਸਕਦੇ ਹਾਂ, ਇਨ੍ਹਾਂ ਸਦਾਚਾਰਕ ਗੁਣਾਂ ਵਿੱਚ ਸੱਚ ਬੋਲਣਾ, ਸੱਚ ਲਈ ਖੜਨਾ, ਨਿੰਦਾ ਚੁਗਲੀ ਤੋਂ ਬਚਣਾ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਨੂੰ ਕਾਬੂ ਵਿੱਚ ਰੱਖਣਾ, ਇਮਾਨਦਾਰੀ ਨਾਲ ਆਪਣੀ ਕ੍ਰਿਤ ਕਰਨੀ, ਕਿਸੇ ਨਾਲ ਧੱਕਾ ਨਹੀਂ ਕਰਨਾ ਆਦਿ ਅਨੇਕਾਂ ਗੁਣ ਹਨ, ਜਿਨ੍ਹਾਂ ਨੂੰ ਅਪਨਾ ਕੇ ਸਾਰੀ ਮਨੁੱਖਤਾ ਸੁਖੀ ਵਸ ਸਕਦੀ ਹੈ, ਲੜਾਈਆਂ ਝਗੜੇ ਖਤਮ ਹੋ ਸਕਦੇ ਹਨ।

ਇੱਥੇ ਆ ਕੇ ਤਕਰੀਬਨ ਸਾਰੇ ਧਰਮ ਬਰਾਬਰ ਹਨ। ਸਾਰੇ ਧਾਰਮਿਕ ਗੁਰੂ, ਰਹਿਬਰ, ਪੀਰ, ਪੈਗੰਬਰ ਇੱਕੋ ਜਗ੍ਹਾ ਖੜ੍ਹੇ ਪ੍ਰਤੀਤ ਹੁੰਦੇ ਹਨ, ਇਸੇ ਕਰਕੇ ਆਮ ਤੌਰ 'ਤੇ ਕਹਿ ਦਿੱਤਾ ਜਾਂਦਾ ਹੈ ਕਿ ਸਾਰੇ ਧਰਮ ਬਰਾਬਰ ਹਨ। ਸਾਰੇ ਧਰਮ ਮਨੁੱਖ ਨੂੰ ਇੱਕ ਚੰਗਾ ਮਨੁੱਖ ਬਣਾਉਣ ਦੇ ਯਤਨ ਹਨ। ਇੱਥੇ ਤੱਕ ਧਰਮਾਂ ਦਾ ਆਪਸ ਵਿੱਚ ਕੋਈ ਵਿਰੋਧ ਨਹੀਂ, ਇਸ ਲੈਵਲ ਤੇ ਨਾ ਸਿਰਫ ਸਾਰੇ ਧਰਮੀਂ ਲੋਕ, ਸਗੋਂ ਧਰਮਾਂ ਨੂੰ ਨਾ ਮੰਨਣ ਵਾਲੇ ਲੋਕ ਵੀ ਸਹਿਮਤ ਹਨ। ਜੇ ਇਹ ਅਸੂਲ ਹੀ ਧਰਮ ਦਾ ਮੁੱਖ ਧੁਰਾ ਹੋਣ ਤਾਂ ਸਾਰੇ ਲੋਕ ਹੀ ਧਰਮੀ ਹਨ।

**2. ਧਰਮ ਦੀ ਫਿਲਾਸਫੀ** : ਫਰਕ ਦੂਜੇ ਹਿੱਸੇ ਤੋਂ ਸ਼ੁਰੂ ਹੁੰਦਾ ਹੈ, ਜਿੱਥੇ ਧਰਮ ਗੁਰੂ ਆਪਣੀ ਫਿਲਾਸਫੀ, ਆਪਣਾ ਮੱਤ ਜਾਂ ਆਪਣਾ ਵਿਜ਼ਨ, ਆਪਣੇ ਗ੍ਰੰਥ ਜਾਂ ਆਪਣੇ ਉਪਦੇਸ਼ ਰਾਹੀਂ ਦਿੰਦਾ ਹੈ। ਉਹ ਉਸ ਸਮੇਂ ਤੱਕ ਦਾ ਸੱਚ, ਜਾਂ ਉਸ ਸਮੇਂ ਦਾ ਸੱਚ ਹੁੰਦਾ ਹੈ ਜਾਂ ਉਸ ਵਿਚ ਪੈਗੰਬਰ ਦਾ ਭਵਿੱਖ ਬਾਰੇ ਆਪਣੇ ਵਿਜ਼ਨ ਅਨੁਸਾਰ ਗਿਆਨ ਹੁੰਦਾ ਹੈ। ਮਨੁੱਖ ਮੁੱਢ ਕਦੀਮੋਂ ਹੀ ਕੁਦਰਤ ਨੂੰ ਜਾਨਣ, ਉਸਦੇ ਗੁੱਝੇ ਭੇਦ ਲੱਭਣ ਲਈ ਤਤਪਰ ਰਿਹਾ ਹੈ, ਬੜੇ ਜੋਖਮ ਵਿਚ ਪੈ ਕੇ ਉਸਨੇ ਸੱਚ ਦੀ ਖੋਜ ਕੀਤੀ ਹੈ। ਜਿੱਥੇ ਸਾਇੰਸਦਾਨ ਇਸ ਖੋਜ ਨੂੰ ਮੈਟਰ ਦੀ ਖੋਜ ਤੱਕ ਰੱਖਦਾ ਹੈ, ਉੱਥੇ ਧਰਮ ਗੁਰੂ, ਮਨ, ਆਤਮਾ, ਪ੍ਰਮਾਤਮਾ ਦੀ ਖੋਜ ਵੱਲ ਤੁਰਦਾ ਹੈ। ਰੱਬ ਨੇ ਇਹ ਸ੍ਰਿਸਟੀ ਕਿਵੇਂ ਸਾਜੀ, ਉਹ ਕਿਸ ਤਰ੍ਹਾਂ ਇਸਨੂੰ ਚਲਾਉਂਦਾ ਹੈ, ਮਨੁੱਖ ਕਿਵੇਂ ਬਣਿਆ, ਇਹ ਕਿਸ ਤਰ੍ਹਾਂ ਇਥੇ ਆਉਂਦਾ ਹੈ, ਮਰਨ ਬਾਅਦ ਕੀ ਵਾਪਰਦਾ ਹੈ, ਆਦਿ ਅਨੇਕਾਂ ਸਵਾਲਾਂ ਦੇ ਜਵਾਬ ਲੱਭਣ ਲਈ ਧਰਮ ਯਤਨਸ਼ੀਲ ਰਿਹਾ ਹੈ। ਇਸ ਤਰ੍ਹਾਂ ਇਹ ਗਿਆਨ ਅੱਗੇ ਵੱਲ ਨੂੰ ਤੁਰਨ ਵਾਲਾ ਹੈ, ਪਰ ਸਮਾਂ ਪਾ ਕੇ ਨਵਾਂ ਧਰਮ ਗੁਰੂ ਪਿਛਲੇ ਸੱਚ, ਪਿਛਲੀਆਂ ਖੋਜਾਂ ਅਤੇ ਆਪਣੇ ਵਿਜ਼ਨ ਨਾਲ ਨਵਾਂ ਰਸਤਾ ਦਿਖਾਉਂਦਾ ਹੈ। ਪਰ ਧਰਮ ਵਿਚ ਸਮੱਸਿਆ ਇੱਥੋਂ ਹੀ ਸ਼ੁਰੂ ਹੁੰਦੀ ਹੈ, ਜਦੋਂ ਧਰਮ ਦਾ ਪੈਰੋਕਾਰ ਨਵੀਂ ਖੋਜ ਨੂੰ ਪ੍ਰਵਾਨ ਨਹੀਂ ਕਰਦਾ। ਉਹ ਉਥੇ ਹੀ ਖੜ੍ਹਾ ਰਹਿ ਜਾਂਦਾ ਹੈ, ਜੇ ਕੋਈ ਕੋਸ਼ਿਸ਼ ਕਰਦਾ ਵੀ ਹੈ, ਧਰਮ ਪੁਜਾਰੀ ਉਸ ਨੂੰ ਅੱਗੇ ਤੁਰਨ ਨਹੀਂ ਦਿੰਦਾ ਕਿਉਂਕਿ ਪੁਜਾਰੀ ਲਈ ਧਰਮ ਧੰਦਾ ਹੁੰਦਾ ਹੈ। ਇਸੇ ਕਰਕੇ ਥੋੜੇ ਲੋਕ ਨਵੇਂ ਧਰਮ ਨਾਲ ਜੁੜਦੇ ਹਨ। ਬਹੁਤੇ ਪੁਰਾਣੇ ਨਾਲ ਹੀ ਚਿਪਕੇ ਰਹਿੰਦੇ ਹਨ। ਇਹ ਸਿਲਸਿਲਾ ਪਿਛਲੇ ਪੰਜ ਹਜਾਰ ਸਾਲ ਤੋਂ ਚਲਦਾ ਆ ਰਿਹਾ ਹੈ। ਧਰਮ ਵਿੱਚ ਪਹਿਲਾ ਝਗੜਾ ਇੱਥੋਂ ਸ਼ੁਰੂ ਹੁੰਦਾ ਹੈ, ਜਦੋਂ ਪੁਰਾਣੇ ਧਰਮ ਦੇ ਪੈਰੋਕਾਰ ਪੁਰਾਣੀ ਗੱਲ ਨੂੰ ਸੱਚ ਮੰਨ ਕੇ ਅੜ ਜਾਂਦੇ ਹਨ ਤੇ ਉਸਨੂੰ ਹੀ ਆਖਰੀ ਸੱਚ ਮੰਨਦੇ ਹਨ। ਉਹ ਆਪਣੇ ਧਰਮ ਗ੍ਰੰਥ ਨੂੰ ਆਖਰੀ ਸੱਚ ਮੰਨਦੇ ਹਨ। ਉਹ ਆਪਣੇ ਧਰਮ ਗ੍ਰੰਥ ਨੂੰ ਰੱਬ ਦਾ, ਅੱਲਾ ਦਾ ਆਖਰੀ ਤੇ ਸਦੀਵੀ ਸੁਨੇਹਾ ਮੰਨ ਕੇ ਚੱਲਦੇ ਹਨ, ਜਿਸ ਵਿਚ ਕੋਈ ਤਬਦੀਲੀ ਨਹੀਂ ਹੋ ਸਕਦੀ। ਇਸ ਨਾਲ ਨਾ ਸਿਰਫ ਇੱਕ ਧਰਮ ਦਾ ਦੂਜੇ ਨਾਲ ਵਿਰੋਧ ਜਾਂ ਵਖਰੇਵਾਂ ਸ਼ੁਰੂ ਹੁੰਦਾ ਹੈ, ਉੱਥੇ ਉਸੇ ਧਰਮ ਦੇ ਮੰਨਣ ਵਾਲਿਆਂ ਵਲੋਂ ਜਦੋਂ ਕਿਸੇ ਗੱਲ ਤੇ ਜਵਾਬ ਮੰਗਿਆ ਜਾਂਦਾ ਹੈ ਜਾਂ ਕਿਸੇ ਵਿਸ਼ਵਾਸ਼ ਜਾਂ ਧਾਰਨਾ ਤੇ ਕਿੰਤੂ ਪ੍ਰੰਤੂ ਕੀਤਾ ਜਾਂਦਾ ਹੈ, ਉਸ ਸਮੇਂ ਪੁਜਾਰੀ ਕਲਾਸ ਉਸਨੂੰ ਧਰਮ ਵਿਚ ਸ਼ਰਧਾ ਰੱਖਣ, ਇਸ ਨੂੰ ਅੰਤਮ ਸੱਚ ਪ੍ਰਵਾਨਣ ਲਈ ਕਹਿੰਦੀ ਹੈ। ਉਹ ਕਹਿੰਦੇ ਹਨ ਕਿ ਧਰਮ ਵਿਚ ਕਿੰਤੂ ਪ੍ਰੰਤੂ, ਤਰਕ-ਦਲੀਲ ਪ੍ਰਵਾਨ ਨਹੀਂ ਹੁੰਦੀ ਹੈ, ਧਰਮ ਸ਼ਰਧਾ ਦਾ ਵਿਸ਼ਾ ਹੁੰਦਾ ਹੈ, ਧਰਮ ਵਿਸ਼ਵਾਸ਼ (ਅੰਧ-ਵਿਸ਼ਵਾਸ਼) ਦਾ ਵਿਸ਼ਾ ਹੁੰਦਾ ਹੈ, ਇੱਥੇ ਉਹੀ ਪ੍ਰਵਾਨ ਹੈ, ਉਹੀ ਸੱਚਾ ਧਰਮੀ ਹੈ, ਉਸਦਾ ਹੀ ਪਾਰ ਉਤਾਰਾ ਹੁੰਦਾ ਹੈ, ਜੋ ਸੱਚੇ ਦਿਲੋਂ ਸਾਰੇ ਕਿੰਤੂ ਪ੍ਰੰਤੂ ਮਨਾਂ ਵਿਚੋਂ ਕੱਢ ਕੇ ਸ਼ਰਧਾ ਨਾਲ ਸਭ ਕੁੱਝ ਨੂੰ ਸੱਚ ਮੰਨ ਕੇ ਮੱਥਾ ਟੇਕ ਦਿੰਦਾ ਹੈ ਅਤੇ ਜਿਹੜਾ ਆਪਣੇ ਗੁਰੂ, ਪੈਗੰਬਰ, ਰਹਿਬਰ, ਮਸੀਹਾ ਆਦਿ ਤੇ ਕਿੰਤੂ ਕਰਦਾ ਹੈ, ਉਸਦੀ ਕਿਸੇ ਲਿਖਤ ਜਾਂ ਵਿਚਾਰ ਤੇ ਉਂਗਲੀ ਉਠਾਉਂਦਾ ਹੈ, ਉਹ ਧਰਮ ਵਿਚ ਪ੍ਰਵਾਨ ਨਹੀਂ। ਪਰ ਜਿਹੜਾ ਫਿਰ ਵੀ ਪਿੱਛੇ ਨਾ ਹਟੇ, ਉਸਨੂੰ ਧਰਮ ਵਿਚੋਂ ਛੇਕ ਦਿੱਤਾ ਜਾਂਦਾ ਹੈ। ਉਸ ਨਾਲ ਰੋਟੀ-ਬੇਟੀ ਦੀ ਸਾਂਝ ਖਤਮ ਕਰ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਧਰਮ ਵਿਚ ਉੱਠਦੀ ਹਰ ਵਿਰੋਧਤਾ, ਦਲੀਲ ਤੇ ਤਰਕ ਵਾਲੀ ਸੋਚ ਜਾਂ ਬਗਾਵਤ ਦਬਾ ਦਿੱਤੀ ਜਾਂਦੀ ਹੈ। ਇਹੀ ਵਜ੍ਹਾ ਹੈ ਕਿ ਪੁਰਾਤਨ ਸਮੇਂ ਤੋਂ ਅਨੇਕਾਂ ਸੱਚ ਦੇ ਪਾਂਧੀਆਂ, ਕੁਦਰਤ ਦੇ ਖੋਜੀਆਂ ਤੇ ਵਿਗਿਆਨੀਆਂ ਨੂੰ ਮੌਤ ਦੇ ਫਤਵੇ ਦਿੱਤੇ ਗਏ, ਦੇਸ਼ ਨਿਕਾਲੇ ਦਿੱਤੇ ਗਏ, ਸਮਾਜ ਵਿਚੋਂ ਬਾਈਕਾਟ ਕੀਤੇ ਗਏ ਜਾਂ ਧਰਮ ਵਿਚੋਂ ਛੇਕੇ ਗਏ।

ਜੇ ਦੂਜੇ ਪਾਸੇ ਸਾਇੰਸ ਦਾ ਪੱਖ ਦੇਖੀਏ, ਜਿੱਥੇ ਕੋਈ ਵੀ ਸਾਇੰਸਦਾਨ ਇਹ ਦਾਅਵਾ ਨਹੀਂ ਕਰਦਾ ਕਿ ਉਸਨੇ ਕੁਦਰਤ ਦਾ, ਰੱਬ ਦਾ ਜਾਂ ਮੈਟਰ ਦਾ ਅੰਤ ਪਾ ਲਿਆ ਹੈ, ਉੱਥੇ ਜਿੱਥੋਂ ਕੋਈ ਇੱਕ ਸਾਇੰਸਦਾਨ ਆਪਣੀ ਖੋਜ ਛੱਡਦਾ ਹੈ, ਉੱਥੋਂ ਅਗਲਾ ਸਾਇੰਸਦਾਨ ਅੱਗੇ ਤੁਰ ਪੈਂਦਾ ਹੈ। ਇਹੀ ਵਜ੍ਹਾ ਹੈ ਕਿ ਮਨੁੱਖ ਨੇ ਸਾਇੰਸ ਦੇ ਖੇਤਰ ਵਿਚ ਲਗਾਤਾਰ ਤਰੱਕੀ ਕੀਤੀ ਹੈ ਅਤੇ ਕਦੇ ਕਿਸੇ ਇੱਕ ਸਾਇੰਸਦਾਨ ਦਾ ਦੂਜੇ ਨਾਲ ਕੋਈ ਝਗੜਾ ਨਹੀਂ ਅਤੇ ਨਾ ਹੀ ਸਾਇੰਸ ਦੀਆਂ ਖੋਜਾਂ ਅਪਨਾਉਣ ਵਾਲਿਆਂ ਵਿਚ ਹੀ ਕੋਈ ਝਗੜਾ ਹੈ। ਸਾਇੰਸ ਦੀ ਹਰ ਨਵੀਂ ਖੋਜ ਦਾ ਹਰ ਕੋਈ ਲਾਭ ਉਠਾਉਣ ਦਾ ਯਤਨ ਕਰਦਾ ਹੈ। ਇੱਥੋਂ ਤੱਕ ਕੇ ਹਰ ਧਰਮੀ ਮਨੁੱਖ ਵੀ ਸਾਇੰਸ ਦੀ ਹਰ ਨਵੀਂ ਤੋਂ ਨਵੀਂ ਖੋਜ ਦਾ ਲਾਭ ਉਠਾਉਣ ਲਈ ਤਤਪਰ ਹੈ। ਕੋਈ ਵੀ ਵਿਅਕਤੀ ਇਹ ਨਹੀਂ ਕਹਿੰਦਾ ਕਿ ਮੈਂ ਪੁਰਾਣੀ ਚੀਜ਼ ਹੀ ਵਰਤਣੀ ਹੈ ਕਿਉਂਕਿ ਮੇਰੇ ਪੂਰਵਜ਼ ਉਹੀ ਚੀਜ਼ਾਂ ਵਰਤਦੇ ਸਨ। ਉਦਾਹਰਣ ਦੇ ਤੌਰ ਤੇ ਸਾਡੇ ਪੂਰਵਜ਼ ਆਵਾਜਾਈ ਦੇ ਸਾਧਨਾਂ ਲਈ ਬਲਦ ਘੋੜੇ ਆਦਿ ਵਰਤਦੇ ਸਨ, ਪਰ ਅੱਜ ਕੋਈ ਵੀ ਵਧੀਆ ਕਾਰਾਂ ਜਾਂ ਜਹਾਜਾਂ ਨੂੰ ਛੱਡ ਕੇ ਇਹ ਨਹੀਂ ਕਹਿੰਦਾ ਕਿ ਅਸੀਂ ਤਾਂ ਸਿਰਫ ਬਲਦਾਂ ਘੋੜਿਆਂ ਨੂੰ ਹੀ ਵਰਤਾਂਗੇ ਕਿਉਂਕਿ ਇਹ ਸਾਡੇ ਬਜ਼ੁਰਗਾਂ ਦੀ ਬਣਾਈ ਹੋਈ ਪੁਰਾਤਨ ਮਰਿਆਦਾ ਹੈ। ਜਦੋਂ ਧਰਮ ਦੀ ਗੱਲ ਹੁੰਦੀ ਹੈ ਤਾਂ ਉਹੀ ਵਿਅਕਤੀ ਪੁਰਾਤਨਤਾ ਵਿਚ ਯਕੀਨ ਕਰਦਾ ਹੈ। ਉਹ ਹਜ਼ਾਰਾਂ ਸਾਲ ਪੁਰਾਣੀ ਧਰਮ ਵਲੋਂ ਕੁਦਰਤ ਦੀ ਕੀਤੀ ਖੋਜ ਨੂੰ ਤਾਂ ਸੱਚ ਮੰਨਦਾ ਹੈ, ਪਰ ਅੱਜ ਦੇ ਸੱਚ ਨੂੰ ਮੰਨਣ ਲਈ ਤਿਆਰ ਨਹੀਂ। ਉਹ ਅੱਜ ਦੇ ਸੱਚ ਦੇ ਪਾਂਧੀਆਂ ਨੂੰ ਰੋਕਣ ਲਈ ਹਰ ਹਰਬਾ ਵਰਤਦਾ ਹੈ। ਇਹੀ ਧਰਮੀ ਲੋਕਾਂ ਦਾ ਪੁਰਾਤਨ ਸੱਚ ਹੈ ਤੇ ਇਹੀ ਅੱਜ ਦਾ ਸੱਚ ਹੈ, ਉਹ ਪਹਿਲਾਂ ਵੀ ਸੱਚ ਦੇ ਪਾਂਧੀਆਂ ਨੂੰ ਫਾਂਸੀ ਚਾੜ੍ਹਦਾ ਸੀ, ਜਹਿਰ ਪਿਆਲੇ ਪਿਲਾਉਂਦਾ ਸੀ, ਧਰਮ ਤੋਂ ਛੇਕਦਾ ਸੀ, ਅੱਜ ਵੀ ਉਹੀ ਕਰਦਾ ਹੈ, ਇਹੀ ਹਰ ਧਰਮ ਦੀ ਵੱਡੀ ਸਮੱਸਿਆ ਹੈ। ਉਹ ਨਵੀਨਤਾ ਵਿਚ ਨਹੀਂ, ਪੁਰਾਤਨਤਾ ਵਿਚ ਯਕੀਨ ਰੱਖਦਾ ਹੈ। ਉਹ ਸਮੇਂ ਦੇ ਹਾਣ ਦਾ ਹੋ ਕੇ ਨਹੀਂ ਚੱਲਦਾ, ਸਗੋਂ ਸਮੇਂ ਤੋਂ ਸੈਂਕੜੇ ਜਾਂ ਹਜਾਰਾਂ ਸਾਲ ਪਿੱਛੇ ਤੁਰਦਾ ਹੈ। ਉਹ ਕੁਦਰਤ ਦੀ, ਆਤਮਾ ਦੀ, ਪ੍ਰਮਾਤਮਾ ਦੀ ਹਜ਼ਾਰਾਂ ਸਾਲ ਪੁਰਾਣੀ ਖੋਜ ਨੂੰ ਅੰਤਮ ਸੱਚ ਮੰਨਦਾ ਹੈ ਅਤੇ ਸਮੇਂ ਦੇ ਸੱਚ ਨੂੰ ਨਕਾਰਦਾ ਹੈ ਕਿਉਂਕਿ ਉਹ ਗਿਆਨ ਦੀ ਨਿਰੰਤਰਤਾ ਵਿੱਚ ਵਿਸ਼ਵਾਸ਼ ਨਹੀਂ ਰੱਖਦਾ। ਉਹ ਇਹ ਮੰਨ ਕੇ ਚੱਲਦਾ ਹੈ ਕਿ ਪਿਛਲੀ ਖੋਜ ਅੰਤਿਮ ਸੱਚ ਹੈ ਤੇ ਅੱਜ ਸਾਰੇ ਝੂਠੇ ਹਨ। ਜੋ ਸਾਡੇ ਧਰਮ ਗ੍ਰੰਥ ਵਿਚ ਹੈ, ਉਹੀ ਆਖਰੀ ਸੱਚ ਹੈ, ਉਸ ਤੋਂ ਅੱਗੇ ਕੁੱਝ ਨਹੀਂ, ਨਾ ਹੀ ਅੱਗੇ ਕੁਝ ਹੋ ਸਕਦਾ ਹੈ। ਪਿਛਲੇ ਸਮੇਂ ਵਿੱਚ ਧਰਮ ਇੰਨੇ ਜਥੇਬੰਦਕ ਤੇ ਮਜਬੂਤ ਨਹੀਂ ਸਨ, ਜਿੰਨੇ ਅੱਜ ਹਨ। ਇਸੇ ਲਈ ਕਈ ਨਵੇਂ ਧਰਮ ਹੋਂਦ ਵਿੱਚ ਆਏ। ਪਰ ਅੱਜ ਧਰਮ ਦੀ ਪੁਰਾਤਨਤਾ ਦੀ ਰਾਖੀ ਲਈ ਦੁਨੀਆਂ ਭਰ ਵਿਚ ਕਨੂੰਨ ਬਣੇ ਹੋਏ ਹਨ। ਹਰ ਨਵੀਂ ਸੋਚ ਤੇ ਧਾਰਮਿਕ ਭਾਵਨਾਵਾਂ ਭੜਕਾਉਣ ਜਾਂ ਧਰਮ ਵਿੱਚ ਦਖਲ ਅੰਦਾਜ਼ੀ ਦੇ ਨਾਂ ਤੇ ਕਨੂੰਨੀ ਕਾਰਵਾਈ ਹੋ ਸਕਦੀ ਹੈ। ਹੁਣ ਧਰਮੀ ਬੰਦਾ ਇੰਨਾ ਅਸਹਿਣਸ਼ੀਲ ਹੋ ਚੁੱਕਾ ਹੈ ਕਿ ਉਹ ਹਰ ਛੋਟੀ-ਛੋਟੀ ਗੱਲ ਤੇ ਮਰਨ ਮਰਾਉਣ ਲਈ ਤਿਆਰ ਹੈ। ਹਰ ਛੋਟੀ ਜਿਹੀ ਗੱਲ ਤੇ ਉਸਦੀਆਂ ਭਾਵਨਾਵਾਂ ਨੂੰ ਠੇਸ ਪਹੁੰਚ ਜਾਂਦੀ ਹੈ। ਧਰਮ ਨੂੰ ਖਤਰਾ ਪੈਦਾ ਹੋ ਜਾਂਦਾ ਹੈ। ਧਰਮ ਉਸ ਲਈ ਕੱਚ ਦੇ ਸਮਾਨ ਤੋਂ ਵੱਧ ਕੁਝ ਨਹੀਂ, ਜਿਸਦੇ ਟੁੱਟਣ ਦਾ ਖਤਰਾ ਹਮੇਸ਼ਾਂ ਬਣਿਆ ਰਹਿੰਦਾ ਹੈ। ਹਰ ਨਵੀਂ ਸੋਚ ਨੂੰ, ਨਵੀਂ ਖੋਜ ਨੂੰ ਪ੍ਰਵਾਨ ਹੋਣ ਤੋਂ ਰੋਕਣ ਲਈ ਹਰ ਪੱਧਰ ਤੇ ਘੇਰਾਬੰਦੀ ਕੀਤੀ ਜਾਂਦੀ ਹੈ। ਜਿਸ ਨਾਲ ਸੱਚ ਦੀ ਅਵਾਜ਼ ਬੁਰੀ ਤਰ੍ਹਾਂ ਦਬ ਜਾਂਦੀ ਹੈ।

**3. ਧਰਮ ਦੀ ਮਰਿਆਦਾ** : ਧਰਮ ਦਾ ਤੀਜਾ ਹਿੱਸਾ ਉਸਦੀ ਮਰਿਆਦਾ ਹੈ। ਇੱਥੇ ਇਹ ਦੱਸਣਾ ਵੀ ਜਰੂਰੀ ਹੈ ਕਿ ਮਰਿਆਦਾ ਤੋਂ ਭਾਵ ਧਰਮ ਦੀਆਂ ਮਾਨਤਾਵਾਂ, ਪ੍ਰੰਪਰਾਵਾਂ, ਵਿਸ਼ਵਾਸ਼, ਅੰਧ-ਵਿਸ਼ਵਾਸ਼, ਕਰਾਮਾਤਾਂ, ਸਮੇਂ ਤੇ ਸਥਾਨ ਅਨੁਸਾਰ ਸੱਭਿਆਚਾਰਕ ਰੀਤੀ-ਰਿਵਾਜਾਂ, ਪੂਜਾ-ਪਾਠਾਂ ਦੇ ਸਾਧਨ ਤੇ ਢੰਗ, ਧਰਮ ਦੇ ਚਿੰਨ੍ਹ ਆਦਿ ਤੋਂ ਹੈ। ਗੱਲ ਨੂੰ ਅੱਗੇ ਤੋਰਨ ਤੋਂ ਪਹਿਲਾਂ ਸਪੱਸ਼ਟ ਕਰਦਿਆਂ ਕਿ ਧਰਮ ਦੀ ਮਰਿਯਾਦਾ ਕਿਸੇ ਵੀ ਧਰਮ ਵਿੱਚ ਉਸਦੇ ਧਰਮ ਗੁਰੂ, ਰਹਿਬਰ ਜਾਂ ਪੀਰ-ਪੈਗੰਬਰ ਨੇ ਨਹੀਂ ਬਣਾਈ। ਸਾਰੇ ਧਰਮਾਂ ਦੀ ਮਰਿਆਦਾ, ਸ਼ਰ੍ਹਾ ਜਾਂ ਪੂਜਾ ਪਾਠ ਆਦਿ ਧਰਮ ਦੇ ਪੁਜਾਰੀਆਂ ਤੇ ਸ਼ਰਧਾਲੂਆਂ ਵਲੋਂ ਬਣਾਈ ਹੁੰਦੀ ਹੈ। ਪੁਜਾਰੀ ਜਮਾਤ ਨੇ ਕਿਉਂਕਿ ਧਰਮ ਨੂੰ ਧੰਦਾ ਬਣਾਇਆ ਹੁੰਦਾ ਹੈ, ਇਸ ਲਈ ਉਨ੍ਹਾਂ ਦੀ ਮਰਿਯਾਦਾ ਆਪਣੇ ਧੰਦੇ ਨੂੰ ਪੱਕਾ ਕਰਨ ਤੇ ਵਧਣ ਫੁੱਲਣ ਵਿਚ ਸਹਾਈ ਕਰਨ ਵਾਲੀ ਹੁੰਦੀ ਹੈ। ਜਦੋਂ ਕਿ ਸ਼ਰਧਾਲੂਆਂ ਦੀ ਮਰਿਆਦਾ ਅੰਧ ਵਿਸ਼ਵਾਸ਼ਾਂ, ਗੈਰ ਕੁਦਰਤੀ ਕਰਾਮਾਤਾਂ ਅਤੇ ਅਗਿਆਨਤਾ ਦੀ ਉਪਜ ਹੁੰਦੀ ਹੈ। ਸਾਰੇ ਧਰਮਾਂ ਵਿਚ ਦੂਜੀ ਵੱਡੀ ਸਮੱਸਿਆ ਪੁਜਾਰੀਆਂ ਤੇ ਸ਼ਰਧਾਲੂਆਂ ਵਲੋਂ ਆਪੇ ਬਣਾਈ ਮਰਿਯਾਦਾ ਨੂੰ ਵੀ ਧਰਮ ਗ੍ਰੰਥ ਦੀ ਫਿਲਾਸਫੀ ਵਾਂਗ ਅੰਤਿਮ ਸੱਚ ਪ੍ਰਚਾਰਿਆ ਜਾਣਾ ਹੈ। ਉਹ ਇਸ ਵਿੱਚ ਕਿਸੇ ਤਬਦੀਲੀ ਨੂੰ ਧਰਮ ਲਈ ਖਤਰੇ ਦੇ ਨਾਮ ਹੇਠ ਦਬਾਉਂਦੇ ਹਨ।

ਧਰਮ ਦੀ ਮਰਿਯਾਦਾ ਵਿੱਚ ਬਹੁਤ ਕੁਝ ਅਜਿਹਾ ਹੁੰਦਾ ਹੈ, ਜੋ ਸਮੇਂ, ਸਥਾਨ ਤੇ ਵਾਤਾਵਰਣ ਅਨੁਸਾਰ ਹੁੰਦਾ ਹੈ, ਜਿਸ ਵਿੱਚ ਹਰ ਸਮੇਂ ਜਾਂ ਕੁਝ ਸਮੇਂ ਬਾਅਦ ਤਬਦੀਲੀ ਦੀ ਗੁੰਜ਼ਾਇਸ਼ ਹੁੰਦੀ ਹੈ। ਜਦੋਂ ਧਰਮ ਨੂੰ ਮੰਨਣ ਵਾਲੇ ਲੋਕ ਇੱਕ ਥਾਂ ਤੋਂ ਦੂਜੀ ਥਾਂ ਜਾਂਦੇ ਹਨ ਜਾਂ ਇੱਕ ਧਰਮ ਜਾਂ ਸਭਿਆਚਾਰ ਨੂੰ ਮੰਨਣ ਵਾਲੇ ਲੋਕ ਦੂਜੇ ਧਰਮ ਨੂੰ ਅਪਨਾ ਲੈਂਦੇ ਹਨ ਤਾਂ ਬਹੁਤ ਕੁਝ ਬਦਲਣ ਦੀ ਸੰਭਾਵਨਾ ਹੁੰਦੀ ਹੈ। ਪਰ ਪੁਜਾਰੀ, ਅੰਧ ਵਿਸ਼ਵਾਸ਼ੀ ਸ਼ਰਧਾਲੂ ਤੇ ਧਰਮ ਤੇ ਕਾਬਿਜ ਪ੍ਰਬੰਧਕ ਮਰਿਯਾਦਾ ਨੂੰ ਸਦੀਵੀ ਤੇ ਅੰਤਮ ਸੱਚ ਮੰਨ ਕੇ ਚੱਲਦੇ ਹਨ। ਇਨ੍ਹਾਂ ਅਨੁਸਾਰ ਧਰਮ ਫਿਲਾਸਫੀ ਤੇ ਮਰਿਯਾਦਾ ਸਦੀਵੀ ਤੇ ਅੰਤਮ ਸੱਚ ਹੁੰਦੀ ਹੈ, ਇਸ ਵਿੱਚ ਤਬਦੀਲੀ ਦੀ ਕੋਈ ਗੁੰਜ਼ਾਇਸ਼ ਨਹੀਂ ਹੁੰਦੀ। ਇਹੀ ਵਜ੍ਹਾ ਹੈ ਕਿ ਜਦੋਂ ਕੋਈ ਪੁਜਾਰੀ ਦੀ ਬਣਾਈ ਮਰਿਯਾਦਾ ਜੋ ਕਿ ਸਮੇਂ ਦੀ ਹਾਣੀ ਨਹੀਂ ਹੁੰਦੀ, ਉਸਤੇ ਕਿੰਤੂ-ਪ੍ਰੰਤੂ ਕਰਦਾ ਹੈ, ਸਵਾਲ ਉਠਾਉਂਦਾ ਹੈ ਤਾਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਣ ਦਾ ਚੀਕ ਚਿਹਾੜਾ ਪਾ ਦਿੱਤਾ ਜਾਂਦਾ ਹੈ। ਉਸ ਖਿਲਾਫ ਫਤਵੇ ਜਾਰੀ ਹੋਣੇ ਸ਼ੁਰੂ ਹੋ ਜਾਂਦੇ ਹਨ। ਇਸਦਾ ਨਤੀਜਾ ਇਹ ਨਿਕਲ ਰਿਹਾ ਹੈ ਕਿ ਸਾਰੇ ਧਰਮਾਂ ਨੂੰ ਮੰਨਣ ਵਾਲੇ ਲੋਕਾਂ ਦੀਆਂ ਅਗਲੀਆਂ ਨਸਲਾਂ ਧਰਮ ਨੂੰ ਮੰਨਣ ਤੋਂ ਇਨਕਾਰੀ ਹੋ ਰਹੀਆਂ ਹਨ। ਤਕਰੀਬਨ ਸਾਰੇ ਧਰਮਾਂ ਵਿਚ ਪੰਜਾਹ ਸਾਲ ਤੋਂ ਉੱਪਰ ਉਮਰ ਦੇ ਲੋਕ ਹੀ ਧਰਮ-ਕਰਮ ਵਿਚ ਸ਼ਾਮਲ ਦਿਸਦੇ ਹਨ। ਵੀਹਵੀਂ ਸਦੀ ਨੂੰ ਸਾਇੰਸ ਦੀ ਸਦੀ ਕਿਹਾ ਜਾਂਦਾ ਹੈ, ਇਸ ਸਦੀ ਦੇ ਆਖਰੀ ਤਿੰਨ ਦਹਾਕਿਆਂ ਵਿਚ ਜਾਂ ਉਸ ਤੋਂ ਬਾਅਦ ਪੈਦਾ ਹੋਈਆਂ ਪੀੜ੍ਹੀਆਂ ਦਾ ਧਰਮ ਕਰਮ ਵਿਚ ਕੋਈ ਵਿਸਵਾਸ਼ ਨਹੀਂ। ਧਰਮ ਉਨ੍ਹਾਂ ਲਈ ਫਾਲਤੂ ਜਿਹੀ ਵਸਤੂ ਹੈ। ਪਰ ਅਜੇ ਉਹ ਆਪਣੇ ਬਜ਼ੁਰਗਾਂ ਦੇ ਪ੍ਰਭਾਵ ਜਾਂ ਧਾਰਮਿਕ ਇੰਟਰਟੇਨਮੈਂਟ ਤੇ ਸਮਾਜਿਕ ਰਸਮਾਂ ਨਿਭਾਉਣ ਦੇ ਨਜ਼ਰੀਏ ਤੋਂ ਥੋੜਾ ਬਹੁਤ ਧਰਮ ਅਸਥਾਨਾਂ ਵਿਚ ਨਜ਼ਰ ਆਉਂਦੀ ਹੈ। ਪਰ ਅਗਲੇ ਕੁਝ ਦਹਾਕਿਆਂ ਵਿੱਚ ਜੇ ਧਰਮ ਦਾ ਨਜ਼ਰੀਆ ਇਹੋ ਰਿਹਾ ਤਾਂ ਇਹ ਗਿਣਤੀ ਘਟਦੀ ਹੀ ਜਾਵੇਗੀ। ਇਸ ਦਾ ਕਾਰਨ ਜਿੱਥੇ ਸਾਇੰਸ ਦੀਆਂ ਖੋਜਾਂ ਨੇ ਕੁਦਰਤ ਬਾਰੇ ਅਗਿਆਨਤਾ ਤੇ ਡਰ ਨੂੰ ਦੂਰ ਕਰਕੇ ਮਨੁੱਖ ਨੂੰ ਗਿਆਨਵਾਨ ਬਣਾਇਆ ਹੈ, ਉੱਥੇ ਧਰਮ ਵਲੋਂ ਸਮੇਂ ਦਾ ਹਾਣੀ ਨਾ ਬਣਨ ਨੇ ਵੀ ਵੱਡਾ ਰੋਲ ਅਦਾ ਕੀਤਾ ਹੈ। ਇਸ ਵਕਤ ਅਗਿਆਨਤਾ ਤੇ ਡਰ ਵਿਚੋਂ ਪੈਦਾ ਹੋਇਆ ਧਰਮ ਆਪਣੀ ਮੌਲਿਕਤਾ ਗੁਆਉਂਦਾ ਨਜ਼ਰ ਆ ਰਿਹਾ ਹੈ ਤੇ ਜੇ ਇਸਨੇ ਆਪਣੇ ਆਪ ਨੂੰ ਸਮੇਂ ਦਾ ਹਾਣੀ ਤੇ ਗਿਆਨ ਦੀ ਨਿਰੰਤਰਤਾ ਵਿਚ ਵਿਸ਼ਵਾਸ਼ ਕਰਨਾ ਨਾ ਸਿੱਖਿਆ ਤਾਂ ਧਰਮ ਬੀਤੇ ਸਮੇਂ ਦੀ ਗੱਲ ਹੀ ਰਹਿ ਜਾਵੇਗਾ।

**ਧਾਰਮਿਕ ਫਿਰਕਿਆਂ ਦੀ ਸਮੱਸਿਆ** : ਧਰਮ ਬਾਰੇ ਇਸ ਸਾਰੀ ਵਿਚਾਰ ਚਰਚਾ ਤੋਂ ਅਸੀਂ ਇਸ ਸਿੱਟੇ ਤੇ ਪਹੁੰਚ ਸਕਦੇ ਹਾਂ ਕਿ ਧਰਮ ਦੀ ਸਮੱਸਿਆ ਉਸ ਤੇ ਕਾਬਜ ਅੰਧਵਿਸ਼ਵਾਸ਼ੀ ਤੇ ਕੱਟੜਪੰਥੀ ਸ਼ਰਧਾਲੂਆਂ ਅਤੇ ਪੁਜਾਰੀ ਜਮਾਤ ਵਲੋਂ ਧਰਮ ਦੀ ਫਿਲਾਸਫੀ ਤੇ ਮਰਿਯਾਦਾ ਨੂੰ ਅੰਤਮ ਸੱਚ ਮੰਨਣ ਵਿਚ ਹੈ। ਧਰਮ ਦੀ ਫਿਲਾਸਫੀ ਕੁਦਰਤ ਬਾਰੇ ਗਿਆਨ ਅਧਾਰਿਤ ਹੋਣ ਕਰਕੇ ਗਿਆਨ ਨੂੰ ਬੰਨ੍ਹ ਨਹੀਂ ਮਾਰਿਆ ਜਾ ਸਕਦਾ ਕੁਦਰਤ ਇਤਨੀ ਬੇਅੰਤ ਹੈ ਕਿ ਇਸਦਾ ਅੰਤ ਪਾਉਣ ਦਾ ਦਾਅਵਾ ਕਰਨਾ ਮੂਰਖਤਾ ਤੋਂ ਵੱਧ ਕੁੱਝ ਨਹੀਂ, ਪਰ ਧਰਮ ਅਜੇ ਤੱਕ ਇਸ ਮੂਰਖਤਾ ਦੇ ਰਸਤੇ ਤੇ ਹੀ ਤੁਰ ਰਿਹਾ ਹੈ। ਇਸਦਾ ਹੱਲ ਕੁਦਰਤ ਬਾਰੇ ਗਿਆਨ ਨੂੰ ਨਿਰੰਤਰਤਾ ਵਿੱਚ ਦੇਖਣਾ ਤੇ ਧਰਮ ਗ੍ਰੰਥਾਂ ਨੂੰ ਪੁਰਾਤਨ ਸਮੇਂ ਦਾ ਸੱਚ ਮੰਨਣਾ ਤੇ ਉੱਥੋਂ ਅੱਗੇ ਤੁਰ ਕੇ ਸਮੇਂ ਦਾ ਹਾਣੀ ਬਣਨ ਵਿਚ ਹੈ। ਧਰਮ ਗ੍ਰੰਥਾਂ ਦੀ ਸਚਾਈ ਨੂੰ ਅੰਤਮ ਨਾ ਮੰਨ ਕੇ ਉਸ ਨੂੰ ਸਮਝ ਕੇ ਸਾਇੰਸਦਾਨਾਂ ਵਾਂਗ ਉਸ ਤੋਂ ਅੱਗੇ ਤੁਰਨ ਦੀ ਲੋੜ ਹੈ। ਪਰਮਾਰਥ ਦੇ ਖੋਜੀਆਂ ਨੂੰ ਪੁਰਾਤਨ ਗਿਆਨ ਤੋਂ ਸੇਧ ਲੈ ਕੇ ਨਵੀਂ ਖੋਜ ਲਈ ਉਤਸ਼ਾਹਿਤ ਕਰਨ ਦੀ ਲੋੜ ਹੈ।

ਇਸੇ ਤਰ੍ਹਾਂ ਧਰਮ ਦੀ ਮਰਿਯਾਦਾ ਨੂੰ ਸਦੀਵੀ ਮੰਨਣਾ ਜਾਂ ਬਣਾਉਣਾ ਮੂਰਖਤਾ ਵਾਲਾ ਕਰਮ ਹੈ। ਮਰਿਯਾਦਾ ਦਾ ਸੱਚ ਹਮੇਸ਼ਾਂ ਸਮੇਂ, ਸਥਾਨ, ਵਾਤਾਵਰਣ, ਸਮਾਜਕ ਅਤੇ ਸੱਭਿਆਚਾਰਕ ਰੀਤੀ ਰਿਵਾਜਾਂ, ਰਾਜਨੀਤਕ ਤੇ ਆਰਥਿਕ ਉਮੰਗਾਂ ਵਿੱਚ ਹੁੰਦਾ ਹੈ। ਜਿਸ ਵਿੱਚ ਹਮੇਸ਼ਾਂ ਤਬਦੀਲੀ ਦੀ ਸੰਭਾਵਨਾ ਹੁੰਦੀ ਹੈ। ਸਮੇਂ ਨਾਲ ਆਏ ਬਦਲਾਵਾਂ ਨੂੰ ਖਿੜੇ ਮੱਥੇ ਪ੍ਰਵਾਨ ਕਰਕੇ ਮਨੁੱਖ ਨੂੰ ਅੱਗੇ ਵਧਣ ਵਿੱਚ ਮੱਦਦ ਮਿਲਣੀ ਚਾਹੀਦੀ ਹੈ, ਨਾ ਕਿ ਮਰਿਯਾਦਾ ਉਸਨੂੰ ਅੱਗੇ ਵਧਣ ਤੋਂ ਰੋਕਣ ਲਈ ਸੰਗਲ ਬਣ ਜਾਵੇ ਤੇ ਉਹ ਬਗਾਵਤ ਦੇ ਰਾਹ ਤੁਰ ਪਵੇ।

ਸਭ ਤੋਂ ਅਹਿਮ ਗੱਲ ਧਰਮ ਦੇ ਅਸੂਲਾਂ ਨੂੰ ਪ੍ਰਚਾਰਨ ਤੇ ਉਸਨੂੰ ਹੀ ਅਸਲੀ ਧਰਮ ਮੰਨ ਕੇ ਚੱਲਣ ਵਿਚ ਹੈ। ਇਸ ਨੂੰ ਹੀ ਅਸਲੀ ਧਰਮ ਮੰਨਿਆ ਜਾਣਾ ਚਾਹੀਦਾ ਹੈ, ਫਿਲਾਸਫੀ ਅਤੇ ਮਰਿਆਦਾ ਵਿੱਚ ਤਬਦੀਲੀ ਲਈ ਰਾਹ ਖੁੱਲ੍ਹੇ ਰਹਿਣੇ ਚਾਹੀਦੇ ਹਨ ਤਾਂ ਹੀ ਧਰਮ ਦੇ ਨਾਲ ਨਾਲ ਮਨੁੱਖਤਾ ਦੀ ਭਲਾਈ ਤੇ ਤਰੱਕੀ ਹੋ ਸਕਦੀ ਹੈ।

(ਚਲਦਾ)

# ਸੂਖ਼ਮ ਪੇਸ਼ਕਾਰੀ ਦਾ ਕਮਾਲ : ਸੁਰਿੰਦਰ ਗੀਤ ਕਾਵਿ

**ਡਾ. ਮਿੰਨੀ ਸਲਵਾਨ**

ਅਦਬ, ਸਾਹਿਤ ਜਾਂ ਲਿਟਰੇਚਰ (ਇਸ ਦਾ ਚਾਹੇ ਕੋਈ ਵੀ ਨਾਂ ਹੋਵੇ) ਮਨੁੱਖ ਦੁਆਰਾ ਸਿਰਜਿਆ ਇਕ ਖ਼ੂਬਸੂਰਤ ਢਾਂਚਾ ਹੈ। ਇਸ ਢਾਂਚੇ ਨਾਲ ਉਹ ਹਜ਼ਾਰਾਂ ਵਰ੍ਹਿਆਂ ਤੋਂ ਆਪਣੀ ਕਲਪਨਾ ਸ਼ਕਤੀ ਦੇ ਸਹਾਰੇ, ਜਜ਼ਬੇ ਦੀ ਭਾਸ਼ਾ ਵਿਚ, ਕਦੇ ਜ਼ਮਾਨੇ ਨੂੰ ਉਂਝ ਹੀ ਚਿਤਰਦਾ, ਕਦੀ ਤਕਨੀਕੀ ਅੱਖ ਰਾਹੀਂ ਵੇਖਦਾ, ਕਦੀ ਇਸ ਦੀਆਂ ਪੇਚੀਦਗੀਆਂ ਨੂੰ ਖੋਲ੍ਹਦਾ ਅਤੇ ਕਦੀ ਨਾ ਜਿਉਣਯੋਗ ਹੋਣ ਸਦਕਾ ਇਸ ਨੂੰ ਬਦਲਣ ਦਾ ਸੁਨੇਹਾ ਦੇਂਦਾ ਆਇਆ ਹੈ। ਕਦੀ ਇਸ ਮਨੁੱਖੀ ਹੋਂਦ ਅੰਦਰ ਭਾਵੁਕਤਾ, ਕੋਮਲਤਾ ਤੇ ਸੁਹਜ ਦੀਆਂ ਧੁਨਾਂ ਛੇੜ ਉਸ ਨੂੰ ਆਲੇ ਦੁਆਲੇ ਪ੍ਰਤਿ ਸੰਵੇਦਨਸ਼ੀਲ ਬਣਾਇਆ ਹੈ।1

ਸਾਹਿਤ ਰੂਪ ਕਵਿਤਾ ਸੁਹਜ ਦੀ ਪੇਸ਼ਕਾਰੀ ਦਾ ਦੂਜਾ ਨਾਮ ਹੈ। "ਸੁਹਜ ਸ਼ਬਦ ਆਪਣੇ ਆਪ ਵਿਚ ਨਜ਼ਾਕਤ ਤੇ ਨਫ਼ਾਜ਼ਤ ਭਰਿਆ ਲਫ਼ਜ਼ ਹੈ ਜਿਸ ਦਾ ਸਮਾਨਾਰਥੀ ਸ਼ਬਦ 'ਸੁੰਦਰ' ਹੈਸ਼ਪੰਜਾਬੀ ਦਾ 'ਸੁਹਜ' ਸ਼ਬਦ ਅੰਗਰੇਜ਼ੀ ਦੇ ਸ਼ਬਦ 'Aesthetic' ਦਾ ਸਮਾਨਾਰਥੀ ਹੈ, ਜਿਸ ਦਾ ਸ਼ਾਬਦਿਕ ਅਰਥ ਹੈ 'ਇੰਦਰੀਆਂ ਦਾ ਗਿਆਨ ਦੇ ਮਾਧਿਅਮ ਤੋਂ ਕੀਤਾ ਗਿਆ ਅਧਿਐਨ' ਅਰਥਾਤ ਸੁਹਜ ਆਪਣੇ ਆਪ ਵਿਚ ਕੁਝ ਨਹੀਂ ਹੈ, ਇਹ ਸੰਵੇਦਨਸ਼ੀਲ ਵਿਅਕਤੀ ਦੀ ਜ਼ਰੂਰਤ ਹੈ।"2

ਬਹੁਤ ਘੱਟ ਸ਼ਾਇਰ ਹੁੰਦੇ ਹਨ ਜਿਨ੍ਹਾਂ ਦੀ ਕਵਿਤਾ ਵਿਚ ਸੰਵੇਦਨਾ ਹੁੰਦੀ ਹੈ ਤੇ ਉਸ ਤੋਂ ਵੀ ਘੱਟ ਸ਼ਾਇਰ ਹੁੰਦੇ ਹਨ ਜਿਨ੍ਹਾਂ ਦੇ ਜੀਵਨ ਵਿਹਾਰ ਵਿਚ ਸੰਵੇਦਨਾ ਹੁੰਦੀ ਹੈ। ਸੁਰਿੰਦਰ ਗੀਤ ਜਿਸ ਸੰਵੇਦਨਾ ਵਿਚ ਸ਼ਾਇਰੀ ਕਰ ਰਹੀ ਹੈ, ਉਸ ਤੋਂ ਵੀ ਕਿਤੇ ਵਧੀਕ ਤੇ ਗਹਿਰੀ ਸੰਵੇਦਨਾ ਆਪਣੀ ਵਿਵਹਾਰਕਤਾ ਵਿਚ ਲੈ ਕੇ ਵਿਚਰ ਰਹੀ ਹੈ। ਇਸ ਸੰਵੇਦਨਾ ਨੇ ਉਸ ਨੂੰ ਅਪਣੱਤ ਭਰੀ ਊਰਜਾ ਦੀ ਅਨੋਖੀ ਦਾਤ ਬਖ਼ਸ਼ੀ ਹੈ। ਉਸਦੀ ਇਸ ਊਰਜਾ ਨੇ ਉਸਦੇ ਵਿਚਰਨ-ਪ੍ਰਬੰਧ ਨੂੰ ਸੁਗੰਧਿਤ ਤੇ ਸੁਹਾਵਣਾ ਬਣਾਇਆ ਹੈ।3 ਉਸ ਦੀਆਂ ਕਵਿਤਾਵਾਂ ਉਸਦੇ ਮਨੋਵੇਗਾਂ ਤੇ ਭਾਵਨਾਵਾਂ ਦਾ ਕਾਵਿ-ਭਾਸ਼ਾ ਦੇ ਰੂਪ ਵਿਚ ਸੁਹਜਾਤਮਕ ਅਨੁਵਾਦ ਹੀ ਹੈ।

ਕਵਿਤਾ ਕਾਵਿ-ਭਾਸ਼ਾ ਦੇ ਮਾਧਿਅਮ ਰਾਹੀਂ ਅਨੁਭਵ, ਕਲਪਨਾ ਅਤੇ ਚਿੰਤਨ ਦੁਆਰਾ ਜੀਵਨ ਦਾ ਪੁਨਰ-ਸਿਰਜਣ ਹੈ। ਇਸ ਪੁਨਰ-ਸਿਰਜਣ ਨੂੰ ਕਾਵਿ ਦੀ ਹੋਂਦ ਵਿਧੀ ਦੇ ਸੰਬੰਧ ਵਿਚ ਕਾਵਿਕ-ਬਿੰਬ ਜਾਂ ਕਾਵਿਕ-ਚਿੱਤਰ ਵੀ ਕਿਹਾ ਜਾ ਸਕਦਾ ਹੈ। ਇਸ ਕਾਵਿਕ-ਬਿੰਬ ਦੇ ਨਿਰਮਾਣ ਭਾਸ਼ਾ, ਅਨੁਭਵ, ਕਲਪਨਾ ਅਤੇ ਬੁੱਧੀ ਦਾ ਚਿੰਤਨ ਸੰਯੁਕਤ ਰੂਪ ਵਿਚ ਸਮਾਏ ਹੁੰਦੇ ਹਨ। ਇਨ੍ਹਾਂ ਦਾ ਸਮੁੱਚਾ ਸੁਮੇਲ ਹੀ ਕਾਵਿ-ਸੁਹਜ ਪੈਦਾ ਕਰਦਾ ਹੈ।4

ਕਵਿਤਾ ਲੇਖਣ ਸੁਖਾਲਾ ਕਾਰਜ ਨਹੀਂ, ਇਹ ਜਿਥੇ ਦੁਰਗਮ ਕਾਰਜ ਹੈ, ਉਥੇ ਜ਼ੁੰਮੇਵਾਰੀ ਵਾਲਾ ਕਾਰਜ ਵੀ ਹੈ। ਕਵਿਤਾ ਜ਼ਿਹਨੀ ਅੱਯਾਸ਼ੀ ਦਾ ਰੂਪਾਂਤਰਨ ਨਹੀਂ ਹੁੰਦੀ। ਇਹ ਸਮਾਜ ਦੇ ਪ੍ਰਾਪਤ ਯਥਾਰਥ ਦੀ ਸਹਿਜ ਅਭਿਵਿਅਕਤੀ ਵੀ ਨਹੀਂ ਹੁੰਦੀ, ਸਗੋਂ ਮੋੜਵੇਂ ਰੂਪ 'ਚ ਸਮਾਜ ਨੂੰ ਪ੍ਰਭਾਵਤ ਕਰਨ, ਸਮਾਜ ਨੂੰ ਚੇਤਨਸ਼ੀਲ ਕਰਨ ਅਤੇ ਸਮਾਜ ਨੂੰ ਬਦਲਣ ਦਾ ਬਾਇਸ ਵੀ ਹੁੰਦੀ ਹੈ। ਕਵਿਤਾ ਇਲਹਾਮ ਵੀ ਨਹੀਂ ਹੁੰਦੀ, ਸਗੋਂ ਇਹ ਕਵੀ-ਕਵਿਤਰੀ ਦੇ ਪ੍ਰਤੱਖਣ-ਬਲ, ਨਿੱਜੀ ਅਨੁਭਵਾਂ-ਤਜਰਬਿਆਂ ਦੀ ਦ੍ਰਿਸ਼ਟੀ ਅਤੇ ਵਿਚਾਰਧਾਰਕ ਪ੍ਰਸਤੁਤੀ ਹੁੰਦੀ ਹੈ।5 ਕਵੀ ਇਕ ਸੂਖ਼ਮ-ਦ੍ਰਸ਼ਟਾ ਪ੍ਰਾਣੀ ਹੁੰਦਾ ਹੈ, ਜੋ ਕਾਵਿ-ਸਮਰੱਥਾ ਦੇ ਵਿਭਿੰਨ ਪੱਖਾਂ ਨੂੰ ਅਭਿਵਿਅਕਤ ਕਰ ਸਕਦਾ ਹੈ; ਉਹ ਆਪਣੀ ਕਲਾ ਤੇ ਸ਼ਕਤੀ ਨੂੰ ਪ੍ਰਗਟਾ ਵੀ ਸਕਦਾ ਹੈ ਪਰ ਨਾਲ ਹੀ ਸਾਨੂੰ ਉਹੀ ਪ੍ਰਭਾਵ ਦੇ ਸਕਦਾ ਹੈ। ਇਹੀ ਕਵਿਤਾ ਦੀ ਸਿਖਿਅਤ ਕਰਨ ਦੀ ਸ਼ਕਤੀ ਹੈ ਜੋ ਸਾਨੂੰ ਜੀਵਨ ਦੀ ਸੂਝ ਨਾਲ ਜੋੜਦੀ ਹੈ। ਕਾਵਿ ਵਿਚ ਅਨੁਭਵ ਬੜੇ ਸੰਜੀਵ ਅਤੇ ਪ੍ਰਾਣਵੰਤ ਰੂਪ ਵਿਚ ਪੇਸ਼ ਹੁੰਦਾ ਹੈ। ਕਾਵਿ ਦੀਆਂ ਜੁਗਤਾਂ ਅਨੁਭਵ ਨੂੰ ਪ੍ਰਭਾਵਸ਼ਾਲੀ ਵਿਅਕਤਿਤਵ ਪ੍ਰਦਾਨ ਕਰਦੀਆਂ ਹਨ ਅਤੇ ਕਾਵਿ ਵਿਚੋਂ ਅਰਥਾਂ ਨੂੰ ਮੂਰਤੀਮਾਨ ਕਰਦੀਆਂ ਰਹਿੰਦੀਆਂ ਹਨ। ਏਸੇ ਲਈ ਅਸੀਂ ਮੰਨਦੇ ਹਾਂ ਕਿ ਕਾਵਿ ਦਾ ਅਰਥ ਕੋਈ ਸਥਿਰ ਤੱਤ ਨਹੀਂ ਸਗੋਂ ਗਤੀਸ਼ੀਲ ਪ੍ਰਕਿਰਿਆ ਹੈ।6

ਮੂਲ ਰੂਪ ਵਿਚ ਕਿਸੇ ਕਵਿਤਾ ਦਾ ਮੁੱਲ-ਵਿਧਾਨ ਦੋ ਪੱਖਾਂ-ਵਸਤੂਗਤ ਤੇ ਸੁਹਜਾਤਮਕ ਉੱਤੇ ਨਿਰਭਰ ਹੁੰਦਾ ਹੈ। ਇਹ ਦੋਵੇਂ ਪੱਖ ਅੰਤਰ-ਸੰਬੰਧਤ ਹਨ। ਇਨ੍ਹਾਂ ਤੋਂ ਬਿਨਾਂ ਕਵਿਤਾ ਦੀ ਸਿਰਜਣਾ ਵਿਚਾਰਾਂ ਦਾ ਰੂਪਾਂਤਰਨ ਹੈ। ਉਸ ਕੋਲ ਜ਼ਿੰਦਗੀ, ਜ਼ਿੰਦਗੀ ਨਾਲ ਸੰਬੰਧਿਤ ਵਿਚਾਰ ਅਤੇ ਇਨ੍ਹਾਂ ਵਿਚਾਰਾਂ ਦੀ ਸੁਹਜਮਈ ਪੇਸ਼ਕਾਰੀ ਹਿੱਤ ਸੂਖ਼ਮ, ਭਾਸ਼ਾਈ ਅੰਦਾਜ਼ ਹੈ :

**ਰੁੱਤਾਂ ਬਦਲਦੀਆਂ ਸਨ**  
**ਪਰ ਹੁਣ ਰੁੱਤਾਂ ਨਹੀਂ ਬਦਲਦੀਆਂ**  
**ਨਵੇਂ ਰੰਗ ਨਹੀਂ ਲਿਆਉਂਦੀਆਂ**  
**ਇਕੋ ਰੁੱਤ ਹੈ ਅੱਗ ਦੀ ਰੁੱਤ**  
**ਪੂੰਜੀਵਾਦ ਦੀ ਰੁੱਤਸ਼**  
**ਇਹ ਰੁੱਤ ਤਾਂ**  
**ਅੱਗ ਦੇ ਖਿਡਾਉਣੇ ਬਣਾਉਂਦੀ ਹੈ**  
**ਜਹਾਜ਼ਾਂ 'ਚ ਲੱਦ ਕੇ**  
**ਦੂਰ ਬੇਦੋਸ਼ਿਆਂ 'ਤੇ ਸੁੱਟ ਕੇ**  
**ਰੱਜ ਕੇ ਮਨੁੱਖਤਾ ਨੂੰ ਲੁੱਟਦੀ ਹੈ।**

**(ਅੱਗ ਦੀ ਰੁੱਤ)**

ਸੁਰਿੰਦਰ ਗੀਤ ਦੀ ਲਿਖਤ ਦਾ ਇਹ ਮੀਰੀ ਗੁਣ ਹੈ ਕਿ ਉਹ ਆਪਣੇ ਵਿਚਾਰਾਂ ਦੀ ਸੂਖ਼ਮ ਪੇਸ਼ਕਾਰੀ ਹਿੱਤ ਮੈਟਾਫ਼ਰਾਂ ਦੀ ਖੁੱਲ੍ਹ ਕੇ ਵਰਤੋਂ ਕਰਦੀ ਹੈ। "ਮੈਟਾਫਰ ਕਵਿਤਾ ਦਾ ਇਕ ਮੂਲ ਤੱਤ ਹੈ। ਇਹ ਬੋਲਾਂ ਦਾ ਅਜਿਹਾ ਸਮੂਹ ਹੈ ਜਿਸ ਦੇ ਅੰਤਰਗਤ ਇਕ ਵਸਤੂ ਨੂੰ ਹੋਰਨਾਂ ਅਰਥਾਂ ਵਿਚ ਪ੍ਰਸਤੁਤ ਕੀਤਾ ਜਾਂਦਾ ਹੈ।"7 ਮੈਟਾਫਰਾਂ ਦੀ ਵਰਤੋਂ ਰਾਹੀਂ ਜਿਥੇ ਕਵਿਤਾ ਦਾ ਖੇਤਰ ਵਿਸਤ੍ਰਿਤ ਹੁੰਦਾ ਹੈ, ਉਥੇ ਇਸ ਵਿਚ ਜਾਨ ਵੀ ਪੈਂਦੀ ਹੈ।

ਉਪਰੋਕਤ ਕਾਵਿ-ਸਤਰਾਂ ਵਿਚ 'ਰੁੱਤ' ਬੇਰੋਕ ਤੇ ਗਤੀਸ਼ੀਲ ਜ਼ਿੰਦਗੀ ਦਾ ਮੈਟਾਫ਼ਰ ਹੈ। ਰੁੱਤਾਂ ਜ਼ਿੰਦਗੀ ਵਿਚ ਹਮੇਸ਼ਾਂ ਨਵੇਂ ਰੰਗ ਲੈ ਕੇ ਆਉਂਦੀਆਂ ਹਨ। ਪਰੰਤੂ ਵਾਸਤਵਿਕਤਾ ਇਹ ਹੈ ਕਿ ਜ਼ਿੰਦਗੀ ਨਿਰੰਤਰ ਇਕ ਸਮਾਨ ਨਹੀਂ ਰਹਿੰਦੀ। ਕਵਿਤਾ ਵਿਚ 'ਅੱਗ ਦੀ ਰੁੱਤ' ਨੂੰ ਪੂੰਜੀਵਾਦੀ ਨਿਜ਼ਾਮ ਦੇ ਮੈਟਾਫ਼ਰ ਵਜੋਂ ਪ੍ਰਸਤੁਤ ਕੀਤਾ ਗਿਆ ਹੈ ਜਿਸ ਵਿਚ ਹਫੜਾ-ਦਫੜੀ, ਲੁੱਟ-ਖਸੁੱਟ, ਮਾਰ-ਧਾੜ ਵਰਗੀਆਂ ਅਮਾਨਵੀ ਨੀਤੀਆਂ ਦੀ ਪ੍ਰਧਾਨਤਾ ਹੈ। ਇਸ 'ਅੱਗ ਦੀ ਰੁੱਤ' ਰੂਪੀ ਸਮਾਜਕ ਯਥਾਰਥ ਨੇ ਸਾਡੀ ਜ਼ਿੰਦਗੀ ਨੂੰ ਬੇਹੱਦ ਪ੍ਰਭਾਵਿਤ ਕੀਤਾ ਹੈ :

**ਉਹ ਤਾਂ ਚਾਹੁੰਦੇ ਨੇ**  
**ਕਿ ਚਾਨਣ ਸੁੱਤਾ ਰਹੇ**  
**ਹਨੇਰਾ ਜਾਗਦਾ ਰਹੇਸ਼**  
**ਸੱਚ ਹੈ**  
**ਚਾਨਣ ਬਹੁਤ ਖ਼ਤਰਨਾਕ ਹੈਸ਼**  
**ਸੱਤਾ ਦੇ ਪਿਆਸਿਆਂ ਲਈ**  
**ਅੱਗ ਦੇ ਵਿਉਪਾਰੀਆਂ ਲਈ**  
**ਭਾਵਨਾਵਾਂ ਦੇ ਸ਼ਿਕਾਰੀਆਂ ਲਈ**

**(ਉਹ ਤਾਂ ਚਾਹੁੰਦੇ ਨੇ)**

ਕਵਿਤਾ ਮਨੁੱਖ ਦੀ ਅਜਿਹੀ ਸਿਰਜਣਾ ਹੈ ਜਿਸ ਨੇ ਉਸਦੇ ਅੰਦਰ ਜਾਨਣ ਅਤੇ ਸਮਝਣ ਦੀ ਇੱਛਾ ਪੈਦਾ ਕੀਤੀ। ਕਵਿਤਾ ਮਨੁੱਖ ਦੇ ਸੰਕਟਾਂ ਦਾ ਕਥਾਰਸਿਸ ਹੀ ਨਹੀਂ ਸਗੋਂ ਉਹ ਸ਼ਕਤੀ ਹੈ ਜੋ ਸਾਨੂੰ ਅਦ੍ਰਿਸ਼ਟ ਸੰਕਟਾਂ ਨੂੰ ਵੇਖਣ-ਸਮਝਣ ਦਾ ਆਭਾਸ ਕਰਵਾਉਂਦੀ ਹੈ ਅਤੇ ਸੰਕਟ ਵਿਚ ਹੌਂਸਲਾ ਪ੍ਰਦਾਨ ਕਰਦੀ ਹੋਈ ਮਨੁੱਖ ਨੂੰ ਵਰਤਮਾਨ ਨਾਲ ਲੜਨ ਵੱਲ ਪ੍ਰੇਰਿਤ ਕਰਦੀ ਹੈ। ਸ਼ਕਤੀਸ਼ਾਲੀ ਕਵਿਤਾ ਦਾ ਇਹੋ ਗੁਣ ਹੁੰਦਾ ਹੈ ਕਿ ਉਹ ਵਰਤਮਾਨ ਵਿਚ ਹੀ ਨਹੀਂ ਵਿਚਰਦੀ, ਸਗੋਂ ਦੁਰੇਡੇ ਭਵਿੱਖ ਤੱਕ ਮਨੁੱਖ ਨਾਲ ਨਿਭਦੀ ਹੋਈ ਉਨ੍ਹਾਂ ਮੁਸ਼ਕਲਾਂ ਨੂੰ ਸਮਝਣ ਦਾ ਯਤਨ ਕਰਦੀ ਹੈ ਅਤੇ ਉਨ੍ਹਾਂ ਪਰਤਾਂ ਨੂੰ ਉਘਾੜਦੀ ਹੈ ਜਿਸ ਬਾਰੇ ਆਮ ਮਨੁੱਖ ਕੋਲ ਉਹ ਸੂਖ਼ਮ ਅਤੇ ਚੇਤੰਨ ਦਿੱਖ ਨਹੀਂ ਦਿੰਦੀ, ਜਿਸ ਨੂੰ ਕਵਿਤਾ ਨੇ ਵੇਖਿਆ ਹੀ ਨਹੀਂ ਸਗੋਂ ਪਛਾਣ ਲਿਆ ਹੁੰਦਾ ਹੈ। ਕਵਿਤਾ ਮਨੁੱਖ ਦਾ ਉਹ ਤੀਸਰਾ ਨੇਤਰ ਹੈ ਜੋ ਸੂਖ਼ਮ ਅਤੇ ਸਹਿਜ ਸਮਝੇ ਜਾਣ ਵਾਲੇ ਵਰਤਾਰਿਆਂ ਦੇ ਪਿੱਛੇ ਡੂੰਘੇ ਸੰਕਟਾਂ ਨੂੰ ਆਸਾਨੀ ਨਾਲ ਸਮਝ ਲੈਂਦੀ ਹੈ।8

ਸੁਰਿੰਦਰ ਗੀਤ ਸੂਖ਼ਮ ਅਤੇ ਸਹਿਜ



ਵਰਤਾਰਿਆਂ ਪਿੱਛੇ ਕਿਰਿਆਸ਼ੀਲ ਸੰਕਟਾਂ ਦੀ ਸੂਖ਼ਮ ਪੇਸ਼ਮਕਾਰੀ ਹਿੱਤ ਚੁਣੀਂਦਾ ਮੈਟਾਫ਼ਰਾਂਔਮਸਲਨ ਰੁੱਤ, ਚਾਨਣ, ਹਵਾ, ਪੌਣ, ਹਨ੍ਹੇਰਾ, ਪਿਆਰ, ਜ਼ਿੰਦਗੀ, ਮੌਸਮ, ਪੱਤਝੜ, ਅੱਗ, ਦਿਲ, ਜਿੰਦ, ਧਰਤੀ, ਨੈਣ, ਮਹਿਕ, ਚਿਹਰਾ, ਪਰਿੰਦਾ ਆਦਿ ਦੀ ਬਾਖ਼ੂਬੀ ਵਰਤੋਂ ਕਈ ਅਰਥਾਂ ਵਿਚ ਕਰਦੀ ਹੈ। ਇਨ੍ਹਾਂ ਮੈਟਾਫਰਾਂ ਤੋਂ ਨਾ ਕੇਵਲ ਉਸਦੀ ਵਿਚਾਰਧਾਰਕ, ਬਲਕਿ ਸੂਖ਼ਮ ਦ੍ਰਿਸ਼ਟੀ ਦਾ ਵੀ ਸਹਿਜੇ ਬੋਧ ਹੁੰਦਾ ਹੈ :

**ਡਿਗੂੰ ਡਿਗੂੰ ਕਰਨ ਲੱਗੀ ਜਦ**  
**ਦਿਲ ਮੇਰੇ ਦੀ ਮਮਟੀ**  
**ਕਵਿਤਾ ਨੇ ਆ ਦੇ ਕੇ ਠੁੰਮਣਾ**  
**ਫੇਰ ਬਰਾਬਰ ਕਰਤੀਸ਼**  
**ਪੋਲੇ ਕਦਮੀਂ ਦਿਲ ਦੇ ਵਿਹੜੇ**  
**ਜਦ ਵੀ ਕਵਿਤਾ ਆਈ**  
**ਧੋ ਮਾਂਜ ਕੇ ਸੁੱਚੇ ਸ਼ਬਦਾਂ ਦੀ ਭਰ ਲੱਪ ਲਿਆਈ**  
**ਸ਼ਬਦਾਂ ਨੇ ਬਣ ਬਲਦੇ ਦੀਵੇ**  
**ਰੂਹ ਮੇਰੀ ਰੁਸ਼ਨਾਈ**  
**ਮੈਨੂੰ ਜਾਪਿਆ ਮੈਂ ਸਭ ਦੀ**  
**ਤੇ ਮੇਰੀ ਸਭ ਲੋਕਾਈ**

**(ਦਿਲ ਦੀ ਮਮਟੀ)**

ਕਵਿਤਾ ਵਿਚ 'ਦਿਲ' ਉਸ 'ਮਨ' ਦਾ ਮੈਟਾਫ਼ਰ ਹੈ ਜੋ ਮਨੁੱਖ ਦੇ ਸਰੀਰ ਦਾ ਅਹਿਮ ਹਿੱਸਾ ਹੈ। ਇਹ ਪ੍ਰਵਿਰਤੀਆਂ, ਜਜ਼ਬਿਆਂ ਅਤੇ ਸੰਵੇਦਨਾਵਾਂ ਦਾ ਜੋੜ ਹੁੰਦਾ ਹੈ। 'ਦਿਲ ਦੀ ਮਮਟੀ' ਮਨ ਦੇ ਉੱਚੇ ਰੁਤਬੇ ਦਾ ਚਿਹਨ ਹੈ ਜੋ ਢਹਿ ਰਿਹਾ ਹੈ। ਕਵਿਤਾ ਇਸ ਮਮਟੀ ਨੂੰ ਠੁੰਮ੍ਹਣਾ ਦੇ ਇਸ ਨੂੰ ਢਹਿਣ ਤੋਂ ਬਚਾਉਂਦੀ ਹੈ। ਇਥੇ 'ਕਵਿਤਾ' ਮਨੁੱਖ ਦੀ ਜਾਗਰੂਕ ਸੋਚ/ਦ੍ਰਿਸ਼ਟੀ ਦਾ ਚਿਹਨਕ ਹੈ। ਅਸਲ ਵਿਚ ਕਵਿਤਾ ਸ਼ਬਦ ਰੂਪੀ ਵਿਚਾਰਾਂ ਦੇ ਮਾਧਿਅਮ ਰਾਹੀਂ ਆਪਣੀ ਹੋਂਦ ਗ੍ਰਹਿਣ ਕਰਦੀ ਹੋਈ ਕਵਿਤਰੀ ਦੇ ਰੂਹ ਰੂਪੀ ਮਨ ਨੂੰ ਉਸ ਸਮੇਂ ਰੁਸ਼ਨਾਉਂਦੀ ਹੈ, ਜਦੋਂ ਕਿ ਪੂੰਜੀਵਾਦੀ ਨਿਜ਼ਾਮ ਨੇ ਸਮਾਜ ਨੂੰ ਬੇਅਰਥੀ ਸੰਵੇਦਨਹੀਣ ਭੀੜ ਵਿਚ ਰੂਪਾਂਤਰਿਤ ਕੀਤਾ ਹੋਇਆ ਹੈ :

**ਪਰ**  
**ਏਥੇ ਤਾਂ ਬਾਰੀ ਖੋਲ੍ਹਣ 'ਤੇ**  
**ਆਉਂਦੀ ਹੈ ਠੰਡੀ ਸੀਤ ਹਵਾ**  
**ਜਿਸ ਵਿਚ ਘੁਲੀ**  
**ਵੱਖ-ਵੱਖ ਰੰਗਾਂ ਦੇ ਜਿਸਮਾਂ ਦੀ ਮਹਿਕ ਨੂੰ**  
**ਚਿੱਟੀ ਚਮੜੀ ਦੇ**  
**ਖੋਖਲੇ ਸ਼ਿਸ਼ਟਾਚਾਰਾਂ ਦੀ ਬਦਬੂ**  
**ਆਰੇ ਵਾਂਗ ਵੱਢਦੀ ਹੈਸ਼**

**(ਇਸ ਸ਼ਹਿਰ ਵਿਚ)**

ਸਦੀਵੀ ਕਵਿਤਾ ਦੀ ਸੰਚਾਰ ਯੋਗਤਾ ਵੀ ਸਦੀਵੀ ਹੁੰਦੀ ਹੈ। ਕਵੀ ਦੀ ਪ੍ਰਤਿਭਾ ਦਾ ਪ੍ਰਮਾਣ ਉਸਦੀ ਦੂਰ-ਦ੍ਰਿਸ਼ਟੀ ਤੋਂ ਮਿਲਦਾ ਹੈ ਜਿਹੜੀ ਸਮੱਸਿਆਵਾਂ ਅਤੇ ਯਥਾਰਥ ਵਰਤਾਰਿਆਂ ਨੂੰ ਇਸ ਨਜ਼ਰੀਏ ਨਾਲ ਵੇਖਦੀ, ਪਰਖਦੀ ਤੇ ਵਾਚਦੀ ਹੈ ਜਿਸ ਨਾਲ ਉਨ੍ਹਾਂ ਦੇ ਅਸਲ ਅਰਥ ਉਜਾਗਰ ਹੋ ਸਕਣ।9 ਪ੍ਰਸਤੁਤ ਕਵਿਤਾ ਵਿਚ 'ਚਿੱਟੀ ਚਮੜੀ' ਪੂੰਜੀਵਾਦੀ ਵਿਸ਼ਵੀਕਰਨ ਦਾ ਮੈਟਾਫਰ ਹੈ ਜੋ ਵਿਭਿੰਨ ਚਮੜੀ ਵਾਲਿਆਂ ਨੂੰ ਇੰਝ ਵੱਢ ਰਹੀ ਹੈ, ਜਿਵੇਂ ਕਿ ਆਰਾ ਵੱਢਦਾ ਹੈ। ਅਰਥਾਤ ਆਮ ਵਰਗ ਦੀ ਹੋਂਦ ਨੂੰ ਖ਼ਤਮ ਕੀਤਾ ਜਾ ਰਿਹਾ ਹੈ।

ਸੁਰਿੰਦਰ ਗੀਤ ਭਾਵੀਹੀਣ ਤੇ ਵਿਚਾਰਹੀਣ ਕਵਿਤਾ ਨੂੰ ਕਵਿਤਾ ਨਹੀਂ ਸਵੀਕਾਰਦੀ। ਉਹ ਮਾਨਵਵਾਦੀ ਪਹੁੰਚ ਵਾਲੀ ਕਵਿਤਾ ਨੂੰ ਹੀ ਪੜ੍ਹਨਯੋਗ ਤੇ ਪ੍ਰਵਾਨਯੋਗ ਮੰਨਦੀ ਹੈ। ਉਸਦੇ ਅਨੁਸਾਰ ਕਵੀ ਤੇ ਕਵਿਤਾ ਦਾ ਮੂਲ ਧਰਮ/ਕਰਤੱਬ ਸਮੁੱਚੀ ਮਨੁੱਖਤਾ ਦੇ ਭਲਾਈ ਕਰਨ ਲਈ ਆਵਾਜ਼ ਬੁਲੰਦ ਦੇ ਨਾਲ-ਨਾਲ ਮਨੁੱਖੀ ਚੇਤਨਾ ਨੂੰ ਵਿਕਸਿਤ ਕਰਨਾ ਵੀ ਹੈ। ਸੁਰਿੰਦਰ ਇਸ ਮੰਤਵ ਦੀ ਪੂਰਤੀ ਹਿੱਤ ਕਿਧਰੇ ਸੰਬੋਧਨੀ ਅਤੇ ਕਿਧਰੇ ਸੰਵਾਦੀਆ ਲਹਿਜ਼ਾ ਅਖ਼ਤਿਆਰ ਕਰ ਆਪਣੇ ਨੈਣ, ਸਮੁੱਚੀ ਲੋਕਾਈ, ਕਵੀ ਤੇ ਕਵਿਤਾ ਨੂੰ ਮੁਖ਼ਾਤਬ ਹੋ ਆਪਣੇ ਵਿਚਾਰਾਂ ਦੀ ਸੂਖ਼ਮ ਪੇਸ਼ਕਾਰੀ ਕਰਦੀ ਹੈ :

**ਕਵੀ !**  
**ਤੂੰ ਕਵਿਤਾ ਲਿਖ**  
**ਅਸੀਂ ਕਵਿਤਾ ਪੜ੍ਹਾਂਗੇਸ਼**  
**ਤੇ ਤੇਰੀ ਕਵਿਤਾ ਦੇ ਹਰ ਹਰਫ਼ ਦੀ**  
**ਹਰ ਪੈੜ 'ਤੇ**  
**ਤੇਰੀ ਸੋਚ ਦਾ ਦੀਵਾ ਧਰਾਂਗੇਸ਼**  
**ਤੇਰੀ ਕਵਿਤਾ ਦਾ ਧਰਮ ਹੈ**  
**ਸਵੱਛ ਸੀਤਲ ਸ਼ਬਦਾਂ ਦੀ ਵਰਖਾ ਕਰਕੇਸ਼**  
**ਮਨੁੱਖਤਾ ਦੀ ਪੀੜਾ ਨੂੰ ਚੂਸਨਾਸ਼**

**(ਅਸੀਂ ਕਵਿਤਾ ਪੜ੍ਹਾਂਗੇ)**

ਕਵਿਤਾ ਵਿਚ ਮਨੁੱਖੀ ਜ਼ਿੰਦਗੀ ਦੇ ਹਰੇਕ ਰੰਗ ਨੂੰ ਪ੍ਰਸਤੁਤ ਕਰਨ ਦੀ ਸ਼ਕਤੀ ਹੁੰਦੀ ਹੈ। ਇਹ ਅਜਿਹੀ ਸਦਾਬਹਾਰ, ਨਰੋਈ ਤੇ ਪ੍ਰਭਾਵਸ਼ਾਲੀ ਸਿਨਫ਼ ਹੈ ਜਿਸ ਦਾ ਪ੍ਰਯੋਜਨ ਯੁੱਗ-ਪਲਟਾਊ ਹੁੰਦਾ ਹੈ। ਸਾਰਥਕ ਤੇ ਮੁੱਲਵਾਨ ਕਵਿਤਾ ਰਚਣ ਵਾਲੇ ਹੀ ਲੋਕ-ਮਨਾਂ ਵਿਚ ਆਪਣਾ ਵਿਸ਼ੇਸ਼ ਸਥਾਨ ਬਣਾ ਸਕਣ ਵਿਚ ਕਾਮਯਾਬ ਰਹਿੰਦੇ ਹਨ। ਇਸ ਲਈ ਇਕ ਕਵੀ ਦੀ ਇਹ ਨੈਤਿਕ ਜ਼ੁੰਮੇਵਾਰੀ ਬਣਦੀ ਹੈ ਕਿ ਉਹ ਆਪਣੀ ਕਲਮ ਨੂੰ ਹਮੇਸ਼ਾਂ ਜਾਗਦਿਆਂ ਰੱਖੇ ਅਤੇ ਮਨੁੱਖਤਾ ਦਾ ਘਾਣ ਕਰਨ ਵਾਲੀਆਂ ਗੁਸਤਾਖ਼ ਹਵਾਵਾਂ ਰੂਪੀ ਸਰਕਾਰਾਂ ਤੋਂ ਮਨੁੱਖ ਨੂੰ ਚੇਤੰਨ/ਜਾਗਰੂਕ ਕਰੇ। ਅਸਲ ਵਿਚ ਗੁਸਤਾਖ਼ ਹਵਾਵਾਂ ਨੂੰ ਚੇਤੰਨ ਲੋਕਾਂ ਤੋਂ ਬਹੁਤ ਡਰ ਲੱਗਦਾ ਹੈ :

**ਇਸ ਤਰ੍ਹਾਂ ਦੀ ਗੁਸਤਾਖ਼ ਹਵਾ**  
**ਜਦੋਂ ਵੀ ਵਗਦੀ ਹੈ**  
**ਮਨੁੱਖਤਾ ਦਾ ਘਾਣ ਕਰਦੀ ਹੈਸ਼**  
**ਸੋ ਦੋਸਤੋ !**  
**ਆਪੋ ਆਪਣੀ ਕਲਮ ਨੂੰ ਆਖੋ ਕਿ**  
**ਜਾਗਦੀ ਰਹੇ**  
**ਕਿਉਂਕਿ ਜਾਗਦੀਆਂ ਕਲਮਾਂ ਹੀ**  
**ਲੋਕਾਂ ਨੂੰ ਜਾਗਦੇ ਰੱਖਦੀਆਂ ਹਨ**  
**ਅਤੇ ਗੁਸਤਾਖ਼ ਹਵਾ**  
**ਜਾਗਦੀਆਂ ਅੱਖਾਂ ਤੋਂ ਬਹੁਤ ਡਰਦੀ ਹੈ।**

**(ਗੁਸਤਾਖ਼ ਹਵਾ)**

ਸੁਰਿੰਦਰ ਗੀਤ ਦੀ ਕਵਿਤਾ ਮਨੁੱਖ ਦੀ ਸਿਰਜਣਾਤਮਿਕ ਸ਼ਕਤੀ ਅਤੇ ਕਵਿਤਾ ਦੀ ਸ਼ਕਤੀ ਦਾ ਉਸਤਤੀ ਗਾਣ ਹੈ; ਮਨੁੱਖ, ਮੁਹੱਬਤ ਤੇ ਕਲਾ ਦਾ 'ਫਤਿਹਨਾਮਾ'।10 ਉਸ ਦੀਆਂ ਕਵਿਤਾਵਾਂ ਦੀ ਸੂਖ਼ਮ, ਗਹਿਨ ਅਤੇ ਗੰਭੀਰ ਵਾਕ ਸੰਰਚਨਾ ਵੀ ਵਿਸ਼ੇਸ਼ ਧਿਆਨ ਦੀ ਮੰਗ ਕਰਦੀ ਹੈ। "ਕਾਵਿ-ਵਾਕ ਦਾ ਸੁਭਾਅ ਵੀ ਸਾਧਾਰਣ ਵਾਕ ਤੋਂ ਵੱਖਰਾ ਹੈ। ਕਵੀ ਦੇ ਮਨ ਵਿਚ ਵਾਕ ਦੀ ਸਕੀਮ ਹੁੰਦੀ ਹੈ। ਇਹ ਤਾਂ ਇਵੇਂ ਹੈ ਜਿਵੇਂ ਪਿਕਾਸੋ ਖ਼ਾਲੀ ਕੈਨਵਸ ਦੇ ਸਾਹਮਣੇ ਬੈਠ ਉਸ ਉਪਰ ਇਕ ਮਨੋਮੂਰਤ ਸਾਖਿਆਤ ਵੇਖ ਰਿਹਾ ਹੋਵੇ। ਇਕ ਵਾਕ ਦਾ ਦੂਜੇ ਨਾਲ ਜੋੜ ਇਕ ਰੰਗ ਦੀ ਇਕ ਕਾਤਰ ਦਾ ਦੂਜੀ ਕਾਤਰ ਨਾਲ ਜੋੜ ਹੈ। ਕਵੀ ਲਈ ਵਾਕ ਇਕ ਟੋਨ ਹੈ, ਇਕ ਸ਼ੇਡ ਹੈ, ਇਕ ਟੇਸਟ ਹੈ। ਜੀਵਨ ਪ੍ਰਤੀ ਪਿਆਰ, ਭੈਣ, ਘਿਰਣਾ, ਰੋਹ, ਇਹ ਸਭ ਵਾਤਾਵਰਣ ਉਲੀਕਦਾ ਹੈ। ਇਹ ਸ਼ੇਡ ਵਾਕ ਦਾ ਵਾਸਤਵਿਕ ਗੁਣ ਬਣ ਜਾਂਦੇ ਹਨ।"11 ਕੁਝ ਅਜਿਹੇ ਵਿਲੱਖਣ ਤੇ ਵਾਸਤਵਿਕ ਸ਼ੇਡਜ਼ ਸੁਰਿੰਦਰ ਗੀਤ ਦੀ ਕਵਿਤਾ ਵਿਚ ਉਜਾਗਰ ਹੁੰਦੇ ਹਨ :

**ਉਹ ਪੁੱਛਦਾ ਹੈ ਮੈਨੂੰ**  
**ਮੈਂ ਆਵਾਂ ਤਾਂ**  
**ਤੇਰੇ ਲਈ ਕੀ ਲਿਆਵਾਂ...**  
**ਮੈਂ ਆਖਦੀ ਹਾਂ**  
**ਜਿਉਂਦਾ ਰਹੁ ਵੀਰਾ '**  
**ਤੂੰ ਮੈਨੂੰ**  
**ਮਿਲਣ ਜ਼ਰੂਰ ਆਵੀਂ**  
**ਤੇ ਚਾਨਣ ਦੇ ਕੁਝ ਬੀਜ**  
**ਲੈਂਦਾ ਆਵੀਂ।**

**(ਚਾਨਣ ਦੇ ਬੀਜ)**

ਸੁਰਿੰਦਰ ਗੀਤ ਮਨੁੱਖੀ ਹੋਂਦ ਨੂੰ ਸਮਝਣ-ਸਮਝਾਉਣ ਹਿੱਤ ਆਪਣੇ ਸਵੈ ਨਾਲ ਸੰਵਾਦ ਰਚਾਉਂਦੀ ਹੈ। ਉਸਦੀ ਕਵਿਤਾ ਦੀ ਇਹ ਅਹਿਮ ਪ੍ਰਾਪਤੀ ਹੈ ਕਿ ਉਸ ਦੀਆਂ ਕਵਿਤਾਵਾਂ ਵਿਚਲੀ 'ਮੈਂ' ਅਸਲ ਵਿਚ 'ਮੈਂ' ਨਾ ਰਹਿ ਕਿਸੇ ਬਿੰਦੂ ਉੱਤੇ 'ਪਰ' ਬਣ ਜਾਂਦੀ ਹੈ। ਉਹ 'ਮੈਂ' ਦੇ ਮਾਧਿਅਮ ਰਾਹੀਂ 'ਉਹ', 'ਤੂੰ', 'ਤੁਸੀਂ' ਨੂੰ ਸੰਬੋਧਨ ਹੋ ਸੂਖ਼ਮ ਅਰਥਾਂ ਦਾ ਸੰਚਾਰ ਕਰਦੀ ਹੈ। ਪ੍ਰਸਤੁਤ ਕਵਿਤਾ ਵਿਚ 'ਮੈਂ' ਤੇ 'ਉਹ' ਨੂੰ ਸਿਰਜਿਆ ਗਿਆ ਹੈ ਜਿਸ ਵਿਚ 'ਮੈਂ' ਰੂਪੀ ਔਰਤ ਆਪਣੇ ਭਰਾ ਵਰਗੇ ਪਵਿੱਤਰ ਰਿਸ਼ਤੇ ਤੋਂ 'ਚਾਨਣ ਦੇ ਬੀਜ' ਦੀ ਮੰਗ ਕਰਦੀ ਹੈ। ਕਵਿਤਾ ਵਿਚ 'ਚਾਨਣ ਦੇ ਬੀਜ' ਨਵ ਗਿਆਨ ਦੇ ਮੈਟਾਫਰ ਹਨ ਜੋ ਰੁੱਖ ਬਣ ਸਾਰੇ ਸੰਸਾਰ ਨੂੰ ਰੁਸ਼ਨਾਵੇਗਾ।

ਸੁਰਿੰਦਰ ਗੀਤ ਦੀ ਕਵਿਤਾ ਜਾਗਦੀਆਂ, ਨਿਹਾਰਦੀਆਂ, ਤਿੱਖੀ ਨੀਝ ਵਾਲੀਆਂ ਪਰ ਸੁਪਨਿਆਂ ਨਾਲ ਭਰੀਆਂ ਅੱਖਾਂ ਦੀ ਕਵਿਤਾ ਹੈ। ਆਪਣੇ ਪਾਠਕ ਨੂੰ ਸਹਿਜ-ਸੁਭਾਅ ਹੀ ਆਪਣੇ ਨਾਲ ਲੈ ਕੇ ਤੁਰਦੀਆਂ ਇਹ ਕਵਿਤਾਵਾਂ ਉਸ ਨੂੰ ਉਥੇ ਪਹੁੰਚ ਕੇ ਅਲਵਿਦਾ ਕਹਿੰਦੀਆਂ ਹਨ ਜਿਥੇ ਉਹ ਅੱਗੇ ਤੋਂ ਵੱਧ ਸੋਚਵਾਨ ਅਤੇ ਸੰਵੇਦਨਸ਼ੀਲ ਹੋ ਜਾਂਦਾ ਹੈ।12 ਸੁਰਿੰਦਰ ਗੀਤ ਦੀ ਕਾਵਿ-ਸੰਵੇਦਨਾ ਲੋਕ ਉਨਮੁਖ ਹੈ। ਜਿਵੇਂ-ਜਿਵੇਂ ਉਸਦੀ ਸਮਾਜਕ ਚੇਤਨਾ ਵਿਕਸਿਤ ਹੁੰਦੀ ਰਹੀ, ਤਿਵੇਂ-ਤਿਵੇਂ ਉਹ ਅਗਾਂਹਵਧੂ ਸ਼ਕਤੀਆਂ, ਲੋਕ ਹਿਤੈਸ਼ੀ ਸਰਗਰਮੀਆਂ ਅਤੇ ਮਨੁੱਖ ਦੇ ਉੱਜਲੇ ਭਵਿੱਖ ਨਾਲ ਜੁੜੇ ਹੁੰਗਾਰਿਆਂ ਦੀ ਅਭਿਲਾਖੀ ਹੁੰਦੀ ਗਈ :

**ਇਸ ਤੋਂ ਚੰਗਾ**  
**ਹੱਥ ਕਿਸੇ ਮਜ਼ਦੂਰ ਦੇ ਆਵਾਂ**  
**ਉਸਦੇ ਪਾਕ ਪਸੀਨੇ ਵਿਚ ਮੈਂ**  
**ਰੱਜ ਨਹਾਵਾਂ**  
**ਉਹਦੇ ਹੱਥੋਂ ਚੂਰ ਮੈਂ ਹੋ ਕੇ**  
**ਖ਼ੁਸ਼ੀਆਂ ਨਾਲ ਭਰਪੂਰ ਮੈਂ ਹੋ ਕੇ**  
**ਵਿੰਗੇ ਟੇਢੇ**  
**ਕੱਚੇ ਰਾਹਾਂ 'ਤੇ ਵਿਛ ਜਾਵਾਂ**  
**ਮਨੁੱਖਤਾ ਦੇ ਲਈ**  
**ਸਿੱਧ ਪੱਧਰੀ**  
**ਸੜਕ ਬਣਾਵਾਂ**

ਸੁਰਿੰਦਰ ਗੀਤ ਦੀ ਸੂਖ਼ਮ ਪੇਸ਼ਕਾਰੀ ਦਾ ਇਕ ਹੋਰ ਪੱਖ ਇਹ ਹੈ ਕਿ ਉਹ ਪਹਿਲਾਂ ਖ਼ੁਦ ਹੀ ਪਾਠਕ ਸਾਹਵੇਂ ਆਪਣੀਆਂ ਕਵਿਤਾਵਾਂ ਦੇ ਮਾਧਿਅਮ ਰਾਹੀਂ ਸਵਾਲ ਉਠਾਉਂਦੀ ਹੈ ਅਤੇ ਫੇਰ ਖ਼ੁਦ ਹੀ ਉਸਦਾ ਜਵਾਬ ਦੇ ਪਾਠਕ-ਸੋਚ ਨੂੰ ਜਾਗ੍ਰਿਤ ਵੀ ਕਰਦੀ ਹੈ। ਮਸਲਨ ਔਰਤ ਦੀ ਜ਼ਿੰਦਗੀ ਦੇ ਕਈ ਅਜਿਹੇ ਪੱਖ ਹਨ ਜੋ ਵਿਚਾਰੇ ਜਾਣ ਯੋਗ ਹਨ ਜਿਵੇਂ ਕਿ ਉਸਦਾ ਘਰ ਕਿਹੜਾ ਹੈ? ਪੇਕੇ ਘਰ ਉਸ ਨੂੰ ਇਹ ਅਹਿਸਾਸ ਕਰਾਇਆ ਜਾਂਦਾ ਹੈ ਕਿ ਇਹ ਤੇਰਾ ਅਸਲ ਘਰ ਨਹੀਂ ਅਤੇ ਫੇਰ ਜਦ ਉਹ ਅਸਲ ਘਰ ਦੀ ਤਸਵੀਰ ਲੈ ਕਿਸੇ ਦੂਜੇ ਦਾ ਘਰ ਵਸਾਉਣ ਚਲੀ ਜਾਂਦੀ ਹੈ ਤਾਂ ਉਥੇ ਵੀ ਉਸ ਨੂੰ ਆਪਣੇਪਣ ਦਾ ਅਹਿਸਾਸ ਨਹੀਂ ਹੁੰਦਾ। ਉਸ ਨੂੰ ਤਾਂ ਪਹਿਲਾਂ ਨਾਲੋਂ ਵੀ ਵਧੀਕ ਬੰਦਿਸ਼ਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਆਖ਼ਿਰਕਾਰ ਕਵਿਤਰੀ ਨੂੰ ਇਸ ਮਸਲੇ ਦੇ ਹੱਲ ਦੀ ਸੰਭਾਵਨਾ ਕ੍ਰਾਂਤੀ ਵਿਚ ਹੀ ਨਜ਼ਰ ਆਉਂਦੀ ਹੈ :

**ਉਹ**  
**ਉਸ ਘਰ ਦੇ**  
**ਪਿਛਲੇ ਅੰਦਰ ਜੰਮੀ**  
**ਕਿੰਨੇ ਹੀ ਵਰ੍ਹੇ**  
**ਉਹ ਉਸ ਘਰ ਨੂੰ**  
**ਸੰਭਾਲਦੀ ਸੰਵਾਰਦੀ ਰਹੀ**  
**ਪਰ...**  
**ਆਪਣੇ ਘਰ ਤਸਵੀਰ ਲੈ ਕੇ**  
**ਕਿਸੇ ਹੋਰ ਦੇ ਘਰ ਚਲੀ ਗਈ...**  
**ਉਹਦੇ ਕੰਨਾਂ ਨੇ ਸੁਣਿਆ ਸੀ**  
**ਇਹ ਤੇਰੇ ਪਿਉ ਦਾ ਘਰ ਨਹੀਂ...**  
**ਸੋਚ ਰਹੀ ਸੀ**  
**ਉਸਦਾ ਘਰ ਕਿਹੜਾ ਹੈ**  
**ਸ਼ਾਇਦ**  
**ਕ੍ਰਾਂਤੀਕਾਰੀ ਯੁੱਗ ਦਾ**  
**ਬੂਹਾ ਲੰਘ ਕੇ**  
**ਉਸਦੇ ਘਰ ਦਾ**  
**ਵਿਹੜਾ ਹੈ।**

**(ਉਸਦਾ ਘਰ)**

ਸੁਰਿੰਦਰ ਗੀਤ ਦੀ ਕਵਿਤਾ ਨੂੰ

**(ਬਾਕੀ ਸਫ਼ਾ 11 'ਤੇ)**



ਬੂਟਾ ਸਿੰਘ
ਮਹਿਮੂਦਪੁਰ
94634-74342

# ਆਦਿਵਾਸੀਆਂ ਵਿਰੁੱਧ ਧਰਮ-ਬਦਲੀ ਦੇ ਨਾਂ 'ਤੇ ਹਿੰਸਾ





ਆਰ.ਐੱਸ.ਐੱਸ.-ਭਾਜਪਾ ਦੀ ਵਿਚਾਰਧਾਰਕ ਡਿਕਸ਼ਨਰੀ ਵਿਚ ਮੁਸਲਮਾਨਾਂ ਅਤੇ ਕਮਿਊਨਿਸਟਾਂ ਤੋਂ ਬਾਦ ਤੀਜੇ ਦੁਸ਼ਮਣ ਈਸਾਈ ਹਨ। ਈਸਾਈਆਂ ਨੂੰ ਦਬਾਉਣ ਲਈ ਸੰਘ ਅਤੇ ਇਸ ਦੀਆਂ ਵੱਖ-ਵੱਖ ਜਥੇਬੰਦੀਆਂ ਕੋਈ ਨਾ ਕੋਈ ਮੁੱਦਾ ਖੜ੍ਹਾ ਕਰੀ ਰੱਖਦੀਆਂ ਹਨ। ਈਸਾਈ ਭਾਈਚਾਰੇ ਵਿਰੁੱਧ ਹਿੰਦੂਤਵੀ ਹਿੰਸਾ ਸਿਰਫ਼ ਉਦੋਂ ਹੀ ਚਰਚਾ ਵਿਚ ਆਉਂਦੀ ਹੈ ਜਦੋਂ ਕੋਈ ਵੱਡਾ ਕਾਂਡ ਵਾਪਰਦਾ ਹੈ। ਈਸਾਈਆਂ ਵਿਰੁੱਧ ਹਿੰਦੂਤਵੀ ਦਹਿਸ਼ਤਵਾਦ ਦਾ ਇਕ ਬੇਹੱਦ ਘਿਣਾਉਣਾ ਕਾਰਾ 22 ਜਨਵਰੀ 1999 ਦੀ ਰਾਤ ਨੂੰ ਉੜੀਸਾ ਦੇ ਕਿਓਂਜਰ ਜ਼ਿਲ੍ਹੇ ਵਿਚ ਈਸਾਈ ਪਾਦਰੀ ਡਾ. ਗ੍ਰਾਹਮ ਸਟੇਨਜ਼ ਅਤੇ ਉਸ ਦੇ ਦੋ ਨਾਬਾਲਿਗ ਬੱਚਿਆਂ ਨੂੰ ਬਜਰੰਗ ਦਲ ਦੇ ਗੁੰਡਿਆਂ ਵੱਲੋਂ ਜ਼ਿੰਦਾ ਸਾੜ ਦੇਣਾ ਸੀ ਜਿਸ ਨੇ ਭਾਰਤ ਵਿਚ ਘੱਟਗਿਣਤੀ ਈਸਾਈ ਭਾਈਚਾਰੇ ਦੀ ਚਿੰਤਾਜਨਕ ਹਾਲਤ ਵੱਲ ਧਿਆਨ ਖਿੱਚਿਆ ਸੀ। ਪਰ ਜੋ ਧੀਮੀ ਸੁਰ ਵਾਲੀ ਹਿੰਸਾ ਰੋਜ਼ਮਰਾ ਵਾਪਰਦੀ ਹੈ ਉਸ ਦਾ ਸ਼ਾਇਦ ਹੀ ਕਦੇ ਨੋਟਿਸ ਲਿਆ ਜਾਂਦਾ ਹੈ। 2014 'ਚ ਕੇਂਦਰ ਵਿਚ ਹਿੰਦੂਤਵੀ ਸਰਕਾਰ ਬਣਨ ਤੋਂ ਬਾਦ ਅਜਿਹੀ ਹਿੰਸਾ ਵਿਚ ਖ਼ਾਸ ਤੇਜ਼ੀ ਆਈ ਹੈ। ਹਿੰਦੂਤਵੀ ਗਰੋਹਾਂ ਵੱਲੋਂ ਕਈ ਸ਼ਹਿਰਾਂ ਵਿਚ ਈਸਾਈ ਚਰਚਾਂ ਦੀ ਭੰਨਤੋੜ ਅਤੇ ਕ੍ਰਿਸਮਸ ਦੇ ਸਮਾਗਮਾਂ 'ਚ ਖ਼ਲਲ ਇਸੇ ਦਾ ਹਿੱਸਾ ਹੈ।

ਆਦਿਵਾਸੀ ਇਲਾਕਿਆਂ ਵਿਚ ਧਰਮ-ਬਦਲੀ ਦੀ ਸਮੱਸਿਆ ਹੋਰ ਵੀ ਗੁੰਝਲਦਾਰ ਹੈ। ਇਕ ਪਾਸੇ ਆਦਿਵਾਸੀ ਸੰਤਾਪੀ ਜ਼ਿੰਦਗੀ ਤੋਂ ਰਾਹਤ ਲੈਣ ਲਈ ਰਵਾਇਤੀ ਕਬਾਇਲੀ ਰੀਤੀ-ਰਿਵਾਜ ਛੱਡ ਕੇ ਈਸਾਈ ਮਿਸ਼ਨਰੀਆਂ ਦੇ ਪ੍ਰਭਾਵ ਹੇਠ ਈਸਾਈ ਬਣ ਰਹੇ ਹਨ ਦੂਜੇ ਪਾਸੇ ਆਰ.ਐੱਸ.ਐੱਸ. ਦੇ ਕਾਰਿੰਦੇ ਉਨ੍ਹਾਂ ਨੂੰ ਇਹ ਜਚਾ ਕੇ ਹਿੰਦੂ ਧਰਮ 'ਚ 'ਘਰ ਵਾਪਸੀ' ਕਰਾਉਣ ਲਈ ਸਿਰਤੋੜ ਯਤਨ ਕਰ ਰਹੇ ਹਨ ਕਿ ਉਨ੍ਹਾਂ ਦੇ ਦੇਵੀ-ਦੇਵਤੇ ਹਿੰਦੂ ਧਰਮ ਦਾ ਹਿੱਸਾ ਸਨ। ਉਹ ਈਸਾਈ ਧਰਮ ਨੂੰ ਬਾਹਰੋਂ ਆਇਆ ਧਰਮ ਦੱਸਕੇ ਇਸ ਵਿਰੁੱਧ ਨਫ਼ਰਤ ਫੈਲਾਉਣ ਦਾ ਕੋਈ ਵੀ ਮੌਕਾ ਹੱਥੋਂ ਨਹੀਂ ਜਾਣ ਦਿੰਦੇ। ਉਹ ਕਹਿੰਦੇ ਹਨ ਕਿ ਹਿੰਦੂਆਂ ਨੂੰ ਵਰਗਲਾ ਕੇ ਅਤੇ ਲਾਲਚ ਦੇ ਕੇ ਈਸਾਈ ਬਣਾਇਆ ਜਾ ਰਿਹਾ ਹੈ। ਬਜਰੰਗ ਦਲ ਵਰਗੇ ਹਿੰਦੂ ਅੱਤਵਾਦੀ ਗਰੁੱਪ ਈਸਾਈ ਪ੍ਰਚਾਰਕਾਂ ਨੂੰ ਦਹਿਸ਼ਤਜ਼ਦਾ ਕਰਕੇ ਭਜਾਉਣ ਲਈ ਰਾਜਕੀ ਪੁਸ਼ਤ-ਪਨਾਹੀ ਨਾਲ ਸਰੇਆਮ ਹਿੰਸਕ ਮੁਹਿੰਮਾਂ ਚਲਾਉਂਦੇ ਹਨ। ਆਦਿਵਾਸੀ ਸਮਾਜ ਵਿਚ ਪਾਟਕ ਪਾਉਣ ਅਤੇ ਉਨ੍ਹਾਂ ਦੀ ਭਾਈਚਾਰਕ ਇਕਜੁੱਟਤਾ ਨੂੰ ਤੋੜਨ ਲਈ ਹਿੰਦੂ ਬਨਾਮ ਈਸਾਈ ਦਾ ਟਕਰਾਓ ਬਹੁਤ ਹੀ ਸ਼ਾਤਰਾਨਾ ਤਰੀਕੇ ਨਾਲ ਖੜ੍ਹਾ ਕੀਤਾ ਜਾ ਰਿਹਾ ਹੈ। ਐਸੀਆਂ ਸ਼ਾਤਰਾਨਾ ਚਾਲਾਂ ਦਾ ਹੀ ਨਤੀਜਾ ਹੈ ਕਿ ਛੱਤੀਸਗੜ੍ਹ ਦੇ ਦੋ ਜ਼ਿਲ੍ਹਿਆਂ ਵਿਚ ਇਹ ਟਕਰਾਓ ਪਿਛਲੇ ਦਿਨੀਂ ਈਸਾਈ ਆਦਿਵਾਸੀਆਂ ਨੂੰ ਪਿੰਡਾਂ ਵਿੱਚੋਂ ਉਜਾੜਨ ਦੀ ਹੱਦ ਤੱਕ ਪਹੁੰਚ ਗਿਆ ਹੈ। ਈਸਾਈ ਭਾਈਚਾਰਾ ਇਕੱਲਾ ਸੰਘ ਪਰਿਵਾਰ ਦੇ ਹੀ ਨਿਸ਼ਾਨੇ 'ਤੇ ਨਹੀਂ ਸਗੋਂ ਕੱਟੜਪੰਥੀ ਸਿੱਖ ਜਥੇਬੰਦੀਆਂ ਦੇ ਵੀ ਨਿਸ਼ਾਨੇ 'ਤੇ ਹੈ। ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ ਅਤੇ ਕੁਝ ਹੋਰ ਇਲਾਕਿਆਂ ਵਿਚ ਦਲਿਤਾਂ ਵੱਲੋਂ ਈਸਾਈ ਧਰਮ ਅਪਣਾਉਣ ਦਾ ਰੁਝਾਨ ਹੈ ਅਤੇ ਕੱਟੜਪੰਥੀ ਤਾਕਤਾਂ ਇਸ ਧਰਮ-ਬਦਲੀ ਨੂੰ ਸਿੱਖ ਧਰਮ ਵਿਰੁੱਧ ਇਕ ਵੱਡੀ ਸਾਜ਼ਿਸ਼ ਦੇ ਤੌਰ 'ਤੇ ਪੇਸ਼ ਕਰ ਰਹੀਆਂ ਹਨ।

ਹਾਲ ਹੀ ਵਿਚ ਇਕ ਤੱਥ ਖੋਜ ਰਿਪੋਰਟ ਨੇ ਖ਼ੁਲਾਸਾ ਕੀਤਾ ਹੈ ਕਿ 9 ਦਸੰਬਰ ਤੋਂ ਲੈ ਕੇ 18 ਦਸੰਬਰ 2022 ਤੱਕ ਛੱਤੀਸਗੜ੍ਹ ਦੇ ਨਰਾਇਣਪੁਰ ਜ਼ਿਲ੍ਹੇ ਦੇ 18 ਪਿੰਡਾਂ ਅਤੇ ਕੌਂਡਾਗਾਓਂ ਜ਼ਿਲ੍ਹੇ ਦੇ 15 ਪਿੰਡਾਂ ਵਿਚ 'ਹਿੰਦੂ ਆਦਿਵਾਸੀਆਂ' ਵੱਲੋਂ ਈਸਾਈ ਆਦਿਵਾਸੀਆਂ ਉੱਪਰ ਹਮਲੇ ਕੀਤੇ ਗਏ ਅਤੇ ਇਕ ਹਜ਼ਾਰ ਤੋਂ ਵਧੇਰੇ ਈਸਾਈ ਆਦਿਵਾਸੀਆਂ ਨੂੰ ਉਨ੍ਹਾਂ ਦੇ ਪਿੰਡਾਂ 'ਚੋਂ ਉਜਾੜ ਦਿੱਤਾ ਗਿਆ। ਉੱਘੇ ਬੁੱਧੀਜੀਵੀ ਇਰਫ਼ਾਨ ਇੰਜੀਨੀਅਰ, ਜੋ ਕਿ ਸੈਂਟਰ ਫਾਰ ਸਟੱਡੀ ਆਫ਼ ਸੁਸਾਇਟੀ ਅਤੇ ਸੈਕੂਲਰਿਜ਼ਮ ਦੇ ਡਾਇਰੈਕਟਰ ਹਨ, ਅਤੇ ਆਲ ਇੰਡੀਆ ਪੀਪਲਜ਼ ਫੋਰਮ ਦੀ ਛੱਤੀਸਗੜ੍ਹ ਇਕਾਈ ਦੇ ਕਨਵੀਨਰ ਬ੍ਰਿਜੇਂਦਰ ਤਿਵਾੜੀ ਦੀ ਅਗਵਾਈ ਹੇਠ ਤੱਥ ਖੋਜ ਟੀਮ ਨੇ ਰਾਹਤ ਕੈਂਪਾਂ ਅਤੇ 30 ਪਿੰਡਾਂ ਦਾ ਦੌਰਾ ਕੀਤਾ। ਉਨ੍ਹਾਂ ਨੇ ਪੀੜਤਾਂ ਨੂੰ ਮਿਲਕੇ ਅਤੇ ਪਿੰਡ ਦੇ ਮੁਖੀਆਂ ਸਮੇਤ ਗ਼ੈਰ-ਈਸਾਈ ਆਦਿਵਾਸੀਆਂ ਦਾ ਪੱਖ ਸੁਣ ਕੇ ਸਚਾਈ ਸਾਹਮਣੇ ਲਿਆਂਦੀ ਹੈ। ਟੀਮ ਵਿਚ ਆਲ ਇੰਡੀਆ ਲਾਇਰਜ਼ ਐਸੋਸੀਏਸ਼ਨ ਫਾਰ ਜਸਟਿਸ ਅਤੇ ਯੂਨਾਈਟਿਡ ਕ੍ਰਿਸਚੀਅਨ ਫੋਰਮ ਦੇ ਨੁਮਾਇੰਦੇ ਵੀ ਸ਼ਾਮਿਲ ਸਨ।

ਰਿਪੋਰਟ ਦੱਸਦੀ ਹੈ ਕਿ ਉਜਾੜੇ ਗਏ ਲੋਕਾਂ ਨੂੰ ਆਪਣੇ ਈਸਾਈ ਅਕੀਦੇ ਤਿਆਗ ਦੇਣ ਅਤੇ ਹਿੰਦੂ ਧਰਮ ਅਪਣਾਉਣ ਲਈ ਕਿਹਾ ਗਿਆ। ਇੰਞ ਨਾ ਕਰਨ ਦੀ ਸੂਰਤ 'ਚ ਉਨ੍ਹਾਂ ਨੂੰ ਮਰਨ ਲਈ ਜਾਂ ਗੰਭੀਰ ਨਤੀਜੇ ਭੁਗਤਣ ਲਈ ਤਿਆਰ ਰਹਿਣ ਦੀ ਧਮਕੀ ਦਿੱਤੀ ਗਈ। ਬਹੁਤ ਸਾਰੇ ਈਸਾਈ ਆਦਿਵਾਸੀਆਂ ਨੂੰ ਬੁਰੀ ਤਰ੍ਹਾਂ ਨਿਸ਼ਾਨਾ ਬਣਾਇਆ ਗਿਆ। ਉਨ੍ਹਾਂ ਨੂੰ ਡੰਡਿਆਂ, ਟਾਇਰਾਂ ਅਤੇ ਰਾਡਾਂ ਨਾਲ ਐਨੀ ਬੁਰੀ ਤਰ੍ਹਾਂ ਕੁੱਟਿਆ ਗਿਆ ਕਿ ਘੱਟੋ-ਘੱਟ ਦੋ ਦਰਜਨ ਫੱਟੜ ਲੋਕਾਂ ਨੂੰ ਹਸਪਤਾਲ ਦਾਖ਼ਲ ਕਰਵਾਉਣਾ ਪਿਆ। ਉਹ ਉਨ੍ਹਾਂ ਦੇ ਘਰਾਂ ਵਿੱਚੋਂ ਧੱਕੇ ਨਾਲ ਬਾਈਬਲ ਦੀਆਂ ਕਾਪੀਆਂ ਵੀ ਚੁੱਕ ਕੇ ਲੈ ਗਏ। ਮੜਮਨਾਰ ਪਿੰਡ ਦੇ ਮੰਗਲੂ ਕੋੜਮ ਨੇ ਟੀਮ ਨੂੰ ਦੱਸਿਆ ਕਿ ਉਸ ਨੂੰ ਅਤੇ ਉਸ ਦੇ ਪਿੰਡ ਦੇ 21 ਪਰਿਵਾਰਾਂ ਨੂੰ ਧੱਕੇ ਨਾਲ ਪਿੰਡ ਦੇ ਮੰਦਰ ਵਿਚ ਲਿਜਾਇਆ ਗਿਆ ਜਿੱਥੇ ਪੁਜਾਰੀ ਨੇ ਉਨ੍ਹਾਂ ਉੱਪਰ ਜਲ ਛਿੜਕਿਆ, ਕੁਝ ਹੋਰ ਧਾਰਮਿਕ ਰਸਮਾਂ ਕੀਤੀਆਂ ਅਤੇ ਫਿਰ ਉਨ੍ਹਾਂ ਨੂੰ ਹਿੰਦੂ ਐਲਾਨ ਦਿੱਤਾ ਗਿਆ। ਇਸੇ ਤਰ੍ਹਾਂ ਉੜਿਦਗਾਓਂ ਪਿੰਡ ਦੇ 18, ਫੁਲਹੜਗਾਓਂ ਦੇ 3 ਅਤੇ ਪੁਤਨਚੰਦਾਗਾਓਂ ਦੇ 3 ਪਰਿਵਾਰਾਂ ਨੂੰ ਧੱਕੇ ਨਾਲ ਹਿੰਦੂ ਬਣਾਇਆ ਗਿਆ। ਗਰਭਵਤੀ ਔਰਤਾਂ ਅਤੇ ਅਪਾਹਜ ਵੀ ਇਸ ਹਿੰਸਾ ਤੋਂ ਬਚ ਨਾ ਸਕੇ।

ਪੀੜਤ ਆਦਿਵਾਸੀਆਂ ਨੇ ਟੀਮ ਨੂੰ ਦੱਸਿਆ ਕਿ ਇਨ੍ਹਾਂ ਧਮਕੀਆਂ ਅਤੇ ਚੇਤਾਵਨੀਆਂ ਬਾਰੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਇਤਲਾਹ ਦੇ ਦਿੱਤੀ ਗਈ ਸੀ ਪਰ ਪ੍ਰਸ਼ਾਸਨ ਨੇ ਇਸ ਨੂੰ ਰੋਕਣ ਲਈ ਕੋਈ ਕਾਰਵਾਈ ਨਹੀਂ ਕੀਤੀ। ਨਰਾਇਣਪੁਰ ਦੇ ਜ਼ਿਲ੍ਹਾ ਕੁਲੈਕਟਰ ਨੇ ਇਹ ਗੱਲ ਤਾਂ ਮੰਨੀ ਹੈ ਕਿ ਹਿੰਸਾ ਹੋਈ ਹੈ ਜਿਸ ਵਿਚ 500 ਲੋਕਾਂ ਨੂੰ ਪਿੰਡਾਂ 'ਚੋਂ ਉਜਾੜ ਦਿੱਤਾ ਗਿਆ। ਕੁਲੈਕਟਰ ਦਾ ਕਹਿਣਾ ਹੈ ਕਿ ਇਨ੍ਹਾਂ ਵਿੱਚੋਂ 250 ਲੋਕਾਂ ਨੂੰ ਵਾਪਸ ਉਨ੍ਹਾਂ ਦੇ ਪਿੰਡਾਂ ਵਿਚ ਭੇਜ ਦਿੱਤਾ ਗਿਆ ਹੈ ਅਤੇ ਬਾਕੀਆਂ ਨੂੰ ਵਾਪਸ ਭੇਜਣ ਦੇ ਇੰਤਜ਼ਾਮ ਕੀਤੇ ਜਾ ਰਹੇ ਹਨ। ਉਨ੍ਹਾਂ ਨੂੰ ਸੁਰੱਖਿਆ ਦਿੱਤੀ ਗਈ ਹੈ ਅਤੇ ਸੱਤ ਐੱਫ.ਆਈ.ਆਰ. ਦਰਜ ਕੀਤੀਆਂ ਗਈਆਂ ਹਨ। ਪਰ ਪ੍ਰਸ਼ਾਸਨ ਅਤੇ ਛੱਤੀਸਗੜ੍ਹ ਘੱਟਗਿਣਤੀ ਕਮਿਸ਼ਨ ਦਾ ਚੇਅਰਮੈਨ ਇਸ ਤੋਂ ਮੁੱਕਰ ਰਹੇ ਹਨ ਕਿ ਈਸਾਈ ਆਦਿਵਾਸੀਆਂ ਨੂੰ ਧੱਕੇ ਨਾਲ ਹਿੰਦੂ ਬਣਾਇਆ ਗਿਆ ਹੈ। ਉਨ੍ਹਾਂ ਮੁਤਾਬਿਕ ਹਿੰਸਾ ਹੋਰ ਝਗੜਿਆਂ ਕਾਰਨ ਹੋਈ ਹੈ ਅਤੇ ਹਾਲਾਤ ਕਾਬੂ ਹੇਠ ਹਨ।

ਜਾਂਚ ਟੀਮ ਨੇ ਜੋ ਜ਼ਮੀਨੀਂ ਤੱਥ ਨੋਟ ਕੀਤੇ ਉਹ ਪ੍ਰਸ਼ਾਸਨ ਦੇ ਦਾਅਵਿਆਂ ਦੇ ਝੂਠ ਨੂੰ ਬਖ਼ੂਬੀ ਬੇਪਰਦ ਕਰਦੇ ਹਨ। ਰਿਪੋਰਟ ਦੱਸਦੀ ਹੈ ਕਿ ਜਿਨ੍ਹਾਂ ਪਿੰਡਾਂ ਵਿਚ ਹਿੰਸਾ ਹੋਈ ਉਨ੍ਹਾਂ ਦੇ ਜ਼ਿੰਦਗੀ ਦੇ ਵਸੀਲੇ ਇੱਕੋ ਤਰ੍ਹਾਂ ਦੇ ਹਨ ਅਤੇ ਉਹ ਤੇਂਦੂ ਪੱਤਾ ਤੋੜ ਕੇ, ਮਹੂਏ ਦੇ ਫੁੱਲ ਇਕੱਠੇ ਕਰਕੇ, ਮੱਛੀਆਂ ਫੜਕੇ ਅਤੇ ਛੋਟੀਆਂ ਛੋਟੀਆਂ ਜ਼ਮੀਨੀਂ ਜੋਤਾਂ ਵਾਹ-ਬੀਜਕੇ ਗੁਜ਼ਾਰਾ ਕਰਦੇ ਹਨ। ਸਿੱਧੇ-ਸਾਦੇ ਆਦਿਵਾਸੀ ਵੱਖ-ਵੱਖ ਧਰਮਾਂ ਦਾ ਪ੍ਰਭਾਵ ਕਬੂਲ ਰਹੇ ਹਨ ਅਤੇ ਜਿਸ ਕਾਰਨ ਧਾਰਮਿਕ ਝਗੜੇ ਪੈਦਾ ਹੋ ਰਹੇ ਹਨ। ਚਲਕਾ ਪਿੰਡ ਦੇ ਉਨ੍ਹਾਂ 17 ਆਦਿਵਾਸੀਆਂ ਨਾਲ ਬਾਕੀ ਆਦਿਵਾਸੀਆਂ ਦੇ ਝਗੜੇ ਦਾ ਕਾਰਨ ਵੀ ਉਨ੍ਹਾਂ ਦਾ "ਵਿਸ਼ਵਾਸੂ" ਬਣ ਜਾਣਾ ਬਣਿਆ ਹੈ। 2015 ਤੋਂ ਬਾਦ ਉਨ੍ਹਾਂ ਨੇ ਈਸਾ ਨੂੰ ਮੰਨਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦਾ ਵਿਸ਼ਵਾਸ ਹੈ ਕਿ ਪ੍ਰਭੂ ਈਸਾ ਨੂੰ ਪ੍ਰਾਰਥਨਾ ਕਰਨ ਨਾਲ ਉਨ੍ਹਾਂ ਦੀ ਬੀਮਾਰੀ ਠੀਕ ਹੋ ਗਈ। ਕੁਝ ਪਰਿਵਾਰਾਂ ਦੇ ਜੀਅ "ਵਿਸ਼ਵਾਸੂ" ਹਨ, ਕੁਝ ਨਹੀਂ ਹਨ ਪਰ ਉਹ ਆਪਸ ਵਿਚ ਪ੍ਰੇਮ ਭਾਵਨਾ ਨਾਲ ਰਹਿੰਦੇ ਸਨ। ਵਿਸ਼ਵਾਸੂ ਦਾ ਭਾਵ ਇਹ ਹੈ ਕਿ ਉਹ ਬਕਾਇਦਾ ਕਿਸੇ ਕੇਂਦਰੀ ਚਰਚ ਦੀ ਅਗਵਾਈ ਹੇਠ ਈਸਾਈ ਧਰਮ ਨਾਲ ਜੁੜੇ ਹੋਏ ਨਹੀਂ। ਉਨ੍ਹਾਂ ਨੇ ਪ੍ਰਸ਼ਾਸਨ ਕੋਲ ਲਿਖਤੀ ਤੌਰ 'ਤੇ ਆਪਣਾ ਈਸਾਈ ਧਰਮ ਦਰਜ ਨਹੀਂ ਕਰਵਾਇਆ। ਸਰਕਾਰੀ ਕਾਗਜ਼ਾਂ 'ਚ ਦਰਜ ਹੋ ਚੁੱਕੇ ਵਿਅਕਤੀਆਂ ਨੂੰ ਕਾਗਜ਼ਾਂ ਵਾਲੇ ਈਸਾਈ ਕਿਹਾ ਜਾਂਦਾ ਹੈ। ਵਿਸ਼ਵਾਸੂ ਪਿੰਡ ਦੇ ਰਵਾਇਤੀ ਤਿਓਹਾਰਾਂ ਵਿਚ ਯੋਗਦਾਨ ਤਾਂ ਪਾਉਂਦੇ ਹਨ ਪਰ ਉਹ ਰਵਾਇਤੀ ਦੇਵਤਿਆਂ ਦੀ ਪੂਜਾ ਵਿਚ ਹਿੱਸਾ ਨਹੀਂ ਲੈਂਦੇ। ਟੀਮ ਨੇ ਤਿੰਨ ਦਿਨਾਂ ਦੇ ਦੌਰੇ ਸਮੇਂ ਨੋਟ ਕੀਤਾ ਕਿ ਜੋ ਆਦਿਵਾਸੀ ਵਿਸ਼ਵਾਸੂ ਬਣ ਗਏ ਹਨ ਉਨ੍ਹਾਂ ਨੇ ਦਾਰੂ ਪੀਣੀ ਛੱਡ ਦਿੱਤੀ ਹੈ ਅਤੇ ਇਹ ਪੈਸੇ ਉਹ ਬੱਚਿਆਂ ਦੀ ਪੜ੍ਹਾਈ ਅਤੇ ਚੰਗੇ ਕੱਪੜੇ ਪਹਿਨਣ 'ਤੇ ਖ਼ਰਚਦੇ ਹਨ। ਵਿਸ਼ਵਾਸੂ ਕਿਸੇ ਕੇਂਦਰੀ ਚਰਚ ਦੀ ਲੀਡਰਸ਼ਿਪ ਦੇ ਮਤਹਿਤ ਨਹੀਂ ਹਨ ਅਤੇ ਉਨ੍ਹਾਂ ਦੇ ਪਾਦਰੀ ਬਕਾਇਦਾ ਸਿਖਲਾਈਸ਼ੁਦਾ ਵਿਅਕਤੀ ਨਹੀਂ ਹਨ। ਉਨ੍ਹਾਂ ਦੇ ਸੁਤੰਤਰ ਚਰਚ ਹਨ ਯਾਨੀ ਪਿੰਡ ਦੇ ਜਿਸ ਪਹਿਲੇ ਬੰਦੇ ਨੇ ਕਿਸੇ ਚਰਚ ਦੀ ਪ੍ਰਾਰਥਨਾ 'ਚ ਜਾ ਕੇ ਕੁਝ ਜਾਣਕਾਰੀ ਹਾਸਲ ਕਰ ਲਈ ਅਤੇ ਜਿਹੜਾ ਐਸਾ ਬੰਦਾ ਬਾਕੀ ਪਿੰਡ ਵਾਸੀਆਂ ਦੇ ਵਿਰੋਧ ਅੱਗੇ ਡੱਟਣ ਦਾ ਸਵੈਵਿਸ਼ਵਾਸ ਜੁਟਾ ਲੈਂਦਾ ਹੈ ਉਸੇ ਨੂੰ ਉਹ ਆਪਣੇ ਚਰਚ ਦਾ ਕਰਤਾ-ਧਰਤਾ ਮੰਨ ਲੈਂਦੇ ਹਨ।

ਹੋਰ ਆਦਿਵਾਸੀ ਵਿਸ਼ਵਾਸੂਆਂ ਤੋਂ ਖ਼ਫ਼ਾ ਹਨ ਜੋ ਖ਼ੁਦ ਨੂੰ ਗੌਂਡਵਾਨਾ ਸਮਾਜ ਦੱਸਦੇ ਹਨ ਪਰ ਦਰਅਸਲ ਉਨ੍ਹਾਂ 'ਚ ਹਿੰਦੂਤਵ ਦੀ ਡੂੰਘੀ ਘੁਸਪੈਠ ਹੈ। ਪਿਛਲੇ ਦਿਨੀਂ ਚਲਕਾ ਪਿੰਡ ਵਿਚ ਇਕ ਆਦਿਵਾਸੀ ਦੀ ਮੌਤ 'ਤੇ ਇਕੱਠੇ ਹੋਏ ਇਨ੍ਹਾਂ ਇਕ ਸੌ ਲੋਕਾਂ ਨੇ ਅੰਤਿਮ ਸੰਸਕਾਰ ਤੋਂ ਬਾਦ ਵਿਸ਼ਵਾਸੂਆਂ ਦੇ ਘਰੀਂ ਜਾ ਕੇ ਉਨ੍ਹਾਂ ਨੂੰ ਧਰਮ ਬਦਲਕੇ ਹਿੰਦੂ ਬਣ ਜਾਣ ਲਈ ਕਿਹਾ। ਜਦੋਂ ਉਨ੍ਹਾਂ ਨੇ ਈਸਾ 'ਚ ਵਿਸ਼ਵਾਸ ਨੂੰ ਤਿਆਗਣੋਂ ਨਾਂਹ ਕਰ ਦਿੱਤੀ ਤਾਂ ਸਰਪੰਚ ਦੀ ਅਗਵਾਈ ਹੇਠ ਪਿੰਡ ਦੇ ਲੋਕਾਂ ਨੇ ਉਨ੍ਹਾਂ ਦੇ ਘਰਾਂ ਨੂੰ ਘੇਰਾ ਪਾ ਕੇ ਧਮਕਾਉਣਾ ਸ਼ੁਰੂ ਕਰ ਦਿੱਤਾ ਕਿ ਜਾਂ ਤਾਂ ਪਿੰਡ ਛੱਡ ਜਾਓ ਜਾਂ ਮਰਨ ਲਈ ਤਿਆਰ ਹੋ ਜਾਓ। ਉਨ੍ਹਾਂ ਨੂੰ ਪਿੰਡੋਂ ਕੱਢਕੇ ਹੀ ਦਮ ਲਿਆ ਗਿਆ। ਪੁਲਿਸ ਨੂੰ ਸ਼ਿਕਾਇਤ ਕਰਨ 'ਤੇ ਪਰਚਾ ਦਰਜ ਕਰਨ ਦੀ ਬਜਾਏ ਇੰਸਪੈਕਟਰ ਉਨ੍ਹਾਂ ਨੂੰ ਮੋੜ ਕੇ ਪਿੰਡ 'ਚ ਤਾਂ ਲੈ ਗਿਆ। ਪਰ ਪਿੰਡ ਵਾਸੀਆਂ ਵੱਲੋਂ ਉਨ੍ਹਾਂ ਨੂੰ ਪਿੰਡ ਵਿਚ ਰਹਿਣ ਦੀ ਇਜਾਜ਼ਤ ਨਾ ਦੇਣ 'ਤੇ ਉਹ ਪੀੜਤਾਂ ਨੂੰ ਉਨ੍ਹਾਂ ਦੇ ਹਾਲਤ 'ਤੇ ਛੱਡ ਕੇ ਵਾਪਸ ਚਲਾ ਗਿਆ। ਹੋਰ ਪਿੰਡਾਂ 'ਚੋਂ ਵਿਸ਼ਵਾਸੂਆਂ ਨੂੰ ਉਜਾੜਨ ਲਈ ਹਿੰਸਾ ਦਾ ਸਹਾਰਾ ਲਿਆ ਗਿਆ। ਉਨ੍ਹਾਂ ਦੇ ਘਰ ਅਤੇ ਪ੍ਰਾਰਥਨਾ ਸਥਾਨ ਤੋੜ ਦਿੱਤੇ ਗਏ ਅਤੇ ਇੰਞ ਪ੍ਰਸ਼ਾਸਨ ਵੱਲੋਂ ਮੂਕ ਦਰਸ਼ਕ ਬਣੇ ਰਹਿਣ ਕਾਰਨ 'ਹਿੰਦੂ ਆਦਿਵਾਸੀਆਂ' ਨੇ ਈਸਾਈਆਂ ਨੂੰ 40 ਪਿੰਡਾਂ ਵਿੱਚੋਂ ਉਜਾੜ ਕੇ ਸ਼ਹਿਰ ਦੇ ਚਰਚਾਂ ਜਾਂ ਹੋਰ ਰਾਹਤ ਕੈਂਪਾਂ ਦੀ ਸ਼ਰਣ ਲੈਣ ਲਈ ਮਜਬੂਰ ਕਰ ਦਿੱਤਾ। ਦਰਅਸਲ, ਰਾਜਤੰਤਰ ਆਦਿਵਾਸੀ ਸਮਾਜ 'ਚ ਪਾਟਕ ਪਾਉਣ ਲਈ ਐਸੇ ਝਗੜਿਆਂ ਨੂੰ ਸ਼ਹਿ ਦੇ ਰਿਹਾ ਹੈ ਤਾਂ ਜੁ ਉਨ੍ਹਾਂ ਦੀ ਭਾਈਚਾਰਕ ਤਾਕਤ ਨੂੰ ਕਮਜ਼ੋਰ ਕਰਕੇ ਉਨ੍ਹਾਂ ਨੂੰ ਜੰਗਲਾਂ-ਪਹਾੜਾਂ 'ਚੋਂ ਸੌਖ ਨਾਲ ਉਜਾੜਿਆ ਜਾ ਸਕੇ।

ਇਸ ਦੀ ਤਸਦੀਕ ਪੁਲਿਸ ਅਤੇ ਪ੍ਰਸ਼ਾਸਨ ਦਾ ਬਹੁਗਿਣਤੀਵਾਦੀ ਝੁਕਾਅ ਵੀ ਕਰਦਾ ਹੈ। ਚਲਕਾ ਪਿੰਡ ਦੇ 17 ਪੀੜਤਾਂ ਨੇ ਟੀਮ ਨੂੰ ਦੱਸਿਆ ਕਿ ਕਸਬੇ ਦੇ ਪੁਲਿਸ ਇੰਸਪੈਕਟਰ ਅਤੇ ਕੌਂਡਾਗਾਓਂ ਦੇ ਜ਼ਿਲ੍ਹਾ ਕੁਲੈਕਟਰ ਨੇ ਉਨ੍ਹਾਂ ਨੂੰ ਸਾਫ਼ ਕਿਹਾ ਕਿ ਉਨ੍ਹਾਂ ਨੇ ਆਪਣੇ ਯੁਗਾਂ ਪੁਰਾਣੇ ਰੀਤੀ-ਰਿਵਾਜ ਤਿਆਗ ਕੇ ਗ਼ਲਤ ਕੀਤਾ ਹੈ ਅਤੇ ਜੇ ਉਹ ਆਪਣੇ ਪਿੰਡਾਂ 'ਚ ਵਾਪਸ ਜਾਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਹਿੰਦੂ ਧਰਮ ਅਪਣਾ ਲੈਣਾ ਚਾਹੀਦਾ ਹੈ। ਜ਼ਾਹਿਰ ਹੈ ਕਿ ਸੰਘ ਬਰਗੇਡ ਅਤੇ ਪ੍ਰਸ਼ਾਸਨ ਮਿਲ ਕੇ ਆਦਿਵਾਸੀਆਂ ਦੀ ਮਨਪਸੰਦ ਧਰਮ ਨੂੰ ਮੰਨਣ ਦੀ ਆਜ਼ਾਦੀ ਖੋਹ ਰਹੇ ਹਨ। ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਸਥਾਪਤ ਚਰਚ ਵੀ ਇਨ੍ਹਾਂ ਈਸਾਈਆਂ ਦੀ ਮੱਦਦ ਲਈ ਅਤੇ ਉਜਾੜੇ ਵਿਰੁੱਧ ਆਵਾਜ਼ ਉਠਾਉਣ ਲਈ ਅੱਗੇ ਨਹੀਂ ਆ ਰਹੇ। ਜਿਸ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਹਾਸ਼ੀਏ 'ਤੇ ਧੱਕੇ ਹਿੱਸਿਆਂ ਦੇ ਲੋਕ ਆਪਣੀਆਂ ਸੰਤਾਪੀਆਂ ਜ਼ਿੰਦਗੀਆਂ ਦੇ ਹਾਲਾਤਾਂ 'ਚੋਂ ਇਸਲਾਮ ਅਤੇ ਈਸਾਈ ਧਰਮ ਨੂੰ ਅਪਣਾਉਂਦੇ ਹਨ। ਸੰਘ ਬਰਗੇਡ ਦਾ ਧਰਮ-ਬਦਲੀ ਦਾ ਝੂਠਾ ਬਿਰਤਾਂਤ ਤਾਂ ਮਹਿਜ਼ ਮੁਸਲਮਾਨ ਅਤੇ ਈਸਾਈ ਘੱਟਗਿਣਤੀਆਂ ਉੱਪਰ ਬਹੁਗਿਣਤੀ ਦੀ ਧੌਂਸ ਅਤੇ ਦਾਬਾ ਥੋਪਣ ਦਾ ਬਹਾਨਾ ਹੈ।

## ਹਿੰਦੂਤਵੀ ਦਹਿਸ਼ਤਵਾਦ ਦਾ ਘਿਣਾਉਣਾ ਚਿਹਰਾ

ਹਿੰਦੂਤਵ ਦਹਿਸ਼ਤਵਾਦ ਦੇ ਘਿਣਾਉਣੇ ਚਿਹਰੇ ਨੂੰ ਦਰਸਾਉਂਦੀ 22,23 ਜਨਵਰੀ 1999 ਦੀ ਦਰਮਿਆਨੀ ਰਾਤ ਨੂੰ ਵਾਪਰੇ ਇਸ ਕਾਂਡ ਨੂੰ ਭੁਲਾਇਆ ਨਹੀਂ ਜਾ ਸਕਦਾ।


ਇਸ ਕਾਂਡ ਨੂੰ ਉੜੀਸਾ ਦੇ ਕਿਓਂਝਾਰ ਜ਼ਿਲ੍ਹੇ ਵਿਚ ਬਜਰੰਗ ਦਲ ਦੇ ਆਗੂ ਦਾਰਾ ਸਿੰਘ ਅਤੇ ਉਸ ਦੇ ਜੋਟੀਦਾਰਾਂ ਦੀ ਭੀੜ ਨੇ ਅੰਜਾਮ ਦਿੱਤਾ ਸੀ। ਬਜਰੰਗ ਦਲੀਆਂ ਨੇ ਆਸਟ੍ਰੇਲੀਆ ਤੋਂ ਆ ਕੇ 1967 ਤੋਂ ਆਦਿਵਾਸੀ ਲੋਕਾਂ ਵਿਚ ਸਮਾਜ ਭਲਾਈ ਦਾ ਕੰਮ ਕਰ ਰਹੇ ਈਸਾਈ ਮਿਸ਼ਨਰੀ ਡਾ. ਗ੍ਰਾਹਮ ਸਟੇਨਜ਼ ਅਤੇ ਉਸਦੇ 10 ਅਤੇ 6 ਸਾਲ ਦੇ ਦੋ ਬੱਚਿਆਂ ਨੂੰ ਵੈਨ ਵਿਚ ਜ਼ਿੰਦਾ ਜਲਾ ਦਿੱਤਾ ਗਿਆ ਸੀ। ਦਰਿੰਦੇ ਦਾਰਾ ਸਿੰਘ ਸੰਘ ਪਰਿਵਾਰ ਅਨੁਸਾਰ ਮਹਾਂ ਨਾਇਕ ਸੀ ਜਿਸ ਨੇ ਆਦਿਵਾਸੀਆਂ ਦੀਆਂ ਧਰਮ ਬਦਲੀਆਂ ਕਰਾਉਣ ਵਾਲੇ ਈਸਾਈ ਮਿਸ਼ਨਰੀਆਂ ਨੂੰ ਰੋਕਿਆ।

ਬੇਸ਼ੱਕ ਬਾਦ ਵਿਚ ਕੌਮਾਂਤਰੀ ਪੱਧਰ 'ਤੇ ਇਸ ਦਹਿਸ਼ਤਵਾਦੀ ਕਾਰੇ ਨਾਲ ਘੋਰ ਬਦਨਾਮੀ ਹੋਣ 'ਤੇ ਦਾਰਾ ਸਿੰਘ ਸਮੇਤ ਕੁਝ ਦੋਸ਼ੀਆਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਜੋ ਬਾਦ ਵਿਚ ਉਮਰ ਕੈਦ ਵਿਚ ਬਦਲ ਦਿੱਤੀ ਗਈ। ਪਰ ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਇਸ ਕਾਂਡ ਦੇ ਮਾਸਟਰ ਮਾਈਂਡ ਪ੍ਰਤਾਪ ਚੰਦਰ ਸਾਰੰਗੀ ਨੂੰ ਭੋਰਾ ਆਂਚ ਨਹੀਂ ਆਈ ਸਗੋਂ ਉਹ ਮੋਦੀ ਅਮਿਤ ਸ਼ਾਹ ਦੀ ਤਰ੍ਹਾਂ ਤਰੱਕੀ ਕਰਦਾ ਗਿਆ।

ਜਦੋਂ ਇਹ ਕਾਂਡ ਵਾਪਰਿਆ ਉਦੋਂ ਕਿਓਂਝਰ ਜ਼ਿਲ੍ਹੇ ਵਿਚ ਬਜਰੰਗ ਦਲ ਦਾ ਮੁਖੀ ਪ੍ਰਤਾਪ ਚੰਦਰ ਸਾਰੰਗੀ ਸੀ, ਜੋ ਆਰ.ਐੱਸ.ਐੱਸ., ਵਿਸ਼ਵ ਹਿੰਦੂ ਪ੍ਰੀਸ਼ਦ, ਭਾਜਪਾ ਦੇ ਮਹੱਤਵਪੂਰਨ ਅਹੁਦਿਆਂ ਉੱਪਰ ਕੰਮ ਕਰ ਚੁੱਕਾ ਹੈ ਅਤੇ ਉਸ ਵਕਤ ਬਜਰੰਗ ਦਲ ਦਾ ਮੁਖੀ ਸੀ। ਸਾਰੰਗੀ 2019 ਵਿਚ ਭਾਜਪਾ ਦੀ ਟਿਕਟ 'ਤੇ ਸੰਸਦ ਮੈਂਬਰ ਚੁਣਿਆ ਗਿਆ ਅਤੇ ਉਸ ਨੂੰ ਮੋਦੀ ਵਜ਼ਾਰਤ ਵਿਚ Micro, Small and Medium Enterprises and Animal Husbandry, Dairying and Fisheries ਦਾ ਰਾਜ ਮੰਤਰੀ ਬਣਾਇਆ ਗਿਆ।

**ਪੰਜਾਬ ਦੀ ਆਬਰੂ: ਬਾਬਾ ਸੋਹਣ ਸਿੰਘ ਭਕਨਾ ਜਨਮ 4 ਜਨਵਰੀ 1870**

# ਗਦਰੀ ਬਾਬੇ ਨੂੰ ਯਾਦ ਕਰਦਿਆਂ 152 ਵੇਂ ਜਨਮ ਦਿਨ 'ਤੇ



ਅੰਗਰੇਜ ਹਕੂਮਤ ਵਿਰੁੱਧ ਹੋਏ ਆਜਾਦੀ ਦੇ ਸੰਘਰਸ ਵਿਚ ਜਿਹੜੀਆਂ ਵੱਡੀਆਂ ਲਹਿਰਾਂ ਨੇ ਪੰਜਾਬ ਦੀ ਆਬਰੂ ਕਾਇਮ ਰੱਖੀ, ਉਨ੍ਹਾਂ ਵਿੱਚੋਂ ਮੁੱਖ ਕੂਕਾ ਲਹਿਰ, ਪਗੜੀ ਸੰਭਾਲ ਜੱਟਾ ਲਹਿਰ, ਗਦਰ ਪਾਰਟੀ, ਗੁਰਦੁਆਰਾ ਸੁਧਾਰ ਲਹਿਰ ਅਤੇ ਅਕਾਲੀ ਮੋਰਚਾ, ਬੱਬਰ ਅਕਾਲੀ ਲਹਿਰ, ਭਗਤ ਸਿੰਘ ਦੇ ਸਾਥੀਆਂ ਦੁਆਰਾ ਚਲਾਈ ਗਈ ਤਹਿਰੀਕ, ਪੈਪਸੂ ਦੀ ਮੁਜਾਰਾ ਲਹਿਰ ਪ੍ਰਮੁੱਖ ਸਨ। ਗਦਰ ਪਾਰਟੀ 1913-14 ਵਿੱਚ ਕਾਇਮ ਕੀਤੀ ਗਈ ਜੋ ਦੇਸ ਨੂੰ ਪੂਰਨ ਆਜਾਦੀ ਤੇ ਬਰਾਬਰੀ ਦਾ ਰਾਹ ਵਿਖਾਉਣ ਵਾਲੀ ਪਹਿਲੀ ਪਾਰਟੀ ਸੀ। ਇਸ ਦੇ ਬਾਨੀ ਬਾਬਾ ਸੋਹਣ ਸਿੰਘ ਭਕਨਾ ਦਾ ਜਨਮ 150 ਸਾਲ ਪਹਿਲਾਂ ਹੋਇਆ ਜਿਹੜੇ ਰੁਜਗਾਰ ਦੀ ਭਾਲ ਵਿੱਚ 1909 ਵਿਚ ਅਮਰੀਕਾ ਚਲੇ ਗਏ ਸਨ। ਇਹ ਕਲਪਨਾ ਕਰਨੀ ਬਹੁਤ ਮੁਸਕਲ ਹੈ ਕਿ ਉਨ੍ਹਾਂ ਔਖੇ ਸਮਿਆਂ ਵਿੱਚ ਉਹ ਕਿਹੋ ਜਿਹੀ ਸਖਸੀਅਤ ਸੀ ਜਿਸ ਦੀ ਛਾਂ ਹੇਠ ਅਮਰੀਕਾ ਤੇ ਕੈਨੇਡਾ ਵਿੱਚ ਮਿਹਨਤ-ਮਜਦੂਰੀ ਕਰਦੇ ਪੰਜਾਬੀ ਇਕੱਠੇ ਹੋਏ ਅਤੇ ਉਨ੍ਹਾਂ ਨੇ ਹਿੰਦੀ ਐਸੋਸੀਏਸਨ ਬਣਾਈ ਜਿਹੜੀ ਇਸ ਦੁਆਰਾ ਬਾਅਦ ਵਿੱਚ ਚਲਾਈ ਗਈ 'ਗਦਰ' ਅਖਬਾਰ ਕਾਰਨ ਗਦਰ ਪਾਰਟੀ ਵਜੋਂ ਜਾਣੀ ਜਾਣ ਲੱਗੀ। 20ਵੀਂ ਸਦੀ ਦੇ ਸੂਰੂ ਵਿਚ ਪੰਜਾਬੀਆਂ ਦੇ ਪਰਵਾਸ ਕਾਰਨਾਂ ਨੂੰ ਬਿਆਨ ਕਰਦਿਆਂ ਬਾਬਾ ਸੋਹਣ ਸਿੰਘ ਭਕਨਾ ਲਿਖਦੇ ਹਨ, "ਵੀਹਵੀਂ ਸਦੀ ਦੇ ਸੁਰੂ ਤੱਕ, ਸਗੋਂ ਇਸ ਤੋਂ ਵੀ ਪਹਿਲਾਂ, ਪੰਜਾਬੀ ਕਿਸਾਨ ਦੀ ਆਰਥਿਕ ਹਾਲਤ ਮਾਲੀਏ ਤੇ ਕਰਜੇ ਕਰਕੇ ਨਿਹਾਇਤ ਖਰਾਬ ਹੋ ਚੁੱਕੀ ਸੀ। ਵਾਹਕ ਜਮੀਨ, ਜਿਸ 'ਤੇ ਉਹਦੀ ਜ਼ਿੰਦਗੀ ਦਾ ਦਾਰੋਮਦਾਰ ਸੀ, ਬਹੁਤੀ ਮਲਕੀਅਤ ਸਾਹੂਕਾਰਾਂ ਤੇ ਵੱਡੇ ਜ਼ਿਮੀਂਦਾਰਾਂ ਦੇ ਹੱਥ ਜਾ ਚੁੱਕੀ ਸੀ। ਕਿਸਾਨ ਰੋਟੀ ਰੋਜੀ ਤੋਂ ਮਹਿਦੂਦ ਹੋ ਚੁੱਕੇ ਸਨ। ਹੁਣ ਇਹੀ ਹੋ ਸਕਦਾ ਸੀ ਕਿ ਆਪਣਾ ਤੇ ਆਪਣੇ ਬਾਲ-ਬੱਚਿਆਂ ਦਾ ਪੇਟ ਪਾਲਣ ਲਈ ਗੈਰ-ਮੁਲਕਾਂ ਦੇ ਦਰਵਾਜੇ ਖੜਕਾਉਣ। ਉਨ੍ਹੀਂ ਦਿਨੀਂ ਹਾਲੇ ਪਾਸਪੋਰਟ ਦਾ ਕਾਨੂੰਨ ਲਾਗੂ ਨਹੀਂ ਹੋਇਆ ਸੀ। ਇਸ ਲਈ ਪੰਜਾਬੀ ਮਾਲਿਕ ਕਿਸਾਨ ਕਰਜਾ ਚੁੱਕ ਕੇ ਜਾਂ ਜਮੀਨ ਗਹਿਣੇ ਰੱਖ ਕੇ ਭਾੜਾ ਕੱਠਾ ਕਰਕੇ ਮਲਾਇਆ, ਚੀਨ, ਆਸਟਰੇਲੀਆ ਵਗੈਰਾ ਖੁੱਲ-ਮ-ਖੁੱਲਾ ਜਾਣ ਲੱਗ ਪਏ। ਸੈਂਕੜੇ ਨਹੀਂ ਸਗੋਂ ਹਜਾਰਾਂ ਦੀ ਤਾਦਾਦ ਵਿੱਚ ਇਹ ਲੋਕ ਪਹਿਲਾਂ ਪਹਿਲ ਸੰਘਾਈ, ਹਾਂਗਕਾਂਗ, ਮਲਾਇਆ ਵਗੈਰਾ 'ਚ ਅੰਗਰੇਜੀ ਪੁਲੀਸ ਵਿੱਚ ਜਾਂ ਤਾਂ ਭਰਤੀ ਹੋ ਕੇ ਗਏ ਜਾਂ ਮਲਾਈ ਤੇ ਚੀਨੀ ਸੇਠਾਂ ਦੇ ਚੌਕੀਦਾਰ ਬਣੇ।"

ਜਦੋਂ ਅਸੀਂ ਬਾਬਾ ਸੋਹਣ ਸਿੰਘ ਭਕਨਾ ਦੀ ਸਵੈਜੀਵਨੀ (ਮੇਰੀ ਆਪ-ਬੀਤੀ, ਜੀਵਨ ਸੰਗਰਾਮ ਤੇ ਮੇਰੀ ਰਾਮ ਕਹਾਣੀ) ਪੜ੍ਹਦੇ ਹਾਂ ਤਾਂ ਪਤਾ ਚੱਲਦਾ ਹੈ ਕਿ ਬਾਬਾ ਜੀ ਸਿਆਸੀ ਤੌਰ 'ਤੇ ਕਿੰਨੇ ਚੇਤਨ ਸਨ। ਅਮਰੀਕਾ ਜਾਣ ਤੋਂ ਪਹਿਲਾਂ ਉਨ੍ਹਾਂ ਨੇ ਸਰਦਾਰ ਅਜੀਤ ਸਿੰਘ ਦੁਆਰਾ ਚਲਾਈ ਗਈ 'ਪਗੜੀ ਸੰਭਾਲ ਜੱਟਾ ਲਹਿਰ' ਵਿੱਚ ਹਿੱਸਾ ਲਿਆ ਸੀ। ਅਮਰੀਕਾ ਵਿਚ ਕੰਮ ਕਰ ਰਹੇ ਹਿੰਦੋਸਤਾਨੀਆਂ ਬਾਰੇ ਉਨ੍ਹਾਂ ਦੀ ਟਿੱਪਣੀ ਇਹ ਸੀ ਕਿ ਇਹ ਉਹ ਲੋਕ ਸਨ ਜੋ "ਕਿਸਾਨ ਤੋਂ ਮਜਦੂਰ" ਬਣ ਗਏ ਸਨ। ਉੱਥੇ ਜਾ ਕੇ ਬਾਬਾ ਜੀ ਨੇ ਵੇਖਿਆ ਕਿ ਨਾ ਸਿਰਫ ਸਰਮਾਏਦਾਰ ਹੀ ਹਿੰਦੋਸਤਾਨੀ ਮਜਦੂਰਾਂ ਨੂੰ ਦਬਾਉਂਦਾ ਸੀ ਸਗੋਂ ਅਮਰੀਕਨ ਮਜਦੂਰ ਦਾ ਜ਼ਿਆਦਾ ਦਬਾਓ ਵੀ ਇਨ੍ਹਾਂ 'ਤੇ ਹੀ ਹੁੰਦਾ ਸੀ। ਬਾਬਾ ਜੀ ਅਨੁਸਾਰ: "ਵਜ੍ਹਾ ਸਾਫ ਸੀ- ਕਿਉਂਕਿ ਹਿੰਦੀ ਦੁਨੀਆ ਵਿੱਚ ਸਭ ਤੋਂ ਬਦਤਰ ਗੁਲਾਮ ਸਮਝੇ ਜਾਂਦੇ ਸਨ।" ਅਮਰੀਕਾ ਤੇ ਕੈਨੇਡਾ ਵਿੱਚ ਹਿੰਦੋਸਤਾਨੀ ਮਜਦੂਰਾਂ ਦੇ ਵਿਰੁੱਧ ਨਫਰਤ ਤੇ ਹਿੰਸਾ 1907 ਤੋਂ 1909 ਤੱਕ ਵੱਡੇ ਪੱਧਰ 'ਤੇ ਹੋਈ। ਬਾਬਾ ਜੀ ਦੱਸਦੇ ਸਨ ਕਿ ਬਾਅਦ ਵਿੱਚ ਹਿੰਸਾ ਤਾਂ ਘਟੀ ਪਰ ਹਿੰਦੋਸਤਾਨੀਆਂ ਵਿਰੁੱਧ ਨਫਰਤ ਉਸੇ ਤਰ੍ਹਾਂ ਜਾਰੀ ਰਹੀ ਤੇ ਬੱਚੇ ਵੀ ਰਾਹ ਜਾਂਦੇ 'ਹੈਲੋ ਹਿੰਦੂ ਸਲੇਵ' (ਹਿੰਦੂ ਗੁਲਾਮ) ਕਹਿ ਕੇ ਮਖੌਲ ਉੜਾਉਂਦੇ। ਬਾਬਾ ਜੀ ਇਹ ਵੀ ਦੱਸਦੇ ਹਨ ਕਿ ਆਜਾਦ ਖ਼ਿਆਲ ਅਮਰੀਕਨ ਮਜਦੂਰ ਹਿੰਦੋਸਤਾਨੀਆਂ ਨੂੰ ਤਾਅਨੇ ਮਾਰਦਿਆਂ ਪੁੱਛਦੇ, "ਤੇਰੇ ਮੁਲਕ ਦੇ ਬਾਸ਼ਿੰਦੇ ਕਿੰਨੇ ਹਨ?" ਉਨ੍ਹਾਂ ਦਿਨਾਂ ਦੇ ਮੁਤਾਬਿਕ ਹਿੰਦ ਦੀ ਆਬਾਦੀ ਤੀਹ ਕਰੋੜ ਸੀ। ਤੇ ਅਮਰੀਕਨ ਮਖੌਲ ਉੜਾ ਕੇ ਕਹਿੰਦਾ, "ਤੀਹ ਕਰੋੜ ਭੇਡਾਂ ਜਾਂ ਆਦਮੀ?" ਹਿੰਦੀ ਦੀ ਧੌਣ ਸਰਮ ਨਾਲ ਝੁਕ ਜਾਂਦੀ ਤੇ ਅੰਦਰ ਹੀ ਅੰਦਰ ਉਹ ਆਪਣੀ ਕੌਮੀ ਗੁਲਾਮੀ 'ਤੇ ਕੁੜ੍ਹਦਾ ਤਾਅਨੇ ਨੂੰ ਜਹਿਰ ਦੇ ਘੁੱਟ ਵਾਂਗ ਪੀ ਜਾਂਦਾ।" ਅੰਤਰਰਾਸਟਰੀ ਹਾਲਾਤ, ਜਿਨ੍ਹਾਂ ਵਿੱਚ ਚੀਨ ਵਿੱਚ ਡਾਕਟਰ ਸੁਨ ਯੇਤ ਸੇਨ ਦੀ ਅਗਵਾਈ ਵਿੱਚ ਸਾਹੀ ਖਾਨਦਾਨ ਦੇ ਵਿਰੁੱਧ ਹੋ ਰਹੀ ਲਾਮਬੰਦੀ ਅਤੇ ਕੋਰੀਆ ਦੀ ਮਜਲੂਮ ਆਵਾਮ ਵੱਲੋਂ ਜਾਪਾਨ ਦੇ ਵਿਰੁੱਧ ਕੀਤੇ ਜਾ ਰਹੇ ਸੰਘਰਸ ਵੀ ਸਾਮਲ ਹਨ, ਨੇ ਵੀ ਅਮਰੀਕਾ ਤੇ ਕੈਨੇਡਾ ਦੇ ਹਿੰਦੋਸਤਾਨੀਆਂ 'ਤੇ ਅਸਰ ਪਾਇਆ। ਆਪਣੀਆਂ ਸਵੈਜੀਵਨੀਆਂ ਵਿੱਚ ਇਹ ਸਭ ਕੁੱਝ ਬਿਆਨ ਕਰਦੇ ਹੋਏ ਬਾਬਾ ਜੀ ਆਪਣੇ ਵੱਲੋਂ ਇਨ੍ਹਾਂ ਸਮਿਆਂ ਦੌਰਾਨ ਦਿੱਤੇ ਗਏ ਮਹਾਨ ਯੋਗਦਾਨ ਤੇ ਕੁਰਬਾਨੀ ਦਾ ਜ਼ਿਕਰ ਬਹੁਤ ਘੱਟ ਕਰਦੇ ਹੋਏ ਨਿਚੋੜ ਏਦਾਂ ਕੱਢਦੇ ਹਨ, "ਗਦਰ ਪਾਰਟੀ ਪਿੱਛੇ ਦੱਸੇ ਹਾਲਾਤ ਵਿੱਚੋਂ ਗੁਜਰੇ ਤਜਰਬੇਕਾਰ ਹਿੰਦੀਆਂ ਦੇ ਇਕੱਠ ਦਾ ਨਾਂ ਹੈ। ਗਦਰ ਪਾਰਟੀ ਬਣਾਉਣ ਵਾਲਿਆਂ ਨੇ ਆਪਣੇ ਆਪ ਨੂੰ ਹਿੰਦੀ ਤੇ ਗਦਰੀ ਕਹਾਉਣ ਵਿਚ ਸਾਨ ਸਮਝੀ।" ਗਦਰ ਪਾਰਟੀ ਦਾ ਨਾਂ 1857 ਵਿਚ ਅੰਗਰੇਜਾਂ ਦੇ ਵਿਰੁੱਧ ਹੋਈ ਬਗਾਵਤ ਤੋਂ ਲਿਆ ਗਿਆ ਸੀ। 2014 ਵਿਚ ਲਿਖੀ ਗਈ ਇੱਕ ਕਵਿਤਾ ਵਿੱਚ ਇੱਕ ਗਦਰੀ ਕਵੀ ਨੇ ਇਸ ਨੂੰ ਇਸ ਤਰ੍ਹਾਂ ਯਾਦ ਕੀਤਾ, "ਪੈਹਲਾ ਵਿੱਚ ਸਤੁਵੰਜਾ ਜੋ ਗਦਰ ਹੋਇਆ, ਜਿਹਨੂੰ ਚੜ੍ਹਿਆ ਸਤੁਵੰਜਵਾਂ ਸਾਲ ਸਿੰਘੋ॥ ਦੂਜਾ ਗਦਰ ਜੋ ਫੇਰ ਜਹੂਰ ਹੋਇਆ, ਵਿੱਚ ਆਣ ਸਤੁਵੰਜਵੇਂ ਸਾਲ ਸਿੰਘੋ॥ ਏਸ 'ਗਦਰ' ਨੂੰ ਪਾਲਣਾ ਫਰਜ ਸਾਡਾ, ਏਹਨੂੰ ਸਮਝ ਲੌ ਅਪਣਾ ਬਾਲ ਸਿੰਘੋ॥ ਨਾਲੇ ਗਦਰ ਮਚਾਵਣਾ ਫਰਜ ਸਾਡਾ, ਭਾਰਤ ਵਰਸ ਦੇ ਨੌ ਨਿਹਾਲ ਸਿੰਘੋ॥"

**ਬਾਬਾ ਸੋਹਣ ਸਿੰਘ ਭਕਨਾ**

ਬਾਬਾ ਜੀ 21 ਜੁਲਾਈ 1914 ਨੂੰ ਸਾਂ ਫਰਾਂਸਿਸਕੋ ਤੋਂ ਹਿੰਦੋਸਤਾਨ ਲਈ ਰਵਾਨਾ ਹੋਏ। ਬਾਬਾ ਜੀ ਦੱਸਦੇ ਹਨ ਕਿ ਕਿਵੇਂ ਉਨ੍ਹਾਂ ਨੇ ਪਿੱਛੇ ਰਹਿ ਗਏ ਸਾਥੀਆਂ ਦੀਆਂ ਡਿਊਟੀਆਂ ਲਾਈਆਂ ਤੇ ਇਸੇ ਤਰ੍ਹਾਂ ਜਾਪਾਨ ਵਿੱਚ ਆ ਕੇ ਕਰਤਾਰ ਸਿੰਘ ਸਰਾਭਾ ਅਤੇ ਹੋਰਨਾਂ ਗਦਰੀਆਂ ਨੂੰ ਵੱਖ ਵੱਖ ਕੰਮ ਸੌਂਪੇ। ਇਸੇ ਤਰ੍ਹਾਂ ਉਨ੍ਹਾਂ ਸੰਘਾਈ, ਹਾਂਗਕਾਂਗ ਤੇ ਸਿੰਗਾਪੁਰ ਵਿੱਚ ਗਦਰੀਆਂ ਦੇ ਨਾਲ ਮੀਟਿੰਗਾਂ ਕੀਤੀਆਂ। ਉਹ ਸਿੰਗਾਪੁਰ ਵਿੱਚ ਮੁਸਲਮਾਨਾਂ ਦੀ ਪੰਜਾਬੀ ਪਲਟਣ ਦੁਆਰਾ ਗਦਰ ਪਾਰਟੀ ਦੇ ਅਸਰ ਹੇਠਾਂ ਕੀਤੀ ਗਈ ਬਗਾਵਤ ਦਾ ਜ਼ਿਕਰ ਬੜੇ ਹੁੱਬ ਕੇ ਕਰਦੇ ਹਨ। ਕਲਕੱਤੇ ਪਹੁੰਚਣ 'ਤੇ ਬਾਬਾ ਜੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਲਾਹੌਰ ਵਿੱਚ ਲਾਹੌਰ ਸਾਜ਼ਿਸ਼ ਕੇਸ ਵਿੱਚ ਫਾਂਸੀ ਦੀ ਸਜਾ ਸੁਣਾਈ ਗਈ ਜਿਸ ਨੂੰ ਬਾਅਦ ਵਿੱਚ ਉਮਰ ਕੈਦ ਵਿੱਚ ਤਬਦੀਲ ਕਰ ਦਿੱਤਾ ਗਿਆ। ਉਨ੍ਹਾਂ ਨੇ 6 ਸਾਲ ਅੰਡੇਮਾਨ ਅਤੇ ਬਾਅਦ ਵਿੱਚ ਵੱਖ ਵੱਖ ਜੇਲ੍ਹਾਂ ਵਿਚ ਕੁੱਲ 26 ਸਾਲ ਕੈਦ ਕੱਟੀ। ਇਸ ਦੌਰਾਨ ਉਹ ਕਿਰਤੀ ਕਿਸਾਨ ਪਾਰਟੀ ਵਿਚ ਸਾਮਲ ਹੋ ਗਏ ਅਤੇ ਕੁੱਲ ਹਿੰਦ ਕਿਸਾਨ ਸਭਾ ਦੇ ਪ੍ਰਧਾਨ ਬਣੇ। ਬਾਅਦ ਵਿੱਚ ਉਹ ਕਮਿਊਨਿਸਟ ਪਾਰਟੀ ਆਫ ਇੰਡੀਆ ਵਿੱਚ ਸਾਮਲ ਹੋਏ। ਆਜਾਦੀ ਤੋਂ ਬਾਅਦ ਕਮਿਊਨਿਸਟ ਪਾਰਟੀ 'ਤੇ ਲੱਗੀ ਪਾਬੰਦੀ ਕਾਰਨ ਉਹ ਯੋਲ ਕੈਂਪ ਡਲਹੌਜੀ ਵਿੱਚ ਕੈਦ ਰਹੇ। ਇਸ

(ਬਾਕੀ ਸਫ਼ਾ 25 'ਤੇ)




HOMELIFE HIGHER STANDARDS
HOMELIFE SILVERCITY REALTY INC.
BROKERAGE Independently Owned & Operated
Harbans Singh
Sales Representative
416-817-7142
905-913-8500
dharbans@hotmail.com
11775 Bramalea Rd., Unit #201, Brampton L6R3S7

EXPERIOR FINANCIAL GROUP INC
Representing Many financial institutions
SuperVisa, Life Insurance
Disability, Critical Illness, Health
SPECIAL DISCOUNT
FOR VISITORS, TRUCKERS, WORK PERMIT, REFUGE & INTERNATIONAL STUDENTS
LOWEST RATES FREE QUOTE Call
Call: 416.209.6363



Hardeep Atwal
Sr. Financial Advisor

DM TRANSPORT
ace ACI US&Canada Bonded
Bob Dhaliwal
President
Phone# 1-844-820-3434 EXT 112
647-554-9723
Fax # 1-416-981-3515
19 Wheeler Dr
Bolton, ON L7E4H8
Email : bob@dmtransport.ca
Web : www.dmtransport.ca

Hiring AZ drivers and owner operator







Description
We're currently hiring AZ drivers and O/O for Long haul to California and Midwest ( Flatbed) and Dryvan and reefer (Midwest)
What we are offering:
• Great Pay • Great work environment • Consistent work & and miles! • Scale bypass
Requirements for our AZ Truck Driver positions:
• Valid AZ license • Previous 2 Year min Experience moving a tractor trailer • Clean Abstract & Commercial Driving record • Clean Criminal Background.
For further details on hiring, please apply directly & we will be in touch. Feel free to e-mail your resume at BOB@DMTRANSPORT.CA or call me Bob 416-318-5032

## ਅਨੀਤਾ ਸ਼ਬਦੀਸ਼ ਦੇ ਕੈਨੇਡਾ ਭਰ 'ਚ ਸੋਲੋ ਨਾਟਕ



ਕੈਲਗਰੀ : ਅਨੀਤਾ ਸ਼ਬਦੀਸ਼ ਵਿਸ਼ੇਸ਼ ਤੌਰ 'ਤੇ 10 ਮਾਰਚ ਨੂੰ ਕੈਨੈਡਾ ਪੁੱਜ ਰਹੇ ਹਨ। ਉਨ੍ਹਾਂ ਦੇ ਕੈਨੇਡਾ ਵਿਚ ਵੱਖ-ਵੱਖ ਸ਼ਹਿਰਾਂ ਵਿਚ ਸੋਲੋ ਨਾਟਕ ਕਰਵਾਏ ਜਾ ਰਹੇ ਹਨ। ਉਨ੍ਹਾਂ ਦਾ ਪਹਿਲਾ ਨਾਟਕ 12 ਮਾਰਚ ਦੁਪਹਿਰ ਡਾਊਨ ਟਾਊਨ ਲਾਇਬ੍ਰੇਰੀ ਕੈਲਗਰੀ ਵਿਖੇ ਹੋਵੇਗਾ, ਦੂਜਾ ਨਾਟਕ 18 ਮਾਰਚ ਨੂੰ ਵਿਨੀਪੈਗ, 25-26 ਮਾਰਚ ਨੂੰ ਟੋਰਾਂਟੋ (ਬਰੈਂਪਟਨ) ਅਤੇ 9 ਅਪ੍ਰੈਲ ਨੂੰ ਸਰੀ ਵਿਖੇ ਹੋਵੇਗਾ। ਇਸ ਸਬੰਧੀ ਕਮਲਪ੍ਰੀਤ ਪੰਧੇਰ ਕੈਲਗਰੀ ਨੇ ਪ੍ਰੈਸ ਜਾਣਕਾਰੀ ਦਿੰਦਿਆਂ ਦੱਸਿਆ ਕਿ ਨਾਟਕ ਬਾਰੇ ਸਮਾਂ ਅਤੇ ਸਥਾਨ ਸਬੰਧੀ ਪੂਰੀ ਜਾਣਕਾਰੀ ਅਗਲੇ ਅੰਕ ਵਿਚ ਦਿੱਤੀ ਜਾਵੇਗੀ। ਇਸ ਬਾਰੇ ਹੋਰ ਜਾਣਕਾਰੀ ਲਈ ਕੈਲਗਰੀ ਮਾਸਟਰ ਭਜਨ ਗਿੱਲ (403-455-4220), ਹਰਚਰਨ ਪਰਹਾਰ (403-681-8689), ਵਿਨੀਪੈਗ ਹਰਨੇਕ ਧਾਲੀਵਾਲ (1-204-488-6960), ਟੋਰਾਂਟੋ (ਬਰੈਂਪਟਨ) ਬਲਜਿੰਦਰ ਲੇਲਣਾ (1-416-677-1555), ਸਰੀ ਗੁਰਦੀਪ ਭੁੱਲਰ (1-604-338-6046)


# ਕੌਮਾਂਤਰੀ ਵਿਦਿਆਰਥੀਆਂ ਦੇ ਅਧਾਰਿਤ ਦਸਤਾਵੇਜ਼ੀ ਫਿਲਮ ਪੌੜੀ 11 ਫਰਵਰੀ ਨੂੰ ਕੈਲਗਰੀ 'ਚ ਦਿਖਾਈ ਜਾਵੇਗੀ

## ਜੈਨਸਿਸ ਸੈਂਟਰ ਵਿੱਚ ਹੋਵੇਗੀ ਪੇਸ਼ਕਾਰੀ,ਦਾਖਲਾ ਮੁਫ਼ਤ



ਕੈਲਗਰੀ : ਕਈ ਨਾਮਵਰ ਦਸਤਾਵੇਜ਼ੀ ਫਿਲਮਾਂ ਦਾ ਨਿਰਮਾਣ ਕਰ ਚੁੱਕੇ ਨਵਲਪ੍ਰੀਤ ਰੰਗੀ ਦੁਆਰਾ ਹਾਲ ਹੀ ਬਣਾਈ ਗਈ ਦਸਤਾਵੇਜ਼ੀ ਫਿਲਮ ਪੌੜੀ ਕੈਲਗਰੀ ਵਿੱਚ 11 ਫਰਵਰੀ (ਸ਼ਨੀਵਾਰ) ਨੂੰ ਬਾਅਦ ਦੁਪਹਿਰ 2:30 ਵਜੇ ਜੈਨਸਿਸ ਸੈਂਟਰ ਦੇ ਮਲਟੀਪਰਪਜ਼ ਹਾਲ ਵਿੱਚ ਦਿਖਾਈ ਜਾਵੇਗੀ। ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ, ਸਿੱਖ ਵਿਰਸਾ ਇੰਟਰਨੈਸ਼ਨਲ ਅਤੇ ਯੰਗਸਿਤਾਨ ਕੈਲਗਰੀ ਵਲੋਂ ਸਾਂਝੇ ਤੌਰ 'ਤੇ ਇਸ ਫਿਲਮ ਦੀ ਪੇਸ਼ਕਾਰੀ ਦੀ ਮੇਜ਼ਬਾਨੀ ਕੀਤੀ ਜਾ ਰਹੀ ਹੈ ਅਤੇ ਇਸ ਲਈ ਦਾਖਲਾ ਮੁਫਤ ਹੋਵੇਗਾ। ਇਸ ਮੌਕੇ ਫਿਲਮ ਦੇ ਨਿਰਦੇਸ਼ਕ ਨਵਲਪ੍ਰੀਤ ਰੰਗੀ ਵੀ ਹਾਜ਼ਰ ਹੋਣਗੇ। ਇਸ ਦੀਆਂ ਤਿਆਰੀਆਂ ਸੰਬੰਧੀ 29 ਜਨਵਰੀ (ਐਤਵਾਰ) ਨੂੰ ਹੋਈ ਮੀਟਿੰਗ ਵਿੱਚ ਤਿੰਨੇ ਜੱਥੇਬੰਦੀਆਂ ਨੇ ਮੈਂਬਰਾਂ ਨੇ ਭਾਗ ਲਿਆ।

ਮਾਸਟਰ ਭਜਨ ਗਿੱਲ ਨੇ ਇਸ ਮੀਟਿੰਗ ਤੋਂ ਬਾਅਦ ਦੱਸਿਆ ਕਿ ਕੈਨੇਡਾ ਭਰ ਵਿੱਚ ਇਸ ਸਮੇਂ ਕੌਮਾਂਤਰੀ ਵਿਦਿਆਰਥੀ ਪੜ੍ਹਨ ਤੋਂ ਇਲਾਵਾ ਇਸ ਮੁਲਕ ਦੇ ਪੱਕੇ ਵਸਨੀਕ ਬਣਨ ਲਈ ਵੱਡੀ ਗਿਣਤੀ ਵਿੱਚ ਆ ਰਹੇ ਹਨ। ਉਹਨਾਂ ਕਿਹਾ ਕਿ ਇਸ ਪਰਵਾਸ ਦਾ ਇੱਕ ਦੁਖਦਾਈ ਪਹਿਲੂ ਇਹ ਹੈ ਕਿ ਇਹਨਾਂ ਵਿੱਚੋਂ ਵੱਡੀ ਗਿਣਤੀ ਵਿੱਚ ਵਿਦਿਆਰਥੀ ਤਣਾਓ ਵਿੱਚੋਂ ਗੁਜ਼ਰਦੇ ਹਨ ਅਤੇ ਕਈ ਮੌਤ ਦੇ ਮੂੰਹ ਵਿੱਚ ਵੀ ਪੈ ਰਹੇ ਹਨ। ਇਹਨਾਂ ਵਿਦਿਆਰਥੀਆਂ ਦੇ ਹਾਲਾਤਾਂ ਨੂੰ ਪੇਸ਼ ਕਰਦੀ ਦਸਤਾਵੇਜ਼ੀ ਫਿਲਮ ਵੈਨਕੂਵਰ ਵਾਸੀ ਨਵਲਪ੍ਰੀਤ ਰੰਗੀ ਦੁਆਰਾ ਤਿਆਰ ਕੀਤੀ ਗਈ ਹੈ। ਨਵਲਪ੍ਰੀਤ ਰੰਗੀ ਨੇ ਦੱਸਿਆ ਕਿ ਉਤਰੀ ਅਮਰੀਕਾ ਦੇ ਕਈ ਸ਼ਹਿਰਾਂ ਵਿੱਚ ਉਹ ਇਸ ਫਿਲਮ ਦੀ ਪੇਸ਼ਕਾਰੀ ਕਰਨ ਤੋਂ ਇਲਾਵਾ ਲੋਕਾਂ ਨਾਲ ਸੰਵਾਦ ਰਚਾ ਚੁੱਕੇ ਹਨ। ਉਹਨਾਂ ਕੈਲਗਰੀ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ 11 ਫਰਵਰੀ ਦੇ ਸ਼ੋਅ ਵਿੱਚ ਸ਼ਾਮਲ ਹੋ ਕੇ ਇਸ ਮੁੱਦੇ ਤੇ ਆਪਣੇ ਵਿਚਾਰ ਰੱਖਣ। ਮੀਟਿੰਗ ਵਿੱਚ ਹਰਚਰਨ ਸਿੰਘ ਪਰਹਾਰ, ਕਮਲਪ੍ਰੀਤ ਪੰਧੇਰ, ਕਮਲ ਸਿੱਧੂ, ਗੋਪਾਲ ਜੱਸਲ, ਜਗਰੂਪ ਧਾਲੀਵਾਲ, ਗੁਰਦੀਪ ਕੌਰ ਪਰਹਾਰ, ਜਸ ਲੰਮੇ, ਕਿਰਨ ਢੁੱਡੀਕੇ, ਸੁਖਵੀਰ ਗਰੇਵਾਲ, ਕਮਲਜੀਤ ਗਰੇਵਾਲ ਹਾਜ਼ਰ ਸਨ। ਇਸ ਬਾਰੇ ਹੋਰ ਜਾਣਕਾਰੀ ਲਈ ਮਾਸਟਰ ਭਜਨ ਗਿੱਲ (403-455-4220) ਹਰਚਰਨ ਪਰਹਾਰ(403-681-8689) ਜਾਂ ਸੁਖਵੀਰ ਗਰੇਵਾਲ (403-402-0770) ਨਾਲ਼ ਸੰਪਰਕ ਕੀਤਾ ਜਾ ਸਕਦਾ ਹੈ।

Top Quality Windows and Doors
Professional Windows And Doors Installation
Best Price And Service Guaranteed
Cell : 647 830 7615 Denys | 647 572 5872 Yuriy
TopQualityWD.ca | TopQualityWD@Hotmail.com | Fax : 647 931 7363

ਗੋਰਕੀ ਪ੍ਰਕਾਸ਼ਨ
ਲੁਧਿਆਣਾ
ਪੰਜਾਬੀ, ਹਿੰਦੀ, ਅੰਗਰੇਜ਼ੀ ਵਿੱਚ ਕਿਤਾਬਾਂ ਛਪਵਾਉਣ ਲਈ ਸੰਪਰਕ ਕਰੋ
94176-42785
77172-45945
ਨੋਟ : ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਸਾਹਿਤ ਉਪਲਬਧ
ਸ਼ਹੀਦ ਭਗਤ ਸਿੰਘ ਬੁੱਕ ਸੈਂਟਰ, ਦੁਕਾਨ ਨੰਬਰ-7, ਪੰਜਾਬੀ ਭਵਨ, ਲੁਧਿਆਣਾ

ਮੋ: 94176-42785
84276-18686
62800-68493
ਮਾ. ਹਰੀਸ਼ ਮੋਦਗਿੱਲ
ਸ਼ਹੀਦ ਭਗਤ ਸਿੰਘ ਬੁੱਕ ਸੈਂਟਰ
ਦੁਕਾਨ ਨੰ: 7, ਪੰਜਾਬੀ ਭਵਨ, ਲੁਧਿਆਣਾ-141001
ਘਰ-ਪਿੰਡ ਤੇ ਡਾਕ ਪੱਖੋਵਾਲ, ਲੁਧਿਆਣਾ-141108
hmpkwl@gmail.com



Best Mobile Signs
All kinds of mobile sign board
best mobile sign
call for yours
Kamal Sidhu
403-966-7167 bestmobilesigns@gmail.com

GALAXY Freightline Inc.
Logistics Ltd Calgary Alberta
Warehousing / Distribution
Ajay pal Manager 604-653-7841
Jatinder Singh Manager 403-992-0004
Office : 416-644-8881
7270 106 Ave SE Calgary, AB T2C 4Y5

ਪਰਮਿੰਦਰ ਸਿੰਘ

# ਕੈਨੇਡਾ ਦੇ ਸੁਪਨੇ




ਅੱਜ ਪੰਜਾਬ ਦੇ ਹਾਲਾਤ ਇਹ ਨੇ ਕਿ ਲੋਕ ਆਪਣੇ ਧਾਰਮਿਕ, ਆਰਥਿਕ ਤੇ ਪਰਿਵਾਰਕ ਪਿਛੋਕੜ ਨੂੰ ਘੋਖੇ ਬਿਨਾਂ... ਬਿਨਾਂ ਵਿਚਾਰੇ... ਰੀਸੋ ਰੀਸ ਦੂਜਿਆਂ ਮਗਰ ਲੱਗ ਕੇ 17-18 ਸਾਲ ਦੇ ਜੁਆਕਾਂ ਦੀ ਜਿਦ ਕਰਕੇ ਬਾਹਰਲੇ ਮੁਲਕਾਂ ਨੂੰ ਭੇਜੀ ਜਾ ਰਹੇ ਹਨ। ਕਹਿੰਦੇ ਪੰਜਾਬ ਹੁਣ ਸੁਰੱਖਿਅਤ ਨਹੀਂ ਰਿਹਾ...ਨਸ਼ਾ ਬਹੁਤ ਹੈ...ਕੀ ਕਨੇਡਾ ਅਮਰੀਕਾ ਸੁਰੱਖਿਅਤ ਹੈ...ਇੱਥੇ ਨਸ਼ਾ ਨਹੀਂ ਹੈ...ਇਥੇ ਤਾਂ ਹਾਲਾਤ ਪੰਜਾਬ ਨਾਲੋਂ ਵੀ ਬਦਤਰ ਹਨ...ਨਸ਼ਾ on call ਘਰੇ Deliver ਹੁੰਦਾ...ਗੱਲ ਨੂੰ ਸਮਝਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ...17-18 ਸਾਲ ਚ ਬੱਚਾ ਭਾਵੇਂ ਸਰੀਰਕ ਤੌਰ ਤੇ ਕੰਮ ਲਈ ਤਿਆਰ ਹੋ ਚੁਕਾ ਹੁੰਦਾ...ਪਰ ਮਾਨਸਿਕ ਤੌਰ ਤੇ ਸਮਾਜ ਦੀ ਸੋਝੀ ਨਹੀਂ ਆਈ ਹੁੰਦੀ...ਆਪਦੇ ਦੋਸਤਾਂ ਦੀਆਂ ਫੇਸ ਬੁੱਕ ਤੇ ਕਰਜੇ ਤੇ ਲਈਆਂ ਕਾਰਾਂ ਮੂਹਰੇ...ਬੀਚ ਦੇ ਕੰਢੇ ਤੇ ਖੜਕੇ...ਮੂਹਰੇ ਕੇਕ ਰੱਖ ਪਾਰਟੀ ਕਰਦਿਆਂ ਦੀਆਂ...ਬੀਅਰ ਪੀਂਦਿਆਂ ਦੀਆਂ ਪਾਈਆਂ ਫੋਟੋਆਂ ਵੇਖ... ਦਿਮਾਗ ਫੋਟੋਆਂ ਵਾਲੀ ਜਿੰਦਗੀ ਨੂੰ ਕਨੇਡਾ ਦਾ ਆਖਰੀ ਸੱਚ ਮੰਨ ਲੈਂਦਾ...ਜਦ ਕਨੇਡਾ ਪਹੁੰਚ ਜਿੰਦਗੀ ਦੀ ਅਸਲੀਅਤ ਤੇ ਸਖਤ ਹੱਢ ਭੰਨਵੀਂ ਮਿਹਨਤ ਵਾਲੇ ਪਾਸੇ ਨਾਲ ਵਾਹ ਪੈਂਦਾ ਤਾਂ ਕੱਚੀ ਉਮਰ ਦੇ ਬੱਚੇ ਡਿਪ੍ਰੈਸ਼ਨ ਦਾ ਸ਼ਿਕਾਰ ਹੋ ਜਾਂਦੇ ਨੇ...ਬੇਸਮੈਂਟ ਦਾ ਫਿਕਰ...ਰੋਟੀ ਪਾਣੀ ਦਾ ਫਿਕਰ...ਕੰਮ ਲੱਭਣ ਦਾ ਫਿਕਰ...ਪਹਿਲਾਂ ਪੜਾਈ ਪੂਰੀ ਕਰਨ ਦੀ ਫਿਕਰ...ਫਿਰ ਅਗਲੇ ਸਮੈਸਟਰ ਦੀ ਫੀਸ ਦਾ ਫਿਕਰ...ਫਿਰ ਪਿੱਛੇ ਜਮੀਨ ਗਹਿਣੇ ਰੱਖ ਚੁੱਕੇ ਕਰਜੇ ਦੇ ਲਾਹੁਣ ਦਾ ਫਿਕਰ...ਫਿਰ ਪੱਕੇ ਹੋਣ ਦਾ ਫਿਕਰ...ਪੜਾਈ ਤੋਂ ਬਾਅਦ ਰੂਲ ਬਦਲਣ ਤੇ ਇਕ Province (ਰਾਜ) ਤੋਂ ਦੂਜੇ ਰਾਜ ਚ ਜਾਕੇ ਪੱਕੇ ਹੋਣ ਦਾ ਫਿਕਰ...ਉਤੋਂ ਲੋਟੂ Employer ਵਲੋਂ ਕੰਮ ਦੇ ਦੱਬੇ ਪੈਸੇ ਦਾ ਫਿਕਰ ਤੇ ਗੁਸਾ...ਲੋਟੂ ਇੰਮੀਗਰੇਸ਼ਨ ਵਾਲਿਆਂ ਵਲੋਂ ਝੂਠੇ ਪੇਰੋਲ ਥੱਲੇ ਨਚੋੜੀ ਹੱਢ ਭੰਨਵੀਂ ਕਮਾਈ ਦੀ ਲੁੱਟ ...ਹਾਲਾਤ ਇੰਨੇ ਸੌਖੇ ਨਹੀਂ ਹਨ...ਪੜਾਈ ਪੂਰੀ ਹੋਣ ਤੇ ਪਿਛਿਉਂ ਫੁਕਰੇ ਮਾਪਿਆਂ ਦਾ ਦਿਨ ਰਾਤ ਫੋਨ ਤੇ ਮਿਹਣਾ ਕਿ ਫਲਾਨਿਆਂ ਦੇ ਮੀਤੇ ਨੇ ਤਾਂ ਕੋਠੀ ਪਵਾਤੀ...ਜਮੀਨ ਲੈ ਲਈ...ਜਆਕ ਨੂੰ ਸੂਈ ਦੇ ਨੱਕੇ ਚੋਂ ਕੱਢਣ ਵਾਲਾ ਕੰਮ ਹੈ...ਬੱਚੇ ਨਸ਼ੇ ਕਰਨ ਲੱਗ ਜਾਂਦੇ ਨੇ...ਨਤੀਜੇ ਵੱਡੇ ਚੈਕ ਲਈ ਦਿਨ ਰਾਤ ਬਿਨਾਂ ਆਰਾਮ ਕੀਤੇ ਟਰੱਕ ਧੂਈ ਫਿਰਨਾ...ਅਖੀਰ ਉਨੀਂਦਰੇ ਹੋ ਐਕਸੀਡੈਂਟ ਚ ਮਾਰੇ ਜਾਣਾ...ਹਕੀਕਤ ਕੋਈ ਨਹੀਂ ਦੱਸਦਾ... ਮਿਹਨਤੀ ਜੁਆਕ ਧੀਆਂ ਮਿਲਦੇ ਨੇ...ਉਹਨਾਂ ਨੇ ਬਾਪ ਦਾ ਕਰਜਾ ਲਾਹਿਆ...ਘਰ ਪਾਏ...ਭੈਣਾਂ ਵਿਆਹੀਆਂ ...30-32 ਸਾਲ ਦੇ ਹੋਕੇ ਵਿਆਹ ਕਰਵਾਏ...ਜਰੂਰੀ ਨਹੀਂ ਸਾਰੇ ਬੱਚੇ ਉਹ ਪ੍ਰੈਸ਼ਰ ਝੱਲਣ ਲਈ ਤਿਆਰ ਹੋਣ...ਇਹ ਫਾਰਮੂਲਾ ਸਭ ਤੇ ਲਾਗੂ ਹੋਵੇ...ਬੱਚੇ ਨੂੰ ਕਨੇਡਾ ਭੇਜਣ ਤੋਂ ਪਹਿਲਾਂ ਆਪਦੇ ਪਰਿਵਾਰਕ ਤੇ ਆਰਥਿਕ ਹਾਲਤ ਜਰੂਰ ਘੋਖੋ...ਤੁਸੀਂ ਕਾਹਦੇ ਮਾਂ ਪਿਉ ਹੋ...ਜੋ ਬੱਚੇ ਦਾ ਬੁਰਾ ਭਲਾ ਹੀ ਨਹੀਂ ਸੋਚ ਸਕਦੇ... ਕਨੇਡਾ, ਅਸਟਰੇਲੀਆ ਦੀਆਂ ਸਰਕਾਰਾਂ ਨੇ ਕੀ ਲੈਣਾ ਪਿੱਛੇ ਕੀ ਚੱਲ ਰਿਹਾ...ਉਹਨਾਂ ਨੂੰ ਤਾਂ ਅੰਗ੍ਰੇਜੀ ਬੋਲਣ ਵਾਲੀ ਲੇਬਰ ਚਾਹੀਦੀ ਹੈ...ਲੇਬਰ ਪਹਿਲਾਂ ਹਜਾਰਾਂ ਫੂਕ IELTS ਕਰਦੀ ਹੈ...ਅਰਬਾਂ ਦਾ ਧੰਦਾ ਹੈ...Embassy ਵੀਜੇ ਦੇਕੇ ਫੀਸ ਲੈਂਦੀਆਂ....ਅਰਬਾਂ ਦਾ ਕਾਰੋਬਾਰ... ਅਗਲਿਆਂ ਦੇ ਡੈਡ ਹੋ ਚੁਕੇ ਕਾਲਜ ਚਲਦੇ ਨੇ...Laptop ਵਿਕਦੇ ਨੇ...ਕਿਤਾਬਾਂ ਵਿਕਦੀਆਂ...ਗੱਡੀਆਂ ਵਿਕਦੀਆਂ 15-20% ਵਿਆਜ ਤੇ...ਕੱਪੜਾ ਵਿਕਦਾ.... ਫੋਨ ਵਿਕਦੇ ਨੇ...Drug ਵਿਕਦੀ ਹੈ...ਸਾਡੇ ਧੀ ਪੁੱਤ ਜੰਮ ਕੇ ਪਾਲ ਪੋਸਕੇ,ਪੜਾ ਲਿਖਾਕੇ ਆਪਦੇ ਧਰਮ ਦੇ ਸੰਸਕਾਰ ਕਦਰਾਂ ਕੀਮਤਾਂ ਦੇ ਹੱਥੀਂ ਚਾਵਾਂ ਨਾਲ ਵਿਆਹ ਕੇ ਤੋਰਨ ਦਾ ਰਿਵਾਜ ਆ...ਤੁਸੀਂ ਬਾਹਰ ਦੇ ਨਾਂ ਤੇ ਅੰਨੇ ਹੋਏ 17 ਸਾਲ ਦੀਆਂ ਬੱਚੀਆਂ ਨੂੰ ਆਪ ਤੋਂ ਤੋੜਕੇ ਬਾਹਰ ਸੁੱਟੀ ਜਾ ਰਹੇ ਹੋ...ਇਸ ਉਮਰ ਚ ਬੱਚੀਆਂ ਤੇ ਮੁੰਡਿਆ ਚ ਸਰੀਰਕ ਤਬਦੀਲੀਆਂ ਆ ਰਹੀਆਂ ਹੁੰਦੀਆਂ ਨੇ...ਉਹਨਾਂ ਨੂੰ ਜੰਮਣ ਵਾਲਿਆਂ ਤੋਂ ਬਿਨਾਂ ਕੋਈ ਹੋਰ ਸਹੀ ਸੇਧ ਨੀ ਦੇ ਸਕਦਾ...ਕੀ ਸਾਡੇ ਕੁਆਰੀ ਕੁੜੀ ਜਾਂ ਜੁਆਨ ਪੁੱਤ ਨੂੰ ਕਿਸੇ ਬੰਦੇ ਨਾਲ ਜਾਂ ਔਰਤ ਨਾਲ ਇਕੱਲੇ ਰਹਿਣ ਦੀ ਰੀਤ ਹੈ...ਰਿਵਾਜ ਹੈ...ਜੇ ਨਹੀਂ ਤਾਂ...ਪੰਜਾਬ ਤੋਂ Contract Marriage ਰਾਹੀਂ ਆਏ ਆ ਕੁਝ ਨਹੀਂ ਕਰ ਰਹੇ...ਬੱਚੀਆਂ ਦਾ ਮਾਨਸਿਕ ਤੇ ਸ਼ਰੀਰਕ ਸ਼ੋਸ਼ਣ ਹੋ ਰਿਹਾ...ਉਹ ਡਰਦੀਆਂ ਚੁੱਪ ਕਰ ਜਾਂਦੀਆ...ਅਸੀਂ ਮਾਂ ਬਾਪ ਹੋਣ ਦੀ ਜਿੰਮੇਵਾਰੀ ਤੋਂ ਭੱਜ ਰਹੇ ਹਾਂ....ਅੱਜ ਦੇ ਤੇ 20 ਸਾਲ ਪਹਿਲਾਂ ਦੇ ਕਨੇਡਾ ਚ ਜਮੀਨ ਆਸਮਾਨ ਦਾ ਫਰਕ ਹੈ। ਹੁਣ ਹਾਲਾਤ ਬਦਲ ਗਏ ਹਨ...ਮਾਂ ਬਾਪ ਤਾਂ ਜਹਾਜ ਚੜਾ ਸੁਰਖੁਰੂ ਹੋ ਗਿਆ ਕਿ ਜਿਹੜਾ ਵਿਆਹ ਤੇ ਲਾਉਣਾ ਸੀ...ਬਾਹਰ ਭੇਜਣ ਤੇ ਲਾਤਾ...ਕਈ ਮਾਂ ਬਾਪ ਆਪਦੀ ਨਾਕਾਬਲੀਅਤ ਨੂੰ ਜੁਆਕਾਂ ਨੂੰ ਬਾਹਰ ਭੇਜ ਲੁਕਾਉਣ ਨੂੰ ਫਿਰਦੇ ਨੇ...ਉਹਨਾਂ ਰਾਹੀਂ ਆਪਦੇ ਅਰਮਾਨ ਇਛਾਵਾਂ ਪੂਰੀਆਂ ਕਰਨ ਨੂੰ ਫਿਰਦੇ ਨੇ...ਨਤੀਜਾ...ਸਾਰਾ ਭਾਰ ਜੁਆਕਾਂ ਤੇ ਪੈ ਰਿਹਾ...ਜੁਆਕ ਬੌਂਦਲੇ ਫਿਰਦੇ ਨੇ...ਗੱਲ ਦੀ ਗਹਿਰਾਈ ਨੂੰ ਸਮਝਣ ਦੀ ਲੋੜ ਹੈ...ਬੱਚੇ Emotionally Black mail ਹੋ ਰਹੇ ਨੇ...ਵਰਤੇ ਜਾ ਰਹੇ ਨੇ...12 ਪਾਸ ਨਿਰੋਲ ਲੇਬਰ ਕਲਾਸ ਹੈ...ਇਹਨਾਂ ਨੂੰ ਆਪਦਾ ਧਰਮ,ਵਿਰਸਾ ਸਮਾਜ ਦੀ ਬਣਤਰ, ਸਮਾਜ ਦੇ ਨਿਯਮ ਦੱਸੋ...ਪਰਿਵਾਰਕ ਕਦਰਾਂ ਕੀਮਤਾਂ ਦਿਉ...ਨਹੀਂ ਤਾਂ ਇਹ ਭਟਕ ਜਾਣਗੇ...ਇਹ ਜੁਆਕ ਥੋਡਾ ਅੰਸ਼ ਵੰਸ ਨੇ ਰੋਲੋ ਨਾ...


ਜਿਸ ਬੰਦੇ ਦਾ ਪੰਜਾਬ ਚ ਸਰਦਾ...ਭੁਲਕੇ ਵੀ ਨਾ ਭੇਜੋ...ਜੇ ਭੇਜਣਾ ਹੀ ਹੈ ਤਾਂ ਡਿਗਰੀ ਡਿਪਲੋਮੇ ਕਰਾਕੇ Trade courses ਦੀ ਪੜਾਈ Plumber, Electrician, Welder, Auto, AC, Truck Mechanic ਦੀ ਪੜ੍ਹਾਈ ਚ ਭੇਜੋ...ਤਾਂ ਕਿ ਰੁਲਣ ਤੋਂ ਬਚਿਆ ਜਾ ਸਕੇ...ਜਿਵੇਂ ਫੁਕਰੇ ਲੋਕਾਂ ਦੀ ਪੰਜਾਬ ਚ ਬਹੁਤਾਤ ਹੈ...ਉਵੇਂ ਫੁਕਰੇ students ਦੀ ਵੀ ਕਨੇਡਾ ਚ ਭਰਮਾਰ ਹੈ...ਉਹ ਬਾਹਰ ਆ ਤਾਂ ਗਏ...ਪਰ ਲੱਛਣ ਉਹੀ ਨੇ...ਜੇ ਕੋਈ ਰਿਸ਼ਤੇਦਾਰ ਟੋਕਦਾ ਇਹ ਪੰਜਾਬ ਬੈਠੀ ਮਾਂ ਨੂੰ ਫੋਨ ਕਰਕੇ ਉਸ ਚਾਚੇ, ਮਾਮੇ, ਫੁੱਫੜ ਵਿਰੁੱਧ ਗੁਮਰਾਹਕੁਨ ਪ੍ਰਚਾਰ ਕਰਦੇ ਨੇ...ਰਿਸ਼ਤੇਦਾਰ ਘਰ ਬਣੀ ਦਾਲ ਸਬਜ਼ੀ ਦਾ ਮੈਨਊ ਪਿੱਛੇ ਮਾਂ ਨੂੰ ਦੱਸਣਗੀਆਂ ਅੱਜ ਕੀ ਬਣਿਆ...ਜਿਵੇਂ ਪਿੱਛੇ ਰੋਜ ਤਰੀ ਆਲਾ ਖਾਂਦੀਆਂ ਆਈਆਂ ਹੋਣ...18-20% ਵਿਆਜ ਤੇ ਖਰੀਦੀਆਂ ਕਾਰਾਂ ਨਾਲ ਸਮਾਜ ਚ ਰੁਤਬਾ ਲੈਣ ਨੂੰ ਫਿਰਦੇ ਨੇ...ਆਏ ਮਹੀਨੇ ਕਾਰਾਂ ਦੀਆਂ ਟੁਟੀਆਂ ਕਿਸ਼ਤਾਂ ਦੀਆਂ ਚਿੱਠੀਆਂ ਲੋਕਾਂ ਦੇ ਘਰਾਂ ਚ ਆਮ ਰੁਲਦੀਆਂ ਫਿਰਦੀਆਂ...ਬੈਂਕ ਅਕਾਊਂਟ ਚ ਦੁਆਨੀ ਨੀ ਹੁੰਦੀ...ਗੱਲ ਕਰਨਗੇ ਚੱਬ ਕੇ...ਇਹੋ ਜਿਹੀਆਂ ਨਾਲ ਆਲੀਆਂ ਫੁਕਰੀਆਂ... ਔਖੀਆਂ ਹੋ ਹੋ ਅੰਗ੍ਰੇਜੀ ਬੋਲਣਗੀਆਂ... Bob cut ਬਣਾ ਲੈਣ ਨਾਲ...ਕੰਨਾਂ ਦੇ ਪਿੱਛੇ ਐਨਕਾਂ ਟੰਗਣ ਨਾਲ...Tim Horton (ਚਾਹ ਦੀ ਦੁਕਾਨ) ਨੂੰ ਟਿੰਮੀ ਕਹਿ Drive through ਚਾਹ ਦਾ ਕੱਪ ਲੈਣ ਨਾਲ ...Macdonald ਨੂੰ Macdees ਕਹਿਣ ਨਾਲ...ਕਰਜੇ ਤੇ ਲਈਆਂ ਕਾਰਾਂ ਮੂਹਰੇ ਸੈਲਫੀਆਂ ਲੈ ਟਿਕ ਟਾਕ ਤੇ ਰੀਲਾਂ ਪਾਉਣ ਨਾਲ...ਪੈਰਾਂ ਚ ਜਰਾਬਾਂ ਨਾਲ ਗੁਸਲਖਾਨੇ ਆਲੀਆਂ ਚੱਪਲਾਂ ਪਾ...ਚੌਕਾਂ ਚ ਲਾਲ ਬੱਤੀ ਹੋਣ ਤੇ ਕਾਰਾਂ ਦੀਆਂ ਟਾਕੀਆਂ ਦੇ ਸ਼ੀਸ਼ੇ ਥੱਲੇ ਕਰ ਉਚੀ ਅਵਾਜ ਚ ਲੋਕਾਂ ਨੂੰ ਫੁਕਰੇ ਚਵਲ ਗਾਇਕਾਂ ਦੇ ਗਾਣੇ ਸੁਣਾਉਣ ਨਾਲ ਬੰਦਾ ਮਾਡਰਨ ਨੀ ਹੋ ਜਾਂਦਾ...ਇਹ ਸੋਚ ਦੇ ਦੀਵਾਲੀਆਪਣ ਦੀ ਨਿਸ਼ਾਨੀ ਹੈ...ਇਹ ਕੁਝ ਕਰਨ ਨਾਲ ਅਸੀਂ ਸਿੱਧ ਕਰ ਰਹੇ ਹਾਂ...ਕਿ ਅਸੀਂ ਸਮਾਜ ਦੀ ਲੇਬਰ ਕਲਾਸ ਹਾਂ...ਇਹੀ ਕੁਛ ਹੁੰਦਾ ਅਸੀਂ ਪਹਿਲਾਂ ਵੀ ਵੇਖਿਆ ਹੈ...ਪਹਿਲਾਂ ਇਹੀ ਕੁਝ ਸਾਡੇ ਪਿੰਡਾਂ ਆਲੀ ਮੋਟਰ ਤੇ ਯੂਪੀ, ਬਿਹਾਰ ਤੋਂ ਆਈ ਲੇਬਰ ਕਰਦੀ ਸੀ...ਸ਼ਾਮ ਨੂੰ ਨਾਹ ਕੇ ਪਿੰਡ ਦੀ ਦੁਕਾਨ ਤੋਂ ਸੌਦਾ ਲੈਣ ਆਇਆਂ ਦੇ ਮੋਢੇ ਟੰਗੇ ਰੇਡੀਉ 'ਚੋਂ ਉਚੀ ਆਵਾਜ ਚ ਇਹੀ ਹੁੰਦਾ ਸੀ...ਕਨੇਡਾ ਅਮਰੀਕਾ 'ਚ "ਯਾ ਮੈਨ" ਆਲੇ ਕਰਦੇ ਰਹੇ ਨੇ... ਫਰਕ ਸਿਰਫ ਇੰਨਾ ਕਿ ਸਮੇਂ ਦੇ ਨਾਲ ਸਿਰਫ ਪਾਤਰ ਬਦਲ ਗਏ ਨੇ ਤੇ ਹੁਣ ਅਸੀਂ ਕਰਨ ਲੱਗ ਪਏ ਹਾਂ...ਭਲਿਉ ਲੋਕੋ ਆਪਦੀ ਉਮਰ ਦੇ 12ਵੀਂ ਜਮਾਤ ਵਾਲੇ ਸਾਲ ਯਾਦ ਕਰੋ...ਥੋਨੂੰ ਕੀ ਅਕਲ ਸੀ ਸਮਾਜ ਬਾਰੇ...ਜੇ ਜੁਆਕ ਜਿਦ ਕਰਦਾ ਤਾਂ ਉਸਨੂੰ ਸਮਝਾਵੋ...ਬੈਠਕੇ ਗੱਲ ਕਰੋ...ਜਜਬਾਤੀ ਹੋ ਲਏ ਫੈਸਲੇ ਨੁਕਸਾਨ ਕਰਦੇ ਨੇ...ਬੱਚੇ ਲਈ ਇਸ ਉਮਰ ਚ ਠੀਕ ਗਲਤ ਦਾ ਫੈਸਲਾ ਕਰਨਾ ਮੁਸ਼ਕਿਲ ਹੈ...ਬਹੁਤੇ ਲੋਕਾਂ ਦੇ ਇੱਕ ਇੱਕ ਬੱਚਾ ਹੈ...ਇਹ ਨਾ ਹੋਵੇ ਕਿ ਕਨੇਡਾ ਦੇ ਚੱਕਰ ਚ ਔਲਾਦ ਵੀ ਗੁਆ ਲਵੋਂ ਤੇ ਆਪਦਾ ਬੁਢਾਪਾ ਵੀ ਰੁਲ ਜਾਵੇ...ਪਰ ਅਫਸੋਸ ਅੱਜ ਹੋ ਇਹੀ ਰਿਹਾ।

ਭੁੱਲ ਚੁੱਕ ਲਈ ਮਾਫੀ










# ਕਾਲੇਪਾਣੀ ਦਾ ਫਰਿਸਤਾ : ਡਾ. ਦੀਵਾਨ ਸਿੰਘ

ਮੇਰੇ ਅੰਦਰ ਕੁਝ ਅਜਿਹੇ ਸਿੱਖਾਂ ਦੀ ਸੂਚੀ ਹੈ ਜਿਹਨਾਂ ਦੀ ਜੀਵਨ ਗਾਥਾ ਪੜ੍ਹਨ, ਸੁਨਣ, ਜਾਨਣ ਨਾਲ ਮੈਨੂੰ ਪਤਾ ਲੱਗਾ ਕਿ ਸਿੱਖ ਹੋਣਾ ਕੀ ਹੁੰਦਾ ਹੈ। ਇਸ ਸੂਚੀ ਵਿਚ ਡਾ. ਦੀਵਾਨ ਸਿੰਘ ਕਾਲੇਪਾਣੀ ਦਾ ਨਾਂ ਹੁਣੇ ਹੁਣੇ ਜੁੜਿਆ ਹੈ। ਪੁਰਾਣੇ ਸਾਹਿਤ ਰਸੀਆਂ ਅਤੇ ਸਾਹਿਤ ਦੇ ਵਿਦਿਆਰਥੀਆਂ ਨੇ ਉਹਨਾਂ ਦਾ ਨਾਂ ਅਤੇ ਉਹਨਾਂ ਦੀਆਂ ਲਿਖਤਾਂ ਪੜ੍ਹੀਆਂ ਹੋਣਗੀਆਂ ਪਰ ਬਹੁਤ ਘੱਟ ਲੋਕਾਂ ਨੂੰ ਉਹਨਾਂ ਦੀ ਜੀਵਨ ਗਾਥਾ ਬਾਰੇ ਪਤਾ ਹੋਵੇਗੀ। ਮੈਨੂੰ ਵੀ ਇਹ ਥੋੜ੍ਹੇ ਦਿਨ ਪਹਿਲਾਂ ਹੀ ਪਤਾ ਲੱਗੀ ਹੈ।

ਪੱਛਮੀ ਪੰਜਾਬ ਦੇ ਸਿਆਲਕੋਟ ਜ਼ਿ?ਲੇ ਦੇ ਗੋਲਤੀਆਂ ਪਿੰਡ ਵਿਖੇ 1897 ਵਿਚ ਜਨਮੇ ਦੀਵਾਨ ਸਿੰਘ ਦੇ ਬਚਪਨ ਵਿਚ ਹੀ ਉਸਦੇ ਦੋਵੇਂ ਮਾਪੇ ਚਲਾਣਾ ਕਰ ਗਏ, ਚਾਚੇ ਅਤੇ ਦਾਦੀ ਨੇ ਪਾਲਿਆ, ਪੜ੍ਹਾਇਆ। ਨਾਲ ਦੇ ਪਿੰਡ ਦੇ ਸਕੂਲ ਤੋਂ ਮੁਢਲੀ ਸਿਖਆ ਉਪਰੰਤ ਇਸਾਈ ਮਿਸਨਰੀਆਂ ਵਲੋਂ ਡਸਕੇ ਵਿਖੇ ਚਲਾਏ ਜਾਂਦੇ ਸਕਾਚ ਮਿਡਲ ਸਕੂਲ ਵਿਚ ਦਾਖਲਾ ਲਿਆ। ਪੜ੍ਹਾਈ ਦੇ ਨਾਲ ਨਾਲ ਉਸ ਭਾਸਨ ਮੁਕਾਬਲਿਆਂ, ਡੀਬੇਟ ਅਤੇ ਨਾਟਕਾਂ ਵਿਚ ਵੀ ਹਿੱਸਾ ਲਿਆ, ਸਕੂਲ ਦਾ ਸਿਰ ਕੱਢਵਾਂ ਸਿਤਾਰਾ ਬਣ ਗਿਆ। ਉਸ ਨੂੰ ਇਸਾਈਆਂ ਵਿਚ ਸਾਡੇ ਵਾਂਗ ਜਾਤੀ ਵਿਤਕਰਾ ਨਾ ਹੋਣਾ ਬਹੁਤ ਚੰਗਾ ਲੱਗਦਾ। ਉਸ ਦੇ ਦਿਲ ਨੂੰ ਪ੍ਰਭੂ ਯਸੂ ਮਸੀਹ ਦੀਆਂ ਦੁਖੀਆਂ ਦੁਖਿਆਰਿਆਂ ਪ੍ਰਤੀ ਕਰੁਣਾ ਦੀਆਂ ਕਾਥਾਵਾਂ ਵੀ ਬਹੁਤ ਟੁੰਬਦੀਆਂ ਸਨ। ਬਾਲਕ ਦੀਵਾਨ ਸਿੰਘ ਇਹ ਪ੍ਰਭਾਵ ਘਰਦਿਆਂ ਨਾਲ ਸਾਂਝੇ ਕਰਦਾ ਤਾਂ ਉਹਨਾਂ ਨੂੰ ਸੰਕਾ ਹੁੰਦਾ, "ਮੁੰਡਾ ਕਿਤੇ ਇਸਾਈ ਹੀ ਨਾ ਬਣ ਜਾਵੇ!" ਇਸੇ ਡਰੋਂ ਉਸ ਨੂੰ ਅਗਲੀਆਂ ਜਮਾਤਾਂ ਵਿਚ ਪੜ੍ਹਨ ਲਈ ਸਿਆਲਕੋਟ 'ਚ ਨਵੇਂ ਖੁੱਲ੍ਹੇ ਖਾਲਸਾ ਹਾਈ ਸਕੂਲ ਵਿਚ ਦਾਖਲ ਕਰਾ ਦਿੱਤਾ ਗਿਆ। ਇਸ ਦੌਰਾਨ ਵੀ ਉਸ ਦੀ ਦੁਖੀਆਂ ਰੋਗੀਆਂ ਪ੍ਰਤੀ ਸੇਵਾ ਦੀ ਭਾਵਨਾ ਪ੍ਰਬਲ ਹੁੰਦੀ ਰਹੀ। ਇਸ ਲਈ ਉਹ ਡਾਕਟਰੀ ਦੀ ਪੜ੍ਹਾਈ ਲਈ ਆਗਰੇ ਦੇ ਮੈਡੀਕਲ ਕਾਲਜ ਵਿਚ ਪੜ੍ਹਨ ਚਲਾ ਗਿਆ। ਇਥੋਂ ਦੇ ਇਤਿਹਾਸਕ ਸਥਾਨਾਂ ਨੇ ਉਸ ਨੂੰ ਇਤਿਹਾਸ ਅਤੇ ਵੱਖ ਵੱਖ ਧਰਮਾਂ ਦੇ ਅਧਿਅਨ ਦੀ ਚੇਟਕ ਲਾ ਦਿੱਤੀ।

ਚਾਰ ਸਾਲ ਡਾਕਟਰੀ ਦੀ ਪੜ੍ਹਾਈ ਪੂਰੀ ਕਰਕੇ 1919 ਵਿਚ ਇੰਡੀਅਨ ਮੈਡੀਕਲ ਸਰਵਿਸਜ ਤਹਿਤ ਫੌਜ ਵਿਚ ਡਾਕਟਰ ਦੀ ਨੌਕਰੀ ਸੁਰੂ ਕੀਤੀ। ਪਹਿਲੀ ਨਿਯੁਕਤੀ ਰਾਵਲਪਿੰਡੀ ਵਿਖੇ ਹੋਈ। ਉਹ ਵੱਖ ਵੱਖ ਜਾਤਾਂ ਤੇ ਮਜਹਬਾਂ ਦੇ ਮਰੀਜਾਂ ਦੀ ਦੇਖ ਭਾਲ ਸਰਕਾਰੀ ਡਾਕਟਰ ਦੀ ਬਜਾਏ ਸੇਵਾਦਾਰ ਵਾਂਗ ਬਿਨਾਂ ਵਿਤਕਰੇ ਕਰਦੇ। ਜਦੋਂ ਲਾਹੌਰ ਨਿਯੁਕਤੀ ਹੋਈ ਤਾਂ ਵੱਡੇ ਕਵੀਆਂ, ਲੇਖਕਾਂ ਅਤੇ ਚਿੰਤਕਾਂ ਨਾਲ ਮੇਲ ਮਿਲਾਪ ਦੇ ਮੌਕੇ ਮਿਲੇ। ਮਹਾਤਮਾ ਗਾਂਧੀ ਦੇ ਸਮਰਥਕ ਵਿਚਾਰਵਾਨਾਂ ਦੀ ਸੰਗਤ ਨਾਲ ਉਹ ਪੂਰਨ ਸਵਰਾਜ ਦੇ ਵਿਚਾਰ ਦੇ ਧਾਰਨੀ ਬਣ ਗਏ। ਆਪਣੀ ਨੌਕਰੀ ਦੇ ਸਮੇਂ ਤੋਂ ਬਾਅਦ ਸਥਾਨਕ ਲੋਕਾਂ ਦਾ ਸੇਵਾ ਭਾਵਨਾ ਨਾਲ ਮੁਫਤ ਇਲਾਜ ਕਰਦੇ, ਦਵਾ ਦਾਰੂ ਦਾ ਕੋਈ ਪੈਸਾ ਨਾ ਲੈਂਦੇ। ਉਹ ਗਾਂਧੀ ਅਤੇ ਨਹਿਰੂ ਦੀਆਂ ਭਾਰਤ ਦੀ ਆਜਾਦੀ ਬਾਰੇ ਲਿਖਤਾਂ ਪੜ੍ਹਦੇ ਤੇ ਹੋਰਾਂ ਨੂੰ ਪੜ੍ਹਾਉਂਦੇ।

ਜਦੋਂ ਡਿਗਸੇਈ ਵਿਖੇ ਨਿਯੁਕਤ ਸਨ ਤਾਂ ਇਥੇ ਇੰਗਲੈਂਡ ਦੇ ਸਹਿਜਾਏ ਦੀ ਆਮਦ ਨੂੰ ਲੈ ਕੇ ਲੋਕਾਂ ਨੇ ਵਿਰੋਧ ਪ੍ਰਦਰਸਨ ਕੀਤਾ। ਸਰਕਾਰੀ ਡਾਕਟਰ ਦੀਵਾਨ ਸਿੰਘ ਨੇ ਨਾ ਕੇਵਲ ਇਸ ਵਿਚ ਹਿੱਸਾ ਲਿਆ ਸਗੋਂ ਪੂਰਨ ਸਵਰਾਜ ਦੀ ਹਮਾਇਤ ਵਿਚ ਭਾਸਨ ਵੀ ਦਿੱਤਾ। ਨਤੀਜਾ; ਨੌਕਰੀ ਤੋਂ ਮੁਅੱਤਲੀ, ਗ੍ਰਿਫਤਾਰੀ ਅਤੇ ਮੁਕੱਦਮਾ। ਪਰ ਉਹਨਾਂ ਦੀ ਹਰਮਨ ਪਿਆਰਤਾ ਕਾਰਨ ਕਿਸੇ ਨੇ ਉਹਨਾਂ ਵਿਰੁੱਧ ਗਵਾਹੀ ਨਾ ਦਿੱਤੀ। ਅਦਾਲਤ ਨੂੰ ਬਰੀ ਕਰਨਾ ਪਿਆ ਅਤੇ ਸਰਕਾਰ ਨੂੰ ਉਹਨਾਂ ਦੀ ਨੌਕਰੀ ਬਹਾਲ ਕਰਨੀ ਪਈ ਪਰ ਸਜਾ ਦੇ ਤੌਰ 'ਤੇ ਤਬਾਦਲਾ ਦੂਰ ਰੰਗੂਨ (ਬਰਮਾ) ਵਿਖੇ ਕਰ ਦਿੱਤਾ। ਇਸ ਸਜਾ ਨਾਲ ਅੰਗਰੇਜ ਸਰਕਾਰ ਦੇ ਸੀਨੇ ਠੰਡ ਨਹੀਂ ਪਈ ਕਿਉਂਕਿ ਡਾ. ਦੀਵਾਨ ਸਿੰਘ ਸਰਕਾਰੀ ਨੌਕਰੀ ਦੇ ਨਾਲ ਨਾਲ ਪ੍ਰਾਈਵੇਟ ਰੋਗੀਆਂ ਦੀ ਸੱਚੇ ਸਿੱਖ ਵਾਂਗ ਜੀਅ ਜਾਨ ਨਾਲ ਸੇਵਾ ਕਰਕੇ ਰੂਹਾਨੀ ਆਨੰਦ 'ਚ ਰਹਿੰਦੇ। ਸਰਕਾਰ ਦੀ ਏਨੀ ਕੁ ਸਖਤੀ ਉਹਨਾਂ ਅੰਦਰਲੇ ਦੇਸ ਪ੍ਰੇਮ ਅਤੇ ਆਜਾਦੀ ਪ੍ਰੇਮ ਨੂੰ ਮੋੜਾ ਨਾ ਦੇ ਸਕੀ। ਉਹਨਾਂ ਦੀ ਬਦਲੀ ਦੂਰ ਦੇ ਟਾਪੂ ਅੰਡੇਮਾਨ ਵਿਖੇ ਕਰ ਦਿੱਤੀ।

ਜਹਿ ਜਾਈਐ ਤਹਾਂ ਸੁਹੇਲੇ। ਸਫੈਦ ਕੁੜਤੇ ਅਤੇ ਖੁੱਲ੍ਹੇ ਸਫੈਦ ਪਜਾਮੇ ਵਾਲੇ ਡਾ. ਦੀਵਾਨ ਸਿੰਘ ਦਾ ਕਾਲੇਪਾਣੀ 'ਤੇ ਉਤਾਰਾ ਇਕ ਫਰਿਸਤੇ ਵਾਂਗ ਹੋਇਆ। ਉਹਨਾਂ ਦੇਖਿਆ ਕਿ ਚੀਫ ਕਮਿਸਨਰ ਤੋਂ ਲੈ ਕੇ ਹੇਠਲੇ ਸਿਪਾਹੀ ਤੱਕ ਦਾ ਆਮ ਲੋਕਾਂ ਪ੍ਰਤੀ ਸਲੂਕ ਵਧੀਆ ਨਹੀਂ ਸੀ। ਆਮ ਲੋਕ ਜ਼ਿਅਦਾਤਰ ਅੰਡੇਮਾਨ (ਕਾਲੇਪਾਣੀ) ਦੀਆਂ ਸਜਾਵਾਂ ਕੱਟ ਚੁੱਕੇ ਸਾਬਕਾ ਕੈਦੀ ਸਨ। ਇਥੋਂ ਦੇ ਗੁਰਦੁਆਰੇ ਵਿਚ ਵੀ ਸਿਰਫ ਪੁਲੀਸ ਅਤੇ ਦੂਸਰੇ ਸਰਕਾਰੀ ਅਫਸਰਾਂ ਅਤੇ ਕਰਮਚਾਰੀਆਂ ਨੂੰ ਹੀ ਵੜਨ ਦੀ ਆਗਿਆ ਸੀ। ਇਸ ਗੱਲ ਨੇ ਡਾਕਟਰ ਸਾਹਿਬ ਦੇ ਮਨ ਨੂੰ ਬਹੁਤ ਪੀੜਤ ਕੀਤਾ ਕਿ ਗੁਰਦੁਆਰਾ ਕੀ 'ਤੇ ਵਿਤਕਰਾ ਕੀ? ਉਹਨਾਂ ਸਭ ਨੂੰ




ਨਾਲ ਲੈ ਕੇ ਸਭ ਲਈ ਸਾਂਝਾ ਗੁਰਦੁਆਰਾ ਉਸਾਰਨ ਦਾ ਫੈਸਲਾ ਕੀਤਾ। ਉਸਾਰੀ ਨਿਰੋਲ ਕਾਰ ਸੇਵਾ ਰਾਹੀਂ ਹੋਈ। ਕਿਸੇ ਮਿਸਤਰੀ ਜਾਂ ਮਜਦੂਰ ਨੇ ਕੋਈ ਉਜਰਤ ਨਹੀਂ ਲਈ। ਡਿਪਟੀ ਕਮਿਸਨਰ ਦੀ ਆਗਿਆ ਨਾਲ ਸਜਾਵਾਂ ਕੱਟ ਰਹੇ ਬਹੁਤ ਸਾਰੇ ਕੈਦੀਆਂ ਨੇ ਵੀ ਪ੍ਰੇਮ ਸਹਿਤ ਇਸ ਕਾਰਜ ਵਿਚ ਹਿੱਸਾ ਲਿਆ। ਸਰਕਾਰੀ ਇਮਾਰਤਾਂ ਦੀ ਉਸਾਰੀ ਤੋਂ ਬਚੀ ਰਹਿੰਦ-ਖੂੰਹਦ ਲੱਕੜ ਇਸ ਦੀ ਵਰਤੋਂ ਵਿਚ ਲਿਆਂਦੀ ਗਈ (ਗੁਰਦੁਆਰੇ ਦੇ ਖੁੱਲ੍ਹੇ ਵਰਾਂਡੇ ਦੀਆਂ ਜੋੜਾਂ ਵਾਲੀਆਂ ਲੱਕੜ ਦੀਆਂ ਥੰਮੀਆਂ ਅੱਜ ਵੀ ਇਸ ਗੱਲ ਦੀ ਗਵਾਹੀ ਭਰਦੀਆਂ ਹਨ)। ਉਸਾਰੀ ਦੇ ਹੋਰ ਸਮਾਨ ਲਈ ਪੈਸੇ ਚਾਹੀਦੇ ਸਨ। ਡਾ. ਸਾਹਿਬ ਜਿਨ੍ਹਾਂ ਨੇ ਕਦੀ ਕਿਸੇ ਮਰੀਜ ਤੋਂ ਇਲਾਜ ਦਾ ਇਕ ਪੈਸਾ ਨਹੀਂ ਸੀ ਲਿਆ, ਹਰੇਕ ਨੂੰ ਆਪਣੀ ਸਰਧਾ ਅਤੇ ਸਮਰੱਥਾ ਅਨੁਸਾਰ ਯੋਗਦਾਨ ਪਾਉਣ ਲਈ ਕਿਹਾ। ਇਕ ਸਾਲ ਵਿਚ ਇਮਾਰਤ ਤਿਆਰ ਹੋ ਗਈ। ਪ੍ਰਬੰਧਕੀ ਕਮੇਟੀ ਵਿਚ 11 ਸਿੱਖ, 10 ਹਿੰਦੂ, 2 ਮੁਸਲਮਾਨ ਅਤੇ ਇੱਕ ਇਸਾਈ ਭਾਈਚਾਰੇ ਨਾਲ ਸਬੰਧਤ ਸੱਜਣ ਰੱਖੇ ਗਏ। ਪੋਰਟ ਬਲੇਅਰ ਦਾ ਇਹ ਗੁਰਦੁਆਰਾ ਗੁਰਬਾਣੀ ਪਾਠ, ਕਥਾ, ਕੀਰਤਨ ਦੇ ਨਾਲ ਨਾਲ ਸਾਂਝੇ ਤਿਉਹਾਰ ਮਨਾਉਣ ਅਤੇ ਸਾਂਝੀਆਂ ਸਭਾਵਾਂ ਕਰਨ ਵਾਲਾ ਸਥਾਨ ਬਣ ਗਿਆ।

ਉਹਨਾਂ ਦਾ ਅਗਲਾ ਟੀਚਾ ਅੰਡੇਮਾਨ ਵਿਚ ਵਿਦਿਆ ਦੇ ਪ੍ਰਸਾਰ ਲਈ ਮੁੰਡੇ ਕੁੜੀਆਂ ਲਈ ਸਾਂਝਾ ਸਕੂਲ ਤਿਆਰ ਕਰਨਾ ਸੀ ਜਿਸ ਵਿਚ ਦੂਰ ਦੁਰਾਡੇ ਦੇ ਬੱਚਿਆਂ ਦੇ ਠਹਿਰਨ ਲਈ ਹੋਸਟਲ ਦਾ ਪ੍ਰਬੰਧ ਵੀ ਹੋਵੇ। ਉਹਨਾਂ ਦਾ ਦ੍ਰਿੜ ਵਿਚਾਰ ਸੀ ਕਿ ਸਿੱਖਿਆ ਆਪਣੀ ਬੋਲੀ ਵਿਚ ਦਿੱਤੀ ਜਾਣੀ ਚਾਹੀਦੀ ਹੈ। ਪਹਿਲਾਂ ਹਿੰਦੀ ਮਾਧਿਅਮ ਸਕੂਲ ਸੁਰੂ ਕੀਤਾ। ਫਿਰ ਪੰਜਾਬੀ, ਤਮਿਲ, ਬੰਗਾਲੀ ਅਤੇ ਉਰਦੂ ਸਕੂਲ ਸੁਰੂ ਕੀਤੇ। ਕੰਮਕਾਜੀ ਬਾਲਗਾਂ ਲਈ ਈਵਨਿੰਗ ਸਕੂਲ ਚਾਲੂ ਕੀਤਾ। ਮੁਟਿਆਰਾਂ ਨੂੰ ਸਿਲਾਈ-ਕਢਾਈ ਅਤੇ ਹੋਰ ਹੁਨਰ ਸਿਖਾਉਣ ਵਾਲਾ ਵਕੇਸਨ ਸਕੂਲ ਸਥਾਪਤ ਕੀਤਾ। ਇੰਜ ਪੋਰਟ ਬਲੇਅਰ ਦੇ ਗੁਰਦੁਆਰੇ ਦੀ ਛਤਰ ਛਾਇਆ ਹੇਠ ਕਈ ਸਕੂਲ ਚੱਲਣ ਲੱਗ ਪਏ। ਗੁਰਦੁਆਰੇ ਦੇ ਨਾਲ ਲਗਦੀ ਜਮੀਨ ਵਿਚ ਮੁੰਡੇ ਕੁੜੀਆਂ ਦੇ ਖੇਡਣ ਲਈ ਵਿਸਾਲ ਗਰਾਉਂਡ ਤਿਆਰ ਕਰਾਇਆ। ਇਕ ਲਾਇਬ੍ਰੇਰੀ ਵੀ ਸਥਾਪਤ ਕੀਤੀ ਜਿਸਨੂੰ ਬਾਅਦ ਵਿਚ ਦੂਰ ਦਰਾਜ ਲੋਕਾਂ ਤੱਕ ਪਹੁੰਚਣ ਵਾਲੀ ਚਲਦੀ ਫਿਰਦੀ ਲਾਇਬ੍ਰੇਰੀ ਬਣਾਇਆ ਗਿਆ। ਇੰਜ ਬੜੇ ਥੋੜ੍ਹੇ ਸਮੇਂ ਵਿਚ ਪੋਰਟ ਬਲੇਅਰ ਦਾ ਗੁਰਦੁਆਰਾ ਧਾਰਮਿਕ ਸਰਗਰਮੀਆਂ ਦੇ ਨਾਲ ਨਾਲ ਇਲਾਕੇ ਵਿਚ ਸਮਾਜਿਕ, ਸੱਭਿਆਚਾਰਕ ਅਤੇ ਵਿਦਅਕ ਕਰਾਂਤੀ ਦਾ ਧੁਰਾ ਬਣ ਗਿਆ। ਆਪਣੀ ਬੋਲੀ ਅਤੇ ਸਾਹਿਤ ਪ੍ਰਤੀ ਲਗਾਓ ਅਤੇ ਪ੍ਰੇਮ ਹੋਣ ਦੇ ਨਤੀਜੇ ਵਜੋਂ ਡਾ. ਦੀਵਾਨ ਸਿੰਘ ਨੇ ਪੰਜਾਬੀ ਸੋਸਾਇਟੀ ਦਾ ਗਠਨ ਕੀਤਾ।ਉਹਨਾਂ ਦੀ ਸਾਇਰੀ ਦੀ ਕਿਤਾਬ 'ਵਗਦੇ ਪਾਣੀ' ਛਪੀ ਅਤੇ ਆਪਣੇ ਨਾਂ ਨਾਲ ਕਾਲੇਪਾਣੀ ਤਖੱਲੁਸ ਲਿਖਣਾ ਸੁਰੂ ਕੀਤਾ। ਉਹਨਾਂ ਦੀਆਂ ਲਿਖਤਾਂ ਇਧਰਲੇ ਪੰਜਾਬੀ ਅਖਬਾਰਾਂ ਰਸਾਲਿਆਂ ਵਿਚ ਛਪਦੀਆਂ ਤਾਂ ਉਹਨਾਂ ਦਾ ਚਿੱਤ ਨੂੰ ਬਹੁਤ ਖੁਸ ਹੁੰਦਾ। ਗਾਂਧੀ ਨਹਿਰੂ ਬਾਰੇ ਉਹਨਾਂ ਦੀਆਂ ਲਿਖਤਾਂ ਕਾਰਨ ਉਹਨਾਂ ਨੂੰ ਇਕ ਵਾਰ ਪੁੱਛ ਗਿੱਛ ਲਈ ਸਜਾ ਕੇਂਦਰ ਵੀ ਲਿਜਾਇਆ ਗਿਆ।

ਅੰਗਰੇਜੀ ਸਰਕਾਰ ਅਤੇ ਅਫਸਰਾਂ ਦਾ ਉਹਨਾਂ ਪ੍ਰਤੀ ਰਵੱਈਆ ਬੜਾ ਜਟਿਲ ਭਾਂਤ ਦਾ ਸੀ। ਪੇਸੇ ਪ੍ਰਤੀ ਸਿਖਰ ਦੀ ਸੁਹਿਰਤਾ ਅਤੇ ਯੋਗਤਾ ਕਰਕੇ ਉਹਨਾਂ ਦੀ ਕਦਰ ਅਤੇ ਆਦਰ ਕਰਦੇ। ਆਪਣੇ ਲੋਕਾਂ ਵਿਚ ਵਿਦਿਆ, ਬਰਾਬਰੀ ਅਤੇ ਸਾਂਝ ਦਾ ਸੰਚਾਰ ਕਰਨ ਕਰਕੇ ਉਹਨਾਂ ਨੂੰ ਨਫਰਤ ਕਰਦੇ। ਜਨਤਾ ਵਿਚ ਉਹਨਾਂ ਦੀ ਹਰਮਨ ਪਿਆਰਤਾ ਕਰਕੇ ਉਹਨਾਂ ਨਾਲ ਈਰਖਾ ਕਰਦੇ। ਵਿਹਲੇ ਸਮੇਂ ਵਿਚ ਆਪਣੀ ਬੋਲੀ ਵਿਚ ਕੁਝ ਨਾ ਕੁਝ ਲਿਖਦੇ (ਸਾਹਿਤ ਸਿਰਜਨਾ) ਰਹਿਣ ਕਰਕੇ ਉਹਨਾਂ ਤੋਂ ਭੈਅ ਖਾਂਦੇ। ਗੁਰਦੁਆਰੇ ਦੇ ਹਰ ਐਤਵਾਰੀ ਦੀਵਾਨ ਤੋਂ ਬਾਅਦ ਉਹ ਦੂਰ ਨੇੜੇ ਦੇ 2-3 ਪਿੰਡਾਂ ਵਿਚ ਲੋਕਾਂ ਨਾਲ ਮੇਲ ਮਿਲਾਪ ਲਈ ਜਾਂਦੇ। ਦੂਜੇ ਸੰਸਾਰ ਯੁੱਧ ਦੌਰਾਨ ਜਦ ਭਾਰਤ ਵਿਚਲੇ ਅੰਗਰੇਜੀ ਹਾਕਮਾਂ ਨੇ ਇਹ ਭਾਂਪ ਲਿਆ ਕਿ ਉਹ ਅੰਡੇਮਾਨ ਨੂੰ ਜਪਾਨੀਆਂ ਤੋਂ ਬਚਾ ਨਹੀਂ ਸਕਦੇ ਤਾਂ ਉਹਨਾਂ ਅੰਡੇਮਾਨ ਵਿਖੇ ਤਾਇਨਾਤ ਸਾਰੇ ਅਮਲੇ ਨੂੰ ਟਾਪੂ ਛੱਡ ਆਉਣ ਦਾ ਆਦੇਸ ਦਿੱਤਾ। ਪਰ ਦੀਵਾਨ ਸਿੰਘ ਓਥੋਂ ਦੇ ਲੋਕਾਂ ਨਾਲ ਜੀਣ-ਮਰਨ ਦੀ ਸਾਂਝ ਬਣਾ ਚੁੱਕੇ ਸਨ। ਉਹਨਾਂ ਔਖੇ ਸਮੇਂ ਸਥਾਨਕ ਲੋਕਾਂ ਦੇ ਅੰਗ ਸੰਗ ਰਹਿਣ ਦਾ ਫੈਸਲਾ ਕੀਤਾ।

23 ਮਾਰਚ 1942 ਨੂੰ ਜਪਾਨੀ ਸੈਨਾ ਨੇ ਅੰਡੇਮਾਨ ਦੀ ਧਰਤੀ ਤੇ ਪੈਰ ਰੱਖਿਆ ਅਤੇ ਤਿੰਨ ਦਿਨ ਵਿਚ ਪੂਰਨ ਕਬਜਾ ਜਮਾ ਲਿਆ। ਲੋਕਾਂ ਨੇ ਤੁਰੰਤ ਸਰਬ ਸੰਮਤੀ ਨਾਲ ਡਾ. ਦੀਵਾਨ ਸਿੰਘ ਨੂੰ ਆਪਣਾ ਬੁਲਾਰਾ ਮਿਥ ਲਿਆ। ਉਹਨਾਂ ਦੀ ਅਗਵਾਈ ਵਿਚ ਮਿਲੇ ਡੈਲੀਗੇਸਨ ਨੂੰ ਜਪਾਨੀ ਕਮਾਂਡਰ ਨੇ ਕਿਹਾ ਕਿ ਉਹ ਏਸੀਆਈ ਦੇਸਾਂ ਨੂੰ ਅੰਗਰੇਜਾਂ ਤੋਂ ਆਜਾਦ ਕਰਾਉਣਾ ਚਾਹੁੰਦੇ ਹਨ, ਇਸ ਲਈ ਉਹਨਾਂ ਨੂੰ ਸਹਿਯੋਗ ਦਿੱਤਾ ਜਾਵੇ। ਡਾ. ਸਾਹਿਬ ਨੂੰ ਵੀ ਆਪਣੇ ਲੋਕਾਂ

TAX & ACCOUNTING
• Personal, Business & Corporate Tax
• Book Keeping & Accounting Service
• RSEP & Education Saving Plan (Get Goverment Grants upto 40%)
• RRSP, TFSA & RDSP
• Payroll & HST Service
• Business & GST Registration
E-FILE
Special Discounts for Groups & Seniors
K.S.C. General SERVICES
I will help you understand the product and provide trusted service to choose the product that fits your needs and life style. Give me a call for all your personal and business needs.

Kirpal Cheema
647-763-4862
www.kirpalcheema.com
INSURANCE
• Life Insurance (Permanent, Universal or Term)
• Disability & Critical Insurance (Money Back)
• Long Term Care Insurance
• Health, Dental & Drug Benefits
• Visitor & Super Visa Insurance (Monthly & Money Back Plan)
• Group Life, Health, Dental & Drug Plans

MAROK LAW OFFICE
Always Taking You Forward
• Corporate Law • Real Estate
Wills • Affidavits • Power of Attorney

VIPANDEEP SINGH MAROK
Barrister, Solicitor & Notary Public M.A., LLB
80 Maritime Ontario Blvd, Unit# 60,
Brampton, Ontario L6S 0E7
Ph. 905 790 8100, Fax : 905 790 8150
Email : vipanmarok@gmail.com
www.maroklaw.com

KRAFTSMAN ELECTRIC LTD.
ELECTRIC
Residential & Commercial
Licensed, Bonded & Insured
CERTIFIED ELECTRICIAN CERTIFIED
BBB ACCREDITED BUSINESS
www.kraftsmanelectric.ca
kelectric17@gmail.com
778-883-1313

ਦੀ ਦਸਾ ਸੁਧਾਰਨ ਹਿਤ ਪ੍ਰਸਪਰ ਸਹਿਯੋਗ ਦਾ ਰਸਤਾ ਠੀਕ ਲੱਗਾ। ਮੀਟਿੰਗ ਉਪਰੰਤ ਉਹਨਾਂ ਆਪਣੇ ਲੋਕਾਂ ਨੂੰ ਕਿਹਾ, "ਜਪਾਨੀ ਵੀ ਸਾਡੇ ਵਾਂਗ ਏਸੀਅਨ ਹਨ, ਅੰਗਰੇਜ ਬਾਹਰਲੇ ਹਨ। ਅਸੀਂ ਹੁਣ ਤੱਕ ਲੰਮੀ ਜੱਦੋ ਜਹਿਦ ਦੇ ਬਾਵਜੂਦ ਆਪਣੇ ਆਪ ਨੂੰ ਆਜਾਦ ਕਰਾਉਣ ਵਿਚ ਸਫਲ ਨਹੀਂ ਹੋ ਸਕੇ। ਇਹਨਾਂ ਨੇ ਆਜਾਦੀ ਲਈ ਸਾਡੀ ਮੱਦਦ ਕਰਨ ਦਾ ਵਾਅਦਾ ਕੀਤਾ ਹੈ। ਇਸ ਲਈ ਅਸੀਂ ਇਹਨਾਂ 'ਤੇ ਭਰੋਸਾ ਕਰਦੇ ਹੋਏ ਇਹਨਾਂ ਨਾਲ ਸਹਿਯੋਗ ਕਰਾਂਗੇ। ਪਰ ਯਾਦ ਰੱਖੋ ਕਿ ਸਾਨੂੰ ਅਜਾਦੀ ਕਿਸੇ ਨੇ ਪਲੇਟ ਵਿਚ ਧਰ ਕੇ ਨਹੀਂ ਦੇਣੀ। ਸਾਨੂੰ ਆਪਣੇ ਪੈਰਾਂ 'ਤੇ ਖੜ੍ਹੇ ਹੋਣਾ ਤੇ ਅੱਗੇ ਵਧਣਾ ਪੈਣਾ ਹੈ। ਆਜਾਦੀ ਲਈ ਹਰ ਕੁਰਬਾਨੀ ਲਈ ਤਿਆਰ ਹੋਣਾ ਪੈਣਾ ਹੈ।" ਅਗਲੀਆਂ ਘਟਨਾਵਾਂ ਗਵਾਹ ਹਨ ਕਿ ਜਾਪਾਨੀਆਂ ਨੂੰ ਇਹ ਰੜਕਵੇਂ ਬੋਲ ਬਹੁਤ ਚੁੱਭੇ। ਪਰ ਪੈਰ ਜਮਾਉਣ ਲਈ ਉਹਨਾਂ ਦਾ ਸਹਿਯੋਗ ਅਤੇ ਸਹਾਇਤਾ ਜਰੂਰੀ ਸੀ। ਉਹਨਾਂ ਨੂੰ ਚੀਫ ਮੈਡੀਕਲ ਅਫਸਰ ਹੋਣ ਦੇ ਨਾਲ ਨਾਲ ਰੈਡ ਕਰਾਸ, ਅਮਨ ਕਮੇਟੀ, ਲੋਕ ਭਲਾਈ ਵਿਭਾਗ ਆਦਿ ਦੇ ਮੁਖੀ ਬਣਾਇਆ ਗਿਆ। ਉਹਨਾਂ ਇਹ ਸਵੀਕਾਰ ਕਰ ਲਿਆ ਕਿ ਉਹ ਆਪਣੇ ਲੋਕਾਂ ਦੇ ਜੀਵਨ ਸੁਧਾਰਨ ਵਿਚ ਯੋਗਦਾਨ ਪਾ ਸਕਣਗੇ।

ਇਹ ਸਭ ਥੋੜ੍ਹੀ ਦੇਰ ਹੀ ਠੀਕ ਠਾਕ ਚੱਲਿਆ। ਆਪਣੀ ਹਕੂਮਤ ਸਥਾਪਤ ਕਰਨ ਦੀ ਮਨਸਾ ਨਾਲ ਜਪਾਨੀਆਂ ਨੇ ਦਮਨ ਸੁਰੂ ਕਰ ਦਿੱਤਾ। ਬਦਮਾਸਾਂ ਦੀ ਸਰਪ੍ਰਤੀ ਕਰਨ, ਔਰਤਾਂ ਨੂੰ ਬੇਇਜਤ ਕਰਨ, ਲੋਕਾਂ ਦੀਆਂ ਜਾਇਦਾਦਾਂ ਜਲਾਉਣ, ਕੁੜੀਆਂ ਨੂੰ ਦੇਹ ਵਪਾਰ ਲਈ ਮਜਬੂਰ ਕਰਨ ਵਰਗੀਆਂ ਘਟਨਾਵਾਂ ਆਮ ਹੋਣ ਲੱਗੀਆਂ। ਡਾ. ਦੀਵਾਨ ਸਿੰਘ ਇਹਨਾਂ ਗੱਲਾਂ ਦਾ ਵਿਰੋਧ ਕਰਦੇ, ਰੋਸ ਜਤਾਉਂਦੇ ਪਰ ਕੋਈ ਅਸਰ ਨਾ ਹੁੰਦਾ। ਉਹਨਾਂ ਇੰਡੀਅਨ ਇੰਡੀਪੈਂਡੈਂਸ ਲੀਗ ਦੀ ਸਥਾਨਕ ਸਾਖਾ, ਆਜਾਦ ਹਿੰਦ ਫੌਜ ਦੀ ਟੁਕੜੀ ਅਤੇ ਸਥਾਨਕ ਸੇਵਾ ਸੰਮਤੀ ਗਠਿਤ ਕੀਤੀਆਂ। ਗੁਰਦੁਆਰੇ ਵਿਚ ਰਾਸਟਰੀ ਮਹੱਤਵ ਦੇ ਦਿਹਾੜੇ ਮਨਾਉਣ, ਕਵੀ ਦਰਬਾਰ ਕਰਾਉਣ ਅਤੇ ਹੋਰ ਸਰਗਰਮੀਆਂ ਜਾਰੀ ਰੱਖੀਆਂ। ਜਪਾਨੀਆਂ ਨੂੰ ਇਹ ਕਾਰਵਾਈਆਂ ਹਰਗਿਜ ਨਹੀਂ ਸਨ ਭਾਉਂਦੀਆਂ। ਖਿਝੇ ਹੋਏ ਜਪਾਨੀ ਹਾਕਮਾਂ ਨੇ ਪਹਿਲਾਂ ਉਹਨਾਂ ਨੂੰ ਗੁਰਦੁਆਰੇ ਦੀ ਇਮਾਰਤ ਜਪਾਨੀਆਂ ਦੇ ਵਿਲਾਸ ਲਈ ਕੋਰੀਆ ਤੋਂ ਲਿਆਂਦੀਆਂ ਸੁੰਦਰੀਆਂ ਦੀ ਰਹਾਇਸ ਵਾਸਤੇ ਖਾਲੀ ਕਰਨ ਅਤੇ ਫਿਰ ਆਪਣੇ ਸਟਾਕ ਵਿਚਲੀਆਂ ਸਾਰੀਆਂ ਦਵਾਈਆਂ ਸਿਰਫ ਜਪਾਨੀਆਂ ਦੇ ਇਲਾਜ ਲਈ ਵਰਤਣ ਦਾ ਹੁਕਮ ਦਿੱਤਾ। ਉਹਨਾਂ ਨੇ ਦੋਵੇਂ ਹੁਕਮ ਮੰਨਣ ਤੋਂ ਸਾਫ ਇਨਕਾਰ ਕਰ ਦਿੱਤਾ। ਆਖਰੀ ਟੈਸਟ ਵਜੋਂ ਜਪਾਨੀਆਂ ਨੇ ਉਹਨਾਂ ਨੂੰ ਭਾਰਤੀ ਆਗੂਆਂ ਖਿਲਾਫ ਲਿਖ ਕੇ ਦਿਤਾ ਭਾਸਨ ਰੇਡੀਓ ਪੀਨਾਂਗ ਤੋਂ ਪੜ੍ਹਨ ਲਈ ਕਿਹਾ। ਉਹਨਾਂ ਇਸ ਤੋਂ ਵੀ ਇਨਕਾਰ ਕਰਨਾ ਹੀ ਸੀ। ਜਪਾਨੀਆਂ ਨੇ ਉਹਨਾਂ 'ਤੇ ਆਪਣਾ ਵਿਰੋਧੀ ਅਤੇ ਦੁਸਮਣ ਹੋਣ ਦਾ ਪੱਕਾ ਠੱਪਾ ਲਾ ਦਿੱਤਾ। ਇਸ ਸਾਰੀ ਘਟਨਾ ਲੜੀ ਵਿਚ ਇਕ ਭਾਰਤੀ ਬੰਦੇ ਦਾ ਸਰਗਰਮ ਸਾਜਿਸੀ ਹੱਥ ਸੀ ਜੋ ਉਹਨਾਂ ਦੀ ਥਾਂ ਆਪ ਚੀਫ ਮੈਡੀਕਲ ਅਫਸਰ ਲੱਗਣਾ ਚਾਹੁੰਦਾ ਸੀ।

ਆਖਰ ਡਾ. ਦੀਵਾਨ ਸਿੰਘ 'ਤੇ ਜਾਸੂਸੀ ਕਰਨ ਦਾ ਦੋਸ ਲਾ ਕੇ 23 ਅਕਤੂਬਰ 1943 ਨੂੰ ਗ੍ਰਿਫਤਾਰ ਕਰਕੇ ਉਸੇ ਸੈਲੂਲਰ ਜੇਲ ਦੀ ਇਕ ਕਾਲ ਕੋਠੜੀ ਵਿਚ ਡੱਕ ਦਿੱਤਾ ਜਿਸ ਦਾ ਉਹਨਾਂ ਕੋਲ ਬਤੌਰ ਚੀਫ ਮੈਡੀਕਲ ਅਫਸਰ ਚਾਰਜ ਸੀ। ਘੋਰ ਅਣਮਨੁੱਖੀ ਤਸੱਦਦ ਦਾ ਸਿਲਸਿਲਾ ਸੁਰੂ ਹੋਇਆ। ਪੁੱਠੇ ਲਟਕਾ ਕੇ ਬਿਜਲੀ ਦੇ ਝਟਕੇ ਲਾਏ। ਦਾਹੜੀ ਅਤੇ ਕੇਸਾਂ ਦਾ 'ਕੱਲਾ 'ਕੱਲਾ ਵਾਲ ਨੋਚਿਆ। ਜਗਦੀਆਂ ਮੋਮਬੱਤੀਆਂ ਨਾਲ ਚਮੜੀ ਸਾੜੀ ਗਈ। ਲੋਹੇ ਦੀ ਕੁਰਸੀ 'ਤੇ ਬਿਠਾ ਕੇ ਹੇਠਾਂ ਅੱਗ ਬਾਲੀ ਗਈ। ਇਹ ਸਾਰਾ ਕੁਝ ਉਹਨਾਂ ਨੂੰ ਉਹ ਜੁਰਮ ਕਬੂਲ ਕਰਾਉਣ ਦੇ ਨਾਂ 'ਤੇ ਚੱਲਦਾ ਰਿਹਾ ਜੋ ਉਹਨਾਂ ਕਦੀ ਕੀਤਾ ਨਹੀਂ ਸੀ। ਉਹਨਾਂ ਏਨਾ ਭਿਆਨਕ ਤਸੱਦਦ ਸਿਦਕੀ ਸਿੱਖ ਵਾਂਗ ਅਡੋਲ ਰਹਿ ਕੇ ਝੱਲਿਆ। ਸਰੀਰ ਦੀਆਂ ਸਾਰੀਆਂ ਹੱਡੀਆਂ ਟੁੱਟ ਗਈਆਂ ਪਰ ਕਦੀ ਹਾਏ ਹਾਏ, ਜਾਂ ਮਰ ਗਿਆ ਦੀ ਬਜਾਏ ਉਹਨਾਂ ਦੇ ਮੂੰਹੋਂ ਸਿਰਫ ਵਾਹ-ਹੇ-ਗੁਰੂ ਹੀ ਨਿਕਲਿਆ। ਲਗਪਗ 80 ਦਿਨ ਤਸੀਹੇ ਸਹਿੰਦਾ 14 ਜਨਵਰੀ 1944 ਨੂੰ ਗੁਰੂ ਦਾ ਸਿੱਖ ਸਚਾਈ, ਭਲਾਈ, ਆਜਾਦੀ, ਬਰਾਬਰੀ ਦੇ ਆਦਰਸਾਂ ਲਈ ਸਹੀਦ ਹੋ ਗਿਆ।

ਉਸ ਗੁਰਦੁਆਰੇ ਦਾ ਨਾਂ ਹੁਣ ਡਾ. ਦੀਵਾਨ ਸਿੰਘ ਗੁਰਦੁਆਰਾ ਹੈ। ਇਥੇ ਸਾਰੇ ਭਾਈਚਾਰਿਆਂ ਦੀ ਸੰਗਤ ਜੁੜਦੀ, ਬਾਣੀ ਸੁਣਦੀ ਤੇ ਸਬਦ ਪੜ੍ਹਦੀ ਹੈ। ਖਾਲਸਾ ਸਕੂਲ ਹੁਣ ਬਾਰ੍ਹਵੀਂ ਜਮਾਤ ਤੱਕ ਹੈ। ਇਥੇ ਬੰਗਾਲੀ, ਤਮਿਲ ਅਤੇ ਹੋਰ ਸੱਭਿਆਚਾਰਾਂ ਦੇ ਬੱਚੇ ਪੰਜਾਬੀ ਨੂੰ ਤੀਸਰੀ ਭਾਸਾ ਦੇ ਤੌਰ ਤੇ ਬੜੇ ਚਾਅ ਨਾਲ ਪੜ੍ਹਦੇ ਹਨ। ਗੁਰਦੁਆਰੇ ਦੇ ਪ੍ਰਬੰਧਕ ਅਤੇ ਸੰਗਤ, ਸਕੂਲ ਦੇ ਅਧਿਆਪਕ ਅਤੇ ਬੱਚੇ ਸਭ ਡਾ. ਦੀਵਾਨ ਸਿੰਘ ਦੇ ਪਿਆਰ ਵਿਚ ਭਿੱਜੇ ਪ੍ਰਤੀਤ ਹੁੰਦੇ ਹਨ। ਹਵਾਈ ਅੱਡਾ ਭਾਵੇਂ ਕਿਸੇ ਹੋਰ ਦੇ ਨਾਂ ਤੇ ਹੈ ਪਰ ਹਵਾਵਾਂ ਵਿਚ ਨਾਂ ਡਾ. ਦੀਵਾਨ ਸਿੰਘ ਦਾ ਘੁਲਿਆ ਹੋਇਆ ਹੈ। ਇਥੋਂ ਦੀ ਮਿੱਟੀ ਦਾ ਕਣ ਕਣ ਅੱਜ ਵੀ ਉਸ ਸਫੈਦ ਫਰਿਸਤੇ ਨੂੰ ਯਾਦ ਕਰਦਾ ਹੈ।

# ਡਿਸਟਿਲਰੀਆਂ ਦੇ ਮੈਲੇ ਪਾਣੀ ਦਾ ਪ੍ਰਦੂਸ਼ਣ

(ਸ.ਫ਼ਾ 7 ਦੀ ਬਾਕੀ)

ਹਨ। ਇੱਥੇ ਇਹ ਜਾਣਨਾ ਵੀ ਜਰੂਰੀ ਹੈ ਕਿ ਮਿਲੈਨੋਈਡਿਨਜ਼, ਥੈਲੇਟਸ ਅਤੇ ਫਿਨੌਲ ਆਦਿ ਦੀ ਜਾਂਚ ਉੱਚ ਕੋਟੀ ਦੇ ਐਚ.ਪੀ.ਐਲ.ਸੀ. (High Performance Liquid Chromatograph - HPLC) ਅਤੇ ਜੀ.ਸੀ.ਐਮ.ਐੱਸ. (Gas Chromatograph Mass Spectrometer - GCMS) ਵਰਗੇ ਸੂਖ਼ਮ ਕਰੋਮੈਟੋਗਰਾਫੀ ਯੰਤਰਾਂ ਦੀ ਵਰਤੋਂ ਨਾਲ ਹੀ ਕੀਤੀ ਜਾ ਸਕਦੀ ਹੈ। ਤ੍ਰਾਸਦੀ ਇਹ ਹੈ ਕਿ ਭਾਰਤ ਵਿਚ ਬਹੁਤ ਸਾਰੀਆਂ ਲੈਬਾਰਟਰੀਆਂ ਅਤੇ ਪ੍ਰਦੂਸ਼ਣ ਕੰਟਰੋਲ ਬੋਰਡਾਂ ਕੋਲ ਮਿਲੈਨੋਈਡਿਨਜ਼ ਅਤੇ ਥੈਲੇਟਸ ਪਦਾਰਥਾਂ ਦੀ ਜਾਂਚ ਲਈ ਲੋੜੀਂਦੀ ਸਮਰੱਥਾ ਅਤੇ ਯੰਤਰ ਹੀ ਨਹੀਂ ਹਨ।

ਉਪਰੋਕਤ ਖੋਜ-ਪੱਤਰ ਵਿਚ ਇਹ ਵੀ ਲਿਖਿਆ ਮਿਲਦਾ ਹੈ, "ਅਲਕੋਹਲ ਦੇ ਇਕ ਲਿਟਰ ਦੇ ਉਤਪਾਦਨ ਲਈ ਸੀਰੇ 'ਤੇ ਆਧਾਰਿਤ ਡਿਸਟਿਲਰੀਆਂ (Molasses based distilleries) 8 ਤੋਂ 15 ਲਿਟਰ ਤਕ ਵਾਧੂ ਪਾਣੀ ਪੈਦਾ ਕਰਦੀਆਂ ਹਨ। ਕੀ ਤੁਸੀਂ ਇਸ ਨੂੰ ਹੋਰ ਸਪਸ਼ਟਤਾ ਨਾਲ ਦੱਸ ਸਕਦੇ ਹੋ?

– ਵੱਖ-ਵੱਖ ਵਿਗਿਆਨੀਆਂ ਵੱਲੋਂ ਲਿਖੇ ਖੋਜ ਪੱਤਰਾਂ ਵਿੱਚ ਦੱਸਿਆ ਗਿਆ ਹੈ ਕਿ ਸੀਰੇ ਜਾਂ ਮੋਟੇ ਅਨਾਜਾਂ 'ਤੇ ਆਧਾਰਿਤ ਡਿਸਟਿਲਰੀਆਂ ਵਿਚ ਇਕ ਲਿਟਰ ਅਲਕੋਹਲ ਪੈਦਾ ਕਰਨ ਨਾਲ 8 ਤੋਂ 15 ਲੀਟਰ ਤੱਕ ਵਾਧੂ ਪਾਣੀ ਪੈਦਾ ਹੁੰਦਾ ਹੈ। ਸ਼ਰਾਬ ਅਤੇ ਅਲਕੋਹਲ ਪੈਦਾ ਕਰਨ ਦੌਰਾਨ ਪਾਣੀ ਦੀ ਚੋਖੀ ਵਰਤੋਂ ਸੀਰੇ ਜਾਂ ਮੋਟੇ ਅਨਾਜਾਂ ਦੇ ਆਟੇ ਤੋਂ ਪਤਲਾ ਘੋਲ ਤਿਆਰ ਕਰਨ ਸਮੇਂ, ਕਸ਼ੀਦਣ ਅਤੇ ਧੋਆ-ਧੁਆਈ ਦੌਰਾਨ ਹੁੰਦੀ ਹੈ। ਸ਼ਰਾਬ ਜਾਂ ਅਲਕੋਹਲ ਨੂੰ ਕਸ਼ੀਦਣ ਤੋਂ ਬਾਅਦ ਬਚਿਆ ਵਾਧੂ ਪਾਣੀ ਬਹੁਤ ਦੂਸ਼ਿਤ ਅਤੇ ਗੂੜ੍ਹੇ ਭੂਰੇ ਰੰਗ ਦਾ ਹੋਣ ਕਰਕੇ, ਇਸ ਨੂੰ ਕਿਸੇ ਵੀ ਹੋਰ ਕੰਮ ਲਈ ਵਰਤੋਂ ਵਿੱਚ ਨਹੀਂ ਲਿਆਂਦਾ ਜਾ ਸਕਦਾ ਜਿਸ ਕਰਕੇ ਡਿਸਟਿਲਰੀਆਂ ਵਿੱਚੋਂ ਐਨਾ ਜ਼ਿਆਦਾ ਦੂਸ਼ਿਤ ਪਾਣੀ ਬਾਹਰ ਨਿਕਲਦਾ ਹੈ।

ਡਿਸਟਿਲਰੀਆਂ ਤੋਂ ਨਿਕਲੇ ਵਾਧੂ ਪਾਣੀ/ਮਵਾਦ ਦੇ ਹੋਰ ਕੀ ਗੁਣ ਤੇ ਔਗੁਣ ਹੁੰਦੇ ਹਨ? ਉਨ੍ਹਾਂ ਵਿਚ ਕਿਹੋ ਜਿਹੇ ਪਦਾਰਥ ਮੌਜੂਦ ਹੁੰਦੇ ਹਨ?

– ਡਿਸਟਿਲਰੀਆਂ ਵਿੱਚੋਂ ਬਾਹਰ ਨਿਕਲਦੇ ਪਾਣੀ ਵਿੱਚ ਉਪਰ ਦੱਸੇ ਗਏ ਖ਼ਤਰਨਾਕ ਮਿਲੈਨੋਈਡਿਨਜ਼ ਅਤੇ ਥੈਲੇਟਸ ਪਦਾਰਥਾਂ ਤੋਂ ਇਲਾਵਾ ਵੀ ਹੋਰ ਬਹੁਤ ਸਾਰੇ ਪ੍ਰਦੂਸ਼ਣ ਫੈਲਾਉਣ ਵਾਲੇ ਤੱਤ ਅਤੇ ਪਦਾਰਥ ਮੌਜੂਦ ਹੁੰਦੇ ਹਨ। ਦੂਸ਼ਿਤ ਪਾਣੀ ਬਹੁਤ ਹੀ ਤੇਜ਼ਾਬੀ ਅਤੇ ਗੂੜ੍ਹੇ ਭੂਰੇ ਰੰਗ ਦਾ ਹੁੰਦਾ ਹੈ, ਜਿਸ ਵਿੱਚ ਨਾਈਟ੍ਰੇਟ (Nitrate), ਫਾਸਫੇਟ (Phosphates), ਭਾਰੀਆਂ ਧਾਤਾਂ (Heavy Metals), ਪ੍ਰੋਟੀਨਜ਼ (Proteins), ਅਤੇ ਘੁਲੇ ਹੋਏ ਠੋਸ ਪਦਾਰਥਾਂ (Total Dissolved Soilds TDS) ਨਾਲ ਕਈ ਜੈਵਿਕ (Organic) ਪਦਾਰਥ ਵੀ ਮੌਜੂਦ ਹੁੰਦੇ ਹਨ। ਜੇਕਰ ਇਹ ਦੂਸ਼ਿਤ ਪਾਣੀ ਝੀਲਾਂ, ਛੱਪੜਾਂ, ਨਦੀਆਂ ਦੇ ਪਾਣੀ ਵਿੱਚ ਰਲ ਜਾਵੇ ਤਾਂ ਉਹ ਪਾਣੀ ਵੀ ਜਲ-ਜੀਵਾਂ ਦੇ ਰਹਿਣ ਜੋਗਾ ਨਹੀਂ ਬਚਦਾ ਅਤੇ ਜੇਕਰ ਇਹ ਧਰਤੀ 'ਤੇ ਖੁੱਲ੍ਹਾ ਛੱਡਿਆ ਜਾਵੇ ਤਾਂ ਇਹ ਜ਼ਮੀਨ ਦੀ ਉਪਜਾਊ ਸ਼ਕਤੀ ਨੂੰ ਬਹੁਤ ਹੱਦ ਤੱਕ ਘਟਾ ਕੇ ਜ਼ਹਿਰੀਲਾ ਬਣਾ ਦਿੰਦਾ ਹੈ।

ਡਿਸਟਿਲਰੀਆਂ ਤੋਂ ਨਿਕਲੇ ਵਾਧੂ ਪਾਣੀ/ਮਵਾਦ ਨੂੰ ਸੋਧਣ ਲਈ ਕਈ ਜੈਵਿਕ (Biological), ਰਸਾਇਣਿਕ (Chemical), ਛਾਨਣੀਆਂ ਵਾਲੇ (Membrane treatment), ਤਾਪ-ਆਧਾਰਿਤ (Thermal) ਆਦਿ ਤਰੀਕੇ ਦੱਸੇ ਜਾਂਦੇ ਹਨ? ਉਹ ਕੀ ਹਨ?

– ਡਿਸਟਿਲਰੀਆਂ ਵਿੱਚੋਂ ਨਿਕਲਦੇ ਵਾਧੂ ਪਾਣੀ ਨੂੰ ਸੋਧਣ ਲਈ ਪਹਿਲੇ, ਦੂਜੇ ਅਤੇ ਤੀਜੇ ਦਰਜੇ ਦੇ ਪਾਣੀ ਸਾਫ਼ ਕਰਨ ਵਾਲੇ ਢੰਗਾਂ/ਤਰੀਕਿਆਂ ਦੀ ਵਰਤੋਂ ਕੀਤੀ ਜਾਂਦੀ ਹੈ। ਪਹਿਲੇ ਦਰਜੇ ਦੇ ਪਾਣੀ ਸਾਫ਼ ਕਰਨ ਵਾਲੇ ਢੰਗਾਂ ਵਿੱਚ ਜੈਵਿਕ (Biological) ਢੰਗ ਆਉਂਦੇ ਹਨ, ਜੋ ਦੋ ਕਿਸਮ ਹਨ – ਆਕਸੀਜਨ ਦੀ ਮੌਜੂਦਗੀ (Aerobic) ਅਤੇ ਆਕਸੀਜਨ ਦੀ ਮੌਜੂਦਗੀ ਤੋਂ ਬਿਨਾਂ (Anerobic) ਪਾਣੀ ਸਾਫ਼ ਕਰਨ ਦੇ ਤਰੀਕੇ। ਉਪਰੋਕਤ ਢੰਗਾਂ 'ਤੇ ਆਧਾਰਿਤ ਕਈ ਤਰ੍ਹਾਂ ਦੇ ਟਰੀਟਮੈਂਟ ਪਲਾਂਟ ਵਿਕਸਿਤ ਕੀਤੇ ਗਏ ਹਨ, ਜਿਨ੍ਹਾਂ ਦੀ ਪਾਣੀ ਨੂੰ ਸਾਫ਼ ਕਰਨ ਦੀ ਸਮਰੱਥਾ, ਕਾਰਗੁਜ਼ਾਰੀ ਅਤੇ ਸਮੇਂ ਦੀ ਲੋੜ ਵੀ ਵੱਖ-ਵੱਖ ਹੈ। ਪਹਿਲੇ ਦਰਜੇ ਦੇ ਜੈਵਿਕ ਇਲਾਜ ਦੂਸ਼ਿਤ ਪਾਣੀ ਨੂੰ ਕੁਝ ਕੁ ਹੱਦ ਤੱਕ ਹੀ ਸਾਫ਼ ਕਰ ਸਕਦੇ ਹਨ ਅਤੇ ਖ਼ਤਰਨਾਕ ਮਿਲੈਨੋਈਡਿਨਜ਼ ਅਤੇ ਥੈਲੇਟਸ ਨੂੰ ਖ਼ਤਮ ਕਰਨ ਲਈ ਤਾਂ ਬਹੁਤ ਹੀ ਘੱਟ (ਲਗਭਗ 6-7 ਫ਼ੀਸਦੀ ਤੱਕ ਹੀ) ਅਸਰਦਾਇਕ ਸਾਬਿਤ ਹੁੰਦੇ ਹਨ। ਰਸਾਇਣਿਕ (Chemical), ਭੌਤਿਕ (Physical), ਤਾਪ-ਆਧਾਰਿਤ (Thermal) ਤਕਨੀਕਾਂ ਦੇ ਸੁਮੇਲ 'ਤੇ ਆਧਾਰਿਤ, ਦੂਜੇ ਅਤੇ ਤੀਜੇ ਦਰਜੇ ਦੇ ਪਾਣੀ ਸਾਫ਼ ਕਰਨ ਵਾਲੇ ਢੰਗਾਂ ਵਿੱਚ ਸੋਖਣ ਵਿਧੀ (Adsorption), ਜਮਾਓ ਵਿਧੀ (Coagulation and flocculation), ਛਾਨਣੀ ਵਿਧੀ (Membrane Filtration), ਰਿਵਰਸ ਔਸਮੌਸਿਸ (Reverse Osmosis) ਅਤੇ ਸਾੜਨ ਵਿਧੀ (Incineration) ਆਦਿ ਆਉਂਦੇ ਹਨ। ਉਪਰੋਕਤ ਦੂਜੇ ਅਤੇ ਤੀਜੇ ਦਰਜੇ ਦੇ ਮਿਸ਼ਰਤ ਇਲਾਜਾਂ ਨਾਲ ਦੂਸ਼ਿਤ ਪਾਣੀ ਨੂੰ ਲਗਭਗ ਪੂਰਨ ਰੂਪ ਵਿੱਚ ਸਾਫ਼ ਕੀਤਾ ਜਾ ਸਕਦਾ ਹੈ, ਪਰ ਇਸ 'ਤੇ ਖਰਚਾ ਬਹੁਤ ਆਉਂਦਾ ਹੈ। ਮਾਹਿਰਾਂ ਮੁਤਾਬਿਕ, ਜੈਵਿਕ (Biological) ਅਤੇ ਛਾਨਣੀ ਵਿਧੀ (Membrane Filtration) ਢੰਗਾਂ ਨੂੰ ਲਗਾਤਾਰਤਾ ਵਿੱਚ ਵਰਤਣ ਦੀ ਨਵੀਂ ਵਿਧੀ, ਜੋ ਕਿ ਸਮਾਂ ਤਾਂ ਵੱਧ ਲੈਂਦੀ ਹੈ, ਪਰ ਦੂਸ਼ਿਤ ਪਾਣੀ ਨੂੰ ਬਹੁਤ ਹੱਦ ਤੱਕ ਸਾਫ਼ ਕਰਨ ਦੇ ਸਮਰੱਥ ਹੈ। ਆਧੁਨਿਕ ਢੰਗਾਂ ਜਿਵੇਂ ਇਕਾਗਰਤਾ (Concentration) ਤੋਂ ਬਾਅਦ ਸਾੜਨ ਵਿਧੀ (Incineration) ਜਾਂ ਆਕਸੀਜਨ ਦੀ ਮੌਜੂਦਗੀ ਤੋਂ ਬਿਨਾਂ (Anerobic) ਪਚਾਅ (Digestion) ਤੋਂ ਬਾਅਦ ਆਕਸੀਜਨ ਦੀ ਮੌਜੂਦਗੀ (Aerobic) ਵਿੱਚ ਸਫ਼ਾਈ (Polishing) ਆਦਿ ਵਿਧੀਆਂ ਨਾਲ ਪਾਣੀ ਸਾਫ਼ ਕਰਨ ਲਈ ਟਰੀਟਮੈਂਟ ਪਲਾਂਟ ਲਾਉਣ ਦਾ ਖਰਚਾ, ਡਿਸਟਿਲੇਸ਼ਨ ਪਲਾਂਟ ਲਾਉਣ ਦੇ ਖਰਚੇ ਤੋਂ ਦੋ ਤੋਂ ਚਾਰ ਗੁਣਾ ਤੱਕ ਹੁੰਦਾ ਹੈ ਅਤੇ ਬਾਅਦ ਵਿੱਚ ਇਨ੍ਹਾਂ ਨੂੰ ਚਲਦੇ ਰੱਖਣ 'ਤੇ ਵੀ ਖਰਚਾ (ਬਿਜਲੀ, ਕੈਮੀਕਲਜ਼ ਅਤੇ ਛਾਣਨੀਆਂ ਆਦਿ) ਚੋਖਾ ਆਉਂਦਾ ਹੈ।

ਕੁਝ ਡਿਸਟਿਲਰੀਆਂ ਦਾ ਕਹਿਣਾ ਹੈ ਕਿ ਡਿਸਟਿਲਰੀ ਵਿਚੋਂ ਨਿਕਲਦੇ ਪਾਣੀ ਨੂੰ ਕਈ ਤਰ੍ਹਾਂ ਨਾਲ ਉਡਾ ਕੇ (Multi Effect Evaporation) ਅਤੇ ਖ਼ਾਸ ਤਰ੍ਹਾਂ ਦੇ ਬਾਇਲਰਾਂ ਵਿਚ ਪਾਉਂਦੀਆਂ ਤੇ ਨਿਕਲਦੇ ਮਵਾਦ ਨੂੰ ਪੂਰੀ ਤਰ੍ਹਾਂ ਭਸਮ (incinerate) ਕਰ ਦਿੰਦੀਆਂ ਹਨ। ਕੀ ਇਹ ਸੰਭਵ ਹੈ?

– ਡਿਸਟਿਲਰੀਆਂ ਵਿੱਚੋਂ ਨਿਕਲਦੇ ਵਾਧੂ ਪਾਣੀ ਤੋਂ ਛੁਟਕਾਰਾ ਪਾਉਣ ਲਈ, ਪਾਣੀ ਨੂੰ ਕਈ ਕਦਮਾਂ (steps) ਵਿੱਚ ਉਡਾ ਕੇ (Multi Effect Evaporation) ਅਤੇ ਭਸਮ ਕਰਕੇ (Incineration) ਖ਼ਤਮ ਕਰਨ ਦੇ ਨਵੇਂ ਤਰੀਕੇ ਇਜਾਦ ਕੀਤੇ ਗਏ ਹਨ, ਜਿਨ੍ਹਾਂ ਵਿੱਚ ਪਾਣੀ ਨੂੰ ਭਾਫ਼ ਵਿੱਚ ਤਬਦੀਲ ਕਰਕੇ ਅਤੇ ਬਚੇ ਹੋਏ ਠੋਸ ਪਦਾਰਥਾਂ ਨੂੰ ਬਾਇਲਰਾਂ ਵਿੱਚ ਸਾੜ ਦਿੱਤਾ ਜਾਂਦਾ ਹੈ। ਇਨ੍ਹਾਂ ਵਿਧੀਆਂ ਰਾਹੀਂ ਪ੍ਰਦੂਸ਼ਿਤ ਪਾਣੀ ਤੋਂ ਮੁਕਤੀ ਤਾਂ ਪਾਈ ਜਾ ਸਕਦੀ ਹੈ, ਪਰ ਇਸ 'ਤੇ ਬਿਜਲੀ ਦਾ ਖਰਚਾ ਬਹੁਤ ਆਉਂਦਾ ਹੈ। ਖਰਚੇ ਤੋਂ ਬਚਣ ਲਈ ਕਈ ਵਾਰ ਡਿਸਟਿਲਰੀਆਂ ਦੇ ਮਾਲਕ ਜਾਂ ਕਰਿੰਦੇ ਪਾਣੀ ਨੂੰ ਬਿਨਾਂ ਸਾਫ਼ ਕੀਤਿਆਂ ਹੀ ਬਾਹਰ ਜਾਂ ਧਰਤੀ ਹੇਠ ਛੱਡ ਦਿੰਦੇ ਹਨ।

ਖੋਜ-ਪੱਤਰ ਵਿਚ ਵੀਓਲੈਤਾ ਮੀਕੂਕਾ ਅਤੇ ਮਾਗਡਲੇਨਾ ਜ਼ੀਲਿੰਸਕਾ ਇਹ ਲਿਖਦੇ ਹਨ, "ਡਿਸਟਿਲਰੀ ਤੋਂ ਨਿਕਲਦੇ ਵਾਧੂ ਪਾਣੀ (Distillery Waste Water) ਨੂੰ ਸੋਧਣਾ ਬਹੁਤ ਮੁਸ਼ਕਲ ਤੇ ਮਹਿੰਗਾ ਹੁੰਦਾ ਹੈ।" ਕਿਉਂ?

– ਡਿਸਟਿਲਰੀਆਂ ਵਿੱਚੋਂ ਨਿਕਲਦੇ ਵਾਧੂ ਪਾਣੀ ਵਿੱਚ ਬਹੁਤ ਹੀ ਖ਼ਤਰਨਾਕ ਅਤੇ ਅੜੀਅਲ ਕਿਸਮ ਦੇ ਪਦਾਰਥ ਹੁੰਦੇ ਹਨ ਜਿਨ੍ਹਾਂ ਨੂੰ ਸਾਫ਼ ਕਰਨ ਦੀ ਵਿਧੀ ਬਹੁਤ ਔਖੀ, ਲੰਮੀ ਅਤੇ ਚੋਖੀ ਊਰਜਾ ਦੀ ਲੋੜ (energey intensive) ਵਾਲੀ ਹੁੰਦੀ ਹੈ। ਦੂਜਾ ਕਾਰਨ ਇਹ ਹੈ ਕਿ ਡਿਸਟਿਲਰੀਆਂ ਵਿੱਚੋਂ ਨਿਕਲਦੇ ਵਾਧੂ ਪਾਣੀ ਦੀ ਮਾਤਰਾ ਵੀ ਬਹੁਤ ਜ਼ਿਆਦਾ ਹੁੰਦੀ ਹੈ। ਪ੍ਰਦੂਸ਼ਿਤ ਪਾਣੀ ਦੀ ਬਹੁਤ ਜ਼ਿਆਦਾ ਮਾਤਰਾ, ਟਰੀਟਮੈਂਟ ਪਲਾਂਟ ਨੂੰ ਲਾਉਣ ਅਤੇ ਚਲਾਉਣ ਲਈ ਵੱਧ ਪੂੰਜੀ ਦੀ ਲੋੜ ਅਤੇ ਚੋਖੀ ਊਰਜਾ/ਬਿਜਲੀ ਦੀ ਲੋੜ ਕਰਕੇ ਪਾਣੀ ਨੂੰ ਸਾਫ਼ ਕਰਨਾ ਬਹੁਤ ਮਹਿੰਗਾ ਸੌਦਾ ਹੋ ਨਿਬੜਦਾ ਹੈ।

ਇਹ ਦੋਸ਼ ਲਗਾਇਆ ਜਾਂਦਾ ਹੈ ਕਿ ਕੁਝ ਡਿਸਟਿਲਰੀਆਂ ਵਾਧੂ ਪਾਣੀ/ਮਵਾਦ ਨੂੰ ਬਹੁਤ ਡੂੰਘੇ ਬੋਰਾਂ ਰਾਹੀਂ ਜ਼ਮੀਨ ਦੇ ਹੇਠਾਂ ਸੁੱਟ ਦਿੰਦੀਆਂ ਹਨ। ਕੀ ਇਹ ਸੰਭਵ ਹੈ?

– ਕਾਨੂੰਨੀ ਤੌਰ 'ਤੇ ਤਾਂ ਡਿਸਟਿਲਰੀਆਂ ਵਿੱਚ ਪੈਦਾ ਹੁੰਦੇ ਦੂਸ਼ਿਤ ਪਾਣੀ ਅਤੇ ਵਾਧੂ ਪਦਾਰਥਾਂ ਨੂੰ ਟਰੀਟਮੈਂਟ ਪਲਾਂਟਾਂ ਵਿੱਚ ਸਾਫ਼ ਕਰਨ ਦਾ ਪ੍ਰਬੰਧ ਕਰਨਾ ਫੈਕਟਰੀ ਦੀ ਮਨਜ਼ੂਰੀ ਲਈ ਸਭ ਤੋਂ ਜ਼ਰੂਰੀ ਲੋੜ ਹੈ, ਪਰ ਦੂਸ਼ਿਤ ਪਾਣੀ ਦੇ ਟਰੀਟਮੈਂਟ 'ਤੇ ਆਉਂਦੇ ਵੱਡੇ ਖਰਚਿਆਂ ਕਰਕੇ ਡਿਸਟਿਲਰੀ ਮਾਲਕਾਂ ਵੱਲੋਂ ਦੂਸ਼ਿਤ ਪਾਣੀ ਤੋਂ ਖਹਿੜਾ ਛੁਡਵਾਉਣ ਲਈ ਵੱਖ-ਵੱਖ ਚੋਰ ਮੋਰੀਆਂ ਲੱਭੀਆਂ ਅਤੇ ਵਰਤੀਆਂ ਜਾਂਦੀਆਂ ਹਨ। ਕਈ ਡਿਸਟਿਲਰੀਆਂ ਵੱਲੋਂ ਤਾਂ ਦੂਸ਼ਿਤ ਪਾਣੀ ਨੂੰ ਨੇੜੇ ਦੀਆਂ ਖੁੱਲ੍ਹੀਆਂ ਥਾਵਾਂ ਜਾਂ ਨਦੀ-ਨਾਲਿਆਂ ਵਿੱਚ ਛੱਡ ਦਿੱਤਾ ਜਾਂਦਾ ਹੈ, ਪਰ ਜਿੱਥੇ ਅਜਿਹੇ ਹਾਲਾਤ ਨਾ ਹੋਣ ਜਾਂ ਲੋਕਾਂ ਦੀਆਂ ਸ਼ਿਕਾਇਤਾਂ ਦਾ ਡਰ ਹੋਵੇ ਤਾਂ ਦੂਸ਼ਿਤ ਪਾਣੀ ਨੂੰ ਬੋਰਾਂ ਰਾਹੀਂ ਧਰਤੀ ਹੇਠਾਂ ਪਾਉਣ ਦੀਆਂ ਗੱਲਾਂ ਵੀ ਅਕਸਰ ਸੁਣਨ ਵਿੱਚ ਆਉਂਦੀਆਂ ਹਨ। ਭ੍ਰਿਸ਼ਟਾਚਾਰ ਦੇ ਚਲਦਿਆਂ ਦੂਸ਼ਿਤ ਪਾਣੀ ਨੂੰ ਬੋਰਾਂ ਰਾਹੀਂ ਧਰਤੀ ਹੇਠਾਂ ਪਾਉਣ ਕੋਈ ਅਸੰਭਵ ਕੰਮ ਨਹੀਂ। ਡਿਸਟਿਲਰੀਆਂ/ਫੈਕਟਰੀਆਂ ਦੇ ਸੈਂਪਲਾਂ ਦੀ ਕੀਤੀ ਜਾਂਦੀ ਜਾਂਚ ਤਾਂ ਹਮੇਸ਼ਾਂ ਹੀ ਸ਼ੱਕ ਦੇ ਘੇਰੇ ਵਿੱਚ ਰਹਿੰਦੀ ਹੈ। ਸਰਕਾਰੀ ਅਦਾਰੇ ਡਿਸਟਿਲਰੀਆਂ/ਫੈਕਟਰੀਆਂ ਦੇ ਪ੍ਰਦੂਸ਼ਣ ਦੇ ਅੰਕੜੇ ਜਨਤਕ ਨਹੀਂ ਕਰਦੇ ਅਤੇ ਪਾਰਦਰਸ਼ਤਾ ਤੋਂ ਕੰਮ ਨਹੀਂ ਲੈਂਦੇ। ਇਹ ਯਕੀਨੀ ਬਣਾਉਣ ਲਈ ਕਿ ਡਿਸਟਿਲਰੀਆਂ ਦੂਸ਼ਿਤ ਪਾਣੀ ਦਾ ਟਰੀਟਮੈਂਟ ਸਹੀ ਢੰਗ ਨਾਲ ਕਰ ਰਹੀਆਂ ਹਨ ਅਤੇ ਦੂਸ਼ਿਤ ਪਾਣੀ ਨੂੰ ਖੁੱਲ੍ਹੀਆਂ ਥਾਵਾਂ ਜਾਂ ਨਦੀ-ਨਾਲਿਆਂ ਜਾਂ ਧਰਤੀ ਹੇਠਲੇ ਪਾਣੀ ਵਿੱਚ ਨਹੀਂ ਪਾ ਰਹੀਆਂ, ਡਿਸਟਿਲਰੀਆਂ/ ਫੈਕਟਰੀਆਂ ਦੇ ਟਰੀਟਮੈਂਟ ਪਲਾਂਟਾਂ ਵਿੱਚ ਵਰਤੀ ਜਾਂਦੀ ਬਿਜਲੀ, ਲਗਾਤਾਰ ਬਦਲੇ ਜਾਂਦੇ ਸਾਮਾਨ ਅਤੇ ਵਰਤੇ ਜਾਂਦੇ ਕੈਮੀਕਲਜ਼ ਦਾ ਨਿਰੰਤਰ ਲੇਖਾ-ਜੋਖਾ ਕੀਤਾ ਜਾਣਾ ਚਾਹੀਦਾ ਹੈ।

ਕੀ ਵਿਦੇਸ਼ਾਂ ਵਿਚ ਅਜਿਹਾ ਕੋਈ ਕੇਸ ਤੁਸੀਂ ਵੇਖਿਆ ਜਾਂ ਤੁਹਾਡੇ ਨੋਟਿਸ ਵਿਚ ਆਇਆ ਹੈ?

– ਵਿਦੇਸ਼ਾਂ ਵਿਚ ਮੈਂ ਕਦੇ ਵੀ ਅਜਿਹਾ ਕੇਸ ਸੁਣਿਆ ਜਾਂ ਦੇਖਿਆ ਨਹੀਂ ਹੈ। ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਵਿੱਚ ਤਾਂ ਬੋਰ ਕਰਨ ਦੀ ਕੰਪਨੀ ਖੋਲ੍ਹਣ ਤੋਂ ਪਹਿਲਾਂ ਲਾਇਸੈਂਸ ਲੈਣਾ ਜ਼ਰੂਰੀ ਹੈ ਅਤੇ ਹਰ ਇੱਕ ਕੀਤੇ ਗਏ ਬੋਰ ਨੂੰ ਸਰਕਾਰ ਕੋਲ ਦਰਜ ਕਰਵਾਉਣਾ ਲਾਜ਼ਮੀ ਹੈ। ਜੇਕਰ ਕੋਈ ਬੋਰ ਖ਼ਰਾਬ ਹੋ ਜਾਵੇ ਜਾਂ ਵਰਤੋਂ ਵਿੱਚ ਨਾ ਆਵੇ ਤਾਂ ਉਸ ਨੂੰ ਸਹੀ ਵਿਧੀ ਅਪਣਾ ਕੇ ਬੰਦ ਕਰਨਾ ਵੀ ਜ਼ਰੂਰੀ ਹੈ। ਇੱਥੇ ਫਲਾਂ ਨੂੰ ਪੈਕ ਕਰਨ ਵਾਲੀ ਇਕ ਫੈਕਟਰੀ ਵਿੱਚੋਂ ਕੁਝ ਪਾਣੀ ਬਾਹਰ ਆ ਗਿਆ ਤਾਂ ਫੈਕਟਰੀ ਨੂੰ ਕਈ ਦਿਨ ਬੰਦ ਰੱਖਿਆ ਗਿਆ। ਸਖ਼ਤ ਕਾਨੂੰਨਾਂ ਕਰਕੇ ਹੀ ਵੱਡੇ ਕਾਰਪੋਰੇਟ ਘਰਾਣਿਆਂ ਨੇ ਵੱਧ ਪ੍ਰਦੂਸ਼ਣ ਕਰਨ ਵਾਲੀਆਂ ਆਪਣੀਆਂ ਫੈਕਟਰੀਆਂ ਵਿਕਾਸਸ਼ੀਲ ਜਾਂ ਗ਼ਰੀਬ ਮੁਲਕਾਂ ਵਿੱਚ ਤਬਦੀਲ ਦਿੱਤੀਆਂ ਹਨ।

ਇੰਡੀਅਨ ਇੰਸਟੀਚਿਊਟ ਆਫ ਟੈਕਨਾਲੋਜੀ ਰੁੜਕੀ ਦੇ ਸਿਵਲ ਇੰਜਨੀਅਰਿੰਗ ਵਿਭਾਗ ਦੇ ਪੀਐੱਚਡੀ ਸਕਾਲਰ ਲੈਫਟੀਨੈਂਟ ਕਰਨਲ ਐੱਮ ਨਾਗਰਜ ਅਤੇ ਪ੍ਰੋ. ਤੇ ਮੁਖੀ ਪ੍ਰੋਫੈਸਰ ਅਰਵਿੰਦ ਕੁਮਾਰ ਦੇ ਖੋਜ-ਪੱਤਰ 'ਡਿਸਟਿਲਰੀ ਤੋਂ ਨਿਕਲਦੇ ਵਾਧੂ ਪਾਣੀ ਦੀ ਸੋਧ ਅਤੇ ਨਿਕਾਸ (Distillery Wastewater Treatment and Disposal) ਅਨੁਸਾਰ ਜੇ ਤੁਸੀਂ ਵਾਧੂ ਪਾਣੀ ਨੂੰ ਕਾੜ੍ਹ (Concentrate) ਕੇ ਭਸਮ ਕਰਦੇ (incinerate) ਹੋ ਤਾਂ ਇਸ ਤਰ੍ਹਾਂ ਦੀ ਪ੍ਰਕਿਰਿਆ ਲਈ ਚਾਹੀਦੇ ਉਪਕਰਨਾਂ 'ਤੇ ਡਿਸਟਿਲਰੀ 'ਤੇ ਲੱਗੇ ਪੈਸੇ ਤੋਂ ਚਾਰ ਗੁਣਾ ਜ਼ਿਆਦਾ ਪੈਸੇ ਲੱਗਦੇ ਹਨ।' ਭਾਰਤ ਵਿਚ ਡਿਸਟਿਲਰੀਆਂ ਵਾਧੂ ਪਾਣੀ/ਮਵਾਦ ਨੂੰ ਸੋਧਣ ਤੇ ਨਿਕਾਸਣ ਲਈ ਕਿਹੜੀ ਕਿਹੜੀ ਪ੍ਰਕਿਰਿਆ ਅਪਣਾਉਂਦੀਆਂ ਹਨ?

– ਕਈ ਵਿਗਿਆਨੀਆਂ ਵੱਲੋਂ ਖੋਜ ਪੱਤਰਾਂ ਵਿੱਚ ਇਹ ਲਿਖਿਆ ਗਿਆ ਹੈ ਕਿ ਆਧੁਨਿਕ ਢੰਗਾਂ ਜਿਵੇਂ ਇਕਾਗਰਤਾ (Concentration) ਜਾਂ ਭਾਫ਼ ਬਣਾ ਕੇ ਹਿੱਸਿਆਂ ਵਿੱਚ ਉਡਾਉਣ (Multi Effect Evaporation) ਤੋਂ ਬਾਅਦ ਸਾੜਨ ਪ੍ਰਕਿਰਿਆ (Incineration) ਰਾਹੀਂ ਦੂਸ਼ਿਤ ਪਾਣੀ ਤੋਂ ਖਹਿੜਾ ਛੁਡਵਾਇਆ ਜਾ ਸਕਦਾ ਹੈ। ਇਹ ਗੱਲ ਵੀ ਬਿਲਕੁਲ ਸਹੀ ਹੈ ਕਿ ਅਜਿਹੇ ਟਰੀਟਮੈਂਟ ਪਲਾਂਟ ਲਾਉਣ ਦਾ ਖਰਚਾ, ਡਿਸਟਿਲੇਸ਼ਨ ਪਲਾਂਟ ਲਾਉਣ ਦੇ ਖਰਚੇ ਤੋਂ ਦੋ ਤੋਂ ਚਾਰ ਗੁਣਾ ਤੱਕ ਵੱਧ ਹੁੰਦਾ ਹੈ ਅਤੇ ਇਨ੍ਹਾਂ ਨੂੰ ਚੱਲਦੇ ਰੱਖਣ ਲਈ ਬਿਜਲੀ, ਕੈਮੀਕਲਜ਼ ਅਤੇ ਛਾਨਣੀਆਂ (Filters) ਆਦਿ 'ਤੇ ਵੀ ਚੋਖਾ ਖਰਚਾ ਆਉਂਦਾ ਹੈ।

ਕੀ ਡਿਸਟਿਲਰੀਆਂ ਤੋਂ ਨਿਕਲਦੇ ਮਵਾਦ/ਗੰਦੇ ਪਾਣੀ ਵਿਚ ਕੁਝ ਗੁਣਕਾਰੀ ਪਦਾਰਥ ਵੀ ਹੁੰਦੇ ਹਨ?

– ਡਿਸਟਿਲਰੀਆਂ ਵਿਚੋਂ ਨਿਕਲਦੇ ਮਵਾਦ/ਗੰਦੇ ਪਾਣੀ ਵਿੱਚ ਬਹੁਤ ਹੀ ਖ਼ਤਰਨਾਕ ਅਤੇ ਅੜੀਅਲ ਕਿਸਮ ਦੇ ਪਦਾਰਥਾਂ ਦੇ ਨਾਲ ਨਾਈਟ੍ਰੋਜਨ, ਫਾਸਫੋਰਸ, ਫੋਟਾਸ਼, ਕਈ ਪ੍ਰਕਾਰ ਦੇ ਪ੍ਰੋਟੀਨ, ਤੇਲ ਅਤੇ ਮੋਮ ਨਾਲ ਕਈ ਕਿਸਮ ਦੇ ਗੁਣਕਾਰੀ ਜੈਵਿਕ ਪਦਾਰਥ ਵੀ ਹੁੰਦੇ ਹਨ। ਦੂਸ਼ਿਤ ਪਾਣੀ ਵਿੱਚ ਪਾਏ ਜਾਂਦੇ ਮਿਲੈਨੋਈਡਿਨਜ਼ ਵਿੱਚੋਂ ਬਹੁਤੇ ਤਾਂ ਜ਼ਹਿਰੀਲੇ ਹੁੰਦੇ ਹਨ ਪਰ ਕਈ ਮਨੁੱਖੀ ਸਿਹਤ ਲਈ ਗੁਣਕਾਰੀ ਵੀ ਹੁੰਦੇ ਹਨ। ਡਿਸਟਿਲਰੀਆਂ ਵਿੱਚੋਂ ਨਿਕਲਦੇ ਮਵਾਦ/ਦੂਸ਼ਿਤ ਪਾਣੀ ਵਿਚਲੇ ਗੁਣਕਾਰੀ ਪਦਾਰਥਾਂ ਨੂੰ ਵੱਖ ਕਰਕੇ ਹੋਰ ਕੰਮਾਂ ਲਈ ਵੀ ਵਰਤਿਆ ਜਾ ਸਕਦਾ ਹੈ।

ਉਹ ਗੁਣਕਾਰੀ ਪਦਾਰਥ ਕਿਵੇਂ ਗੰਦੇ ਪਾਣੀ/ਮਵਾਦ 'ਚੋਂ ਕੱਢੇ ਤੇ ਵਰਤੇ ਜਾ ਸਕਦੇ ਹਨ?

– ਗੁਣਕਾਰੀ ਪਦਾਰਥਾਂ ਨੂੰ ਗੰਦੇ ਪਾਣੀ/ਮਵਾਦ ਵਿੱਚੋਂ ਕੱਢਣ ਦੀਆਂ ਕਈ ਵਿਧੀਆਂ ਮੌਜੂਦ ਹਨ ਅਤੇ ਇਨ੍ਹਾਂ ਦੀ ਵਰਤੋਂ ਹੋਰ ਕੰਮਾਂ ਲਈ ਕੀਤੀ ਜਾ ਸਕਦੀ ਹੈ। ਪਰ ਇਨ੍ਹਾਂ ਗੁਣਕਾਰੀ ਪਦਾਰਥਾਂ ਨੂੰ ਵੱਖ ਕਰਨ ਤੋਂ ਬਾਅਦ ਬਚੇ ਹੋਏ ਪਾਣੀ ਵਿੱਚ ਹਾਨੀਕਾਰਕ ਤੱਤਾਂ ਦੀ ਮਾਤਰਾ ਬਹੁਤ ਵਧ ਜਾਂਦੀ ਹੈ ਜਿਸਦਾ ਪੂਰਨ ਸ਼ੁੱਧੀਕਰਨ ਬਹੁਤ ਜ਼ਰੂਰੀ ਹੈ।

ਸੰਪਰਕ: +1(778)938-5479

# ਭਾਰਤ 'ਚ ਵਿਦੇਸ਼ੀ ਯੂਨੀਵਰਸਿਟੀਆਂ ਦੀ ਖੁੱਲ੍ਹ



-ਸੁਖਦੇਵ ਸਲੇਮਪੁਰੀ
09780620233



ਜਿਸ ਵੇਲੇ ਦੇਸ ਦੀ ਅਜਾਦੀ ਲਈ ਲੜਾਈ ਲੜੀ ਜਾ ਰਹੀ ਸੀ, ਕੁਰਬਾਨੀਆਂ ਦਿੱਤੀਆਂ ਜਾ ਰਹੀਆਂ ਸਨ ਤਾਂ ਦੇਸ ਲਈ ਸਹੀਦ ਹੋਣ ਵਾਲਿਆਂ, ਜੇਲ੍ਹਾਂ ਵਿੱਚ ਬੰਦ ਹੋਣ ਵਾਲਿਆਂ, ਫਾਂਸੀਆਂ ਦੇ ਰੱਸੇ ਚੁੰਮਣ ਵਾਲਿਆਂ, ਤਸੀਹੇ ਝੱਲਣ ਵਾਲਿਆਂ ਦੇਸ ਭਗਤਾਂ, ਦੇਸ ਨੂੰ ਪਿਆਰ ਕਰਨ ਵਾਲਿਆਂ ਦੇ ਮਨ ਵਿਚ ਸੁਫਨਾ ਸੀ ਕਿ, ਦੇਸ ਦੀ ਅਜਾਦੀ ਪਿਛੋਂ ਦੇਸ ਵਿਚ ਗਰੀਬੀ - ਅਮੀਰੀ ਦਾ ਪਾੜਾ ਖਤਮ ਹੋ ਕੇ ਸਾਵਾਂਪਣ ਪੈਦਾ ਹੋਵੇਗਾ, ਦੇਸ ਖੁਸਹਾਲ ਹੋਵੇਗਾ, ਲੋਕ ਖੁਸ ਹੋਣਗੇ, ਸਾਰਿਆਂ ਨੂੰ ਕੁੱਲੀ, ਗੁੱਲੀ ਅਤੇ ਜੁੱਲੀ ਨਸੀਬ ਹੋਵੇਗੀ। ਹਰੇਕ ਬੱਚੇ ਨੂੰ ਪੜ੍ਹਨ ਦਾ ਸੁਭਾਗ ਪ੍ਰਾਪਤ ਹੋਵੇਗਾ। ਦੇਸ ਦਾ ਹਰੇਕ ਬੱਚਾ ਪੜ੍ਹੇਗਾ, ਆਪਣੇ ਪੈਰਾਂ 'ਤੇ ਖੜ੍ਹੇਗਾ, ਦੇਸ ਲਈ, ਸਮਾਜ ਲਈ ਕੰਮ ਕਰੇਗਾ, ਦੇਸ ਦੀ ਸੇਵਾ ਕਰੇਗਾ। ਲੋਕਾਂ ਦੇ ਸਿਰੋਂ ਗਰੀਬੀ ਦੀ ਜਹਾਲਤ ਦਾ ਫੰਦਾ ਟੁੱਟੇਗਾ। ਸਿੱਖਿਆ ਸਾਰਿਆਂ ਲਈ ਹੋਵੇਗੀ, ਜਿਸ ਕਰਕੇ ਸਾਰੇ ਪੜ੍ਹਨਗੇ। ਲੋਕਾਂ ਦਾ ਜੀਵਨ ਪੱਧਰ ਉੱਚਾ ਹੋਵੇਗਾ, ਸਭ ਲੋਕ ਇੱਕ ਸਮਾਨ ਹੋਣਗੇ, ਕੋਈ ਪੱਖਪਾਤ ਨਹੀਂ ਹੋਵੇਗਾ, ਕਿਸੇ ਨਾਲ ਬੇਇਨਸਾਫੀ ਨਹੀਂ ਹੋਵੇਗੀ, ਸਭ ਨੂੰ ਇਨਸਾਫ ਮਿਲੇਗਾ, ਕਾਨੂੰਨ ਸੱਭ ਨੂੰ ਇੱਕ ਅੱਖ ਨਾਲ ਵੇਖੇਗਾ। ਪਰ ਦੇਸ ਵਿਚ ਹੁਣ ਤੱਕ ਜਿੰਨੀਆਂ ਵੀ ਸਰਕਾਰਾਂ ਆਈਆਂ, ਉਨ੍ਹਾਂ ਨੇ ਦੇਸ ਵਿਚ ਸਮਾਜਿਕਤਾ ਅਤੇ ਆਰਥਿਕਤਾ ਦੇ ਖੇਤਰ ਵਿਚ ਸਾਵਾਂਪਣ ਲਿਆਉਣ ਦੀ ਬਜਾਇ ਅਮੀਰੀ-ਗਰੀਬੀ ਦੇ ਪਾੜੇ ਨੂੰ ਹੋਰ ਵਧਾਇਆ ਹੈ, ਜਿਸ ਕਰਕੇ ਗਰੀਬ ਹੋਰ ਗਰੀਬ ਹੋ ਗਿਆ ਹੈ, ਅਮੀਰ ਹੋਰ ਅਮੀਰ ਹੋ ਗਿਆ ਹੈ। ਸਰਕਾਰਾਂ ਨੇ ਜਨਤਕ ਅਦਾਰਿਆਂ ਨੂੰ ਬਚਾਉਣ ਦੀ ਬਜਾਇ ਕਾਰਪੋਰੇਟ ਅਦਾਰਿਆਂ /ਘਰਾਣਿਆਂ ਨੂੰ ਉਤਸਾਹਿਤ ਕੀਤਾ ਹੈ, ਮਾਲੋਮਾਲ ਕੀਤਾ ਹੈ, ਨਿੱਜੀਕਰਨ ਨੂੰ ਵਧਾਉਣ ਲਈ ਲੋਕ ਮਾਰੂ ਨੀਤੀਆਂ ਹੋਂਦ ਵਿਚ ਲਿਆਂਦੀਆਂ ਹਨ। ਕੇਂਦਰ ਵਿਚਲੀ ਭਾਜਪਾ ਸਰਕਾਰ ਵਲੋਂ ਭਾਰਤੀ ਸਿੱਖਿਆ ਢਾਂਚੇ ਨੂੰ ਕੇਵਲ ਭਗਵੇਂਕਰਨ ਦੀ ਹੀ ਪੁੱਠ ਨਹੀਂ ਚੜ੍ਹਾਈ ਜਾ ਰਹੀ, ਸਗੋਂ ਸਿੱਖਿਆ ਦਾ ਨਿੱਜੀਕਰਨ ਕਰਨ ਲਈ ਵੀ ਨੀਤੀਆਂ ਬਣਾ ਕੇ ਦੇਸ ਦੇ ਆਮ ਲੋਕਾਂ ਕੋਲੋਂ ਸਿੱਖਿਆ ਦਾ ਅਧਿਕਾਰ ਖੋਹਣ ਦੀਆਂ ਲਗਾਤਾਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।

ਲੋਕ ਜਦੋਂ ਦੇਸ ਦੀ 75 ਵੀਂ ਅਜਾਦੀ ਵਰ੍ਹੇਗੰਢ ਦੇ ਜਸਨ ਮਨਾ ਰਹੇ ਹਨ ਤਾਂ , ਕੇਂਦਰ ਸਰਕਾਰ ਨੇ ਦੇਸ ਵਿਚ ਵਿਦੇਸੀ ਯੂਨੀਵਰਸਿਟੀਆਂ ਨੂੰ ਆਪਣੇ ਪੈਰ ਪਸਾਰਨ ਲਈ ਖੁੱਲ੍ਹ ਦੇ ਦਿੱਤੀ ਹੈ, ਵਿਦੇਸੀਆਂ ਨੂੰ ਆਪਣੇ ਕਾਰੋਬਾਰ ਵਧਾਉਣ ਲਈ ਦੇਸ ਵਿਚ ਆਪਣੇ ਕਾਰੋਬਾਰ ਸਥਾਪਿਤ ਕਰਨ ਦਾ ਸੱਦਾ ਦੇ ਦਿੱਤਾ ਹੈ। ਭਾਰਤੀ ਬਣੋ, ਭਾਰਤੀ ਵਸਤਾਂ ਖ਼੍ਰੀਦੋ, ਭਾਰਤ ਆਤਮਨਿਰਭਰਤਾ ਵਲ ਵਧੇਗਾ, ਭਾਰਤੀ ਹੁਨਰ ਨੂੰ ਨਿਖਾਰੋ ਵਾਲੇ ਦੇਸ ਭਗਤੀ ਦੇ ਨਾਅਰੇ ਕਿੱਧਰ ਚਲੇ ਗਏ ? ਹੁਣ ਤਾਂ ਵਿਦੇਸੀ ਯੂਨੀਵਰਸਿਟੀਆਂ ਨੂੰ ਆਪਣੇ ਕੈਂਪਸ /ਕੇਂਦਰ ਬਣਾਉਣ ਦੀ ਖੁੱਲ੍ਹ ਦੇ ਦਿੱਤੀ ਹੈ। ਹੁਣ ਸੱਚਮੁੱਚ ਵਿਸਵਗੁਰੂ ਬਣਨ ਵਲ ਧਿਆਨ ਕੇਂਦਰਿਤ ਕੀਤਾ ਜਾ ਰਿਹਾ ਹੈ।

ਸ਼ੁਰੂਆਤੀ ਤੌਰ 'ਤੇ ਵਿਦੇਸੀ ਯੂਨੀਵਰਸਿਟੀਆਂ ਨੂੰ 10 ਸਾਲ ਲਈ ਮਨਜੂਰੀ ਦਿੱਤੀ ਜਾਵੇਗੀ। ਯੂਨੀਵਰਸਿਟੀਆਂ ਆਪਣੀ ਮਨਮਰਜੀ ਨਾਲ ਦਾਖਲਾ ਕਰਨਗੀਆਂ। ਯੂਨੀਵਰਸਿਟੀਆਂ ਆਪਣੇ - ਆਪ ਫੀਸ, ਫੰਡ ਤੈਅ ਕਰਨਗੀਆਂ, ਉਨ੍ਹਾਂ ਦਾ ਆਪਣਾ ਅਮਲਾ ਹੋਵੇਗਾ, ਆਪਣੀ ਮਰਜੀ ਨਾਲ ਫੈਕਲਟੀ ਭਰਤੀ ਕਰਨਗੀਆਂ, ਯੂਨੀਵਰਸਿਟੀਆਂ ਵਿੱਚ ਯੂਨੀਵਰਸਿਟੀ ਗ੍ਰਾਂਟ ਕਮਿਸਨ ਦੀ ਕੋਈ ਵੀ ਦਖਲਅੰਦਾਜੀ ਨਹੀਂ ਹੋਵੇਗੀ, ਜਿਸ ਕਰਕੇ ਵਿਦੇਸੀ ਯੂਨੀਵਰਸਿਟੀਆਂ ਦੇ ਪ੍ਰਬੰਧਕ ਯੂਨੀਵਰਸਿਟੀਆਂ ਵਿੱਚ ਰਾਖਵੇਂਕਰਨ ਕਰਨ ਬਾਰੇ ਫੈਸਲਾ ਲੈਣ ਲਈ ਸੁਤੰਤਰ ਹੋਣਗੇ, ਕੋਈ ਰੋਕ-ਟੋਕ ਨਹੀਂ ਹੋਵੇਗੀ ।ਯੂਨੀਵਰਸਿਟੀ ਗ੍ਰਾਂਟ ਕਮਿਸਨ ਨੇ ਦਾਖਲਿਆਂ ਨੂੰ ਲੈ ਕੇ ਸਪੱਸਟ ਕੀਤਾ ਹੈ ਕਿ, ਵਿਦੇਸੀ ਯੂਨੀਵਰਸਿਟੀਆਂ ਖੁਦ ਦਾਖਲੇ ਕਰਨਗੀਆਂ, ਰਾਖਵਾਂਕਰਨ ਲਾਗੂ ਕਰਨਾ ਜਾਂ ਨਾ ਕਰਨਾ ਯੂਨੀਵਰਸਿਟੀਆਂ ਖੁਦ ਵੇਖਣਗੀਆਂ, ਸਰਕਾਰ ਦਾ ਕੋਈ ਵੀ ਲਾਗਾ-ਤੇਗਾ ਨਹੀਂ ਹੋਵੇਗਾ।

ਭਾਰਤੀ ਸੰਵਿਧਾਨ ਅਨੁਸਾਰ ਦੇਸ ਦੇ ਹਜਾਰਾਂ ਸਾਲਾਂ ਤੋਂ ਸਮਾਜਿਕ ਤੌਰ 'ਤੇ ਪੱਛੜੇ ਲੋਕਾਂ, ਜਿਨ੍ਹਾਂ ਵਿਚ ਅਨੁਸੂਚਿਤ ਜਾਤੀਆਂ, ਪੱਛੜੀਆਂ ਸ੍ਰੇਣੀਆਂ ਅਤੇ ਜਨ-ਜਾਤੀਆਂ ਦੇ ਲੋਕ ਸਾਮਲ ਹਨ ਨੂੰ, ਸਮਾਜਿਕ ਤੌਰ' ਤੇ ਬਰਾਬਰ ਕਰਨ ਲਈ ਭਾਰਤੀ ਸੰਵਿਧਾਨ ਵਿਚ ਸੰਵਿਧਾਨਿਕ ਤੌਰ 'ਤੇ ਜੋ ਰਾਖਵਾਂਕਰਨ ਦੀ ਸਹੂਲਤ ਦਿੱਤੀ ਗਈ ਹੈ, ਨੂੰ ਲਾਗੂ ਨਹੀਂ ਕੀਤਾ ਜਾਵੇਗਾ। ਆਰਥਿਕ ਤੌਰ 'ਤੇ ਪੱਛੜਿਆਂ ਲਈ ਦਿੱਤਾ ਗਿਆ ਰਾਖਵਾਂਕਰਨ ਵੀ ਲਾਗੂ ਨਹੀਂ ਕੀਤਾ ਜਾਵੇਗਾ। ਵਿਦੇਸੀ ਯੂਨੀਵਰਸਿਟੀਆਂ ਵਿੱਚ ਵਿਦੇਸੀ ਸਿੱਖਿਆ ਅਨੁਸਾਰ ਪਾਠ-ਕ੍ਰਮ ਹੋਵੇਗਾ, ਜੋ ਸਾਡੇ ਦੇਸ ਦੇ ਵਿੱਦਿਅਕ ਢਾਂਚੇ ਨਾਲੋਂ ਬਿਲਕੁਲ ਵੱਖਰਾ ਹੋਵੇਗਾ, ਵਿਦੇਸੀ ਯੂਨੀਵਰਸਿਟੀਆਂ ਆਪੋ-ਆਪਣੇ ਦੇਸਾਂ ਅਤੇ ਕਾਰਪੋਰੇਟ ਅਦਾਰਿਆਂ ਦੀ ਲੋੜ ਅਨੁਸਾਰ ਕੰਮ ਕਰਨ ਲਈ ਵਿਦਿਆਰਥੀਆਂ ਨੂੰ ਤਿਆਰ ਕਰਨਗੀਆਂ। ਸਿੱਖਿਆ ਬਹੁਤ ਮਹਿੰਗੀ ਹੋਵੇਗੀ, ਜੋ ਸਿਰਫ ਦੇਸ ਦੇ ਅਮੀਰਾਂ ਲਈ ਹੋਵੇਗੀ, ਦੇਸ ਦੇ ਆਮ ਅਤੇ ਗਰੀਬ ਵਿਦਿਆਰਥੀ ਵਿਦੇਸੀ ਯੂਨੀਵਰਸਿਟੀਆਂ ਦੇ ਕੋਲ ਦੀ ਵੀ ਨਹੀਂ ਲੰਘ ਸਕਣਗੇ, ਉਹ ਤਾਂ ਵਿਚਾਰੇ ਹੁਣ ਵੀ ਦੇਸ ਵਿਚ ਚੱਲ ਰਹੇ ਨਿੱਜੀ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਪੜ੍ਹਾਈ ਕਰਨ ਤੋਂ ਅਸਮਰੱਥ ਹਨ, ਹੋਰ ਤਾਂ ਹੋਰ ਦੇਸ ਦੇ ਨਿੱਜੀ ਵਿੱਦਿਅਕ ਅਦਾਰਿਆਂ ਵਿੱਚ ਤਾਂ ਹੁਣ ਵੀ ਨਾ ਤਾਂ ਪੜ੍ਹਾਈ-ਲਿਖਾਈ ਲਈ ਅਤੇ ਨਾ ਹੀ ਨੌਕਰੀਆਂ ਵਿੱਚ ਰਾਖਵਾਂਕਰਨ ਲਾਗੂ ਹੈ, ਫਿਰ ਵਿਦੇਸੀ ਯੂਨੀਵਰਸਿਟੀਆਂ ਵਿੱਚ ਪੜ੍ਹਾਈ ਕਰਨਾ ਜਾਂ ਨੌਕਰੀ ਪ੍ਰਾਪਤ ਕਰਨਾ ਤਾਂ ਸੂਰਜ /ਚੰਦ ਨੂੰ ਮੂੰਹ ਵਿਚ ਨਿਗਲਣ ਸਮਾਨ ਹੋਵੇਗਾ। ਵਿਦੇਸੀ ਯੂਨੀਵਰਸਿਟੀਆਂ ਦੇ ਖੁੱਲ੍ਹਣ ਨਾਲ ਅਮੀਰ-ਗਰੀਬ ਵਰਗ ਵਿਚਕਾਰ ਆਰਥਿਕ ਅਤੇ ਸਮਾਜਿਕ ਖੇਤਰ ਵਿਚ ਹੋਰ ਪਾੜਾ ਵਧੇਗਾ। ਸਮਾਜਿਕ ਤੌਰ 'ਤੇ ਪੱਛੜੇ ਲੋਕਾਂ ਵਿਚ ਸਮਾਜਿਕ ਅਤੇ ਆਰਥਿਕ ਖੁੜ੍ਹਾਂ ਮਾਰੇ ਲੋਕਾਂ ਦੇ ਆਰਥਿਕ ਖੇਤਰ ਵਿਚ ਬਹੁਤ ਵੱਡਾ ਖਲਾਅ ਪੈਦਾ ਹੋਵੇਗਾ, ਜੋ ਨਾ ਤਾਂ ਦੇਸ ਅਤੇ ਨਾ ਹੀ ਦੇਸ ਦੇ ਲੋਕਾਂ ਦੇ ਹਿੱਤ ਵਿੱਚ ਹੋਵੇਗਾ। ਇਥੇ ਇਹ ਵੀ ਦੱਸਣਯੋਗ ਹੈ ਕਿ ਦੇਸ ਵਿਚ ਅਮਰੀਕਾ ਬਰਤਾਨੀਆ, ਫਰਾਂਸ, ਆਸਟ੍ਰੇਲੀਆ ਅਤੇ ਇਟਲੀ ਦੀਆਂ ਯੂਨੀਵਰਸਿਟੀਆਂ ਵਲੋਂ ਆਪਣੇ ਕੇਂਦਰ ਖੋਲ੍ਹਣ ਲਈ ਦਿਲਚਸਪੀ ਦਿਖਾਈ ਜਾ ਰਹੀ ਹੈ।

# ਵਧ ਰਹੀ ਆਬਾਦੀ-ਨਿਆਮਤ ਕਿ ਸਮੱਸਿਆ

ਮਾਲਥਸ ਦੇ ਆਬਾਦੀ ਦੇ ਇਸ ਸਿਧਾਂਤ ਦੇ ਪੈਰੋਕਾਰ ਹੋਣ ਕਾਰਨ ਸਾਡੇ ਮੁਲਕ ਦੇ ਹੁਕਮਰਾਨਾਂ ਨੇ ਵੀ ਇਸੇ ਜ਼ੁਬਾਨ 'ਚ ਗੱਲ ਕੀਤੀ। 70ਵਿਆਂ 'ਚ ਅਤੇ ਉਸ ਤੋਂ ਪਹਿਲਾਂ ਵੀ ਵੱਧਦੀ ਆਬਾਦੀ 'ਤੇ ਨਿਯੰਤਰਨ ਪਾਉਣ ਲਈ ਆਮ ਲੋਕਾਂ ਨੂੰ ਆਪਣੇ ਪਰਿਵਾਰ ਨੂੰ ਛੋਟਾ ਰੱਖਣ ਲਈ ਉਹਨਾਂ ਨੂੰ ਘੱਟ ਬੱਚੇ ਪੈਦਾ ਕਰਨ ਦੀਆਂ ਸਲਾਹਾਂ/ਗਰਭਰੋਕੂ ਸਕੀਮਾਂ ਪ੍ਰਚਾਰੀਆਂ ਗਈਆਂ। ਜਿੱਥੇ ਸਰਕਾਰੀ ਯੋਜਨਾਵਾਂ ਮੁਤਾਬਕ ਪਰਿਵਾਰ ਨਿਯੋਜਨ ਦੇ ਢੰਗ ਅਪਨਾਉਣ ਵਾਲਿਆਂ ਨੂੰ ਬੋਨਸ ਦੇ ਰੂਪ 'ਚ ਨਕਦੀ, ਨੌਕਰੀ 'ਚ ਪ੍ਰੋਮੋਸ਼ਨ ਆਦਿ ਲੋਭ-ਲਾਲਚ ਦਿੱਤੇ ਜਾਂਦੇ ਸਨ ਉੱਥੇ ਆਪਣੀ ਇਸ ਨਹਿਸ਼ ਯੋਜਨਾ ਨੂੰ ਨੇਪਰੇ ਚਾੜ੍ਹਣ ਲਈ ਬਹੁਤ ਥਾਂਵਾਂ 'ਤੇ ਜਬਰਦਸਤੀ ਵੀ ਕੀਤੀ ਗਈ- ਐਮਰਜੈਂਸੀ ਦੇ ਦੌਰ ਵਾਲੀ ਸੰਜੇ ਗਾਂਧੀ ਦੀ ਗ਼ੈਰ-ਵਿਧਾਨਕ ਅਗਵਾਈ ਹੇਠਾਂ ਕੀਤੀ ਗਈ ਜਬਰੀ ਨਸਬੰਦੀ ਕਿਸੇ ਵਿਸਥਾਰ ਦੀ ਮੁਥਾਜ ਨਹੀਂ।

ਅੱਜ ਦੇ ਸਮਾਜਕ-ਆਰਥਕ ਮਾਹੌਲ ਅੰਦਰ ਜਦੋਂ ਵਿਕਸਤ ਮੁਲਕਾਂ ਅੰਦਰ ਆਪਣੇ ਕੈਰੀਅਰ ਨੂੰ ਲੈ ਕੇ ਬੱਚਿਆਂ ਦੀ ਪੈਦਾਇਸ਼ ਨੂੰ ਅੱਗੇ ਪਾਉਣਾ ਆਮ ਗੱਲ ਹੈ ਅਤੇ ਨਾਲ ਹੀ ਉਹਨਾਂ ਮੁਲਕਾਂ ਅੰਦਰ ਜਿਓਣ ਪੱਧਰ ਦੇ ਉਚੇਰਾ ਹੋ ਜਾਣ ਨਾਲ ਮਨੁੱਖੀ ਉਮਰ ਵੀ ਵੱਧ ਹੋ ਗਈ ਹੈ ਅਤੇ ਨਤੀਜਤਨ ਬਜ਼ੁਰਗਾਂ ਦੀ ਗਿਣਤੀ 'ਚ ਵਾਧਾ ਦਰਜ ਕੀਤਾ ਦਾ ਚੁੱਕਿਆ ਹੈ। ਆਲਮੀ ਪੱਧਰ 'ਤੇ ਹੀ ਜਣਨ ਦਰ ਦੇ ਗਿਰਾਵਟ 'ਚ ਚਲੇ ਜਾਣ ਕਰਕੇ ਵਿਕਸਤ ਮੁਲਕਾਂ ਅੰਦਰ ਕੰਮ ਕਰਨ ਵਾਲੀ ਨੌਜਵਾਨ ਪੀੜ੍ਹੀ ਦੀ ਰੜਕਵੀਂ ਘਾਟ ਮਹਿਸੂਸ ਕੀਤੀ ਜਾਣ ਲੱਗੀ ਹੈ। ਇਸ ਘਾਟ ਨੂੰ ਪੂਰਾ ਕਰਨ ਲਈ ਆਸਟਰੇਲੀਆ, ਅਮਰੀਕਾ, ਕੇਨੇਡਾ, ਨਿਊਜ਼ੀਲੈਂਡ ਵਰਗੇ ਮੁਲਕਾਂ ਨੇ ਵੱਖ-ਵੱਖ ਢੰਗਾਂ ਅਤੇ ਪੱਧਰਾਂ ਵਾਲੇ ਪ੍ਰਵਾਸ ਨੇਮਾਂ ਰਾਹੀਂ ਇਸ ਘਾਟ ਨੂੰ ਪੂਰਨ ਲਈ ਰਾਹ ਖੋਲ੍ਹੇ ਹੋਏ ਹਨ। ਇਹੀ ਕਾਰਨ ਹੈ ਕਿ ਚੀਨ ਵਰਗੇ ਵਿਕਸਤ ਮੁਲਕ ਸਮੇਤ ਭਾਰਤ, ਪਾਕਿਸਤਾਨ, ਵੀਅਤਨਾਮ, ਇੰਡੋਨੇਸ਼ੀਆ ਵਰਗੇ ਵਿਕਾਸ਼ਸ਼ੀਲ ਮੁਲਕਾਂ ਦੀ ਜਵਾਨੀ ਨੇ ਆਪਣੀਆਂ ਜੀਵਨ ਹਾਲਤਾਂ ਨੂੰ ਬਿਹਤਰ ਬਣਾਉਣ ਖ਼ਾਤਰ ਪਹਿਲੀ ਸੰਸਾਰ ਦੇ ਇਹਨਾਂ ਸਾਮਰਾਜੀ ਮੁਲਕਾਂ 'ਚ ਜਾ ਡੇਰੇ ਜਮਾਏ ਹਨ। ਸਾਡੇ ਆਪਣੇ ਸੂਬੇ ਪੰਜਾਬ ਤੋਂ +2 ਪਾਸ ਕਰਦਿਆਂ ਹੀ ਵਿਦਿਆਰਥੀਆਂ ਵੱਲੋਂ 'ਜੰਨਤ' ਸਮਝੇ ਜਾਂਦੇ ਇਹਨਾਂ ਮੁਲਕਾਂ ਵੱਲ ਕੀਤੇ ਜਾਂਦੇ ਵੱਡੀ ਗਿਣਤੀ ਵਾਲੇ ਪ੍ਰਵਾਸ ਨੂੰ ਵੀ ਇਸੇ ਪ੍ਰਸੰਗ 'ਚ ਹੀ ਸਮਝਿਆ ਜਾਣਾ ਚਾਹੀਦਾ ਹੈ।

ਆਬਾਦੀ ਦੇ ਵਾਧੇ ਦੇ ਪ੍ਰਸੰਗ ਨੂੰ ਇੱਕ ਹੋਰ ਨੁਕਤਾ-ਨਜ਼ਰ ਤੋਂ ਵੀ ਦੇਖਿਆ ਜਾਣਾ ਚਾਹੀਦਾ ਹੈ, ਉਹ ਹੈ-

**ਲੋਕਾਂ ਦਾ ਪੱਖ**

ਬੁਨਿਆਦੀ ਰੂਪ 'ਚ ਸਰਮਾਏਦਾਰਾਨਾ ਅਰਥਚਾਰਾ ਸਰਪਲਸ(ਵਾਫਰ) ਕਦਰ 'ਤੇ ਜੱਫਾ ਮਾਰਨ ਦੇ ਅਸੂਲ ਅਧੀਨ ਕਾਰਜਸ਼ੀਲ ਹਾਲਤ 'ਚ ਹੈ। ਇਸ ਢਾਂਚੇ ਅੰਦਰ 'ਸਮਾਜਕ ਵਿਕਾਸ' ਲਈ ਘੜੀ ਜਾਣ ਵਾਲੀ ਹਰ ਯੋਜਨਾ ਮੁਨਾਫੇ ਨੂੰ ਮੁੱਖ ਰੱਖਕੇ ਹੀ ਘੜੀ ਜਾਂਦੀ ਹੈ। ਨਤੀਜਤਨ ਉਹ ਸਮੁੱਚੇ ਸਮਾਜ ਦੇ ਵਿਕਾਸ ਮਾਡਲ ਦੇ ਪੱਖ ਤੋਂ ਬੇਵਿਓਂਤੀ ਬਣਕੇ ਰਹਿ ਜਾਂਦੀ ਹੈ। ਸਮਾਜਕ ਵਿਕਾਸ ਕਰਨ ਦੀ ਥਾਂ ਉਹ ਸਮਾਜ ਦੇ ਵਿਨਾਸ਼ ਦਾ ਕਾਰਕ ਬਣ ਕੇ ਰਹਿ ਜਾਂਦੀ ਹੈ। ਵਸਤਾਂ ਦਾ ਉਤਪਾਦਨ ਵੀ ਵਾਫਰ ਹੋ ਜਾਂਦਾ ਹੈ ਅਤੇ ਮੰਡੀ 'ਚ ਵਸਤਾਂ ਦੀ ਬਹੁਤਾਤ ਹੋ ਜਾਂਦੀ ਹੈ। ਉਹਨਾਂ ਨੂੰ ਖਰੀਦਣ ਲਈ ਮੰਡੀ 'ਚ ਖਰੀਦਦਾਰਾਂ ਦੀ ਖਰੀਦ ਸ਼ਕਤੀ ਨਹੀਂ ਹੁੰਦੀ ਕਿਓਂਕਿ ਸਰੋਤਾਂ ਦੀ ਮਾਲਕੀ ਦੀ ਅਣਸਾਵੀਂ ਵੰਡ ਆਬਾਦੀ ਦੇ ਬਹੁਤ ਵੱਡੇ ਹਿੱਸੇ ਨੂੰ ਸਾਧਨ ਵਿਹੂਣੇ ਹੀ ਰੱਖਦੀ ਹੈ। ਅਤੇ ਅਰਥਚਾਰਾ ਸੰਕਟ ਮੂੰਹ ਆ ਜਾਂਦਾ ਹੈ। ਅੱਜ ਦੀਆਂ ਹਾਲਤਾਂ 'ਚ ਸਰਮਾਏਦਾਰੀ ਅਤੇ ਮੌਜੂਦਾ ਸਮਿਆਂ 'ਚ ਸਾਮਰਾਜਵਾਦ ਇਸ ਆਲਮੀ ਵਿੱਤੀ ਸੰਕਟ ਲਈ ਜ਼ੁੰਮੇਵਾਰ ਹਨ। ਨਾ ਕਿ ਵੱਧਦੀ ਆਬਾਦੀ। ਅਤੇ ਹਾਕਮ ਜਮਾਤਾਂ ਹਮੇਸ਼ਾ ਤੋਂ ਹੀ ਇਸ ਤਾਕ 'ਚ ਰਹਿੰਦੀਆਂ ਹਨ ਕਿ ਅਜਿਹੀਆਂ ਸੰਕਟਮਈ ਹਾਲਤਾਂ ਦੀ ਭਿਣਕ ਆਮ ਲੋਕਾਈ ਦੇ ਕੰਨੀ ਨਾ ਪਵੇ। ਇਸ ਲਈ ਉਹ ਹਰ ਹਾਲਤ 'ਚ ਹੀ ਆਪਣੇ ਗੁਮਰਾਹਕੁੰਨ ਪ੍ਰਚਾਰ ਰਾਹੀਂ ਲੋਕਾਂ ਨੂੰ ਆਪਸ 'ਚ ਲੜਾਉਣ ਦੀ ਤਾਕ 'ਚ ਰਹਿੰਦੀਆਂ ਹਨ।

ਵੱਧਦੀ ਆਬਾਦੀ ਨਾਲ ਜੁੜੇ ਪ੍ਰਵਾਸ ਦੇ ਮਸਲੇ ਨੂੰ ਵੀ ਅਜਿਹੀਆਂ ਲੋਕ ਵਿਰੋਧੀ ਤਾਕਤਾਂ ਲੋਕਾਂ ਨੂੰ ਆਪਸ 'ਚ ਉਲਝਾਈ ਰੱਖਣ ਲਈ ਵਰਤਦੀਆਂ ਹਨ। ਆਪਣੇ

(ਸਫ਼ਾ 9 ਦੀ ਬਾਕੀ)

ਸਮਿਆਂ 'ਚ ਰੁਜ਼ਗਾਰ ਪ੍ਰਾਪਤੀ ਲਈ ਵਿਦੇਸ਼ੀਂ ਪ੍ਰਵਾਸ ਕਰ ਗਏ ਗਦਰੀ ਬਾਬਿਆਂ ਨੇ ਨਸਲੀ ਵਿਤਕਰੇਬਾਜ਼ੀ ਨੂੰ ਆਪਣੇ ਪਿੰਡਿਆਂ 'ਤੇ ਹੰਢਾਇਆ ਸੀ। ਅਜਿਹੀਆਂ ਹੀ ਹਾਲਤਾਂ 'ਚ ਹੀ ਅੱਜ ਪੰਜਾਬ ਅੰਦਰਲੀ ਜਵਾਨੀ ਵੀ ਪ੍ਰਦੇਸ਼ਾਂ ਨੂੰ ਪ੍ਰਵਾਸ ਕਰ ਰਹੀ ਹੈ। ਇਸ ਨਾਲ ਇੱਥੇ ਪੈਦਾ ਹੋਈ ਖਲਾਅ ਵਾਲੀ ਹਾਲਤ ਨੂੰ ਪੂਰਨ ਲਈ ਮੁਲਕ ਦੇ ਹੋਰਨਾਂ ਹਿੱਸਿਆਂ 'ਚੋਂ ਲੋਕ ਆ ਕੇ ਇੱਥੇ ਵਸਣ ਲੱਗੇ ਹਨ ਅਤੇ ਹਰ ਵੰਨਗੀ ਦੇ ਕੰਮ ਕਾਰ ਕਰਕੇ ਪੰਜਾਬ ਦੀ ਆਰਥਕਤਾ 'ਚ ਆਪਣਾ ਅਹਿਮ ਯੋਗਦਾਨ ਪਾ ਰਹੇ ਹਨ। "ਵੱਸਦੇ ਘਰਾਂ ਅੰਦਰ ਭਾਂਡੇ ਖੜਕਦੇ ਹੋਣ" ਦੀ ਕਹੌਤ ਮੁਤਾਬਕ ਇੱਥੋਂ ਦੀ ਆਬਾਦੀ ਨਾਲ ਕਦੇ-ਕਦਾਈਂ ਥੋੜ੍ਹਾ-ਬਹੁਤ ਟਕਰਾਅ ਵਾਲੀ ਹਾਲਤ ਬਣ ਜਾਣਾ ਕੋਈ ਗ਼ੈਰ-ਸੁਭਾਵਕ ਵਰਤਾਰਾ ਨਹੀਂ। ਪਰ ਅਜਿਹੇ ਹਾਲਾਤ 'ਚੋਂ ਆਪਣੀਆਂ ਸਿਆਸੀ ਰੋਟੀਆਂ ਸੇਕਣ ਦੇ ਬਹਾਨੇ ਅਜਿਹੇ ਤਨਾਵਾਂ ਨੂੰ ਹਿੰਦੂ-ਸਿੱਖ ਟਕਰਾਅ ਵਜੋਂ ਪੇਸ਼ ਕਰਕੇ ਜਿੱਥੇ ਅਕਾਲ ਤਖਤ ਸਾਹਿਬ ਦੇ ਜੱਥੇਦਾਰ ਆਪਣੀ ਰੱਖਿਆ ਲਈ ਸਿੱਖਾਂ ਨੂੰ ਵੱਧ ਬੱਚੇ ਪੈਦਾ ਕਰਨ ਦੀਆਂ ਨਸੀਹਤਾਂ ਦਿੰਦਾ ਹੈ, ਉੱਥੇ ਦੂਜੇ ਪਾਸੇ ਹਿੰਦੂ ਭਾਈਚਾਰੇ ਦੇ ਸਾਕਸ਼ੀ ਮਹਾਰਾਜ ਵਰਗੇ ਅਖੌਤੀ ਆਗੂ ਹਿੰਦੂਆਂ ਨੂੰ ਵਧੇਰੇ ਬੱਚੇ ਪੈਦਾ ਕਰਕੇ ਆਪਣੀ ਸੁਰੱਖਿਆ ਦੀ ਗਾਰੰਟੀ ਕਰਨ ਦੀਆਂ ਸਲਾਹਾਂ ਦਿੰਦੇ ਹਨ। ਦਸੰਬਰ 2022 ਦੇ ਮੁੱਢ 'ਚ ਭਾਰਤੀ ਜਨਤਾ ਪਾਰਟੀ ਦੇ ਦੋ ਲੋਕ ਸਭਾ ਮੈਂਬਰਾਂ- ਰਵੀ ਕ੍ਰਿਸ਼ਨ ਅਤੇ ਨਿਸ਼ੀਕਾਂਤ ਦੁਬੇ ਨੇ ਨਿੱਜੀ ਮੈਂਬਰ ਦੇ ਤੌਰ 'ਤੇ ਪਾਰਲੀਮੈਂਟ 'ਚ ਰੱਖੇ ਜਾਣ ਵਾਲੇ ਬਿੱਲਾਂ ਦੀ ਸ਼੍ਰੇਣੀ 'ਚ ਇੱਕ ਬਿੱਲ ਲੋਕ ਸਭਾ 'ਚ ਰੱਖਿਆ ਕਿ ਭਾਰਤ ਅੰਦਰ ਆਬਾਦੀ ਨੂੰ ਕੰਟਰੋਲ ਹੇਠ ਰੱਖਿਆ ਜਾਣਾ ਚਾਹੀਦਾ ਹੈ। ਉਹਨਾਂ ਮੁਤਾਬਕ ਭਾਰਤ ਦੇ ਵਿਕਾਸ ਦੀ ਧੀਮੀ ਰਫਤਾਰ ਦਾ ਕਾਰਨ ਭਾਰਤ ਦੀ ਵਧੀ ਹੋਈ ਆਬਾਦੀ ਹੈ। ਇੱਥੇ ਇਹ ਅੰਕੜਾ ਵੀ ਧਿਆਨ 'ਚ ਰੱਖਣ ਵਾਲਾ ਹੈ ਕਿ ਭਾਵੇਂ ਕਿ ਭਾਰਤ ਦੀ ਸਮੁੱਚੀ ਆਬਾਦੀ 'ਚ ਭਾਰੀ ਵਾਧਾ ਹੋਇਆ ਹੈ ਪਰ ਇਹਦੀ ਕੁੱਲ ਜਣਨ ਦਰ (Total Fertility Rate ਯਾਨੀ ਕਿ TFR) 'ਚ ਭਾਰੀ ਗਿਰਾਵਟ ਦਰਜ ਹੋਈ ਹੈ। 1950 'ਚ TFR ਦੀ ਇਹ ਦਰ 5.9% ਸੀ ਜਦਕਿ ਹੁਣ ਇਹ ਘਟਕੇ 2% ਰਹਿ ਗਈ ਹੈ(ਸੋਮਾ- ਨੈਸ਼ਨਲ ਫੈਮਿਲੀ ਹੈਲਥ ਸਰਵੇ ਦਾ ਪੰਜਵਾਂ ਗੇੜ)। ਅਜਿਹੀਆਂ ਕੋਸ਼ਿਸ਼ਾਂ ਹੀ ਆਬਾਦੀ ਦੇ ਮਸਲੇ ਨੂੰ ਲੈ ਕੇ ਯੂਪੀ ਦੇ ਮੁੱਖ ਮੰਤਰੀ ਯੋਗੀ ਅਦਿੱਤਿਯਾ ਨਾਥ ਨੇ 2022 ਦੀਆਂ ਵਿਧਾਨ ਸਭਾਈ ਚੋਣਾਂ ਤੋਂ ਛੇ ਮਹੀਨੇ ਪਹਿਲਾਂ ਕੀਤੀਆਂ ਸਨ ਜਦੋਂ ਉਸਨੇ ਉੱਤਰ ਪ੍ਰਦੇਸ਼ ਆਬਾਦੀ ਕੰਟਰੋਲ ਬਿੱਲ ਲਿਆਂਦਾ ਸੀ। ਇਸ ਬਿੱਲ ਅੰਦਰ ਦਰਜ ਕੀਤਾ ਸੀ ਦੋ ਤੋਂ ਵਧੇਰੇ ਬੱਚਿਆਂ ਵਾਲੇ ਜੋੜਿਆਂ ਨੂੰ ਨੌਕਰੀ ਨਹੀਂ ਦਿੱਤੀ ਜਾਵੇਗੀ। ਪਾਪੂਲੇਸ਼ਨ ਕੰਟਰੋਲ ਪੰਦਰਵਾੜ੍ਹੇ 'ਚ ਇੱਕ ਜਗ੍ਹਾ ਸੰਬੋਧਨ ਕਰਦਿਆਂ ਯੋਗੀ ਅਦਿੱਤਿਆ ਨਾਥ ਦਾ ਕਹਿਣਾ ਸੀ ਕਿ "ਇਓਂ ਨਹੀਂ ਹੋਣਾ ਚਾਹੀਦਾ ਕਿ ਕਿਸੇ ਫਿਰਕੇ ਦੀ ਆਬਾਦੀ ਦੀ ਰਫ਼ਤਾਰ ਵਧੇਰੇ ਹੋਵੇ ਜਾਂ ਉਹਦੀ ਪ੍ਰਤੀਸ਼ਤਤਾ ਵਧੇਰੇ ਹੋਵੇ। ਜੇਕਰ ਅਜਿਹਾ ਹੁੰਦਾ ਹੈ ਤਾਂ ਅਸੀਂ ਉੱਥੋਂ ਦੇ ਮੂਲ ਨਿਵਾਸੀਆਂ ਦੀ ਆਬਾਦੀ ਨੂੰ ਜਾਗਰੂਕਤਾ ਰਾਹੀਂ ਜਾਂ ਫਿਰ ਜਬਰੀ ਤੌਰ 'ਤੇ ਆਬਾਦੀ ਨੂੰ ਕਾਬੂ ਹੇਠ ਲਿਆਵਾਂਗੇ।"ਯਾਨੀ ਕਿ ਯੋਗੀ ਦਾ ਨਿਸ਼ਾਨਾ ਸੂਬੇ ਦੀ ਮੁਸਲਿਮ ਆਬਾਦੀ ਨੂੰ ਸੰਬੋਧਤ ਸੀ।

ਮਾਰਕਸ ਨੇ ਆਬਾਦੀ ਦੇ ਹੋਏ ਵਾਧੇ ਨੂੰ ਸਰਮਾਏ ਦੇ ਜਮ੍ਹਾਂ ਹੁੰਦੇ ਜਾਣ ਦਾ ਨਤੀਜਾ ਗਰਦਾਨਦਿਆਂ ਕਿਹਾ ਹੈ ਕਿ ਇਹ ਸਰਮਾਏ ਦੇ ਸਜੀਵ ਹਿੱਸੇ ਯਾਨੀ ਕਿ ਮਨੁੱਖਾ ਸ਼ਕਤੀ ਦਾ ਹੀ ਵਾਧਾ ਹੈ। ਸਰਮਾਏਦਾਰੀ ਇਸ ਵਾਫਰ ਆਬਾਦੀ ਨੂੰ ਵਾਫਰ ਕਿਰਤ ਸ਼ਕਤੀ ਦੇ ਰੂਪ 'ਚ ਵਰਤਦੀ ਹੈ। ਵਧੀ ਹੋਈ ਇਹ ਆਬਾਦੀ ਸਰਮਾਏਦਾਰੀ ਲਈ ਬੇਰੁਜ਼ਗਾਰਾਂ ਦੀ ਇੱਕ ਵੱਡੀ ਫੌਜ ਦੇ ਰੂਪ 'ਚ ਹੁੰਦੀ ਹੈ ਜਿਸ ਨੂੰ ਜਦੋਂ ਮਰਜ਼ੀ ਆਪਣੇ ਹਿੱਤਾਂ ਲਈ ਵਰਤਣ ਤੋਂ ਕੋਈ ਵੀ ਗੁਰੇਜ਼ ਨਹੀਂ। ਸੰਸਾਰ ਭਰ ਦੀ ਖੋਜ ਅਤੇ ਅੰਕੜੇ ਦੱਸਦੇ ਹਨ ਕਿ ਸਮੁੱਚੀ ਮਨੁੱਖਤਾ ਲਈ ਅੰਨ ਐਨਾ ਕੁ ਬਹੁਤਾਤ 'ਚ ਮੌਜੂਦ ਹੈ ਕਿ ਜਿਸ ਨਾਲ ਇਸ ਮੌਜੂਦਾ ਆਬਾਦੀ ਦਾ ਬੜੇ ਹੀ ਆਰਾਮ ਨਾਲ ਵਧੀਆ ਢਿੱਡ ਪੂਰਿਆ ਜਾ ਸਕਦਾ ਹੈ।

ਆਬਾਦੀ ਦੇ ਵਾਧੇ ਨੂੰ ਪੰਜਾਬੀ ਦੀ ਅਖੌਤ ਕਿ "ਜੇ ਨਵਾਂ ਆਇਆ ਕੋਈ ਜੀਅ ਮੂੰਹ ਲੈ ਕੇ ਆਇਆ ਤਾਂ ਉਹ ਕੰਮ ਕਰਨ ਲਈ ਨਾਲ ਹੀ ਦੋ ਹੱਥ ਵੀ ਤਾਂ ਲਿਆਇਆ" ਇਸ ਗੱਲ ਦੀ ਸ਼ਾਹਦੀ ਭਰਦੀ ਹੈ ਕਿ ਆਬਾਦੀ ਦਾ ਵਾਧਾ ਸਮਾਜ ਲਈ ਤਬਾਹੀ ਮਚਾਉਣ ਵਾਲਾ ਬੰਬ ਨਹੀਂ ਹੁੰਦਾ। ਇਹਨੂੰ ਨਿਆਮਤ 'ਚ ਵੀ ਬਦਲਿਆ ਜਾ ਸਕਦਾ ਹੈ। ਉਹ ਕੰਮ ਕਰਨ ਵਾਲੇ ਮਨੁੱਖ ਹੀ ਹਨ ਜੋ ਇਸ ਦੁਨੀਆਂ 'ਚ ਨਵੇਂ ਅਵਤਾਰ ਧਾਰ ਕੇ ਆਏ ਹਨ। ਮਸਲਾ ਇਹਨਾਂ ਦੇ ਇਸ ਸੰਸਾਰ 'ਚ ਜਨਮ ਲੈ ਕੇ ਆਉਣ ਦਾ ਨਹੀਂ ਬਲਕਿ ਇਹਨਾਂ ਮਨੁੱਖਾਂ ਦੀ ਕਿਰਤ ਸ਼ਕਤੀ ਨੂੰ ਸਮੁੱਚੀ ਮਨੁੱਖਤਾ ਦੀ ਭਲਾਈ ਖ਼ਾਤਰ ਵਰਤੋਂ 'ਚ ਲਿਆਉਣ ਦਾ ਹੈ। ਲੋਕ-ਪੱਖੀ ਹਕੂਮਤਾਂ ਆਬਾਦੀ ਦੇ ਵਾਧੇ ਨੂੰ ਇਓਂ ਨਹੀਂ ਲੈਂਦੀਆਂ। ਉਹ ਇਸ ਮਨੁੱਖਾ-ਸ਼ਕਤੀ ਨੂੰ ਭਰਪੇਟ ਭੋਜਨ ਮੁਹੱਈਆ ਕਰਵਾਕੇ, ਸਭਨਾਂ ਨੂੰ ਮਿਆਰੀ ਵਿੱਦਿਆ ਦੇ ਕੇ ਉਹਨਾਂ ਨੂੰ ਜ਼ਿਹਨੀ ਤੇ ਤਕਨੀਕੀ ਰੂਪ 'ਚ ਵਿਕਸਤ ਹੋਣ ਦੇ ਬਰਾਬਰ ਅਤੇ ਮਿਆਰੀ ਮੌਕੇ ਮੁਹੱਈਆ ਕਰਵਾਕੇ ਉਹਨਾਂ ਨੂੰ ਸਮਾਜਕ ਵਿਕਾਸ ਲਈ ਇੱਕ ਤਾਕਤਵਰ ਮਨੁੱਖਾ-ਸ਼ਕਤੀ 'ਚ ਤਬਦੀਲ ਕਰਕੇ ਉਹਨਾਂ ਨੂੰ ਮੁਲਕ ਤੇ ਸਮਾਜ ਦੀ ਸੰਪੂਰਨ ਤਰੱਕੀ ਲਈ ਵਰਤੋਂ 'ਚ ਲਿਆਉਣ ਦੀਆਂ ਯੋਜਨਾਵਾਂ ਬਣਾਉਂਦੀਆਂ ਹਨ। ਇਸ ਸੋਚ ਨੂੰ ਹੀ ਸੋਵੀਅਤ ਯੂਨੀਅਨ ਨੇ ਆਪਣੇ ਵਿਕਾਸ ਲਈ ਵਰਤੋਂ 'ਚ ਲਿਆਂਦਾ ਜਦੋਂ ਉਹਨਾਂ ਨੇ ਘਰੋਗੀ ਜੰਗ ਦੇ ਕਾਰਨ ਨੌਜਵਾਨਾਂ ਦੀ ਆਬਾਦੀ 'ਚ ਆਈ ਕਮੀ ਨੂੰ ਪੂਰਾ ਕਰਨ ਲਈ ਆਬਾਦੀ 'ਚ ਵਾਧਾ ਕਰਨ ਦਾ ਸੱਦਾ ਦਿੱਤਾ। ਤਾਂ ਜੋ ਸਨਅਤੀ ਤੇ ਜ਼ਰੱਈ ਪੈਦਾਵਾਰ 'ਚ ਹੋਰ ਵਾਧਾ ਕਰਕੇ ਦਰਪੇਸ਼ ਮੁਸ਼ਕਲਾਂ ਨੂੰ ਹੱਲ ਕੀਤਾ ਜਾ ਸਕੇ। ਲੋਕ-ਪੱਖੀ ਸਰਕਾਰਾਂ ਲਈ ਮੁਲਕ ਦੇ ਲੋਕ ਮਨੁੱਖੀ ਸਰੋਤ(ਯਾਨੀ ਕਿ ਜਿਨਸ) ਨਹੀਂ ਹੁੰਦੇ ਬਲਕਿ ਉਹ ਮੁਲਕ ਦੀ ਦੌਲਤ(ਅਸੈੱਟਸ) ਹੁੰਦੇ ਹਨ। ਇਹ ਹੈ ਸਰਮਾਏਦਾਰਾਨਾ ਅਤੇ ਲੋਕ-ਪੱਖੀ ਸਰਕਾਰਾਂ ਦੀ ਸੋਚ ਦਰਮਿਆਨ ਪਾੜਾ। ਲੋਕ ਪੱਖੀ ਸਰਕਾਰਾਂ ਸਮੁੱਚੀ ਲੋਕਾਈ ਦੀ ਭਲਾਈ ਖ਼ਾਤਰ ਮਨੁੱਖੀ ਸਰਮਾਏ ਦੀ ਸੁਚੱਜੀ ਵਰਤੋਂ ਕਰਨ ਦੀਆਂ ਯੋਜਨਾਵਾਂ ਬਣਾਉਂਦੀਆਂ ਹਨ ਨਾ ਕਿ ਸਰਮਾਏਦਾਰ ਟੋਲਿਆਂ ਦਾ ਬੱਬਰ ਭਰਨ ਲਈ।

ਪੈਨਸ਼ਨਰ ਦਿਵਸ ’ਤੇ ਵਿਸ਼ੇਸ਼



ਯਸ਼ ਪਾਲ
98145 35005

# ‘ਕੌਮੀ ਪੈਨਸ਼ਨ ਪ੍ਰਣਾਲੀ’ ਦਾ ਕੱਚ-ਸੱਚ NPS ਬਨਾਮ OPS



**ਸੰਦਰਭ: ‘ਪੁਰਾਣੀ ਪੈਨਸ਼ਨ ਬਹਾਲੀ’ ਵਿਰੁੱਧ ਕੇਂਦਰ ਦੀ ਮੋਦੀ ਸਰਕਾਰ ਦੇ ਪੈਰੋਕਾਰਾਂ ਵੱਲੋਂ ਪ੍ਰਿੰਟ ਮੀਡੀਏ ਅੰਦਰ ਵਿੱਢਿਆ ਗਿਆ ਯੋਜਨਾ-ਬੱਧ ਕੂੜ ਪ੍ਰਚਾਰ ਕਿ ‘OPS’ ਕੇਂਦਰ ਤੇ ਰਾਜ ਸਰਕਾਰਾਂ ਦੇ ਖਜਾਨੇ ’ਤੇ ਬੋਝ ਹੈ। ਇਸ ਦੀ ਬਹਾਲੀ ਦਾ ਘਟੀਆ ਵਿਚਾਰ ਮੁੜ ਸੁਰਜੀਤ ਹੋ ਰਿਹਾ ਹੈ। ਇਹ ਘਟੀਆ ਰਾਜਨੀਤੀ ਤੇ ਮਾੜੀ ਅਰਥਨੀਤੀ ਹੈ। ਇਹ ‘ਪੈਨਸ਼ਨ ਸੁਧਾਰਾਂ’ ਨੂੰ ਪੁੱਠਾ ਗੇੜਾ ਦੇਣ ਦੀ ਗੱਲ ਹੈ। ਸੇਵਾ ਮੁਕਤ ਮੁਲਾਜ਼ਮਾਂ ਨੂੰ ਦਿੱਤੀ ਜਾ ਰਹੀ ਪੁਰਾਣੀ ਪੈਨਸ਼ਨ, ਅਗਲੀ ਪੀੜ੍ਹੀ ਆਪਣੇ ਟੈਕਸਾਂ ਰਾਹੀਂ ਤਾਰ ਰਹੀ ਹੈ। ਹੁਣ ਤਾਂ ਪੈਨਸ਼ਨਰ ਸੇਵਾ ਮੁਕਤੀ ਤੋਂ ਬਾਅਦ 25-30 ਸਾਲਾਂ ਤੱਕ ਵੀ ਜਿਉਂਦੇ ਰਹਿੰਦੇ ਹਨ। ਪੈਨਸ਼ਨ ਸੁਧਾਰ ਸਾਡੀ ‘ਕੌਮੀ ਵਿਤੀ ਸਿਹਤ’ਲਈ ਬੁਨਿਆਦੀ ਅਹਿਮੀਅਤ ਰਖਦੇ ਹਨ। NPS ਦੀ ਸਾਨੂੰ ਸਗੋਂ ‘ਜੈ ਜੈ ਕਾਰ’ ਕਰਨੀ ਬਨਦੀ ਹੈ। ਸਭਨਾਂ ਪਾਰਟੀਆਂ ਨੂੰ ਮਿਲ ਕੇ ਯਤਨ ਕਰਨੇ ਚਾਹੀਦੇ ਹਨ ਕਿ OPS ਮੁੜ ਬਹਾਲ ਨਾ ਹੋਵੇ। ਜੇ ਅਸੀਂ ਇਹ ਨਾ ਕੀਤਾ ਤਾਂ ਨਿਆਂਪਾਲਿਕਾ ਨੂੰ ਫਿਰ 1982 ਵਾਂਗ ਦਖਲ ਦੇਣ ਦਾ ਮੌਕਾ ਮਿਲ ਜਾਵੇਗਾ।....” ਵਗੈਰਾ, ਵਗੈਰਾ।**

17 ਦਸੰਬਰ ਦਾ ਦਿਨ ਹਰ ਸਾਲ ਮੁਲਕ ਭਰ ਅੰਦਰ ਸੇਵਾ ਮੁਕਤ ਹੋਏ ਸਰਕਾਰੀ ਮੁਲਾਜ਼ਮਾਂ ਵੱਲੋਂ ‘ਪੈਨਸ਼ਨਰ ਦਿਵਸ’ ਵਜੋਂ ਮਨਾਇਆ ਜਾਂਦਾ ਹੈ। ਭਾਵੇਂ ਸੇਵਾ ਮੁਕਤੀ ਉਪਰੰਤ ਮਿਲਣ ਵਾਲੇ ਨਿਸ਼ਚਿਤ ਪੈਨਸ਼ਨਰੀ ਲਾਭਾਂ ਵਾਲੀ ਪੈਨਸ਼ਨ ਪ੍ਰਣਾਲੀ ਤਾਂ 1957 ਤੋਂ ਹੀ ਲਾਗੂ ਹੈ ਪਰੰਤੂ ‘ਪੈਨਸ਼ਨਰ ਦਿਵਸ’ ਭਾਰਤ ਦੀ ਮਾਨਯੋਗ ਸੁਪਰੀਮ ਕੋਰਟ ਵੱਲੋਂ 17 ਦਸੰਬਰ, 1982 ਨੂੰ ਪੈਨਸ਼ਨ ਨਾਲ ਸਬੰਧਤ ਇੱਕ ਰਿੱਟ ਪਟੀਸ਼ਨ ਦੇ ਕੀਤੇ ਗਏ ਇੱਕ ਅਹਿਮ ਫੈਸਲੇ ਨਾਲ ਜੁੜਿਆ ਹੋਇਆ ਹੈ। ”ਪੈਨਸ਼ਨ ਕੀ ਹੈ? ਪੈਨਸ਼ਨ ਦੇ ਉਦੇਸ਼ ਕੀ ਹਨ? ਪੈਨਸ਼ਨ ਕਿਸ ਜਨਤਕ ਹਿਤ ਲਈ ਹੈ?” ਮਾਨਯੋਗ ਸੁਪਰੀਮ ਕੋਰਟ ਵੱਲੋਂ ਇਸ ਕੇਸ ਦੀ ਜਿਰਾ ਦੌਰਾਨ ਖੁਦ ਹੀ ਉਕਤ ਅਹਿਮ ਨੁਕਤਿਆਂ ਨੂੰ ਉਠਾਕੇ ਆਪਣੇ ਇਸ ਇਤਿਹਾਸਕ ਫੈਸਲੇ ਵਿੱਚ ਕਿਹਾ ਗਿਆ ਹੈ, ”ਜਿਰਾ ਤੋਂ ਬਾਅਦ ਤਿੰਨ ਗੱਲਾਂ ਉਭਰ ਕੇ ਸਾਹਮਣੇ ਆਉਂਦੀਆਂ ਹਨ (1) ਪੈਨਸ਼ਨ ਨਾ ਤਾਂ ਕੋਈ ਬਖ਼ਸ਼ੀਸ਼ ਹੈ ਅਤੇ ਨਾ ਹੀ ਕੋਈ ਖ਼ੈਰਾਤ ਹੈ। (2) ਨਾ ਹੀ ਪੈਨਸ਼ਨ ਕੋਈ ਤਰਸ ਸਹਾਇਤਾ ਰਾਸ਼ੀ (Ex-gratia) ਹੈ ਸਗੋਂ ਇਹ ਪਿਛਲੀ ਨਿਭਾਈ ਗਈ ਸੇਵਾ ਦੇ ਇਵਜ਼ ਵੱਜੋਂ ਦਿੱਤੀ ਜਾਣ ਵਾਲੀ ਅਦਾਇਗੀ ਹੈ। (3) ਇਹ ਉਨਾਂ ਨੂੰ ਸਮਾਜਿਕ-ਆਰਥਿਕ ਨਿਆਂ ਦੇਣ ਵਾਲਾ ਸਮਾਜਿਕ ਭਲਾਈ ਵਾਲਾ ਇੱਕ ਉਪਰਾਲਾ ਹੈ, ਜਿਨ੍ਹਾਂ ਨੇ ਆਪਣੀ ਜਿੰਦਗੀ ਦੇ ਹੁਸੀਨ ਪਲਾਂ ਦੌਰਾਨ ਆਪਣੇ ਨੌਕਰੀ ਦਾਤਾ ਲਈ ਜੀ ਤੋੜ ਖ਼ੂਨ-ਪਸੀਨਾ ਬਹਾਇਆ, ਇਸ ਭਰੋਸੇ ਕਿ ਬੁੱਢੇ ਵਾਰੇ ਉਨਾਂ ਨੂੰ ਬੇਸਹਾਰਾ ਹੀ ਖੁਲੇ ਆਸਮਾਨ ਹੇਠ ਨਹੀਂ ਛੱਡ ਦਿੱਤਾ ਜਾਵੇਗਾ।” (ਫੈਸਲੇ ਦਾ ਪੈਰਾ-31)

ਸੇਵਾ-ਮੁਕਤ ਪੈਨਸ਼ਨਰਾਂ ਦੀ ਪੈਨਸ਼ਨ ਨੂੰ ਸੁਰੱਖਿਅਤ ਕਰਨ ਵਾਲੇ ਅਹਿਮ ਫੈਸਲੇ ਵਾਲਾ ਇਹ 17 ਦਸੰਬਰ ਦਾ ਅਹਿਮ ਦਿਨ ‘ਪੈਨਸ਼ਨਰ ਦਿਵਸ’ ਵੱਜੋਂ ਰਸਮੀ ਤੌਰ ’ਤੇ ਮਨਾਇਆ ਜਾਣ ਲੱਗਿਆ। ਸੁਪਰੀਮ ਕੋਰਟ ਦੇ ਇਸੇ ਫੈਸਲੇ ਦੀ ਰੋਸ਼ਨੀ ਵਿੱਚ ਹੀ ਪੰਜਵੇਂ ਕੇਂਦਰੀ ਤਨਖਾਹ ਕਮਿਸ਼ਨ (1996) ਨੂੰ ਵੀ (ਜਿਹੜਾ ਕਿ ਆਪਣੀਆਂ ਕਈ ਮੁਲਾਜ਼ਮ ਵਿਰੋਧੀ ਸਿਫ਼ਾਰਸ਼ਾਂ ਕਾਰਨ ਬਦਨਾਮ ਹੈ) ਇਹ ਸਵੀਕਾਰ ਕਰਨਾ ਪਿਆ ਸੀ ਕਿ ”ਪੈਨਸ਼ਨ ਸੇਵਾ ਮੁਕਤ ਕਰਮਚਾਰੀ ਦਾ ਇੱਕ ਸੰਵਿਧਾਨਕ, ਨਾ ਖੋਹੇ ਜਾ ਸਕਣ ਵਾਲਾ ਤੇ ਕਾਨੂੰਨੀ ਤੌਰ ਤੇ ਲਾਗੂ ਹੋਣ ਵਾਲਾ ਅਧਿਕਾਰ ਹੈ, ਜਿਹੜਾ ਉਸ ਨੇ ਆਪਣੇ ਖ਼ੂਨ-ਪਸੀਨੇ ਦੀ ਕਮਾਈ ਰਾਹੀਂ ਹਾਸਲ ਕੀਤਾ ਹੈ।”

ਪਰੰਤੂ ਇਸ ਅਹਿਮ ਦਿਵਸ ਦੀ ਅਹਿਮੀਅਤ ਦਾ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਸ਼ਿੱਦਤ ਨਾਲ ਉਦੋਂ ਅਹਿਸਾਸ ਹੋਇਆ ਤੇ ਉਨਾਂ ਦੇ ਕੰਨ ਵੀ ਖੜੇ ਹੋ ਗਏ ਜਦ ਕੇਂਦਰ ਸਰਕਾਰ ਉਪਰ ਵੱਖ ਵੱਖ ਸਮਿਆਂ ’ਤੇ ਕਾਬਜ਼ ਮੁੱਖ ਹਾਕਮ ਪਾਰਟੀਆਂ (ਕਾਂਗਰਸ ਤੇ ਭਾਜਪਾ) ਦੀ ਮਿਲੀਭੁਗਤ ਰਾਹੀਂ ਪਹਿਲੀ ਚੱਲ ਰਹੀ ਨਿਸਚਿਤ ਲਾਭ (defined benefit) ਵਾਲੀ ਪੈਨਸ਼ਨ ਪ੍ਰਣਾਲੀ ਨੂੰ ਖ਼ਤਮ ਕਰਕੇ ਨਿਸਚਿਤ ਕਟੌਤੀ (defined contribution) ਵਾਲੀ ‘ਨਵੀਂ ਪੈਨਸ਼ਨ ਪ੍ਰਣਾਲੀ’ (NPS) ਲਾਗੂ ਕਰ ਦਿੱਤੀ ਗਈ। ਇਸ ਸੰਬੰਧੀ ਦਸੰਬਰ, 2003 ਵਿੱਚ ਭਾਜਪਾ ਦੀ ਅਗਵਾਈ ਵਾਲੀ ਵਾਜਪਾਈ ਸਰਕਾਰ (ਐਨ.ਡੀ.ਏ.-1) ਵੱਲੋਂ ਜਾਰੀ ਕੀਤੇ ਗਏ ਕਾਰਜਕਾਰੀ ਹੁਕਮ ਉਪਰ, ਦਸੰਬਰ 2004 ਵਿੱਚ ਕਾਂਗਰਸ ਸਰਕਾਰ ਦੀ ਅਗਵਾਈ ਵਾਲੀ ਸਰਕਾਰ (ਯੂ.ਪੀ.ਏ.-1) ਵੱਲੋਂ ਇੱਕ ਆਰਡੀਨੈਂਸ ਜਾਰੀ ਕਰਕੇ, ਪੱਕੀ ਮੁਹਰ ਲਾ ਦਿੱਤੀ। ਭਾਵੇਂ ਇਸ ਨਵੀਂ ‘ਪੈਨਸ਼ਨ ਪ੍ਰਣਾਲੀ’ ਦੇ ਦਾਇਰੇ ਵਿੱਚ 1 ਜਨਵਰੀ, 2004 ਤੋਂ ਜਾਂ ਉਸ ਤੋਂ ਬਾਅਦ ਭਰਤੀ ਹੋਏ ਕੇਂਦਰੀ ਮੁਲਾਜ਼ਮ ਹੀ ਆਉਂਦੇ ਸਨ, ਪਰੰਤੂ ਕੇਂਦਰ ਸਰਕਾਰ ਵੱਲੋਂ ਜਾਰੀ ਕੀਤੇ ਗਏ ‘ਆਰਡੀਨੈਂਸ’ ਨੂੰ ਲਗਭਗ ਸਾਰੇ ਰਾਜਾਂ ਦੀਆਂ ਸਰਕਾਰਾਂ ਵੱਲੋਂ ਵੀ (ਇੱਕਾ-ਦੁੱਕਾ ਨੂੰ ਛੱਡ ਕੇ) ਅੱਗੋਂ-ਪਿੱਛੋਂ ਆਪਣੇ ਮੁਲਾਜ਼ਮਾਂ ਉਪਰ ਜਬਰੀ ਠੋਸ ਦਿੱਤਾ ਗਿਆ। ਉਂਞ ‘ਨਵੀਂ ਪੈਨਸ਼ਨ ਪ੍ਰਣਾਲੀ’ ਦਾ ਬਿੱਲ, ‘ਪੈਨਸ਼ਨ ਫੰਡ ਵਿਵਸਥਾ ਤੇ ਵਿਕਾਸ ਅਥਾਰਟੀ (PFRDA) ਬਿੱਲ 9 ਸਾਲਾਂ ਬਾਅਦ ਜਾਕੇ, 6 ਸਤੰਬਰ, 2013 ਨੂੰ ਪਾਰਲੀਮੈਂਟ ਵਿੱਚ ਪਾਸ ਹੋਇਆ। ਇਹ ਕਾਂਗਰਸ ਦੀ ਸਰਕਾਰ ਸਮੇਂ, ਭਾਜਪਾ ਦੀ ਪੂਰਨ ਸਹਿਮਤੀ ਨਾਲ ਪਾਸ ਕੀਤਾ ਗਿਆ।

ਪਹਿਲੀ ਨਜ਼ਰੇ, ਇਹ ‘ਨਵੀਂ ਪੈਨਸ਼ਨ ਪ੍ਰਣਾਲੀ’, ਪੈਨਸ਼ਨ ਨੂੰ ਪ੍ਰੀਭਾਸ਼ਤ ਕਰਨ ਵਾਲੇ 17 ਸਤੰਬਰ, 1982 ਦੇ ਸੁਪਰੀਮ ਕੋਰਟ ਦੇ ਫੈਸਲੇ ਨਾਲ ਨਾ ਸਿਰਫ ਮੇਲ ਹੀ ਨਹੀਂ ਖਾਂਦੀ ਸਗੋਂ, ਉਸ ਦੀ ਘੋਰ ਉਲੰਘਣਾ ਕਰਦੀ ਹੈ। ਪਰ ਪਾਸ ਕੀਤੇ ਗਏ ਪੈਨਸ਼ਨ ਬਿੱਲ ਨੂੰ ਬਾਰੀਕੀ ਤੇ ਡੂੰਘਾਈ ਨਾਲ ਘੋਖਿਆਂ, ਇਸ ਦੀਆਂ ਹੋਰ ਵੀ ਬਹੁਤ ਹੀ ਖ਼ਤਰਨਾਕ-ਮਾਰੂ ਦੂਰ.ਗਾਮੀ ਅਰਥ-ਸੰਭਾਵਨਾਵਾਂ ਉਜਾਗਰ ਹੁੰਦੀਆਂ ਹਨ। ਸਿੱਧੇ ਤੌਰ ਤੇ ਇਸ ‘ਨਵੀਂ ਪੈਨਸ਼ਨ ਪ੍ਰਣਾਲੀ’ ਦੇ ਦਾਇਰੇ ਵਿੱਚ ਆਉਣ ਵਾਲੇ ਮੁਲਾਜ਼ਮਾਂ ਨੂੰ ਤਾਂ ਸੇਵਾਮੁਕਤੀ ਮੌਕੇ ਪਹਿਲੀ ਚਲ ਰਹੀ ਨਿਸਚਿਤ ਲਾਭ ਵਾਲੀ ਪੈਨਸ਼ਲ ਪ੍ਰਣਾਲੀ ਤਹਿਤ ਮਿਲਣ ਵਾਲੇ ਸਾਰੇ ਪੈਨਸਨਰੀ ਲਾਭਾਂ ਤੋਂ ਵਾਂਝੇ ਕਰਕੇ, ਉਨਾਂ ਦੀ ਮਰਜੀ/ਇੱਛਾ ਤੋਂ ਬਗੈਰ ਹੀ, ਤਨਖਾਹ ਵਿੱਚੋਂ ਮਿਥੀ 10 ਫੀਸਦੀ ਕਟੌਤੀ ਰਾਹੀਂ ਇਕੱਠੀ ਹੋਈ ਪੂੰਜੀ ਨੂੰ ਸ਼ੇਅਰ-ਬਾਜਾਰ ਵਿੱਚ ਨਿਵੇਸ਼ ਕਰਕੇ, ਦੇਸੀ-ਵਿਦੇਸ਼ੀ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕੀਤਾ ਜਾ ਰਿਹਾ ਹੈ।

ਇਹ ਘਰਾਣੇ ਇਸ ਪ੍ਰਣਾਲੀ ਨੂੰ ਸੰਚਾਲਨ ਕਰਨ ਵਾਲੀਆਂ ਬੀਮਾ ਕੰਪਨੀਆਂ ਦੇ ਫੰਡ ਮੈਨੇਜ਼ਰਾਂ ਰਾਹੀਂ ਇਸ ਪੂੰਜੀ ’ਤੇ ਕਾਬਜ਼ ਹੋਣਗੇ, ਤੇ ਇਹ ਪੂੰਜੀ ਖਰਬਾਂ ਰੁਪਏ ਤੱਕ ਹੋ ਸਕਦੀ ਹੈ। ਮੁਲਾਜਮਾਂ ਨੂੰ ਆਪਣੀ ਕੱਟੀ ਹੋਈ ਰਾਸ਼ੀ ਉਪਰ ਨਾ ਕੋਈ ਨਿਸਚਿਤ ਵਿਆਜ਼ ਮਿਲੇਗਾ, ਨਾ ਸੇਵਾ ਦੌਰਾਨ ਉਹ ਲੋੜ ਪੈਣ ’ਤੇ ਆਪਣੀ ਮਰਜੀ ਨਾਲ ਉਸ ਵਿੱਚੋਂ ਕੋਈ ਰਾਸ਼ੀ ਕਢਵਾ ਸਕਣਗੇ (ਪ੍ਰਾਵੀਡੈਂਟ ਫੰਡ ਵਾਂਗ, ਜੋ ਕਿ ਕੱਟਣਾ ਬੰਦ ਹੋ ਜਾਵੇਗਾ) ਅਤੇ ਨਾ ਹੀ ਕੋਈ ਨਿਸਚਿਤ ਅੰਤਮ ਅਦਾਇਗੀ ਮਿਲੇਗੀ। ਸੇਵਾਮੁਕਤੀ ਮੌਕੇ ਮਿਲਣ ਵਾਲੀ ਰਾਸ਼ੀ ਸ਼ੇਅਰ ਬਾਜ਼ਾਰ ਦੇ ਉਤਰਾ-ਚੜਾਅ ਦੀ ਮੁਥਾਜ਼ ਹੋਵੇਗੀ ਤੇ ਜਿੰਨੀ ਵੀ ਬਣੇਗੀ ਉਸ ਦਾ ਸਿਰਫ 60 ਫੀਸਦੀ ਹਿੱਸਾ ਹੀ ਮਿਲੇਗਾ ਜਿਸ ਉਪਰ ਬਣਦਾ ਆਮਦਨ ਟੈਕਸ ਵੀ ਭਰਨਾ ਪਵੇਗਾ। ਬਾਕੀ ਦੀ 40 ਫੀਸਦੀ ਨੂੰ ਮੁੜ ਸ਼ੇਅਰ-ਬਾਜ਼ਾਰ ਦੀ ਕਿਸੇ ਸਕੀਮ ਵਿੱਚ ਲਾਜ਼ਮੀ ਨਿਵੇਸ਼ ਕਰਨਾ ਪਵੇਗਾ। ਜਦਕਿ ‘ਪੁਰਾਣੀ ਪੈਨਸ਼ਨ ਪ੍ਰਣਾਲੀ’ ਤਹਿਤ, ਸੇਵਾਮੁਕਤੀ ਸਮੇਂ ਮਿਲਣ ਵਾਲੀਆਂ ਸਾਰੀਆਂ ਅੰਤਮ ਅਦਾਇਗੀਆਂ ਦੀ ਰਾਸ਼ੀ (ਗਰੈਚੂਟੀ, ਪੈਨਸ਼ਨ ਕਮਿਊਟੇਸ਼ਨ ਪ੍ਰਾਵੀਡੈਂਟ ਫੰਡ, ਲੀਵ ਇਨਕੈਸ਼ਮੈਂਟ) ਟੈਕਸ-ਮੁਕਤ ਹਨ। ਮੁਲਾਜ਼ਮ ਦੀ ਮੌਤ ਹੋਣ ਦੀ ਸੂਰਤ ਵਿੱਚ, ਕੋਈ ਪਰੀਵਾਰਕ ਪੈਨਸ਼ਨ ਨਹੀਂ ਮਿਲੇਗੀ, ਜਮਾਂ ਹੋਈ ਬਨਦੀ ਰਾਸ਼ੀ ਦਾ ਸਿਰਫ 20 ਫੀਸਦੀ ਹੀ ਮਿਲੇਗਾ। ਬਾਕੀ ਦੇ 80 ਫੀਸਦੀ ਨੂੰ ਮੁੜ ਸ਼ੇਅਰ-ਬਾਜ਼ਾਰ ਵਿੱਚ ਨਿਵੇਸ਼ ਕਰਨਾ ਲਾਜ਼ਮੀ ਹੋਵੇਗਾ।

ਇਹ ‘ਨਵੀਂ ਪੈਨਸ਼ਨ ਪ੍ਰਣਾਲੀ’ ਹਾਕਮ ਪਾਰਟੀਆਂ ਦੇ ਕਿਸ ਰਣਨੀਤਿਕ ਏਜੰਡੇ ਦੀ ਕੜੀ ਹੈ, ਇਸ ਨੂੰ ਸਮਝਣ ਲਈ ਸਾਨੂੰ ਕੁੱਝ ਪਿਛਾਂਹ ਵੱਲ ਮੁੜਨਾ ਹੋਵੇਗਾ। ਇਸ ਪ੍ਰਣਾਲੀ ਦਾ ਆਗਾਜ਼ ਕਰਨ ਸਮੇਂ ਵਾਜਪਾਈ ਦੀ ਅਗਵਾਈ ਵਾਲੀ ਐਨ.ਡੀ.ਏ.-1 ਸਰਕਾਰ ਦੇ ਤਤਕਾਲੀ ਖਜ਼ਾਨਾ ਮੰਤਰੀ ਸ੍ਰੀ ਯਸ਼ਵੰਤ ਸਿਨਹਾ ਵੱਲੋਂ, 28 ਫਰਵਰੀ 2001 ਨੂੰ ਆਪਣੇ ਬਜਟ ਭਾਸ਼ਣ ਦੌਰਾਨ ਜੋ ਸ਼ਬਦ ਕਹੇ ਗਏ ਸਨ ਕਿ, ”ਕੇਂਦਰ ਸਰਕਾਰ ਦੀ ਪੈਨਸ਼ਨ ਦੇਣਦਾਰੀ ਨਾ ਨਿਭਣਯੋਗ (insustaibable) ਹੱਦ ਤੱਕ ਪਹੁੰਚ ਚੁੱਕੀ ਹੈ। ਇਸ ਲਈ ਇਹ ਸੋਚਿਆ ਗਿਆ ਹੈ ਕਿ ਜਿਹੜੇ ਕਰਮਚਾਰੀ ਇੱਕ ਅਕਤੂਬਰ, 2001 ਤੋਂ ਬਾਅਦ ਭਰਤੀ ਹੋਣਗੇ, ਉਹ ‘ਨਿਸਚਿਤ ਕਟੌਤੀ’ ’ਤੇ ਅਧਾਰਤ ‘ਨਵੇਂ ਪੈਨਸ਼ਨ ਪ੍ਰੋਗਰਾਮ’ ਰਾਹੀਂ ਪੈਨਸ਼ਨ ਲੈਣਗੇ।” ਹੂਬਹੂ ਇਹੋ ਜਿਹੇ ਸ਼ਬਦ ਹੀ ਉਸੇ ਸਮੇਂ ਹੀ ਸੰਸਾਰ ਬੈਂਕ-ਕੌਮਾਤਰੀ ਮੁਦਰਾ ਕੋਸ਼ ਵੱਲੋਂ ਭਾਰਤ ਸੰਬੰਧੀ ਜਾਰੀ ਕੀਤੇ ਗਏ ਦਸਤਾਵੇਜਾਂ ਵਿੱਚ ਦਰਜ ਹਨ ਕਿ, “ਸਰਕਾਰ ਵੱਲੋਂ ਪੈਨਸ਼ਨ ਦੇਣ ਦੀ ਜਿੰਮੇਵਾਰੀ ਤੇ ਵਾਅਦਾ, ਸਰਕਾਰੀ ਖਜ਼ਾਨੇ ਉਪਰ ਭਾਰੀ ਬੋਝ ਬਣ ਸਕਦੇ ਹਨਸ਼ ‘ਨਿਸਚਿਤ ਲਾਭ’ ਵਾਲੀ ਪੈਨਸ਼ਨ ਯੋਜਨਾ ਨੂੰ ਜਾਰੀ ਰੱਖਣਾ ਜ਼ੋਖ਼ਮ ਭਰਿਆ ਕਾਰਜ ਬਣ ਜਾਂਦਾ ਹੈ।” (ਮੁਦਰਾ ਕੋਸ਼ ਦਸਤਾਵੇਜ, ਸਤੰਬਰ 2001)

ਜਿਸ ਦਲੀਲ/ਤਰਕ ਦੇ ਆਧਾਰ ’ਤੇ ਕੇਂਦਰੀ ਸਰਕਾਰਾਂ ਵੱਲੋਂ ਇਹ ‘ਨਵੀਂ ਪੈਨਸ਼ਨ ਪ੍ਰਣਾਲੀ’ ਲਾਗੂ ਕੀਤੀ ਗਈ ਹੈ ਕਿ ‘ਪੈਨਸ਼ਨ ਦੇਣਦਾਰੀ ਦਾ ਖਰਚਾ ਜੀ.ਡੀ.ਪੀ. ਫੀਸਦੀ ਦੇ ਹਿਸਾਬ ਨਾਲ ਵਧ ਰਿਹਾ ਹੈ, ਤੱਥ ਤੇ ਅੰਕੜੇ ਇਸ ਦੀ ਪੁਸ਼ਟੀ/ਪਰੋੜਤਾ ਨਹੀਂ ਕਰਦੇ। ਸਗੋਂ, ਉਲਟਾ 2003 ਵਿੱਚ ਜਿਸ ਸਮੇਂ ਇਹ ਪ੍ਰਣਾਲੀ ਲਾਗੂ ਕੀਤੀ ਗਈ ਸੀ, ਉਸ ਸਮੇਂ ਜੀ.ਡੀ.ਪੀ. ਫੀਸਦੀ ਦੇ ਹਿਸਾਬ ਨਾਲ ਇਹ ਖਰਚਾ ਪਹਿਲਾਂ ਨਾਲੋਂ ਘਟ ਰਿਹਾ ਸੀ। ਪਰੰਤੂ ਹਾਕਮ ਪਾਰਟੀਆਂ ਵੱਲੋਂ ਇੱਕ ਮੱਤ ਹੋ ਕੇ, ਲਾਗੂ ਕੀਤੇ ਜਾ ਰਹੇ ਬੈਂਕ-ਮੁਦਰਾ ਕੋਸ਼ ਨਿਰਦੇਸ਼ਤ ਜਿਸ ਜੀ.ਡੀ.ਪੀ. ਮਾਰਕਾ, ਰੁਜਗਾਰ-ਵਿਹੂਣੇ, ਅਮੀਰੀ-ਗਰੀਬੀ ਦੀ ਖਾਈ ਨੂੰ ਹੋਰ ਚੌੜੇਰਾ ਕਰਨ ਵਾਲੇ ‘ਕਾਰਪੋਰੇਟ ਵਿਕਾਸ ਮਾਡਲ’ ਦੇ ਰਣਨੀਤਕ ਏਜੰਡੇ ਤਹਿਤ ਇਹ ‘ਨਵੀਂ ਪੈਨਸ਼ਨ ਪ੍ਰਣਾਲੀ’ ਲਾਗੂ ਕੀਤੀ ਗਈ ਹੈ ਅਤੇ ਜੋ ਤਰਕ ਦਿੱਤਾ ਜਾ ਰਿਹਾ ਹੈ, ਉਸ ਦੇ ਮੰਤਕੀ ਸਿੱਟੇ ਵੱਜੋਂ, ਇਸ ਪ੍ਰਣਾਲੀ ਦੇ ਘੇਰੇ ਵਿੱਚ ਨਾ ਸਿਰਫ 1 ਜਨਵਰੀ, 2004 ਤੋਂ ਪਹਿਲਾਂ ਦੇ, ਪੁਰਾਣੀ ਪੈਨਸ਼ਨ ਪ੍ਰਣਾਲੀ ਤਹਿਤ ਭਰਤੀ ਹੋਏ, ਮੁਲਾਜ਼ਮ ਵੀ ਆਉਣਗੇ ਸਗੋਂ ਸੇਵਾ ਮੁਕਤ ਹੋਏ, ਪੈਨਸ਼ਨ ਲੈ ਰਹੇ ਪੈਨਸ਼ਨਰ ਵੀ ਇਸ ਦੀ ਲਪੇਟ ਵਿੱਚ ਆ ਸਕਦੇ ਹਨ।

ਈ.ਪੀ.ਐਫ./ਪੈਨਸ਼ਨ ਪ੍ਰਣਾਲੀ ਅਧੀਨ ਸੇਵਾ ਨਿਭਾਅ ਰਹੇ ਮੁਲਾਜ਼ਮਾਂ ਉਪਰ ਵੀ ਖ਼ਤਰਾ ਮੰਡਰਾਉਣ ਲੱਗਿਆ ਹੈ। ਇਸ ਨੀਤੀ ਏਜੰਡੇ ਤਹਿਤ ਕਿਸੇ ਵੀ ‘ਢੁੱਕਵੇਂ’ ਸਮੇਂ ਪੁਰਾਣੀ ਪੈਨਸ਼ਨ ਪ੍ਰਣਾਲੀ ਤਹਿਤ ਮਿਲ ਰਹੇ/ਮਿਲਣ ਵਾਲੇ ਲਾਭਾਂ ਉਪਰ ਕੈਂਚੀ ਚਲਾਈ ਜਾ ਸਕਦੀ ਹੈ ਜਾਂ ਬੰਦ ਕੀਤੇ ਜਾ ਸਕਦੇ ਹਨ। ਇਸ ਦੇ ਸੰਕੇਤ ਵੀ ਮਿਲਣੇ ਸ਼ੁਰੂ ਹੋ ਗਏ ਹਨ ਅਤੇ ਅਮਲ ਵੀ ਸਾਹਮਣੇ ਆ ਰਿਹਾ ਹੈ। ਪਰੰਤੂ ਪਿਛਲੇ ਸਮੇਂ ਦੌਰਾਨ ਕੇਂਦਰੀ ਮੁਲਾਜ਼ਮਾਂ ਦੇ ਸੰਘਰਸ਼ ਦੇ ਦਬਾਅ ਸਦਕਾ ਕੇਂਦਰ ਸਰਕਾਰ ਵੱਲੋਂ ਗਰੈਚੂਟੀ ਅਤੇ ਪਰਿਵਾਰਿਕ ਪੈਨਸ਼ਨ ਦੇਣ ਦੇ ਫ਼ੈਸਲੇ ਕਰਨੇ ਪਏ ਹਨ। ਇਸ ਦੀ ਰੋਸ਼ਨੀ ਵਿੱਚ ਹੀ ਪੰਜਾਬ ਸਰਕਾਰ ਵੱਲੋਂ ਵੀ ਇਹ ਪੱਤਰ ਜਾਰੀ ਕਰਨੇ ਪੈ ਹਨ।

ਪੈਨਸ਼ਨ ਕਮਿਊਟੇਸ਼ਨ ਦਾ ਫਾਰਮੂਲਾ ਬਦਲ ਕੇ, ਮਿਲਣ ਵਾਲੀ ਰਾਸ਼ੀ ਪਹਿਲਾਂ ਹੀ ਘਟਾ ਦਿੱਤੀ ਗਈ ਹੈ, ਗਰੈਚੂਟੀ ਦਾ ਫਾਰਮੂਲਾ ਬਦਲ ਕੇ ਉਸ ਨੂੰ ਘੱਟ ਕਰਨਾ ਜਾਂ ਇਸ ਨੂੰ ਟੈਕਸ-ਯੁਕਤ ਕਰਨਾ ਅਤੇ ਲੀਵ ਇਨਕੈਸ਼ਮੈਂਟ ਘਟਾਉਣੀ-ਏਜੰਡੇ ’ਤੇ ਹੀ ਹਨ। ਡੀ.ਏ. ਨੂੰ ਮਹਿੰਗਾਈ ਨਾਲੋਂ ‘ਡੀਲਿੰਕ’ ਕਰਨਾ, ਪੁਨਰਗਠਨ/ਰੈਸ਼ਨੇਲਾਈਜੇਸ਼ਨ ਦੀ ਆੜ ਹੇਠ ਵੱਖ-ਵੱਖ ਵਿਭਾਗਾਂ ਅੰਦਰ ਆਸਾਮੀਆਂ ਵਿੱਚ ਕਟੌਤੀ ਕਰਨੀ, ਵਰਿਆਂ ਬੱਧੀ ਆਸਾਮੀਆਂ ਖਾਲੀ ਰੱਖਣੀਆਂ ਤੇ ਭਰਤੀ ਨਾ ਕਰਨੀ, ਰੈਗੂਲਰ ਭਰਤੀ ਦੀ ਜਗਾ ਬੇਹੱਦ ਨਿਗੂਣੀ ਤਨਖਾਹ ਉਪਰ ਠੇਕਾ ਭਰਤੀ ਹੀ ਕਰਨੀ-ਅਜਿਹੇ ਕਿੰਨੇ ਹੀ ਕਦਮ ਪਹਿਲਾਂ ਹੀ ਕੇਂਦਰ ਸਰਕਾਰ ਤੇ ਰਾਜ ਸਰਕਾਰਾਂ ਵੱਲੋਂ ਚੁੱਕੇ ਜਾ ਰਹੇ ਹਨ।

ਇਸੇ ਹੀ ਨੀਤੀ-ਏਜੰਡੇ ਤਹਿਤ, ਸੇਵਾ ਮੁਕਤ ਹੋ ਚੁਕੇ ਪੈਨਸ਼ਨਰਾਂ ਨੂੰ ਮਿਲਣ ਵਾਲੀਆਂ ਤੁੱਛ ਰਾਹਤਾਂ ਵਿੱਚੋਂ ਕਿਸੇ ਉਪਰ ਵੀ ਕਟੌਤੀ ਲਾਈ ਜਾ ਸਕਦੀ ਹੈ ਜਾਂ ਬੰਦ ਕੀਤੀ ਜਾ ਸਕਦੀ ਹੈ। ਮਿਲਣ ਵਾਲਾ ਡੀ.ਏ., ਐਲ.ਟੀ.ਸੀ. ਬੁਢਾਪਾ ਪੈਨਸ਼ਨ ਭੱਤਾ, ਆਮਦਨ ਕਰ ਛੋਟ ਆਦਿ। ਜਿਸ ਤਰਾਂ ਔਰਤ ਮੁਲਾਜ਼ਮਾਂ ਨੂੰ ਮਿਲਦੀ ਆਮਦਨ ਕਰ ਛੋਟ ਪਹਿਲਾਂ ਹੀ ਬੰਦ ਕਰ ਦਿੱਤੀ ਗਈ ਸੀ। ਇਸ ‘ਕਾਰਪੋਰੇਟ ਵਿਕਾਸ ਮਾਡਲ’ ਦੇ ਨੀਤੀ ਏਜੰਡੇ ਤਹਿਤ ਇਹ ਕੋਈ ਗਾਰੰਟੀ ਨਹੀਂ ਹੈ ਕਿ ਜਿਨਾਂ ਸ਼ਰਤਾਂ ਉਪਰ ਮੁਲਾਜ਼ਮ ਭਰਤੀ ਹੋਏ ਹਨ ਜਾਂ ਸੇਵਾ ਮੁਕਤ ਹੋਏ ਹਨ/ਸਨ, ਉਨਾਂ ਸ਼ਰਤਾਂ ਦੀਆਂ ਸਰਕਾਰਾਂ ਪਾਬੰਦ ਹੀ ਰਹਿਣਗੀਆਂ। ਇਸ ਦੀ ਉਘੜਵੀਂ ਮਿਸਾਲ-ਈ.ਪੀ.ਐਫ./ਪੈਨਸ਼ਨ ਤਹਿਤ ਕੰਮ ਕਰ ਰਹੇ/ਭਰਤੀ ਕਰਮਚਾਰੀਆਂ ਦੀ ਹੈ, ਜਿਨ੍ਹਾਂ ਦੀ ਕੱਟੀ ਜਾ ਰਹੀ ਰਾਸ਼ੀ ਵਿੱਚੋਂ 15 ਫੀਸਦੀ ਰਾਸ਼ੀ ਨੂੰ ਉਨਾਂ ਦੀ ਮਰਜੀ ਤੋਂ ਬਗੈਰ ਹੀ ਜਬਰੀ ਸ਼ੇਅਰ-ਬਾਜ਼ਾਰ ਅੰਦਰ ਲਾਉਣ ਦਾ ਫੈਸਲਾ ਕੀਤਾ ਜਾ ਚੁੱਕਿਆ ਹੈ ਅਤੇ 2016-17 ਦੇ ਕੇਂਦਰੀ ਬਜਟ ਅੰਦਰ ਤਤਕਾਲੀ ਖਜ਼ਾਨਾ ਮੰਤਰੀ ਅਰੁਣ ਜੇਤਲੀ ਵੱਲੋਂ ਉਨਾਂ ਨੂੰ ਸੇਵਾ ਮੁਕਤੀ ਉਪਰੰਤ ਮਿਲਣ ਵਾਲੀ ਈ.ਪੀ.ਐਫ. ਦੀ ਅੰਤਮ ਅਦਾਇਗੀ ਰਾਸ਼ੀ ਦੇ 60 ਫੀਸਦੀ ਹਿੱਸੇ ਉਪਰ ਬਣਦਾ ਟੈਕਸ ਲਾਉਣ ਦੀ ਤਜਵੀਜ ਦਾ ਕੀਤਾ ਐਲਾਨ ਸੀ। ਜਿਸ ਨੂੰ ਮੁਲਕ ਭਰ ਅੰਦਰ ਭਾਰੀ ਵਿਰੋਧ ਹੋਣ ਕਾਰਨ ਉਸ ਵੇਲੇ ਮੁਲਤਵੀ ਕਰਨਾ ਪਿਆ, (ਵਾਪਸ ਨਹੀਂ ਲਿਆ) ਜਦਕਿ ਉਨਾਂ ਦੀ ਸਾਰੀ ਅੰਤਮ ਅਦਾਇਗੀ ਭਰਤੀ ਸ਼ਰਤਾਂ/ਸੇਵਾ ਮੁਕਤੀ ਸ਼ਰਤਾਂ ਅਨੁਸਾਰ ਟੈਕਸ-ਮੁਕਤ ਹੈ।

ਉਕਤ ਸਾਰੀ ਵਿਚਾਰ ਚਰਚਾ ਦੇ ਸੰਦਰਭ ਵਿੱਚ ਦੇਖਿਆਂ, 17 ਦਸੰਬਰ ਦੇ ‘ਪੈਨਸ਼ਨਰ ਦਿਵਸ’ ਦੀ ਅਹਿਮੀਅਤ ਵਧ ਕੇ ‘ਪੈਨਸ਼ਨ ਬਚਾਓ ਦਿਵਸ’ ਵਜੋਂ ਬਣ ਗਈ ਹੈ। ‘ਨਵੀਂ ਪੈਨਸ਼ਨ ਪ੍ਰਣਾਲੀ’ ਦਾ ਕਾਨੂੰਨ ਰੱਦ ਕਰਕੇ ‘ਪੁਰਾਣੀ ਪੈਨਸ਼ਨ ਬਹਾਲੀ’ ਦਾ ਮੁੱਦਾ, ਪੈਨਸ਼ਨ ਲੈਣ ਵਾਲੇ ਤੇ ਪੈਨਸ਼ਨ ਨਾ ਲੈਣ ਵਾਲੇ, ਨੌਕਰੀ ’ਤੇ ਲੱਗੇ ਹੋਏ ਤੇ ਨੌਕਰੀ ’ਤੇ ਲੱਗਣ ਵਾਲੇ, ਸਭਨਾਂ ਮੁਲਾਜ਼ਮਾਂ-ਮਜ਼ਦੂਰਾਂ ਦਾ (ਕੇਂਦਰੀ ਤੇ ਰਾਜ ਸਰਕਾਰਾਂ ਦੇ) ਸਾਂਝਾ ਸੰਘਰਸ਼ ਮੁੱਦਾ ਬਣਦਾ ਹੈ/ਬਣਾਉਣਾ ਚਾਹੀਦਾ ਹੈ।

---

# ਗਦਰੀ ਬਾਬੇ ਨੂੰ ਯਾਦ ਕਰਦਿਆਂ 152 ਵੇਂ ਜਨਮ ਦਿਨ ’ਤੇ

(ਸਫ਼ਾ 19 ਦੀ ਬਾਕੀ)

ਕੈਂਪ ਵਿੱਚ ਉਨ੍ਹਾਂ ਨੇ ਆਪਣੀ ਆਖਰੀ ਭੁੱਖ ਹੜਤਾਲ ਕੀਤੀ ਜਿਸ ਨੇ ਉਨ੍ਹਾਂ ਦੇ ਸਰੀਰ ਵਿੱਚ ਕੁੱਬ ਪਾ ਦਿੱਤਾ। ਉਹ ਸਾਰੀ ਉਮਰ ਦਬੇ-ਕੁਚਲੇ ਲੋਕਾਂ ਲਈ ਸੰਘਰਸ ਕਰਦੇ ਰਹੇ ਤੇ 20 ਦਸੰਬਰ 1968 ਨੂੰ ਇਸ ਦੁਨੀਆ ਨੂੰ ਅਲਵਿਦਾ ਕਹਿ ਗਏ। ਬਾਬਾ ਜੀ ਦੀ ਜਿੰਦਗੀ ਦਾ ਇੱਕ ਅਤਿਅੰਤ ਮਾਰਮਿਕ ਵਾਕਿਆ ਉਦੋਂ ਦਾ ਹੈ ਜਦੋਂ ਉਨ੍ਹਾਂ ਦੇ ਮਾਤਾ ਬੀਬੀ ਰਾਮ ਕੌਰ ਜੀ ਉਨ੍ਹਾਂ ਨੂੰ ਮੁਲਤਾਨ ਜੇਲ੍ਹ ਵਿੱਚ ਉਦੋਂ ਮਿਲਣ ਗਏ ਜਦੋਂ ਬਾਬਾ ਜੀ ਨੂੰ ਫਾਂਸੀ ਦੀ ਸਜਾ ਸੁਣਾਈ ਜਾ ਚੁੱਕੀ ਸੀ। ਕੁੱਝ ਲੋਕ ਗਦਰੀਆਂ ਨੂੰ ਮੁਆਫੀਨਾਮੇ ਲਿਖ ਕੇ ਦੇਣ ਲਈ ਕਹਿ ਰਹੇ ਸਨ, ਉਸ ਵੇਲੇ ਮਾਤਾ ਜੀ ਨੇ ਆਪਣੇ ਪੁੱਤਰ ਨੂੰ ਕਿਹਾ ਕਿ ਪੁੱਤਰਾ, ਦੇਸ ਲਈ ਕੁਰਬਾਨ ਹੋ ਜਾਣਾ ਪਰ ਮੁਆਫੀ ਨਾ ਮੰਗੀਂ। ਇਸ ਯਾਦਗਾਰੀ ਘਟਨਾ ਨੂੰ ਪੰਜਾਬੀ ਕਵੀ ਅਮਰਜੀਤ ਚੰਦਨ ਨੇ ਇਸ ਤਰ੍ਹਾਂ ਕਲਮਬੰਦ ਕੀਤਾ ਹੈ : ਪੰਜਾਬ ਦੇ ਇਸ ਪੁੱਤਰ ਨੇ ਜੇਲ੍ਹਾਂ ਵਿੱਚ ਲੱਖ ਦੁੱਖ-ਦੁਸਵਾਰੀਆਂ ਝੱਲੀਆਂ ਪਰ ਉਹਦੇ ਹੋਠੋਂ ‘ਸੀ’ ਤੱਕ ਨਾ ਨਿਕਲੀ। ਉਹ ਪੰਜਾਬ ਦੀ ਆਬਰੂ ਸੀ/ਹੈ। ਪੰਜਾਬੀ ਇਸ ਮਹਾਂ-ਮਾਨਵ ਤੇ ਉਸ ਦੇ ਸਾਥੀਆਂ ਨੂੰ ‘ਬਾਬਾ ਜੀ’ ਕਹਿ ਕੇ ਸਤਿਕਾਰ ਦਿੰਦੇ ਹਨ। ਉਨ੍ਹਾਂ ਨੂੰ ਯਾਦ ਕਰਦਿਆਂ ਅੱਜ ਉਨ੍ਹਾਂ ਕਦਰਾਂ-ਕੀਮਤਾਂ ਲਈ ਸੰਘਰਸ ਕਰਨ ਦਾ ਸਮਾਂ ਹੈ ਜਿਨ੍ਹਾਂ ਨੇ ਬਾਬਾ ਜੀ ਨੂੰ ਗਦਰ ਪਾਰਟੀ ਬਣਾਉਣ ਲਈ ਪ੍ਰੇਰਿਆ।

-ਸਵਰਾਜਬੀਰ ਹੋਰਾਂ ਦੀ ਕਲਮ ਤੋਂ
ਧੰਨਵਾਦ ਸਹਿਤ 4 ਜਨਵਰੀ 2020
ਪੰਜਾਬੀ ਟ੍ਰਿਬਿਊਨ

# Canadian Federal Budget 2023 in times of recession

## (Analysis and proposal by 'Canadian Centre for Policy Alternatives (CCPA)' an pro-people organization)



Canada is at a crossroads. We are facing multiple pressing challenges that need immediate action: The ongoing impact of Covid-19, inflation gnawing at stagnant paycheques, a health care system squeezed to the limit, the climate crisis, and the ongoing need to dismantle colonialism and systemic racism.

That's why our team at the Canadian Centre for Policy Alternatives (CCPA) works with experts and people on the frontlines to create our annual plan for deep change. The Alternative Federal Budget (AFB) is a bold approach to addressing the concerns that directly affect Canadians. The AFB advances solutions and places the responsibility for change squarely on the federal government, working with the provinces and territories, to rise to the challenge—because public leadership is needed now more than ever.

It's been two-and-a-half years since COVID-19 first rocked our world. While public health restrictions are being lifted, the pandemic is far from over. We may face a future where the waning of each new variant wave is met with the next rising wave. We are in uncharted territory. And the pandemic isn't the only source of worry. There's soaring inflation driven by war and unstable supply chains, chased by the Bank of Canada's efforts to tackle inflation with rapidly rising interest rates—risking a bank-induced recession. Working peoples' paycheques aren't rising to match inflation, leading to real wage losses at a time when many are still recovering from pandemic-induced economic shutdowns. There are employers in Canada who can't find the workers they need at the wages they are offering, many of which represent the frontlines of our care economy—in health care, long-term care, child care. Hospital and emergency rooms, nurses and doctors have been pushed to their limit while people in urgent need of critical care wait in crowded ERs. There are the long-COVID sufferers, who are living with debilitating symptoms—and whose numbers are on the rise. Russia's war on Ukraine and the January 6 Commission hearings in the U.S. are stark reminders of the rise of authoritarianism—and the fragility of democracies that aren't vigorously defended. There is growing intolerance and racism—fuelled by misinformation and fanned by the flames of opportunistic politicians—impacting Black and racialized people, Indigenous Peoples, immigrants, migrant workers, women and gender-diverse people, people with disabilities, 2SLGBTQ+ and other marginalized people. There's understandable impatience, anger, and frustration over the slow pace of Canada's commitment to truth and reconciliation with Indigenous Peoples, on whose land we all live. And the land itself is in jeopardy as the climate crisis rages on with government action that is too little and frighteningly too late. The Alternative Federal Budget (AFB) can't right the wrongs of past government mistakes and negligence. It can't solve COVID-19. But it can hold out hope that a better way is possible, that viable alternative policy solutions are within reach. The AFB is a budget with conviction. Taken as a whole, the AFB is a comprehensive well-being budget for Canada. And it puts the onus squarely on the shoulders of governments to boldly lead with public solutions that ensure justice, equity, sustainability, inclusion, and collective action. The AFB is the Canadian Centre for Policy Alternatives' flagship production, but we didn't produce this blueprint for change alone. The AFB is the end result of a process that draws from experts and activists in civil society from across Canada. They're on the ground, documenting what needs to be done and informing solutions because the AFB is, after all, a solutions blueprint. When someone loses a job, this AFB provides new and improved Employment Insurance (EI) coverage. We've also got answers for job creation and job training in this budget. When someone doesn't have food security, this AFB helps put nutritious food on the table. When someone can't afford housing, this AFB takes the wind out of housing investors' sails and creates new affordable rental, community, social, and co-op housing while eliminating homelessness within 10 years. When someone requires long-term care, this AFB learns the lessons from COVID-19—which saw the system fail to protect vulnerable seniors—by enacting tighter regulations and by taking the profit motive out of seniors' care. When someone is in search of affordable child care, we build new child care spaces and train people necessary to staff them so that all Canadians can access the affordable plan being rolled out. When someone is worried about inflation—so many of us are—this AFB has a plan to tackle it; one that won't cause a recession. When someone is struggling with poverty, this AFB offers a plan. It will cut poverty in half by 2026, lifting 862,000 people out of poverty. No country as rich as Canada should tolerate the levels of poverty that we do today. The AFB will create a new Canada Livable Income benefit, providing up to $5,000 for unattached individuals or $7,000 for couples with a net income of $19,000 or less ($21,000 for couples). The AFB will also create a Canada Disability Benefit, providing $11,040 a year until recipients make up to $15,000 a year in earnings. While the Canada Child Benefit helped reduce child poverty in 2016, our new End Poverty Supplement cuts child poverty by a further 50%, lifting 264,000 children out of poverty. This AFB also re-imagines what cities and public infrastructure could look like, so that communities aren't just about cars and roads. It embraces an inclusive economic framework—one that makes our communities more accessible and inviting to everyone while ensuring communities benefit from public investments by improving access to good local jobs and training opportunities. Our vision for Canada is one where every community has access to safe drinking water, affordable public transportation, and connectivity to the Internet. We also fund inequities in the non-profit arts and culture sector. These are all things that determine and improve our health and well-being. Our well-being budget invites Canadians to rethink how we view health care in Canada, because we've built a system that's focused on treating symptoms without investing in the things that determine whether someone is in poor health or good health. Education is a determinant of health. Countries with more highly educated populations tend to have better health outcomes, longer life expectancies, and higher rates of self-reported happiness. The AFB proposes a comprehensive framework for a more equitable, high-quality, and publicly funded post-secondary education system in Canada. It will also make post-secondary education more affordable, starting by permanently eliminating student loan interest charges. Acknowledging pandemic pressures on Canada's health care system, the AFB will boost health care funding arrangements so that federal transfers will cover 35% of total provincial and territorial health care costs. But those transfers will come with strings attached—they can't be turned into provincial tax cuts or slush funds. We'll also move forward with a vision for national dental care, pharmacare, and mental health care. And we will address the opioid crisis. The AFB commits to an inclusive, 'head to toe' vision for our health care system that builds on the social and political capital of Medicare and its principles of universality, public financing and delivery, accessibility, and social justice. The AFB recognizes that communities are integral to public health and health equity. The leadership shown by community organizations, which have provided services and supports at local levels during the COVID-19 pandemic, has demonstrated the essential value of these local organizations, yet they are not a formal part of public health systems. They face significant capacity and sustainability challenges due to inadequate and short-term funding. This AFB commits $500 million a year, for five years, to cover the operating costs of 250 new community health centres, which will support a local, comprehensive approach to neighbourhood well-being across the country. There is also a need to strengthen connections between health care systems and community-based systems of support, consistent with a comprehensive vision of primary health care. Social prescribing is a whole-person approach that connects Canada's currently fragmented health and social services by referring people to a range of local, nonclinical supports and services to improve their well-being. Building on the momentum of the newly established Canadian Institute for Social Prescribing, this AFB commits to $200 million a year, for five years, to hire and train 1,000 social prescribing navigators to link services across the country and to provide an independent client and policy advocacy function. The AFB also takes bold measures to end racism, address the impacts of colonialism, and make Canada a more welcoming and sustainable place to live for those who choose to make this country their home. These initiatives are woven throughout the AFB. And because we only live on one planet, this AFB treats climate change as the global emergency that it is. We will enact an urgent and ambitious plan for action that will truly make Canada a global climate leader. The AFB plan for climate action commits to engage all levels of government in a process of ending fossil fuel production by 2040, decarbonizing key sectors of the Canadian economy, ensuring a just transition for impacted workers and communities, facilitating a green renewal of municipal infrastructure, and promoting the recovery of biodiversity and ecosystems with Indigenous-led and nature-based climate solutions. Every budget is a reflection of a government's priorities. This budget prioritizes people and the planet before profit and wealth accumulation. The federal government's response to the economic turmoil caused by the pandemic showed what is possible with public leadership. Large-scale new programs were created and funded to ensure that necessary public health measures did not add a financial crisis to the health crisis.

The 'Alternate Federal Budget' makes clear that Canada needs more, not less, use of

public leadership to address the damage caused by the pandemic. How can we properly fund improvements to vital public services and implement this bold public agenda? We can make our tax system fairer while we also reduce inequality, invest in a sustainable economy, bring an end to poverty, expand our provision of care, and improve the public services that Canadians deserve. This AFB takes strong measures to reduce extreme wealth concentration. It introduces a new wealth tax—at 1% for wealth over $10 million, 2% for wealth over $100 million, and 3% for wealth over $1 billion. That tax alone could generate close to $26 billion a year. The AFB acknowledges that many large corporations have enjoyed huge profits during the pandemic. The AFB will boost Canada's general corporate tax rate to 20%, generating about $11 billion a year. It will cap the tax deductibility of executive pay. It will raise the capital gains inclusion rate to 75%, bringing in $9.5 billion. And it will introduce a windfall gains tax to undercut corporate profiteering, which would add $11 billion to public coffers. The AFB also takes measures to counter corporate regulatory capture of our governments. Instead of putting the fox in charge of the henhouse, this AFB puts stronger regulatory oversight into the hands of government regulators, whose priority should be to put the public interest ahead of private gain. These initiatives help level the playing field; they tackle income inequality, bold profiteering, and they restore fairness to the system— because the system cannot continue to be rigged against the majority in favour of the elite few. The AFB is an agenda for public leadership, with measures to strengthen public services and to improve the working conditions of Canada's public sector workers, who are providing lifesaving and life affirming public services in the care economy and who desperately need strategies to address staff shortages, personal safety, and job burnout.

It's an agenda that acknowledges the weightiness of our times. Looking ahead, we expect more uncertainty, more disruptions to the status quo. We also expect more from governments, as democratically elected public leaders. And we meet those unknowns with a fully costed, comprehensive, and transparent agenda for change that responds to the needs of communities and is fully driven by the governments empowered to lead the way.

**Affordable housing and homelessness**

In Spring 2022, the Bank of Canada began raising interest rates in the name of fighting inflation. This ended a period of ultra-low interest rates in Canada. While higher interest rates will lead to lower home resale prices, due to the fact that people cannot borrow as much relative to their income, it also means that future financing costs are set to swell for many households with a mortgage. The cost of building new housing will also rise. As the massive run-up in prices in recent years shows, the harsh reality for a growing number of Canadians is that the housing market is broken. At its core, this is a problem of financialization—that is, when buyers view housing primarily as an investment rather than a place to live. The failure of the housing market is worse in tight rental markets that are squeezing renters, providing inadequate housing for the neediest, and creating persistent homelessness. The AFB changes the game with a bold plan to build a new supply of dedicated, non-market affordable housing that is rooted in the belief that housing should be a human right. It does so as a counter-

cyclical response to the current downturn in housing markets and maintains high employment levels in the new housing construction sector. Canada is a signatory to United Nations Universal Declaration of Human Rights and the International Covenant on Economic, Social and Cultural Rights, both of which uphold housing as a basic human right. Canada's 2019 National Housing Strategy Act recognized that "housing is essential to the inherent dignity and well-being of the person" and that "the right to housing is a fundamental human right affirmed in international law." This AFB makes Canada's signature on these documents a reality by committing to ending homelessness within a decade. The National Housing Strategy (NHS) has yet to fully allocate the resources necessary to realize its own rhetoric. The NHS has spurred the construction of some new rental housing through low-interest loans (via the Rental Construction Financing Initiative), is slowly rolling out a modest amount of new social housing (the National Housing Co-Investment Fund), and, more recently, has supported the purchase of hotels and other facilities to address homelessness (the Rapid Housing Initiative). However, its funding profile is dominated by loans to for-profit rental development rather than investments in non-market housing. Even by the NHS' measurement standards, less than one-third of NHS units

delivered can be considered affordable. The AFB will revamp the National Housing Strategy to ensure that programs genuinely and positively impact those who bear the brunt of Canada's housing and homelessness crisis. The AFB will build transparency into the process, including assessing whether NHS

investments are meeting the threshold that 25% of investments must impact women, girls, and gender-diverse people. The AFB will launch an independent review of NHS investments to date, including an equity review, and publicly release more detailed data on NHS investments. Further to the review, the NHS will include a specific foundational framework and actions for eliminating racial disparities and inequalities, such as including non-profit racialized housing providers and racialized- women focused and led organizations. It will also integrate Community Benefit Agreements into its contracts to ensure the inclusion of racialized workers, apprentices, and businesses within the supply chain. The AFB maintains existing NHS planned loans and grants, including the new Housing Accelerator Fund, with a focus on developing new, dedicated affordable housing near transit routes. Due to the additional costs of building housing that will arise because of higher interest rates, the AFB will continue the Rental Construction Financing Initiative to provide low-interest loans for all rental housing projects. This financing will be extended to for-profit developments that meet more stringent affordability criteria. The eligibility criteria for non-profit developers will be eased. New non-market housing The AFB meaningfully re-engages the federal government in developing non-market (community, social, and co-op) housing supply. The federal government is ideally positioned to address the core challenge: the upfront capital costs of building new housing. Once built, the stream of rental income from new housing can repay the initial investment. Through a mix of direct investment, provision of public land, and low-cost financing, the AFB will build one million new non-market and co-op housing units over the next decade. This generational investment to dramatically increase the non-market housing supply will significantly reduce the crisis of homelessness and reduce upward pressure on rents in the for-profit rental market. Major investments targeting homelessness recognize the need for supportive housing models with wrap-around care to assist people with mental health and/or addiction issues.

This AFB allocates $20 billion a year in capital funding to the National Housing Co-investment Fund to build a minimum of 100,000 new units per year (provincial partnerships and public and community-owned land contributions are assumed to contribute another $10 billion). Capital funds will be used directly to build publicly owned affordable housing and extended to non-profit developers as a long-term mortgage (in which case payments will be recycled into funding in future years).

Housing investments will be broad-based, but with specific targets for seniors, people with disabilities, immigrant families, low-income households, lone parents, racialized groups, individuals with mental

health or substance use disorders who require support, and people fleeing domestic violence. All units will employ a universal design, and a minimum of 10% of new units will be set aside for urban Indigenous households.

A non-profit model inherently reduces costs by cutting out developer profits and targeting new units on a break-even basis, rather than market rates. A ramp-up of the scale described above would benefit from a coordinated approach that leverages economies of scale by employing modularized construction techniques and replicable building templates for mid-rise, passive house (i.e., highly energy-efficient), and multi-unit buildings. This would be accompanied by a dedicated construction workforce to support job security and stability.

The AFB will accelerate the rollout of the Federal Lands Initiative of the NHS, which, to date, has put minimal federal land to use for affordable housing. In addition, the AFB introduces a $10-billion Public Land Acquisition Fund, a dedicated five-year fund to bring additional land into public ownership for the construction of non-market, affordable rental housing.

The AFB will also support the community housing sector to acquire existing affordable rental buildings to bring them into the non-profit world. This AFB will create a $20-billion Housing Acquisition Fund to support the goal of maintaining the supply of affordable housing for low- and modest-income households over time. Funds will be provided to non-profit providers as a low-interest mortgage that can be repaid over 50 years. This will support the acquisition of up to 60,000 rental units. These measures will prevent the further financialization of housing caused by Real Estate Investment Trusts (REITs) and large capital funds, which scoop up "distressed" housing assets and displace low-

income households through "renovictions". The AFB will also eliminate preferential tax treatment for REITs (see the Taxation chapter). This AFB will support and resource the implementation of urban,

rural, and northern Indigenous housing strategies by targeting funds and expansions to the construction of permanent housing options and related supports. Indigenous Peoples are dramatically overrepresented among people experiencing homelessness in Canada and are 11 times more likely than non-Indigenous peoples to use an emergency shelter. The Parliamentary Budget Officer identified 124,000 Indigenous households in housing need, including 37,500 that are homeless each year. The most glaring omission in the 2017 National Housing Strategy and subsequent policy announcements is the lack of a dedicated urban, rural, and northern Indigenous housing strategy, even though 80% of Canada's Indigenous Peoples live in urban, rural, and northern settings (i.e., off-reserve). To address these disparities in housing conditions in urban, rural, and northern settings, Canada requires sustainable investments in permanent housing options at a scale commensurate with the need. Such investments will complement those being undertaken in First Nations, Inuit, and Métis communities.

Canadians who have received windfalls from rising home prices should contribute to building the next generation of affordable housing.

The AFB supports the creation of a deferrable property surtax on properties worth more than $1 million. The surtax would start at a rate of 0.2% a year on the portion of assessed value between $1 million and $1.5 million, 0.5% a year on value between $1.5 million and $2 million, and 1% a year on assessed value above $2 million.

For example, a household with a house valued at $1.2 million would pay $400 per year while a household with a house valued at $2.5 million would pay $8,500 per year. The surtax is highly progressive, as it would only apply to the top 10% of the most valuable homes. The surtax will be fully deferrable until the time of sale for households who are on a fixed income (seniors, for example, who live in a valuable home but have only modest cash income). Purpose- built rental properties would be exempt from the surtax. This AFB will end various first-time home-buyer incentives, which only serve to inflate the housing market. This includes new planned incentives such as a Rent-to-Own program and a new Tax-Free First Home Savings Account.

# ਵਿਦੇਸ਼ੀ ਯੂਨੀਵਰਸਿਟੀਆਂ ਨੂੰ ਕੈਂਪਸ ਖੋਲ੍ਹਣ ਦੀ ਆਗਿਆ

## ਸਭ ਨੂੰ ਬਰਾਬਰ ਤੇ ਮੁਫ਼ਤ ਵਿਦਿਆ ਦੇਣ ਦੇ ਸੰਵਿਧਾਨਕ ਅਹਿਦ ਨੂੰ ਛਿੱਕੇ ਟੰਗਿਆ

ਨਰਭਿੰਦਰ
93544-30711



ਆਖਿਰ ਯੂਨੀਵਰਸਿਟੀ ਗਰਾਂਟ ਕਮਿਸ਼ਨ ਨੇ ਹਕੂਮਤ ਦੇ ਸੌੜੇ ਮਨਸ਼ਿਆਂ ਉੱਤੇ ਫੁੱਲ ਚੜ੍ਹਾਉਂਦਿਆਂ ਵਿਦੇਸ਼ੀ ਯੂਨੀਵਰਸਿਟੀਆਂ ਨੂੰ ਭਾਰਤ ਅੰਦਰ ਆਪਣੇ ਕੈਂਪਸ ਖੋਹਲਣ ਦੀ ਇਜਾਜ਼ਤ ਦੇ ਦਿੱਤੀ ਹੈ। 5 ਜਨਵਰੀ 2023 ਨੂੰ ਯੂ.ਜੀ.ਸੀ. ਨੇ ਜਿਹੜਾ ਮਸੌਦਾ ਜਾਰੀ ਕੀਤਾ ਹੈ ਅਤੇ ਇਕ ਮਹੀਨੇ ਪਿਛੋਂ ਜਿਸ ਨੇ ਯੂ.ਜੀ.ਸੀ. ਦੇ ਕਾਨੂੰਨਾਂ ਵਿਚ ਸ਼ਾਮਲ ਹੋ ਜਾਣਾ ਹੈ, ਵਿਚ ਵਿਦੇਸ਼ੀ ਯੂਨੀਵਰਸਿਟੀਆਂ ਲਈ ਨਾ ਸਿਰਫ਼ ਸਾਰੇ ਦਰਵਾਜ਼ੇ ਹੀ ਖੋਹਲ ਦਿੱਤੇ ਹਨ ਸਗੋਂ ਨਾਲ ਕਾਰਪੇਟ ਵੀ ਪਿਛਾਏ ਹੋਏ ਹਨ। ਬੀ.ਜੇ.ਪੀ. ਦੀ ਚਿਰਕੋਣੀ ਖਾਹਿਜ਼ ਸੀ ਕਿ ਭਾਰਤੀ ਉਚ ਵਿਦਿਆ ਵਿਚ ਵਿਦੇਸ਼ੀ ਯੂਨੀਵਰਸਿਟੀਆਂ ਭਾਰਤ ਨੂੰ ਸਹਿਯੋਗ ਦੇਣ। 2015 ਵਿਚ ਬਣਾਈ ਕਮੇਟੀ ਦੀ ਰਿਪੋਰਟ ਵਿਚ ਵੀ ਇਸ ਦਾ ਜ਼ਿਕਰ ਮਿਲਦਾ ਹੈ। 2016 ’ਚ ਨੀਤੀ ਅਯੋਗ ਨੇ ਵੀ ਇਹੋ ਸਿਫਾਰਸ਼ ਕੀਤੀ ਸੀ ਅਤੇ ਕੌਮੀ ਸਿੱਖਿਆ ਨੀਤੀ 2019 ਤੇ ਫਿਰ 2020 ਵਿਚ ਇਹ ਸਪਸ਼ਟ ਕਿਹਾ ਗਿਆ ਸੀ ਕਿ ਵਿਦੇਸ਼ੀ ਯੂਨੀਵਰਸਿਟੀਆਂ ਨੂੰ ਭਾਰਤ ਵਿਚ ਆਪਣੇ ਕੈਂਪਸ ਖੋਲ੍ਹਣ ਦੀ ਇਜਾਜ਼ਤ ਦਿਆਂਗੇ। ਇਹੋ ਮੁਹਾਰਨੀ 11 ਫਰਵਰੀ 2021 ਨੂੰ ਕੇਂਦਰੀ ਸਿੱਖਿਆ ਮੰਤਰੀ ਨੇ ਲੋਕ ਸਭਾ ’ਚ ਕਹੀ ਕਿ ਸਰਕਾਰ 100 ਉੱਤੇ ਵਿਦੇਸ਼ੀ ਯੂਨੀਵਰਸਿਟੀਆਂ ਨੂੰ ਭਾਰਤ ਵਿਚ ਆਪਣੇ ਕੈਂਪਸ ਖੋਲ੍ਹਣ ਦੀ ਇਜਾਜ਼ਤ ਦਿਆਂਗੇ। ਹੁਣ ਇਹ ਖੁੱਲ੍ਹ 500 ਲਈ ਹੋਏਗੀ।

ਯੂ.ਜੀ.ਸੀ. ਦੇ ਚੇਅਰਮੈਨ ਨੇ ਕਿਹਾ ਕਿ ਉਨ੍ਹਾਂ ਮਈ 2022 ਤੱਕ 60 ਤੋਂ ਵੱਧ ਦੇਸ਼ਾਂ ਦੇ ਭਾਰਤ ਵਿਚ ਰਹਿੰਦੇ ਰਾਜਦੂਤਾਂ ਨਾਲ ਸੰਪਰਕ ਕੀਤਾ ਅਤੇ ਪਿਛੋਂ, ਆਕਸਫੋਰਡ ਯੂਨੀਵਰਸਿਟੀ, ਯੂਨੀਵਰਸਿਟੀ ਆਫ਼ ਸ਼ਿਕਾਗੋ, ਯੂਨੀਵਰਸਿਟੀਆਫ਼ ਮੈਲਬੋਰਨ, ਕੈਲੀਫੋਰਨੀਆ, ਕੋਪੇਨ ਹੇਰਾਨ, ਮਿਸੀਗਨ, ਐਮਸਟਡਰਮ, ਸਿਡਨੀ, ਟੋਕੀਓ ਦੀਆਂ ਯੂਨੀਵਰਸਿਟੀਆਂ ਪ੍ਰਿੰਸਟਨ ਯੂਨੀਵਰਸਿਟੀ, ਸਟੈਨਫੋਰਡ ਅਤੇ ਯੇਲ ਯੂਨੀਵਰਸਿਟੀਆਂ ਨੇ ਹੁੰਗਾਰਾ ਭਰਿਆ।

ਸ਼ਾਇਦ ਦੁਨੀਆ ਦਾ ਪਹਿਲਾ ਦੇਸ਼ ਭਾਰਤ ਹੀ ਹੋਵੇਗਾ ਜਿਹੜਾ ਆਪਣੀ ਉਚ ਵਿਦਿਆ ਜਿਸ ’ਚ ਤਕਨੀਕੀ ਤੇ ਮੈਡੀਕਲ ਸਮੇਤ ਖੋਜ ਦੀਆਂ ਸਾਰੀਆਂ ਬਰਾਂਚਾਂ ਆਉਂਦੀਆਂ ਹਨ, ਨੂੰ ਸਿੱਧੇ ਕਾਰਪੋਰੇਟ ਪੂੰਜੀ ਦੇ ਹਵਾਲੇ ਕਰ ਰਿਹਾ ਹੈ। ਉਨ੍ਹਾਂ ਦੇ ਮਾਹਿਰ ਇਹ ਦਲੀਲ ਦਿੰਦੇ ਹਨ ਕਿ ‘ਭਾਰਤ ਵਿਚ ਐਜੂਕੇਸ਼ਨ ਹੱਬ ਖੋਲ੍ਹਿਆ ਜਾ ਰਿਹਾ ਹੈ। ਉਹ ਇਸ ਨੂੰ ਤੁਬਈ ’ਚ ਵਸੇ ਅਕੈਡਮਿਕ ਸ਼ਹਿਰ ਦੀ ਤਰਜ਼ ਉੱਤੇ ਭਾਤਰ ਵਿਚ ਐਜੂਕੇਸ਼ਨ ਦੀ (ਸਨਅਤੀ ਅਦਾਰੇ ਕਾਰਖਾਨੇ) ਅਦਾਰੇ ਵੱਖ-ਵੱਖ ਸ਼ਹਿਰਾਂ ਵਿਚ ਖੋਲ੍ਹਣ ਦੇ ਰੂਪ ਵਿਚ ਪੇਸ਼ ਕਰ ਰਹੇ ਹਨ।

ਇਸ ’ਚ ਕੋਈ ਸ਼ੱਕ ਨਹੀਂ ਕਿ ਭਾਰਤੀ ਮੱਧ ਵਰਗ ਵਿਚ ਆਪਣੇ ਬੱਚਿਆਂ ਨੂੰ ਵਿਦੇਸ਼ਾਂ ਵਿਚ ਪੜ੍ਹਨ ਭੇਜਣ ਦਾ ਬੁਖਾਰ ਆਪਣੀ ਸਿਖਰ ਉੱਤੇ ਹੈ। ਪਿਛਲੇ ਸਾਲ ਹੀ 2022 ’ਚ ਭਾਰਤ ਦੇ 450000 ਵਿਦਿਆਰਥੀ ਸਟੂਡੈਂਟਸ ਵੀਜ਼ਾ ਲੈ ਕੇ ਬਾਹਰ ਗਏ। ਜਿਸ ਨਾਲ ਭਾਰਤ ਦੀ 30 ਬਿਲੀਅਨ ਡਾਲਰ ਦੀ ਪੂੰਜੀ ਵੀ ਵਿਦੇਸ਼ਾਂ ਵਿਚ ਗਈ। ਇਹ ਸਿਲਸਿਲਾ ਕਈ ਸਾਲਾਂ ਤੋਂ ਚਲ ਰਿਹਾ ਹੈ। ਯੂ.ਐਸ. ਨੇ 125000 ਸਟੂਡੈਂਟਸ ਵੀਜ਼ੇ ਜਾਰੀ ਕੀਤੇ। ਵੈਸੇ ਵਿਦੇਸ਼ਾਂਵਿਚ ਪੜ੍ਹਨ ਵਾਲੇ ਬੱਚਿਆਂ ਦੀ ਗਿਣਤੀ 11 ਲੱਖ 33 ਹਜ਼ਾਰ 749 ਦੱਸੀ ਜਾ ਰਹੀ ਹੈ ਜੋ ਸਰਕਾਰੀ ਰਿਕਾਰਡ ਮੁਤਾਬਕ ਹੈ ਜਿਸ ’ਚ ਕੈਨੇਡਾ, ਅਮਰੀਕਾ, ਆਸਟ੍ਰੇਲੀਆ, ਸਾਊਦੀ ਅਰਬ, ਸੂਡਾਨ ਤੇ ਬ੍ਰਾਜੀਲ ਵੀ ਹਨ। ਇਨ੍ਹਾਂ ਵਿਚ ਦੋ ਤਰ੍ਹਾਂ ਦੇ ਬੱਚੇ ਹਨ ਇਕ ਉਹ ਜਿਹੜੇ ਸਰਕਾਰੀ ਸਕਾਲਰਸ਼ਿਪ ਲੈ ਕੇ ਵਿਦੇਸ਼ੀ ਉਚ ਵਿਦਿਆ ਲੈਣ ਜਾਂਦੇ ਹਨ, ਦੂਸਰੇ ਉਹ ਜੋ ਆਪਣੇ ਪਰਿਵਾਰਕ ਪੈਸੇ ਲਾ ਕੇ ਬਾਹਰ ਜਾਂਦੇ ਹਨ। ਦੋਹਾਂ ਦੇ ਮੰਤਵ ਵੱਖ ਵੱਖ ਹਨ। ਨਿੱਜੀ ਪੂੰਜੀ ਲਾ ਕੇ ਜਾਣ ਵਾਲਿਆਂ ਦਾ ਮੁਫ਼ਾਦ ਆਪਣੇ ਚੰਗੇ ਭਵਿੱਖ ਨਾਲ ਜੁੜਿਆ ਹੋਇਆ ਹੈ। ਇਹ ਜ਼ਿਕਰ ਕਰਨ ਦਾ ਮਤਲਬ ਐਨਾ ਹੀ ਹੈ ਕਿ ਵਿਦਿਆ ਇਕ ਪੂਜੀ ਸਨਅਤ ਵਾਂਗੂੰ ਵਿਕਸਿਤ ਹੋ ਚੁੱਕੀ ਹੈ ਜਦੋਂ 30 ਅਰਬ ਡਾਲਰ ਦਾ ਕਾਰੋਬਾਰ ਹੋਵੇ ਤਾਂ ਹਰ ਕੋਈ ਇਸ ਕਾਰੋਬਾਰ ਵਿਚ ਪੂੰਜੀ ਲਾ ਕੇ ਮੁਨਾਫ਼ਾ ਕਮਾਉਣ ਲਈ ਓਤਪੁਰ ਹੋਵੇਗਾ। ਵੈਸੇ ਵਿਸ਼ਵ ਵਪਾਰ ਸੰਸਥਾ ਬਹੁਤ ਸਮੇਂ ਤੋਂ ਹੀ ਭਾਰਤ ਸਮੇਤ ਤੀਜੀ ਦੁਨੀਆ ਦੇ ਦੇਸ਼ਾਂ ਉੱਤੇ ਦਬਾਅ ਪਾ ਰਹੀ ਸੀ ਕਿ ਉਹ ਇਹ ਰਾਹ ਖੋਲ੍ਹਣ। ਕਾਂਗਰਸ ਸਰਕਾਰ ਨੇ ਕਈ ਵਾਰ ਡਰਦਿਆਂ ਡਰਦਿਆਂ ਕੋਸ਼ਿਸ਼ ਕੀਤੀ ਪਰ ਹਰ ਵੇਰ ਹੱਥ ਪਿਛਾਂਹ ਖਿੱਚ ਲਿਆ। ਯਾਦ ਹੋਵੇਗਾ ਸਾਲ 2010 ਵਿਚ ਲੋਕ ਸਭਾ ਵਿਚ ਵਿਦੇਸ਼ੀ ਸਿੱਖਿਆ ਇੰਸਟੀਚਿਊਸ਼ਨ ਬਿਲ 2010 ਲਿਆਂਦਾ ਗਿਆ ਸੀ, ਪਰ ਪਾਸ ਨਹੀਂ ਸੀ ਹੋ ਸਕਿਆ। ਸੱਤਾ ’ਤੇ ਬੈਠੀ ਭਾਜਪਾ ਨੇ ਹੀ ਉਸ ਦਾ ਵਿਰੋਧ ਕੀਤਾ ਸੀ। ਪਿਛੋਂ ਹੋਰ ਚੋਰ ਮੋਰੀਆਂ ਰਾਹੀਂ ਕਈ ਨਾਮਵਰ ਭਾਰਤੀ ਕਾਲਜਾਂ, ਯੂਨੀਵਰਸਿਟੀ ਕਾਲਜਾਂ ਵਿਸ਼ੇਸ਼ ਕਰਕੇ ਪ੍ਰੋਫੈਸ਼ਨਲ ਕਾਲਜਾਂ ਨੇ ਵਿਦੇਸ਼ੀ ਯੂਨੀਵਰਸਿਟੀਆਂ ਤੇ ਹੋਰ ਤਕਨੀਕੀ ਸੰਸਥਾਵਾਂ ਨਾਲ ਵਿਦਿਆਰਥੀਆਂ ਦੀ ਪੜ੍ਹਾਈ ਸਬੰਧੀ ਸਮਝੌਤੇ ਕੀਤੇ। ਬਹੁਤ ਮਿਸਾਲਾਂ ਹਨ ਇਕ ਹੀ ਦਿਆਂਗੇ। ਔਰੰਗਾਬਾਦ ਇੰਸਟੀਚਿਊਸ਼ਨ ਆਫ਼ ਹੋਟਲ ਮੈਨੇਜਮੈਂਟ ਦਾ ਯੂ.ਕੇ. ਦੀ ਯੂਨੀਵਰਸਿਟੀ ਆਫ਼ ਹਡੰਰਸਫੀਲਡ ਨਾਲਦੋ ਕੋਰਸਾਂ ਸਬੰਧੀ ਸਮਝੌਤਾ ਹੋਇਆ ਸੀ। ਇਹ ਤੇ ਇਹੋ ਜਿਹੇ ਹੋਰ ਕਾਲਜ (ਪੰਜਾਬ ’ਚ ਨਰਸਿੰਗ ਕਾਲਜ) ਕੁਝ ਵਿਦਿਆ ਇਥੇ ਦਿੰਦੇ ਸਨ ਅਤੇ ਫਿਰ ਉਨ੍ਹਾਂ ’ਚੋਂ ਯੋਗ ਨੂੰ ਵਿਦੇਸ਼ਾਂ ’ਚ ਲਿਜਾ ਕੇ ਉਥੇ ਡਿਗਰੀ ਦੇ ਦਿੰਦੇ ਸਨ। ਇਸ ਗੈਰ ਕਾਨੂੰਨੀ ਧੰਦੇ ਦੀ ਆਲ ਇੰਡੀਆ ਕੌਂਸ਼ਲ ਆਫ਼ ਟੈਕਨੀਕਲ ਐਜੂਕੇਸ਼ਨ ਨੂੰ ਵੀ ਜਾਣਕਾਰੀ ਸੀ। ਯੂ.ਜੀ.ਸੀ. ਨੂੰ ਵੀ ਤੇ ਭਾਰਤ ਸਰਕਾਰ ਨੂੰ ਵੀ। ਸਰਕਾਰ ਖ਼ੁਦ ਮੰਨਦੀ ਹੈ ਕਿ ਕਈ ਵਿਦੇਸ਼ੀ ਯੂਨੀਵਰਸਿਟੀਆਂ ਨੇ ਆਪਣੇ ਦਫ਼ਤਰ ਗੈਰ ਕਾਨੂੰਨੀ ਢੰਗ ਨਾਲ ਖੋਲ੍ਹ ਰੱਖੇ ਸਨ। ਜਿਸ ਨਾਲ ਆਈਲੈਟ ਦਾ ਵੀ ਵੱਡਾ ਕਾਰੋਬਾਰ ਜੁੜਿਆ ਹੋਇਆ ਹੈ।

2021 ਵਿਚ ਵੀ ਕੁਝ ਦਿਸ਼ਾ ਨਿਰਦੇਸ਼ ਜਾਰੀ ਕੀਤੇ ਗਏ ਸਨ। ਪਰ ਇਸ ’ਚ ਪੂਰੇ ਦਰਵਾਜ਼ੇ ਖੋਲ੍ਹਣ ਤੋਂ ਤਾਂ ਗੁਰੇਜ਼ ਕੀਤਾ ਸੀ। ਪਿਛਲੇ ਦਰਕਾਜਿਓਂ ਕਾਲਜਾਂ ਤੇ ਯੂਨੀਵਰਸਿਟੀਆਂ ਨੂੰ ਵਿਦੇਸ਼ੀ ਯੂਨੀਵਰਸਿਟੀ ਤੇ ਸਿੱਖਿਆ ਅਦਾਰਿਆਂ ਨਾਲਸਾਂਝ ਭਿਆਲੀ ਪਾਉਣ ਦੀ ਖੁੱਲ੍ਹ ਦਿੱਤੀ ਗਈ ਸੀ। ਭਾਵ ਗੈਰ ਕਾਨੂੰਨੀ ਕੰਮ ਨੂੰ ਮੋਦੀ ਹਕੂਮਤ ਨੇ ਕਾਨੂੰਨੀ ਮਾਨਤਾ ਦੇ ਦਿੱਤੀ ਸੀ। ਅਜਿਹੀ ਹੀ ਇਕ ਮਿਸਾਲ ਗੁਜਰਾਤ ਮਾਡਲ ਦੀ ਦਿੱਤੀ ਜਾਂਦੀ ਹੈ ਜਿਥੇ ਵਿਦੇਸ਼ੀ ਯੂਨੀਵਰਸਿਟੀ ਦੇ ਸਹਿਯੋਗ ਨਾਲ ਗੁਜਾਰਤ ਇੰਟਰਨੈਸ਼ਨਲ ਫਰਾਂਸ ਟੈਕਸਿਟੀ Tec ਸਿਟੀ (ਜਿਸਨੂੰ Gift) ਕਿਹਾ ਜਾਂਦਾ ਹੈ-ਜ਼ਰੂਰ ਸਥਾਪਤ ਕੀਤਾ ਸੀ। ਵੈਸੇ 2005 ਵਿਚ ਸਪੈਸ਼ਲ ਐਜੂਕੇਸ਼ਨਲ ਐਕਸੀਲੈਂਸ ਜ਼ੋਨ ਦੀ ਗੱਲ ਜ਼ਰੂਰ ਚਲੀ ਸੀ ਜਿਹਦਾ ਮਾਡਲ ਸਪੈਸ਼ਲ ਆਰਥਿਕ ਜ਼ੋਨ (ਸੇਜ਼) ਵਰਗਾ ਮਿਥਿਆ ਗਿਆ ਸੀ। ਯੂ.ਜੀ.ਸੀ. ਦੇ ਅਜੋਕੇ ਦਸਤਾਵੇਜ਼ ਵਿਚ ਇਹ ਪੁਖਤਾ ਕੀਤਾ ਗਿਆ ਹੈ।

ਯੂ.ਜੀ.ਸੀ. ਨੇ ਵਿਦੇਸ਼ੀ ਯੂਨੀਵਰਸਿਟੀਆਂ ਨੂੰ ਆਪਣੇ ਕੈਂਪਸ ਉਸਾਰਨ, ਦਾਖਲਿਆਂ, ਫੀਸਾਂ, ਫੰਡਾਂ ਅਤੇ ਨਿਯੁਕਤੀਆਂ ਅਤੇ ਉਸ ਸਬੰਧੀ ਸ਼ਰਤਾਂ ਦੀ ਪੂਰਨ ਖ਼ੁਦਮੁਖਤਿਆਰੀ ਦਿੱਤੀ ਹੈ। ਸਰਕਾਰ ਦੀ ਦਲੀਲ ਹੈ ਕਿ ਇਹ ਵਿਦੇਸ਼ੀ ਵਿਦਿਅਕ ਅਦਾਰੇ ਸੌ ਫੀ ਸਦੀ ਪੈਸਾ ਆਪਣਾ ਹੀ ਲਾਉਣਗੇ, ਭਾਰਤ ਕੋਈ ਗਰਾਂਟ ਨਹੀਂ ਦੇਵੇਗਾ। ਭਾਵ ਇਹ ਬਿਜਨੈਸ ਹੈ ਜੋ ਪੈਸਾ ਲਾਵੇਗਾ ਉਹ ਮੁਨਾਫ਼ਾ ਕਮਾਵੇਗਾ। ਇਹ ਅਰਥ ਸ਼ਾਸਤਰ ਦਾ ਸੱਘਾ ਅਸੂਲ ਹੈ। 500 ਦੇ ਦੇ ਕਰੀਬ ਕੋਰਸਾਂ ਦੀ ਖੁੱਲ੍ਹ ਹੈ ਅਤੇ ਆਪਣੀ ਮਰਜ਼ੀ ਨਾਲ ਵਧਾ ਘਟਾ ਸਕਦੇ ਹਨ। ਇਥੇ ਹੀ ਬੱਸ ਨਹੀਂ ਯੂ.ਜੀ.ਸੀ. ਤਾਂ ਵਿਦੇਸ਼ੀ ਯੂਨੀਵਰਸਿਟੀਆਂ ਉਤੇ ਐਨੀ ਮਿਹਰਬਾਨ ਹੈ ਕਿ ਉਨ੍ਹਾਂ ਨੂੰ ਆਪਣੇ ਮਾਂ ਅਦਾਰੇ ਭਾਵ ਆਪਣੇ ਦੇਸ਼ ਬਿਨਾਂ ਟੈਕਸ ਤੋਂ ਪੈਸੇ ਭੇਜਣ ਦੀ ਵੀ ਖੁੱਲ੍ਹੀ ਛੋਟ ਦਿੱਤੀ ਹੋਈ ਹੈ। ਭਾਵ ਫਾਰਨ ਐਕਸਚੇਂਜ ਮੈਨੇਜਮੈਂਟ ਐਕਟ (FERA) 1999 ਅਧੀਨ ਲੱਗਣ ਵਾਲੇ ਟੈਕਸਾਂ ਤੋਂ ਮੁਕਤ ਹੋਣਗੇ। ਜੇ ਇਹ ਵਿਦਿਆ ਦਾ ਵਪਾਰ ਨਹੀਂ ਤਾਂ ਕੀ ਹੈ। ਵਿਦੇਸ਼ਾਂ ਵਿਚ ਪੜ੍ਹਨ ਗਏ ਬੱਚੇ ਜਾਣਦੇ ਹਨ ਕਿ ਉਨ੍ਹਾਂ ਸੰਸਥਾਵਾਂ ਦੀਆਂ ਫੀਸਾਂ ਕੀ ਹਨ? ਜਦੋਂ ਇਸੇ ਸਰਕਾਰ ਦੀ ਜਾਂ ਯੂ.ਜੀ.ਸੀ. ਨੇ ਕੋਈ ਲਗਾਮ ਹੀ ਨਹੀਂ ਰੱਖੀ ਸਮੁੱਚੀ ਖ਼ੁਦਮੁਖਤਿਆਰੀ ਦੇ ਦਿੱਤ ਹੈ ਤਾਂ ਫਿਰ ਮਨਮਰਜ਼ੀ ਉਨ੍ਹਾਂ ਦੀ ਚੱਲੇਗੀ। ਇਹ ਤਾਂ ਗਰਾਂਟ ਕਮਿਸ਼ਨ ਦੇ ਚੇਅਰਮੈਨ ਨੇ ਵੀ ਸਾਫ ਕਰ ਦਿੱਤਾ ਕਿ ਉਨ੍ਹਾਂ ਕੈਂਪਸ ਵਿਚ ਯੂਨੀਵਰਸਿਟੀ ਨਾਲ ਸਬੰਧਤ ਮਾਮਲਿਆਂ ਵਿਚ ਸਾਡੀ ਕੋਈ ਦਖ਼ਲ ਅੰਦਾਜ਼ੀ ਨਹੀਂ ਹੋਵੇਗੀ। ਸਿਰਫ਼ ਯੂਨੀਵਰਸਿਟੀ ਅੰਦਰ ਜਿਸਮਾਨੀ ਝਗੜਿਆਂ ਨੂੰ ਹੀ ਭਾਰਤੀ ਕਾਨੂੰਨ ਤਹਿਤ ਨਜਿੱਠਿਆ ਜਾਵੇਗਾ। ਸਾਫ਼ ਹੈ ਕਿ ਇਹ ਕਾਰਪੋਰੇਟ ਵਿਦਿਅਕ ਪੂੰਜੀ ਦੇ ਸਪੈਸ਼ਲ ਐਜੂਕੇਸ਼ਨਲ ਐਕਸੀਲੈਂਟ ਜ਼ੋਨ ਹੋਣਗੇ। ਦੁਨੀਆ ਦਾ ਕੋਈ ਵੀ ਦੇਸ਼ ਅਜਿਹਾ ਨਹੀਂ ਜਿਹਨੇ ਐਨੀਅਨ ਛੋਟਾਂ ਦਿੱਤੀਆਂ ਹੋਣ। ਪਹਿਲਾਂ ਤਾਂ ਵਧੇਰੇ ਦੇਸ਼ਾਂ ਦੀਆਂ ਸਰਕਾਰਾਂ ਨੇ ਵਿਦਿਆ ਨੂੰ ਸਰਕਾਰੀ ਜ਼ਿੰਮੇਦਾਰੀ ਸਮਝਿਆ। ਇਸ ਦੇ ਬਜਟ ਨੂੰ ਪਹਿਲ ਦੇ ਆਧਾਰ ਉੱਤੇ ਤਵੱਜੋਂ ਦਿੱਤੀ ਹੈ। ਕਈ ਦੇਸ਼ਾਂ ਵਿਚ ਤਾਂ ਮੁਢਲੀ ਤੋਂ ਪੀ.ਜੀ. ਤੱਕ ਦੀ ਵਿਦਿਆ ਦੀ ਜ਼ਿੰਮੇਵਾਰੀ ਹੀ ਸਰਕਾਰਾਂ ਨੇ ਓਟੀ ਹੈ। ਵਿਦੇਸ਼ੀ ਯੂਨੀਵਰਸਿਟੀਆਂ ਨੂੰ ਅਜਿਹੀ ਅਜ਼ਾਦੀ ਕਿਸੇ ਵੀ ਦੇਸ਼ ਨੇ ਨਹੀਂ ਦਿੱਤੀ। ਚੀਨ ਨੇ ਵੀ ਦੋ ਯੂਨੀਵਰਸਿਟੀਆਂ ਦੇ ਕੈਂਪ ਖੋਹਲਣ ਦੀ ਇਜਾਜਤ ਦਿੱਤੀ ਸੀ, ਪਰ ਸਖ਼ਤ ਸ਼ਰਤਾਂ ਹੇਠ ਤੇ ਸਰਕਾਰੀ ਕੰਟਰੋਲ ਤਹਿਤ। ਪਰ ਭਾਰਤੀ ਹਾਕਮਾਂ ਤਾਂ ਸੰਗ ਦੇ ਸਾਰੇ ਕੱਪੜੇ ਹੀ ਲਾਹ ਦਿੱਤੇ ਹਨ। ਫੈਕਲਟੀ ਵਿਭਾਗਾਂ ਦੇ ਨਿਯਮਾਂ, ਨਿਯੁਕਤੀ ਦੀ ਯੋਗਤਾ, ਸੈਲਰੀ, ਸਰਵਿਸ ਕੰਡੀਸ਼ਨ ਵਿਚ ਜਦੋਂ ਇਨ੍ਹਾਂ ਵਿਦੇਸ਼ੀ ਅਦਾਰਿਆਂ ਨੂੰ ਅਜ਼ਾਦੀ ਹੋਵੇਗੀ ਤੇ ਭਾਰਤੀ ਮਾਪਦੰਡ ਤੇ ਕਾਨੂੰਨਾਂ ਤੋਂ ਮੁਕਤ ਹੋਣਗੇ ਤਾਂ ਉਥੇ ਕੰਮ ਕਰਨ ਵਾਲੇ ਪ੍ਰੋਫੈਸ਼ਨਲ ਕਰਮਚਾਰੀਆਂ, ਖੋਜਾਰਥੀਆਂ ਦੀ ਕੀ ਹੈਸੀਅਤ ਹੋਵੇਗੀ? ਗਰਾਂਟ ਕਮਿਸ਼ਨ ਕਹਿੰਦਾ ਹੈ ਕਿ ਇਹ ਵਿਦੇਸ਼ੀ ਯੂਨੀਵਰਸਿਟੀਆਂ ਆਪਣੇ ਦੇਸ਼ ਦੇ ਮਿਆਰ ਮੁਤਾਬਕ ਯੋਗਤਾ ਪ੍ਰਾਪਤ ਵਿਦਿਅਦ ਮਾਹਿਰ ਭਰਤੀ ਕਰਨ ਲਈ ਕਿਹਾ ਗਿਆ ਹੈ। ਇਕ ਅਮਰੀਕਾ ਵਿਚ ਰਹਿਣ ਤੇ ਪੜ੍ਹਾਉਣ ਵਾਲਾ ਪ੍ਰੋਫੈਸਰ ਭਾਰਤ ਨੂੰ ਕਿਵੇਂ ਤਰਜੀਹ ਦੇਵੇਗਾ। ਦੂਸਰਾ ਭਾਰਤ ਵਿਚ ਇਹ ਅਦਾਰੇ ਕੀ ਅਮਰੀਕਾ ਦੇ ਪੱਧਰ ਦੀਆਂ ਸੈਲਰੀਆਂ ਆਪਣੇ ਸਟਾਫ਼ ਨੂੰ ਮੁਹੱਈਆ ਕਰਵਾ ਸਕਣਗੇ? ਉਹ ਮੁਨਾਫ਼ਾ ਕਮਾਉਣ ਆ ਰਹੇ ਹਨ ਇਸ ਦੇਸ਼ ਦੇ ਭਵਿੱਖ ਦਾ ਨਿਰਮਾਣ ਕਰਨ ਨਹੀਂ ਆ ਰਹੇ। ਲਾਜ਼ਮੀ ਹੈ ਸਸਤੇ ਅਤੇ ਘੱਟ ਯੋਗਤਾ ਵਾਲਿਆਂ ਦੀ ਹੀ ਯੂਨੀਵਰਸਿਟੀਆਂ ਚੋਣ ਕਰਨਗੀਆਂ। ਵੈਸੇ ਵੀ ਕਿਸੇ ਯੋਗਤਾ ਦਾ ਮਿਆਰ ਉਨ੍ਹਾਂ (ਸਰਟੀਫਿਕੇਟਾਂ) ਡਿਗਰੀਆਂ ਨਾਲ ਨਹੀਂ ਮਾਪਿਆ ਜਾ ਸਕਦਾ। ਡਿਗਰੀ ਹੋਣੀ ਤੇ ਯੋਗਤਾ ਹੋਣੀ ਦੋਵੇਂ ਅਲੱਗ ਅਲੱਗ ਹਨ। ਇਤਿਹਾਸ ਉੱਤੇ ਪੀ.ਐਚ.ਡੀ. ਕਰਨ ਵਾਲਾ ਹਰ ਵਿਦਿਆਰਥੀ ਇਤਿਹਾਸਕਾਰ ਨਹੀਂ ਬਣ ਜਾਂਦਾ।

ਪਹਿਲਾਂ ਹੀ ਉਚੇ ਵਿਦਿਆ-ਤਕਨੀਕੀ, ਇੰਜੀਨੀਅਰਿੰਗ, ਮੈਡੀਕਲ, ਮੈਨੇਜਮੈਂਟ ਆਦਿ ਦੇ ਕਈ ਖੇਤਰ ਨਿੱਜੀ ਕਾਲਜਾਂ ਯੂਨੀਵਰਸਿਟੀਆਂ ਦੇ ਅਧੀਨ ਹਨ। ਸਰਕਾਰੀ ਕਾਲਜਾਂ ਨੂੰ ਤਾਂ 90ਵਿਆਂ ਤੋਂ ਪਿਛੋਂ ਜਿਵੇਂ ਸਰਕਾਰ ਨੇ ਅਣਡਿੱਠ ਕੀਤਾ ਹੈ ਇਹ ਅਲੱਗ ਵਿਸ਼ਾ ਹੈ। ਨਿੱਜੀ ਉਚ ਵਿਦਿਆ ਦੇ ਕਾਲਜਾਂ ਲਈ ਫੀਸਾਂ ਪ੍ਰਮੁੱਖ ਹਨ ਤੇ ਫਿਰ ਡਿਗਰੀਆਂ ਦੇਣੀਆਂ। ਉਹ ਆਪਣੇ ਕਿੱਤੇ/ਵਿਸ਼ੇ ਦੇ ਕਿੰਨੇ ਮਾਹਿਰ ਹਨ। ਇਹ ਸਿਰਦਰਦੀ ਯੂਨੀਵਰਸਿਟੀਆਂ ਨੂੰ ਨਹੀਂ ਹੁੰਦੀ। ਨਾ ਹੀ ਉਨ੍ਹਾਂ ਦਾ ਸਮਾਜ ਨਾਲ ਕੋਈ ਸਬੰਧ, ਰਾਬਤਾ ਤੇ ਲਗਾਅ ਹੁੰਦਾ ਹੈ। ਹਾਲਾਂਕਿ ਸਰਕਾਰ ਦਾ ਦਾਅਵਾ ਹੈ ਕਿ “ਸਾਡੀਆਂ ਪ੍ਰਾਈਵੇਟ ਨਿੱਜੀ ਯੂਨੀਵਰਸਿਟੀਆਂ ਨੇ ਵੱਡੀ ਸਮਰੱਥਾ ਦਾ ਰੋਲ ਨਿਭਾਇਆਹੈ।” ਉਂਝ ਤਾਂ ਪ੍ਰਧਾਨ ਮੰਤਰੀ ਨੇ ਇਕ ਅਜਿਹੀ ਸੰਸਥਾ ਦੇ ਉਦਘਾਟਨ ਸਮੇਂ ਜਿਹਦੀ ਅਜੇ ਬਿਲਡਿੰਗ ਲਈ ਜ਼ਮੀਨ ਹੀ ਖ੍ਰੀਦੀ ਗਈ ਸੀ ਅਤੇ ਮਹਿਜ ਨਾਮਕਰਨ ਹੀ ਕੀਤਾ ਸੀ, ਨੂੰ ਉਚ ਪਾਏ ਦੇ ਸੰਸਥਾਨ ’ਚ ਗਿਣ ਕੇ 1000 ਕਰੋੜ ਰੁਪਏ ਦੀ ਗਰਾਂਟ ਵੀ ਦੇ ਛੱਡੀ ਸੀ। ਉਧਰ ਸਰਕਾਰੀ ਮੈਡੀਕਲ ਕਾਲਜਾਂ, ਆਈ.ਟੀ.ਟੀ. ਇੰਜੀਨੀਅਰਿੰਗ ਤੇ ਤਕਲੀਕੀ ਸੰਸਥਾਵਾਂ ਅਤੇ ਯੂਨੀਵਰਸਿਟੀਆਂ ਦੇ ਫੰਡਾਂ ਉਤੇ ਕਟੌਤੀਆਂ ਲਾ ਕੇ ਉਨ੍ਹਾਂ ਨੂੰ ‘ਆਤਮਨਿਰਭਰ’ ਹੋਣ ਦੇ ਉਪਦੇਸ਼ ਦਿੱਤੇ ਜਾ ਰਹੇ ਹਨ। ਕੌਮੀ ਸਿੱਖਿਆ ਨੀਤੀ ਵਿਚ ਸਿੱਖਿਆ ਦੇ ਬਜਟ ਵਧਾਉਣ ਦੀ ਕਵਾਇਦ ਕਰਨ ਵਾਲੀ ਭਾਜਪਾ ਸਰਕਾਰ ਨੇ ਪਿਛਲੇ ਦੋ ਸਾਲਾਂ ’ਚ ਲਗਾਤਾਰ ਸਿੱਖਿਆ ਦੇ ਬਜਟ ਵਿਚ ਵੀ ਕਟੌਤੀ ਕੀਤੀ ਹੈ। ਜਿਨ੍ਹਾਂ ਵਿਦੇਸ਼ਾਂ ਦੀ ਨਕਲ ਕਰਦੇ ਹਨ ਉਨ੍ਹਾਂ ਦਾ ਸਿੱਖਿਆ ਬਜਟ ਉਨ੍ਹਾਂ ਦੀ ਜੀ.ਪੀ.ਡੀ. ਦਾ ਸਾਡੇ ਨਾਲੋਂ ਕਈ ਗੁਣਾਂ ਵਧੇਰੇ ਹੈ।

ਦਰਅਸਲ ਭਾਰਤੀ ਹਕੂਮਤ ਨੇ ਦੇਸ਼ ਦੇ ਬੱਚਿਆਂ ਨੂੰ ਸਿੱਖਿਆ (ਵਿਦਿਆ) ਦੇਣ ਤੋਂ ਹੱਥ ਖੜ੍ਹੇ ਕਰ ਦਿੱਤੇ ਹਨ ਅਤੇ ਆਪਣੀ ਸੰਵਿਧਾਨਕ ਜ਼ਿੰਮੇਵਾਰੀ ਨੂੰ ਲਾਹ ਕੇ ਸੁੱਟ ਦਿੱਤਾ ਹੈ। ਉਹ ਨਿੱਜੀ ਤੇ ਕਾਰਪੋਰੇਟੀ ਪੂੰਜੀ ਦੇ ਹਵਾਲੇ ਅਤੇ ਉਨ੍ਹਾਂ ਦੇ ਰਹਿਮੋਕਰਮ ਉਤੇ ਛੱਡ ਦਿੱਤਾ ਹੈ। ਸੋ ਜੋ ਵਿਦਿਆ ਨਿੱਜੀ ਤੇ ਵਿਦੇਸ਼ੀ ਕਾਰਪੋਰਟ ਦੇਣਗੇ ਉਹ ਸਮਾਜ ਨਿਰਮਾਣ ਵਿਚ ਤਾਂ ਕਦਾਚਿਤ ਭੂਮਿਕਾ ਨਹੀਂ ਨਿਭਾਏਗੀ ਸਿਰਫ਼ ਪੂੰਜੀ ਤੇ ਕਾਰਪੋਰੇਟ ਦੇ ਵਿਸਥਾਰ ਤੇ ਮੁਨਾਫ਼ਿਆਂ ਦੀ ਸੇਵਾ ਵਿਚ ਹੀ ਜੁੱਟੀ ਰਹੇਗੀ ਅਤੇ ਅਜਿਹੀ ਹੀ ਮਨੁੱਖ ਦੀ ਸਿਰਜਨਾ ਕਰੇਗੀ।

ਹਾਂ ਉਹ ਮੱਧ ਵਰਗ ਜਮਾਤ ਜਿਨ੍ਹਾਂ ਨੂੰ ਵਿਦੇਸ਼ੀ ਅਦਾਰਿਆਂ ’ਚ ਬੱਚੇ ਪੜ੍ਹਾਉਣ ਦੀ ਲਲਕ ਲੱਗੀ ਰਹਿੰਦੀ ਹੈ ਅਤੇ ਕਈ ਪਛੜ ਜਾਂਦੇ ਹਨ। ਉਲ੍ਹਾਂ ਨੂੰ ਮੌਕਾ ਮਿਲ ਜਾਵੇਗਾ ਉਹ ਮੋਟੀਆਂ ਫੀਸਾਂ ਦੇ ਕੇ ਵਿਦੇਸ਼ਾਂ ਵਿਚਲੇ ਕੋਰਸਾਂ ਨੂੰ ਇਥੇ ਹੀ ਪੂਰਾ ਕਰਾ ਲੈਣਗੇ ਜਾਂ ਫਿਰ ਅਫਰੀਕਨ ਤੇ ਏਸ਼ੀਅਨ ਮੁਲਕਾਂ ਲਈ ਭਾਰਤ ਵਿਚ ਵਿਦੇਸ਼ੀ ਯੂਨੀਵਰਸਿਟੀ ਦੀ ਹੱਬ ਸੁਖਗਵਾਰ ਹੋਵੇਗੀ। ਇਹ ਦਾ ਇਕ ਅਸਰ ਇਹ ਵੀ ਪਵੇਗਾ ਕਿ ਉਚ ਪੱਧਰ ਦੀ ਬੌਧਿਕ ਸਮਰੱਥਾ ਨੂੰ ਵਿਦੇਸ਼ੀ ਕਾਰਪੋਰੇਟ ਕੰਪਨੀਆਂ ਛਾਂਟ ਕੇ ਲੈ ਜਾਇਆ ਕਰਨਗੀਆਂ। ਭਾਵ ਬਰੇਨ ਡਰੇਨ ਦੀ ਉਚ ਕਵਾਲਟੀ ਦੀ ਨਿਕਾਸੀ ਹੋਵੇਗੀ।

ਨਿੱਜੀ ਯੂਨੀਵਰਸਿਟੀਆਂ ਵਾਂਗੂੰ ਹੀ ਵਿਦੇਸ਼ੀ ਯੂਨੀਵਰਸਿਟੀਆਂ ਦੀਆਂ ਬਿਲਡਿੰਗਾਂ ਤਾ ਚਕਾਚੌਂਧ ਵਾਲੀਆਂ ਹੋਣਗੀਆਂ। ਪਰ ਇਥੇ ਜੋ ਮਾਹੌਲ ਹੋਵੇਗਾ, ਜਿਹੋ ਜਿਹਾ ਵਾਤਾਵਰਣ ਹਵੈਗੀ ਉਹ ਕਿਹੋ ਜਿਹੇ ਖੋਜਾਰਥੀ ਤੇ ਮਾਹਿਰ ਪੈਦਾ ਕਰੇਗਾ ਅਤੇ ਉਨ੍ਹਾਂ ਦਾ ਸਮਾਜਿਕ ਜ਼ਿੰਮੇਵਾਰੀ ਪ੍ਰਤੀ ਕੀ ਅਹਿਸਾਸ ਹੋਵੇਗਾ? ਇਹ ਕੋਈ ਭੁੱਲਿਆ

ਹੋਇਆ ਨਹੀਂ। ਵਿਦਿਅਕ ਅਦਾਰੇ ਮਹਿਜ ਡਿਗਰੀਆਂ ਵੰਡਣ ਲਈ ਨਹੀਂ ਹੁੰਦੇ ਉਨ੍ਹਾਂ ਦੀ ਭੂਮਿਕਾ ਸਮਾਜ ਨਿਰਮਾਣ ਦੀ ਵੀ ਹੁੰਦੀ ਹੈ। ਕੀ ਭਾਰਤ ਵਿਚਲੇ ਉਚ ਪੱਧਰੀ ਵਿਦਿਆ ਦੇ ਅਦਾਰੇ ਉਹ ਯੂਨੀਵਰਸਿਟੀਆਂ ਹੋਣ ਆਈ.ਆਈ.ਟੀਜ਼ ਜਾਂ ਇੰਜੀਨੀਅਰਿੰਗ ਦੇ ਅਦਾਰੇ ਇਸ ਦੇ ਸਮਰੱਥ ਨਹੀਂ ਸਨ।

ਦੁਨੀਆਂ ਦੀਆਂ ਉਪਰਲੀਆਂ ਯੂਨੀਵਰਸਿਟੀਆਂ ਵਿਚ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਬੰਗਲੌਰ ਦੀ ਇੰਡੀਅਨ ਇੰਸਟੀਚਿਊਸ਼ਨ, ਜਾਮੀਆ ਮਾਲੀਆ ਯੂਨੀਵਰਸਿਟੀ, ਜਾਦਾਵਪੁਰ ਯੂਨੀਵਰਸਿਟੀ ਕਲਕੱਤਾ, ਆਈ.ਆਟੀ.ਟੀ. ਮਦਰਾਸ, ਖੜਗਪੁਰ ਦਿੱਲੀ ਆਦਿ ਕਈ ਉਚ ਪੱਧਰ ਦੀਆਂ ਸੰਸਥਾਵਾਂ ਹਨ ਜਿਨ੍ਹਾਂ ਪ੍ਰਤੀ ਭਾਜਪਾ ਸਰਕਾਰ ਦਾ ਨਜ਼ਰੀਆ ਹੀ ਕੁਝ ਹੋਰ ਰਿਹਾ ਹੈ। ਭਾਜਪਾ ਹਕੂਮਤ ਨੇ ਇਨ੍ਹਾਂ ਵਿਸ਼ਸ਼ ਪੱਧਰੀ ਬੌਧਿਕ ਵਿਕਾਸ ਵਾਲੀਆਂ ਸੰਸਥਾਵਾਂ ਨੂੰ ਤਬਾਹ ਕਰਨ ਵਿਚ ਕੋਈ ਕਸਰ ਨਹੀਂ ਛੱਡੀ। ਵਿਸ਼ਵ ਪੱਧਰੀ ਪਾ ਉਚ ਵਿਦਿਆ ਦੇ ਅਦਾਰਿਆਂ ਦਾ ਵਿਸਥਾਰ ਕੀਤਾ ਜਾ ਸਕਦਾ ਸੀ ਅਤੇ ਭਾਰਤੀ ਬੱਚਿਆਂ ਨੂੰ ਉਚ ਵਿਦਿਆ ਦੇਣ ਦੀ ਜ਼ਿੰਮੇਵਾਰੀ ਨਿਭਾਈ ਜਾ ਸਕਦੀ ਸੀ। ਪਰ ਹਕੂਮਤਾਂ ਨੇ ਇਥੋਂ ਦੇ ਵਿਦਿਅਕ ਪ੍ਰਬੰਧ ਨੂੰ ਦੇਸ਼ ਦੀਆਂ ਲੋੜਾਂ ਮੁਤਾਬਕ ਉਸਾਰਨ ਨੂੰ ਤਵੱਜੋਂ ਨਹੀਂ ਦਿੱਤੀ। 30 ਫੀਸਦੀ ਵਿਦੇਸ਼ੀ ਯੂਨੀਵਰਸਿਟੀਆਂ ਆਪਣੇ ਦੇਸ਼ਾਂ ਦੀਆਂ ਸਰਕਾਰਾਂ ਪਾਸੋਂ ਸਬਸਿਡੀਆਂ ਲੈਂਦੀਆਂ ਹਨ। ਜਿੰਨੀ ਚੰਗੀ ਸੰਸਥਾ ਉਨੀ ਹੀ ਜ਼ਿਆਦਾ ਸਬਸਿਡੀ। ਪਰ ਭਾਰਤੀ ਹਕੂਮਤ ਨੇ ਦੇਸ਼ ਅੰਦਰਲੇ ਉਹ ਪਾਏ ਦੇ ਵਿਦਿਅਕ ਅਦਾਰਿਆਂ ਦਾ ਗ਼ਲਾ ਘੁੱਟਣ ’ਚ ਕੋਈ ਕਸਰ ਨਹੀਂ ਛੱਡੀ। ਵੈਸੇ ਹਾਕਮ ਵਿਸ਼ਵਗੁਰੂ ਬਣਨ ਦੇ ਦਮਗਜੇ ਮਾਰਦੇ ਹਨ, ਪਰ ਗਿਆਨ ਦੀ ਨਿਰਭਰਤਾ ਵਿਦੇਸ਼ੀਆਂ ਉਤੇ ਰਹੇਗੀ।

ਇਸ ਸਬੰਧੀ ਬਹੁਤ ਸਵਾਲ ਉਠਣਗੇ ਕਿ ਕੀ ਇਨ੍ਹਾਂ ਵਿਦੇਸ਼ੀ ਅਦਾਰਿਆਂ ਵਿਚ ਕੀ ਮਨੁੱਖੀ ਸਮਾਜਿਕ ਪੱਧਰ ਦੇ ਵਿਦਿਆਰਥੀ ਤਿਆਰ ਕਰਨ ਵਾਲਾ ਕੋਈ ਮਾਹੌਲ ਹੋਵੇਗਾ। ਮੋਟੀਆਂ ਫੀਸਾਂ ਅਦਾ ਕਰਨ ਵਾਲੇ ਵਿਦਿਆਰਥੀ ਕਿਹੋ ਜਿਹੇ ਇਨਸਾਨ ਹੋਣਗੇ। ਸਰਕਾਰੀ, ਨਿੱਜੀ ਤੇ ਵਿਦੇਸ਼ੀ ਯੂਨੀਵਰਸਿਟੀਆਂ ’ਚ ਪੜ੍ਹੇ ਵਿਦਿਆਰਥੀ ਕੀ ਗੈਰ ਬਰਾਬਰੀ ਨੂੰ ਹੋਰ ਨਹੀਂ ਵਧਾਉਣਗੇ? ਵਿਦੇਸ਼ੀ ਯੂਨੀਵਰਸਿਟੀਆਂ ਤੇ ਨਿੱਜੀ ਵਿਦਿਅਕ ਸੰਸਥਾਵਾਂ ਦੇ ਖੁੱਲ੍ਹਣ ਪਿਛੋਂ ਸਰਕਾਰੀ ਵਿਦਿਅਕ ਸੰਸਥਾਵਾਂ ਦਾ ਕੀ ਹਸ਼ਰ ਹੋਵੇਗਾ? ਸਮਾਜ ਦਾ ਕਿੱਡਾ ਵੱਡਾ ਵਰਗ ਜਿਨ੍ਹਾਂ ਕੋਲ ਸੀਮਤ ਸਾਧਨ ਹਨ, ਕੀ ਉਚ ਪੱਧਰੀ ਵਿਦਿਆ ਹਾਸਲ ਕਰਨ ਤੋਂ ਵਾਂਝੇ ਹੋ ਜਾਣਗੇ? ਦਰਅਸਲ ਇਹ ਫੈਸਲੇ ਦੇਸ਼ ਦੇ ਲੋਕਾਂ ਨਾਲ ਖਿਲਵਾੜ ਹਨ। ਕੀ ਸਰਕਾਰ ਆਪਣੇ ਦੇਸ਼ ਦੇ ਨਾਗਰਿਕਾਂ ਨੂੰ ਸੰਵਿਧਾਨਕ ਅਹਿਦ ਮੁਤਾਬਕ ਸਸਤੀ, ਬਰਾਬਰ ਅਤੇ ਮੁਫ਼ਤ ਵਿਦਿਆ ਦੇਣ ਦੀ ਜ਼ਿੰਮੇਵਾਰੀ ਤੋਂ ਭੱਜ ਰਹੀ ਹੈ?

ਗਰਾਂਟ ਕਮਿਸ਼ਨ ਦੇ ਮਸੌਦੇ ’ਚ ਇਕ ਮੱਦ ਦਰਜ ਹੈ ਕਿ ਵਿਦੇਸ਼ੀ ਯੂਨੀਵਰਸਿਟੀਆਂ ਵਿਚ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਆਂਚ ਦੇਣ ਵਾਲੀ ਵਿਦਿਆ ਦੇਣ, ਖੋਜ ਕਰਨ ਦੀ ਇਜਾਜ਼ਤ ਨਹੀਂ ਹੋਵੇਗੀ। ਜਿਸ ਉਤੇ ਸਵਾਲ ਪੁੱਛਣ ਉਤੇ ਕਮਿਸ਼ਨ ਨੇ ਸਾਫ਼ ਕੀਤਾ ਕਿ ਵਿਦੇਸ਼ੀ ਅਦਾਰੇ ਭਾਰਤੀ ਜਾਤ ਪਾਤੀ, ਧਰਮ, ਮੁਗਲ ਕਾਲ ਆਦਿ ਦੇ ਸਬੰਧੀ ਖੋਜ ਨਹੀਂ ਕਰ ਸਕਣਗੇ। ਕੀ ਦੇਸ਼ ਦੇ ਅੰਦਰੂਨੀ ਏਕਤਾ ਤੇ ਅਖੰਡਤਾ ਨੂੰ ਭਾਰਤੀ ਸਮਾਜਿਕ ਪ੍ਰਬੰਧ ਤੇ ਇਥੋਂ ਦੀ ਧਾਰਮਿਕ ਬਣਤਰ ਇਤਿਹਾਸ ਤੋਂ ਖਤਰਾ ਹੈ? ਕਿੰਨੀ ਹਾਸੋਹੀਣੀ ਸ਼ਰਤ ਹੈ।

ਵਿਦਿਆ ਦੇ ਖੇਤਰ ਵਿਚ ਸਰਕਾਰ ਫੰਡ ਦੇਣਾ ਨਹੀਂ ਚਾਹੁੰਦੀ ਅਤੇ ਚੰਗੀ ਮਿਆਰੀ ਅਤੇ ਗੁਣਵੰਤਤਾ ਵਾਲੀ ਉਚੀ ਵਿਦਿਆ ਲਈ ਨਿੱਜੀ ਤੇ ਵਿਦੇਸ਼ੀ ਪੂੰਜੀ ਤੋਂ ਮਦਦ ਭਾਲ ਰਹੀ ਹੈ। ਯੂਨੀਵਰਸਿਟੀ ਗਰਾਂਟ ਅਯੋਗ ਇਕ ਦੰਭੀ ਅਯੋਗ ਹੈ। ਵੈਸੇ ਕੌਮੀ ਸਿੱਖਿਆ ਨੀਤੀ ਵਿਚ ਇਸ ਨੂੰ ਸਾਧਨ ਤੇ ਤਾਕਤ ਵਿਹੂਣੇ ਕਰ ਦਿੱਤਾ ਗਿਆ ਹੈ ਪਰ ਆਪਣੇ ਨਿਪੁੰਸਕ ਹੋਣ ਤੋਂ ਪਹਿਲਾਂ ਇਹਨੇ ਆਪਣੇ ਹੀ 1956 ਵਿਚ ਅਪਣਾਏ ਕਾਇਦੇ ਕਾਨੂੰਨਾਂ ਨੂੰ ਛਿੱਕੇ ਟੰਗ ਕੇ ਵਿਦੇਸ਼ੀ ਯੂਨੀਵਰਸਿਟੀ ਨੂੰ ਇਥੋਂ ਜੋ ਖੁੱਲ੍ਹ ਦਿੱਤੀ ਹੈ। ਇਹ ਭਾਰਤੀ ਉਚ ਵਿਦਿਆ ਲਈ ਇਕ ਖਤਰਨਾਕ ਕਦਮ ਹੈ। ਭਾਰਤੀ ਹਕੂਮਤ ਨੇ ਵਿਦਿਆ ਦੇ ਖੇਤਰ ਵਿਚ ਹਾਰ ਕਬੂਲ ਕਰ ਲਈ ਹੈ। ਜਦੋਂ ਹਕੂਮਤ ਦੀਆਂ ਨਜ਼ਰਾਂ ਨਿੱਜੀ ਤੇ ਵਿਦੇਸ਼ੀ ਪੂੰਜੀ ਉਤੇ ਟਿਕ ਜਾਣ ਜਾਂ ਨਿਰਭਰਤਾ ਹੋ ਜਾਵੇ ਤਾਂ ਸਮਝੋ ਦੇਸ਼ ਦੇ ਭਵਿੱਖ ਦਾ ‘ਰੱਬ ਵੀ ਰਾਖਾ’ ਨਹੀਂ। ਇਹ ਅਜ਼ਾਦੀ ਦੌਰਾਨ ਲਏ ਸਭ ਲਈ ਮੁਫ਼ਤ ਤੇ ਬਰਾਬਰ ਵਿਦਿਆ ਦੇ ਸੰਕਲਪ ਤੋਂ ਪਾਸੇ ਹਟਣਾ ਹੈ।

ਵਿਦੇਸ਼ੀ ਯੂਨੀਵਰਸਿਟੀਆਂ ਬਾਰੇ ਇਹ ਫੈਸਲਾ ਗਲਤ ਹੈ, ਲੋਕ ਧ੍ਰੋਹੀ ਹੈ ਅਤੇ ਅਪਰਾਧਿਕ ਵੀ ਹੈ। ਆਪਣੇ ਦੇਸ਼ ਦੇ ਭਵਿੱਖ ਨਾਲ ਖਿਲਵਾੜ ਕਰਨ ਵਾਲੇ ਅਜਿਹੇ ਫੈਸਲਿਆਂ ਦਾ ਡਟਵਾਂ ਵਿਰੋਧ ਹੋਣਾ ਚਾਹੀਦਾ ਹੈ। ਇਹ ਭਾਰਤੀ ਨਾਗਰਿਕਾਂ ਦੇ ਸੰਵਿਧਾਨਕ ’ਚ ਦਰਜ ਬੁਨਿਆਦੀ ਵਿਦਿਆ ਦੇ ਹੱਕ ਵਾਂਝਿਆਂ ਕਰਨ ਵਾਲਾ ਕਦਮ ਹੈ। ਜਿਸ ਨੂੰ ਕਦਾਚਿਤ ਪ੍ਰਵਾਨ ਨਹੀਂ ਕੀਤਾ ਜਾਣਾ ਚਾਹੀਦਾ। ਇਸ ਵਿਰੁੱਧ ਜ਼ੋਰਦਾਰ ਅਵਾਜ਼ ਉਠਣੀ ਚਾਹੀਦਾ ਹੈ।

*ਰਿਪੋਰਟ*

# ਮਾਲਬਰੋਜ ਸ਼ਰਾਬ ਫੈਕਟਰੀ ਦੇ ਪ੍ਰਦੂਸ਼ਣ ਕਾਰਨ ਸੰਤਾਪ ਭੋਗਦੇ ਲੋਕ

**ਪੰਜਾਬ ਦੇ ਵਾਤਾਵਰਣ ਦਾ ਸੰਕਟ ਕਈ ਪੱਖਾਂ ਤੋਂ ਗੰਭੀਰ ਹੋਇਆ ਪਿਆ ਹੈ ਕਿਉਂਕਿ ਜਿਸ ਕਿਸਮ ਦਾ ਵਿਕਾਸ ਮਾਡਲ ਸ਼ੁਰੂ ਕੀਤਾ ਗਿਆ ਉਸ ਦੇ ਭਿਆਨਕ ਨਤੀਜੇ ਸਾਹਮਣੇ ਆਉਣ ਲੱਗੇ ਹਨ ਅਤੇ ਲੋਕ ਵੀ ਚੇਤੰਨ ਹੋ ਲੱਗੇ ਹਨ। ਕਿਸਾਨ ਅੰਦੋਲਨ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਹੈ ਕਿ ਹੁਣ ਕੋਈ ਵੀ ਮਸਲਾ ਲੁਕਿਆ ਛੁਪਿਆ ਨਹੀਂ ਰਹਿ ਸਕਦਾ ਕਿਉਂਕਿ ਉਸ ਸੰਘਰਸ਼ ਨੇ ਲੋਕਾਂ ਨੂੰ ਤਾਕਤ ਬਖਸ਼ੀ ਹੈ ਕਿ ਉਹ ਹਰ ਮਸਲੇ ’ਤੇ ਚੇਤੰਨ ਹੋ ਕੇ ਸੰਘਰਸ਼ ਕਰ ਸਕਦੇ ਹਨ। ਇਸ ਕਰਕੇ ਇਲਾਕੇ ਦੇ ਲੋਕਾਂ ਨੇ ਸ਼ਰਾਬ ਫੈਕਟਰੀ ਤੋਂ ਪੈਦਾ ਹੋ ਰਹੇ ਪ੍ਰਦੂਸ਼ਣ ਖਿਲਾਫ਼ ਸੰਘਰਸ਼ ਵਿੱਢ ਦਿੱਤਾ ਸੀ। ਮੁੜ ਕੇ ਜਿਹੜਾ ਪੰਜਾਬ ਦੇ ਵਾਤਾਵਰਣ ਨਾਲ ਜੁੜ ਕੇ ਵੱਡੀ ਲਹਿਰ ਬਣ ਗਿਆ। ਇਸ ਦੀ ਸਮੁੱਚੀ ਸਥਿਤੀ ਨੂੰ ਭਲਾ ਵੱਖ-ਵੱਖ ਦ੍ਰਿਸ਼ਟੀਕੋਣਾ ਤੋਂ ਦੇਖਿਆ ਗਿਆ। ਪੰਜਾਬ ਵਿਚ ਲੋਕਾਂ ਦੇ ਹੱਕਾਂ ਦੀ ਨੁਮਾਇੰਦਗੀ ਕਰਨ ਵਾਲੀ ਜਮਹੂਰੀ ਅਧਿਕਾਰ ਸਭਾ ਪੰਜਾਬ ਨੇ ਇਕ ਟੀਮ ਪ੍ਰੋ. ਜਗਮੋਹਨ ਸਿੰਘ (ਭਾਣਜਾ ਸ਼ਹੀਦ-ਏ-ਆਜ਼ਮ ਭਗਤ ਸਿੰਘ) ਅਤੇ ਪ੍ਰਿਤਪਾਲ ਸਿੰਘ ਦੀ ਅਗਵਾਈ ਵਿਚ ਸਮੁੱਚੀ ਸਥਿਤੀ ਨੂੰ ਵਾਚਣ ਵਾਸਤੇ ਭੇਜੀ ਜਿਸ ਦੀ ਰਿਪੋਰਟ ਸਾਂਝੀ ਕਰ ਰਹੇ ਹਾਂ। (ਸੰਪਾਦਕ)**




ਮਲਬਰੋਜ ਸ਼ਰਾਬ ਫੈਕਟਰੀ ਵਿਰੁੱਧ 50 ਪਿੰਡਾਂ ਦੇ ਲੋਕਾਂ ਵੱਲੋਂ ਚਲਾਏ ਜਾ ਰਹੇ ਅੰਦੋਲਨ ਨੇ ਪ੍ਰਦੂਸ਼ਣ ਦੇ ਮਾਰੂ ਪ੍ਰਭਾਵਾਂ ਨੂੰ ਜਨਤਕ ਏਜੰਡੇ ’ਤੇ ਲਿਆਂਦਾ ਹੈ, ਵਾਤਾਵਰਣ ਦੇ ਸਵਾਲ ’ਤੇ ਜੋ ਕਿ ਪੰਜਾਬ ਦੇ ਭਵਿੱਖ ਬਾਰੇ ਵੱਡੀ ਚਿੰਤਾ ਦਾ ਵਿਸ਼ਾ ਹੈ। ਫੈਕਟਰੀ ਦੇ ਪ੍ਰਦੂਸ਼ਿਤ ਪਾਣੀ ਤੇ ਰਾਖ ਨੇ ਲੋਕਾਂ ਦੇ ਸਿਹਤਮੰਦ ਜੀਵਨ ਜਿਉਣ ਦੇ ਅਧਿਕਾਰ ਦੀ ਘੋਰ ਉਲੰਘਣਾ ਕੀਤੀ ਹੈ। ਲੋਕਾਂ ਦੇ ਜੀਵਨ ਦਾ ਵਿਨਾਸ਼ ਕਰਕੇ ਮਲਬਰੋਜ ਫੈਕਟਰੀ ਨੇ ਉਹ ਭੂਮਿਕਾ ਨਿਭਾਈ ਹੈ, ਜੋ 1984 ਭੂਪਾਲ ਤਰਾਸਦੀ ਨੇ ਤਬਾਹੀ ਕਰਕੇ ਨਿਭਾਈ ਸੀ। ਕਮੇਟੀ ਨੇ ਇਲਾਕੇ ਦੇ ਵੱਖ ਵੱਖ ਪਿੰਡਾਂ ਦੇ ਵਸਨੀਕਾਂ, ਪ੍ਰਦੂਸ਼ਣ ਖਿਲਾਫ ਸੰਘਰਸਸੀਲ ਸਾਝਾਂ ਮੋਰਚਾ ਦੇ ਆਗੂਆਂ, ਵੱਖ ਵੱਖ ਬਿਮਾਰੀਆਂ ਦੇ ਮਰੀਜਾਂ ਦੇ ਵਿਚਾਰ ਸੁਣੇ ਤੇ ਫੈਕਟਰੀ ਦੇ ਆਲੇ ਦੁਆਲੇ ਦੇ ਖੇਤਾਂ,ਪਾਣੀ ਦੇ ਬੋਰਾਂ,ਬੰਦ ਪਈ ਸਹਿਕਾਰੀ ਖੰਡ ਮਿੱਲ ਦਾ ਜਾਇਜਾ ਲਿਆ, ਪਰਦੂਸ਼ਣ ਬਾਰੇ ਮਿਲੀਆਂ ਵੱਖ ਵੱਖ ਰਿਪੋਰਟਾਂ ਤੇ ਦਸਤਾਵੇਜਾਂ ਦਾ ਨਿਰੀਖਣ ਕੀਤਾ ਤੇ ਮਾਹਰਾਂ ਦੇ ਇਸ ਵਿਸ਼ੇ ਬਾਰੇ ਬਿਆਨ ਦਾ ਅਧਿਐਨ ਵੀ ਕੀਤਾ। ਵਿਗਿਆਨੀਆਂ ਅਨੁਸਾਰ ਸ਼ਰਾਬ ਫੈਕਟਰੀਆਂ ਪ੍ਰਤੀ ਲਿਟਰ ਸ਼ਰਾਬ ਪਿਛੇ 8 ਤੋਂ 15 ਲਿਟਰ ਪ੍ਰਦੂਸ਼ਤ ਪਾਣੀ ਬਾਹਰ ਕੱਢਦੀਆਂ ਹਨ, ਪਰ ਫੈਕਟਰੀ ਮਾਲਕ ਇਹ ਪਾਣੀ ਕਿਧਰ ਖਪਾਉਂਦੇ ਹਨ ਦਾ ਕੋਈ ਜਵਾਬ ਨਹੀਂ ਹੈ। ਕਿਉਂਕਿ ਪ੍ਰਦੂਸ਼ਤ ਪਾਣੀ ਨੂੰ ਸਾਫ ਕਰਨ ਲਈ ਟਰੀਟਮੈਂਟ ਦਾ ਖਰਚਾ ਫੈਕਟਰੀ ਉਪਰ ਆਉਣ ਵਾਲੇ ਖਰਚੇ ਤੋਂ ਦੋ ਤੋਂ ਚਾਰ ਗੁਣਾ ਹੁੰਦਾ ਹੈ ਪਰ ਇਹਨਾ ਦੇ ਪ੍ਰਸਤਾਵ ਅਨੁਸਾਰ ਟਰੀਮੈਂਟ ਪਲਾਟ ਦਾ ਖਰਚਾ ਮਹਿਜ 10 ਪ੍ਰਤੀਸ਼ਤ ਹੈ। ਸਰਕਾਰ ਨੇ ਚਾਹੇ ਸ਼ਰਾਬ ਫੈਕਟਰੀ ਨੂੰ ਬੰਦ ਕਰਨ ਦਾ ਐਲਾਨ ਕੀਤਾ ਹੈ ਪਰ ਫੈਕਟਰੀ ਮਾਲਕ ਇਸ ਨੂੰ ਅਦਾਲਤ ਵਿੱਚ ਚੁਣੌਤੀ ਦੇ ਸਕਦੇ ਹਨ। ਇਸ ਫੈਕਟਰੀ ਨੂੰ ਪੱਕੇ ਤੌਰ ’ਤੇ ਬੰਦ ਕਰਵਾਉਣ ਲਈ, ਫੈਕਟਰੀ ਮਾਲਕਾਂ ਤੋਂ ਲੋਕਾਂ ਦੇ ਜਾਨ-ਮਾਲ ਅਤੇ ਵਾਤਾਵਰਨ ਦੇ ਨੁਕਸਾਨ ਦੀ ਭਰਪਾਈ ਵਜੋਂ ਹਰਜਾਨਾ/ਜੁਰਮਾਨਾ ਵਸੂਲਣ ਲਈ ਜਰੂਰੀ ਹੈ ਕਿ ਉਹਨਾਂ ਦੀਆਂ ਸਾਰੀਆਂ ਕਾਲੀਆਂ ਗੈਰਕਾਨੂੰਨੀ ਕਾਰਵਾਈਆਂ ਨੰਗੀਆਂ ਕੀਤੀਆਂ ਜਾਣ। ਇਸ ਮਕਸਦ ਲਈ ਹਾਈ ਕੋਰਟ, ਸੁਪ੍ਰੀਮ ਕੋਰਟ ਜਾਂ ਗ੍ਰੀਨ ਟ੍ਰਿਬਿਊਨਲ ਦੇ ਕਿਸੇ ਮੌਜੂਦਾ ਜਾਂ ਸੇਵਾ ਮੁਕਤ ਜੱਜ ਦੀ ਨਿਗਰਾਨੀ ਹੇਠ ਪੜਤਾਲੀਆ ਟੀਮਾਂ ਬਣਾਈਆਂ ਜਾਣ, ਇੱਕ ਪੜਤਾਲੀਆ ਟੀਮ ਲੋਕਾਂ, ਪਸ਼ੂਆਂ ਅਤੇ ਜ਼ਮੀਨ ਦੇ ਹੋਏ ਨੁਕਸਾਨ ਦਾ ਜਾਇਜ਼ਾ ਲਵੇ। ਇਸ ਕੰਮ ਲਈ ਪੀ. ਜੀ. ਆਈ. ਜਾਂ ਏਮਜ਼ ਤੋਂ ਮਾਹਰ ਡਾਕਟਰਾਂ ਦੀਆਂ ਟੀਮ ਫੈਕਟਰੀ ਦੇ ਆਲੇ ਦੁਆਲੇ ਦੇ ਲੱਗਭੱਗ 50 ਪਿੰਡਾਂ ਵਿੱਚ ਘਰ ਘਰ ਜਾ ਕੇ ਲੋਕਾਂ ਦੀ ਚੈੱਕ-ਅੱਪ ਕਰਨ, ਉਹਨਾਂ ਦੀਆਂ ਬਿਮਾਰੀਆਂ ਬਾਰੇ ਵੇਰਵੇ ਤਿਆਰ ਕਰਨ ਅਤੇ ਇਲਾਜ ਦਾ ਬੰਦੋਬਸਤ ਕਰਨ। ਇਹ ਬੰਦੋਬਸਤ ਤੁਰੰਤ ਅਤੇ ਸਰਕਾਰੀ ਖਰਚੇ ’ਤੇ ਹੋਵੇ। ਵਿਗਿਆਨਕ ਮਾਹਰਾਂ ਦੀ ਟੀਮ ਹਵਾ, ਪਾਣੀ ਅਤੇ ਧਰਤੀ ਨੂੰ ਪ੍ਰਦੂਸ਼ਣ ਕਾਰਨ ਹੋਏ ਨੁਕਸਾਨ ਅਤੇ ਉਸਨੂੰ ਖਤਮ ਕਰਨ ਲਈ ਲੋੜੀਂਦੇ ਸਾਧਨਾ ਦਾ ਇੰਤਜ਼ਾਮ ਕਰੇ ਤਾਂ ਜੋ ਪਹਿਲਾਂ ਵਰਗੀ ਸਥਿਤੀ ਬਹਾਲ ਕੀਤੀ ਜਾ ਸਕੇ। ਇਹ ਟੀਮ ਪਸ਼ੂ ਡਾਕਟਰਾਂ ਰਾਹੀਂ ਸਾਲ 2022 ਵਿਚ ਫੈਕਟਰੀ ਦੀ ਸੁਆਹ ਯੁਕਤ ਚਾਰਾ ਖਾਣ ਨਾਲ 70 ਪਸ਼ੂਆਂ ਦੀਆਂ ਹੋਈਆਂ ਮੌਤਾਂ ਦੀ ਵੀ ਜਾਂਚ ਕਰੇ। ਡਾਕਟਰੀ ਸੂਤਰਾਂ ਤੋਂ ਸਭਾ ਦੀ ਟੀਮ ਨੂੰ ਜਾਣਕਾਰੀ ਮਿਲੀ ਹੈ ਕਿ ਇਸ ਇਲਾਕੇ ਵਿਚ ਪ੍ਰਦੂਸ਼ਣ ਦੇ ਪ੍ਰਭਾਵ ਹੇਠ ਵੱਡੀ ਪੱਧਰ ’ਤੇ ਨੌਜਆਨ ਜੋੜਿਆਂ ਵਿਚ ਬਾਂਝਪਣ ਅਤੇ ਗਰਭ ਦੇ ਗਿਰ ਜਾਣ ਦੀਆਂ ਸਮੱਸਿਆਂਵਾਂ ਆਈਆਂ ਹਨ। ਮਾਹਰ ਡਾਕਟਰਾਂ ਦੀ ਟੀਮ ਇਸ ਸਬੰਧੀ ਉਚੇਚਾ ਧਿਆਨ ਦੇਵੇ। ਇਸ ਵਰਤਾਰੇ ਦੀ ਜੜ੍ਹ ਵੀ ਪ੍ਰਦੂਸ਼ਣ ਹੀ ਹੈ। ਇਸ ਦੇ ਨਾਲ ਹੀ ਮਾਹਰਾਂ ਦੀ ਇਹ ਟੀਮ ਪ੍ਰਦੂਸ਼ਣ ਨਾਲ ਹੋਏ ਨੁਕਸਾਨ ਦੀ ਭਰਪਾਈ ਕਰਨ ਅਤੇ ਪ੍ਰਦੂਸ਼ਣ ਪੱਖੋਂ ਨਾਰਮਲ ਹਾਲਤਾਂ ਲਿਆਉਣ ’ਤੇ ਹੋਣ ਵਾਲੇ ਖਰਚੇ ਦਾ ਅੰਦਾਜ਼ਾ ਲਾਏ। ਇਹ ਖਰਚੇ ਦੀ ਭਰਪਾਈ ਮਾਲਬਰੋਜ਼ ਕੰਪਨੀ ਅਤੇ ਇਸ ਦੇ ਸਹਿਯੋਗੀ ਸਰਕਾਰੀ ਅਦਾਰਿਆਂ ਅਤੇ ਅਧਿਕਾਰੀਆਂ ਤੋਂ ਕੀਤੀ ਜਾਵੇ ਜਿਨ੍ਹਾਂ ਵਲੋਂ ਆਪਣੀ ਕਾਨੂੰਨੀ ਜ਼ਿੰਮੇਵਾਰੀ ਨਾ ਨਿਭਾਉਣ ਕਾਰਨ ਇਹ ਨੁਕਸਾਨ ਹੋਇਆ ਹੈ। ਇਸ ਪ੍ਰਦੂਸ਼ਣ ਲਈ ਜਿੰਮੇਵਾਰ ਸਾਰੇ ਵਿਅਕਤੀਆਂ, ਅਧਿਕਾਰੀਆਂ, ਫੈਕਟਰੀ ਮਾਲਕਾਂ ਅਤੇ ਸਰਕਾਰੀ ਅਧਿਕਾਰੀਆਂ ਦੇ ਖਿਲਾਫ ਪ੍ਰਦੂਸ਼ਣ ਰੋਕੂ ਕਾਨੂੰਨ ਤਹਿਤ ਕੇਸ ਦਰਜ ਕਰਕੇ ਬਣਦੀ ਕਾਰਵਾਈ ਕੀਤੀ ਜਾਵੇ। ਇਸ ਕੰਮ ਲਈ ਫਿਰੋਜ਼ਪੁਰ ਜ਼ੋਨ ਦੇ ਆਈ. ਜੀ. ਦੀ ਅਗਵਾਈ ਹੇਠ ਵਿਸ਼ੇਸ਼ ਜਾਂਚ ਟੀਮ ਬਣਾਈ ਜਾਵੇ। ਸੰਘਰਸ਼ ਕਰ ਰਹੀਆਂ ਜਥੇਬੰਦੀਆਂ ਵੱਲੋਂ ਉਠਾਈਆਂ ਗਈਆਂ ਮੰਗਾਂ ਸਬੰਧੀ ਸਰਕਾਰ ਉਨ੍ਹਾਂ ਨਾਲ ਗੱਲ ਬਾਤ ਕਰਕੇ ਮਸਲਾ ਹੱਲ ਕਰੇ। ਸੰਘਰਸ਼ ਕਰ ਰਹੇ ਲੋਕਾਂ ਦੇ ਖਿਲਾਫ ਦਰਜ ਕੀਤੇ ਮੁੱਕਦਮੇ ਰੱਦ ਕੀਤੇ ਜਾਣ, ਅਸਲਾ ਲਾਇਸੰਸ ਰੱਦ ਕਰਨ ਤੇ ਜ਼ਮੀਨਾਂ ਕੁਰਕ ਕਰਨ ਦੀਆਂ ਕਾਰਵਾਈਆਂ ਮਨਸੂਖ ਕੀਤੀਆਂ ਜਾਨ। ਮਾਲਬਰੋਜ ਫੈਕਟਰੀ ਵੱਲੋਂ ਗੈਰ ਕਾਨੂੰਨੀ ਢੰਗ ਨਾਲ ਕੁੱਝ ਜ਼ਹਿਰੀਲੇ ਰਸਾਇਣਾ ਦਾ ਵਪਾਰ ਕਰਨਾ ਅਤੇ ਇਸ ਬਾਰੇ ਸਰਕਾਰ ਨੂੰ ਕੋਈ ਵੀ ਸੂਚਨਾ ਨਾ ਦੇਣੀ ਅਤੇ ਸੰਬਧਿਤ ਅਧਿਕਾਰੀਆਂ ਵੱਲੋਂ ਇਸ ਕੰਪਨੀ ਦੀ ਵੈਬਸਾਈਟ ਤੇ ਸ਼ਰੇਆਮ ਇਸ ਵਾਪਾਰ ਬਾਰੇ ਇਸ਼ਤਿਹਾਰ ਪ੍ਰਸਾਰਤ ਕੀਤੇ ਜਾਣ ਦੇ ਬਾਵਜੂਦ ਵੀ ਅੱਖਾ ਬੰਦ ਕਰਕੇ ਬੈਠੇ ਰਹਿਣਾ ਇੱਕ ਗੰਭੀਰ ਜੁਰਮ ਹੈ। ਇਸ ਸਾਰੇ ਮਾਮਲੇ ਦੀ ਪੜਤਾਲ ਕਰਕੇ ਦੋਸ਼ੀਆ ਦੇ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ। ਨੈਸ਼ਨਲ ਗਰੀਨ ਟਰਬਿਊਨਲ ਵੱਲੋਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਪ੍ਰਦੂਸ਼ਣ ਫੈਲਾਉਣ ਵਾਲੀਆਂ ਸਨਅਤਾਂ ਦੇ ਪ੍ਰਦੂਸ਼ਣ ਨੂੰ ਮਾਪਣ ਵਿੱਚ ਪਾਰਦਰਸ਼ਤਾ ਲਿਆਉਣ ਲਈ ਇਸਦਾ - ਲਾਇਵ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਇਸ ਦੇ ਮਾੜੇ ਪ੍ਰਭਾਵਾਂ ਨੂੰ ਤਰੁੰਤ ਰੋਕਿਆ ਜਾਵੇ। ਸਨਅਤਾਂ ਨੂੰ ਵਾਤਾਵਰਨ ਪ੍ਰਦੂਸ਼ਣ ਬਾਰੇ ਪ੍ਰਵਾਨਗੀ ਦੇਣ ਤੋਂ ਪਹਿਲਾਂ ਕੀਤੀ ਜਾਣ ਵਾਲੀ ਜਨ ਸੁਣਵਾਈ ਵੱਧ ਅਸਰਦਾਰ ਬਣਾਉਣੀ ਚਾਹੀਦੀ ਹੈ। ਜਨ ਸੁਣਵਾਈ ਦੌਰਾਨ ਪ੍ਰੋਜੈਕਟ ਦੇ ਵਾਤਾਵਰਨ ਉੱਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਨੂੰ ਵਿਸ਼ਥਾਰ ਪੂਰਵਕ ਲੋਕਾਂ ਸਾਹਮਣੇ ਰੱਖਿਆ ਜਾਵੇ ਅਤੇ ਪ੍ਰਦੂਸ਼ਣ ਦੇ ਖਿਲਾਫ ਸੰਘਰਸ਼ ਕਰ ਰਹੀਆਂ ਜਥੇਬੰਦੀਆ ਨੂੰ ਆਪਣਾ ਪੱਖ ਪੇਸ਼ ਕਰਨ ਦਾ ਮੌਕਾ ਦਿੱਤਾ ਜਾਵੇ। ਪਿੰਡ ਵੱਲੋਂ ਮਨਜੂਰੀ ਸਿਰਫ ਗ੍ਰਾਮ ਪੰਚਾਇਤ ਦੇ ਸਰਪੰਚ ਵੱਲੋਂ ਹੀ ਨਹੀਂ ਸਗੋ ਪਿੰਡ ਦੀ ਗ੍ਰਾਮ ਸਭਾ ਵੱਲੋਂ ਦਿੱਤੀ ਜਾਣੀ ਚਾਹੀਦੀ ਹੈ। ਜਿਸਦੀ ਕਾਰਵਾਈ ਨਿਯਮਾਂ ਅਨੁਸਾਰ ਵੀਡੀਓ ਰਿਕਾਰਡ ਕੀਤੀ ਜਾਵੇ। ਪੰਜਾਬ ਵਿਚ ਅਨੇਕਾਂ ਥਾਵਾਂ ਤੇ ਭਾਰੀ ਪ੍ਰਦੂਸ਼ਣ ਫੈਲਾਉਣ ਵਾਲੀਆਂ ਸਨਅਤਾਂ ਲਗੀਆਂ ਹਨ ਜੋ ਪ੍ਰਦੂਸ਼ਣ ਕੰਟਰੋਲ ਬੋਰਡ ਅਤੇ ਪ੍ਰਸ਼ਾਸ਼ਨਿਕ ਅਧਿਕਾਰੀਆਂ ਨਾਲ ਮਿਲ ਕੇ ਪੀਣ ਵਾਲਾ ਪਾਣੀ, ਹਵਾ ਅਤੇ ਜ਼ਮੀਨ ਨੂੰ ਪਲੀਤ ਕਰ ਰਹੀਆਂ ਹਨ ਅਤੇ ਵਾਤਾਵਰਨ ਦਾ ਵਿਨਾਸ਼ ਕਰ ਰਹੀਆਂ ਹਨ। ਇਹਨਾਂ ਨੇਂ ਨਦੀਆਂ, ਨਹਿਰਾਂ, ਛੱਪੜਾਂ ਆਦਿ ਦਾ ਪਾਣੀ ਜ਼ਹਿਰੀਲਾ ਕਰ ਦਿੱਤਾ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਹਰ ਪਿੰਡ ਦੇ ਖੇਤੀ ਤੇ ਪੀਣ ਵਾਲੇ ਪਾਣੀ ਦੇ ਟਿਊਬਵੈਲਾਂ ਦੇ ਟੈਸਟ ਕਰਵਾਕੇ ਹਰ ਥਾਂ ਲੋਕਾਂ ਲਈ ਪੀਣ ਵਾਲੇ ਸਾਫ ਸੁਥਰੇ ਪਾਣੀ ਦੀ ਸਪਲਾਈ ਫੌਰਨ ਯਕੀਨੀ ਬਣਾਵੇ। ਪਿੰਡਾਂ ਵਿੱਚ ਸਿਹਤ ਸਹੂਲਤਾਂ ਦਾ ਸਰਕਾਰੀ ਤੌਰ ’ਤੇ ਪ੍ਰਬੰਧ ਕੀਤਾ ਜਾਵੇ। ਇਹ ਖਰਚਾ ਪ੍ਰਦੂਸ਼ਨ ਫੈਲਾਉਣ ਵਾਲੀ ਫੈਕਟਰੀ ਤੋਂ ਵਸੂਲਿਆ ਜਾਵੇ। ਪੰਜਾਬ ਭਰ ਵਿੱਚ ਸਨਅਤਾਂ ਵੱਲੋਂ ਫੈਲਾਏ ਪ੍ਰਦੂਸ਼ਨ ਦਾ ਪਤਾ ਲਗਾ ਕੇ ਪ੍ਰਦੂਸ਼ਨ ਲਈ ਜਿੰਮੇਵਾਰ ਸਨਅਤਕਾਰਾਂ ਅਤੇ ਪ੍ਰਦੂਸ਼ਨ ਕੰਟਰੋਲ ਵਿੱਚ ਅਣਗਹਿਲੀ ਤੇ ਮਿਲੀਭੁਗਤ ਵਾਲੇ ਅਧਿਕਾਰੀਆਂ ਵਿਰੁੱਧ ਪ੍ਰਦੂਸ਼ਣ ਰੋਕੂ ਕਾਨੂੰਨਾਂ ਤਹਿਤ ਸਖਤ ਕਾਰਵਾਈ ਕੀਤੀ ਜਾਵੇ, ਲੋਕਾਂ ਅਤੇ ਕੁਦਰਤ ਦੇ ਹੋਏ ਨੁਕਸਾਨ ਦੀ ਭਰਪਾਈ ਕਰਵਾਈ ਜਾਵੇ। ਜਦੋਂ ਤੱਕ ਇਹਨਾਂ ਸਨਅਤਾਂ ਦਾ ਪ੍ਰਦੂਸ਼ਣ ਪੱਧਰ ਜ਼ੀਰੋ ਨਹੀਂ ਹੋ ਜਾਂਦਾ ਇਹਨਾਂ ਨੂੰ ਬੰਦ ਰਖਿਆ ਜਾਵੇ। ਜੇ ਕੋਈ ਸਨਅਤਕਾਰ ਪ੍ਰਦੂਸ਼ਣ ਰੋਕਣ ਲਈ ਲੋੜੀਂਦੇ ਕਦਮ ਨਹੀਂ ਚੁੱਕਦਾ ਤਾਂ ਉਸ ਦੀ ਸਨਅਤ ਪੱਕੇ ਤੌਰ ਤੇ ਬੰਦ ਕੀਤੀ ਜਾਵੇ। ਸਮਾਜਿਕ ਵਿਕਾਸ ਲੋਕਾਂ ਦੀਆਂ ਜਿੰਦਗੀਆਂ ਨੂੰ ਬੇਹਤਰ ਬਣਾਉਣ ਵਾਲਾ ਹੋਣਾ ਚਾਹੀਦਾ ਹੈ ਨਾ ਕਿ ਕੁਦਰਤੀ ਵਸੀਲਿਆਂ- ਹਵਾ, ਪਾਣੀ, ਧਰਤੀ, ਪੇੜ ਪੌਦਿਆਂ, ਜੀਵ ਜੰਤੂਆ, ਮਨੁੱਖਾਂ ਦੀ ਤਬਾਹੀ ਕਰਨ ਵਾਲਾ, ਮੁਖ ਤੌਰ ਤੇ ਸਥਾਨਕ ਵਸੀਲਿਆਂ- ਜਿਵੇਂ ਕਿਰਤ-ਸ਼ਕਤੀ. ਕੱਚਾ ਮਾਲ, ਸਨਅਤੀ ਅਤੇ ਖੇਤੀ ਉਪਜ ਅਤੇ ਸਥਾਨਕ ਲੋੜਾਂ ਦੇ ਆਧਾਰਿਤ ਹੋਵੇ। ਢੁੱਕਵਾਂ ਅਤੇ ਟਿਕਾਊ ਰੁਜਗਾਰ ਪੈਦਾ ਕਰਦਾ ਹੋਵੇ। ਇਹ ਕੌਮਾਂਤਰੀ ਪੱਧਰ ’ਤੇ ਸਥਾਪਤ ਆਸੂਲ ਹੈ ਕਿ ‘ਪ੍ਰਦੂਸ਼ਣ ਫੈਲਾਉਣ ਵਾਲਾ ਹੀ ਉਸ ਕਾਰਨ ਹੋਏ ਨੁਕਸਾਨ ਦੀ ਭਰਪਾਈ ਲਈ ਜਿੰਮੇਵਾਰ ਹੈ। ਇਸ ਲਈ ਇਹ ਸਾਰੇ ਪੱਖ ਸਾਡੀ ਸਨਅਤੀ ਨੀਤੀ ਦਾ ਧੁਰਾ ਹੋਣਾ ਚਾਹੀਦੇ ਹਨ। ਇਹ ਵਿਕਾਸ ਨਹੀਂ ਵਿਨਾਸ਼ ਹੈ। ਸਨਅਤ ਭਾਵੇਂ ਤਰਜੀਹੀ ਹੋਵੇ ਜਾਂ ਗੈਰ ਤਰਜੀਹੀ, ਦੀ ਆਗਿਆ ਦੇਣ ਸਮੇਂ ਪ੍ਰਦੂਸ਼ਣ ਦੇ ਪੈਮਾਨਿਆਂ ਨੂੰ ਸਖਤੀ ਨਾਲ ਲਾਗੂ ਕੀਤਾ ਜਾਵੇ। ਸਰਕਾਰ ਲੋਕ ਪੱਖੀ ਅਤੇ ਪ੍ਰਦੂਸ਼ਨ ਰਹਿਤ ਤੇ ਕੁਦਰਤੀ ਸ੍ਰੋਤਾਂ ਯਾਨੀ ਹਵਾ, ਪਾਣੀ ਦੇ ਉਜਾੜੇ ਰਹਿਤ ਸਨਅਤੀ ਨੀਤੀ ਲਾਗੂ ਕਰੇ।

ਅਜੋਕੇ ਸਮੇਂ ਵਿਚ ਜੋ ਕੇਂਦਰ ਸਰਕਾਰ ਨੇ ਪਟਰੋਲ ਵਿਚ ਏਥਨੋਲ ਰਲਾਉਣ ਦੀ ਪਾਲਸੀ ਬਣਾਈ ਜਿਸ ਤਹਿਤ ਬਹੁਤ ਸਾਰੀਆਂ ਅਜੇਹੀਆਂ ਡਿਸਟੀਲੇਸ਼ਨ ਪਲਾਨਟ ਲਗਾਏ ਜਾਣ ਗੇ ਜੋ ਕਿ ਬਹੁਤ ਪਾਣੀ ਵਰਤਨ ਤੇ ਪਰਦੂਸਨ ਪੇਦਾ ਕਰਨ ਵਾਲੇ ਹਨ ਜਿਸ ਲਈ ਜੋ ਚੇਤਨਤਾ ਇਸ ਏਜੀਟੇਸ਼ਨ ਨੇ ਪੈਦਾ ਕੀਤੀ ਹੈ ਉਸ ਤੋਂ ਸਬਕ ਸਿਖਦੇ ਹੋਏ ਲੋਕਾਂ ਨੂੰ ਚੇਤਨ ਹੋ ਕੇ ਪਰਦੂਸ਼ਨ ਖਿਲਾਫ ਲਾਮ ਬੰਦ ਹੋਣ ਦਾ ਮਤਲਬ ਪਾਣੀ ,ਸੇਹਤ ਤੇ ਜਮੀਨ ਨੂੰ ਬਚਾਉਣ ਦੀ ਭਵਿਖ ਮੁਖੀ ਲੜਾਈ ਹੈ।

## ਰਹਿਤ ਪਿਆਰੀ ਮੁਝ ਕੋ

ਕਹਿਣ ਨੂੰ ਤਾਂ ਉਹ ਵੀ ਸਿੰਘ ਸਨ
ਜੋ ਬੇਦਾਵਾ ਲਿਖਣ ਬੈਠੇ ਸਨ
ਅੰਮ੍ਰਿਤ ਤਾਂ ਉਹਨਾਂ ਵੀ ਪੀਤਾ ਸੀ
ਪਰ ਮੁਫਤ ਪੀਤਾ ਸੀ
ਕੁਝ ਅਰਪਨ ਨਹੀਂ ਕੀਤਾ ਸੀ
ਜੋ ਬਿਜਲੀ ਕੜਕੀ ਤੋਂ ਕਹਿਣ ਲੱਗੇ–
ਅਸੀਂ ਖੁਲ੍ਹੇ ਮੈਦਾਨ ਤੋਂ
ਅਸਮਾਨ ਤੋਂ ਕੀ ਲੈਣਾ ਹੈ
ਵਾਪਸ ਪਿੰਜਰਿਆਂ ਨੂੰ ਪਰਤਦੇ ਹਾਂ

ਕਹਿਣ ਨੰ ਤਾਂ ਉਹ ਵੀ ਸਿਰਦਾਰ ਸਨ
ਪਰ ਉਹਨਾਂ ਧੜਾਂ ਤੇ ਸਿਰ ਨਜਰ ਨਾ ਆਏ
ਲੁਕੇ ਹੋਏ ਗੁਰੂ ਦੇ ਕਰਜ ਦੀਆਂ ਪੰਡਾਂ ਹੇਠ

ਪਹਿਨਣ ਨੂੰ ਕਕਾਰ ਤਾਂ
ਉਹਨਾਂ ਵੀ ਪਹਿਨੇ ਸਨ
ਜੋ ਕਹਿ ਆਏ–
ਅਸੀਂ ਤੇਰੇ ਸਿੱਖ ਨਹੀਂ

ਪਰ ਉਹਨਾਂ ਕੜਿਆਂ ਨੂੰ
ਚੂੜੀਆਂ ਨੱਕ ਬੁੱਲ੍ਹ ਕੱਢੇ ਸਨ
ਉਹਨਾਂ ਕੰਘਿਆਂ ਤੇ
ਕੈਂਚੀਆਂ ਖਚਰਾ ਹੱਸੀਆਂ ਹਨ
ਚੁੱਲ੍ਹਿਆਂ ਮੁੱਢ ਪਏ ਚਿਮਟਿਆਂ ਨੂੰ
ਉਹਨਾਂ ਕਿਰਪਾਨਾਂ ਦੇ
ਲੋਹੇ ਦੀ ਕਿਸਮਤ 'ਤੇ
ਬੜਾ ਤਰਸ ਆਇਆ ਸੀ
ਮਾਸੂਮ ਬਾਲਾਂ ਦੇ ਨੰਗੇਜ ਨੂੰ
ਉਹ ਕਛਹਿਰੇ ਬੜੇ ਅਸਲੀਲ ਲੱਗੇ ਸਨ
ਕਕਾਰ ਤਾਂ ਉਹਨਾਂ ਵੀ ਪਹਿਨੇ ਸਨ

ਗੁਰੂ ਤੋਂ ਬੇਮੁਖ ਹੋਏ ਜੋ
ਘਿਰ ਗਏ
ਟਿੱਚਰਾਂ ਤਰਸਾਂ ਸਰਮਸਾਰੀਆਂ ਖਚਰੇ
ਹਾਸਿਆਂ ਇਲਜਾਮਾ ਵਿਚਾਲੇ
ਸਿਰਾਂ ਤੇ ਕਰਜ ਦੀਆਂ ਪੰਡਾਂ ਸਨ
ਐਸਾ ਬੋਝ ਤਾਂ ਗੁਰੂ ਦੇ ਹਜੂਰ ਲਹਿੰਦਾ ਹੈ
ਸੀਸ ਭੇਟ ਕਰਨਾ ਪੈਂਦਾ ਹੈ

ਢਾਬ ਤੇ ਗੁਰੂ ਦਰਬਾਰ ਸਜਿਆ
ਟਿੱਬੀ ਤੇ ਗੁਰੂ ਸਸੋਭਤ ਸੀ
ਇਥੇ ਸਿਰਾਂ ਦੀ ਭੇਟ ਹੋਈ
ਸਿਰਾਂ ਦੇ ਨਾਲ ਹੀ ਲੱਥਾ
ਸਿਰੀਂ ਜੋ ਕਰਜ ਚੜ੍ਹਿਆ ਸੀ

ਪਰ ਲਹਿਣੇਦਾਰ
ਕਦੀ ਕਰਜੇ ਦਾ ਕਾਗਜ ਨਹੀਂ ਗੁਆਉਂਦੇ
ਕਰਜੇ ਦਾ ਕਾਗਜ ਪਾਟਾ ਕਰਜ ਮੁਕਤ ਹੋਏ ਨੇ
ਤਾਂ ਮੁਕਤੇ ਹੋਏ ਨੇ
ਗੁਰੂ ਗੋਦ ਦਾ ਨਿੱਘ ਮਿਲਿਆ ਹੈ
ਕਕਾਰ ਗੁਰੂ ਦਾ ਪਿਆਰ ਹੋਏ ਨੇ
ਤੇ ਚਾਲੀ ਉਹਨਾਂ ਪੰਜਾਂ ਨਾਲ ਖਲੋਏ ਨੇ
ਜਿਹਨਾਂ ਅੰਮ੍ਰਿਤ ਲਈ
ਸੀਸ ਭੇਟ ਕੀਤਾ ਸੀ
ਕਹਿਣ ਨੂੰ ਤਾਂ ਇਹ ਓਦੋਂ ਵੀ ਸਿਰਦਾਰ ਸਨ
ਜਦ ਅੰਮ੍ਰਿਤ ਮੁਫਤ ਪੀਤਾ ਸੀ
ਕਹਿਣ ਨੂੰ ਤਾਂ ਓਦੋਂ ਵੀ ਸਿੰਘ ਸਨ
ਜਦ ਪਿੰਜਰਿਆਂ ਨੂੰ ਪਰਤੇ ਸਨ
ਪਹਿਨਣ ਨੂੰ ਓਦੋਂ ਵੀ ਕਕਾਰ ਪਹਿਨੇ ਸਨ

ਪਰ ਗੱਲ ਕਹਿਣ ਦੀ ਨਹੀਂ ਹੁੰਦੀ
ਗੱਲ ਨਿਰੀ ਪਹਿਨਣ ਦੀ ਨਹੀਂ ਹੁੰਦੀ

**(ਜਸਵੰਤ ਜਫਰ : ਪੁਸਤਕ 'ਅਸੀਂ ਨਾਨਕ ਦੇ ਕੀ ਲਗਦੇ ਹਾਂ' ਵਿਚੋਂ)**

## ਲਤੀਫ਼ਪੁਰੇ ਦੀ ਲੋਹੜੀ



ਅਸਮਾਨੀ ਛੱਤ ਹੇਠ
ਜਮੀਨ ਦੀ ਗੋਦ ਵਿਚ
ਪੋਹ –ਮਾਘ ਦੀ ਠਰੀ ਰਾਤ ਨੂੰ
ਮਾਸੂਮ ਬਾਲੜੀ ਉਜੜੇ
ਘਰ ਵੱਲ ਤੱਕਦਿਆਂ
ਹਾਉਕਾ ਲੈਂਦੀ ਹੈ,
"ਮੇਰੇ ਘਰ ਦਾ ਦੀਵਾ ਗੁੱਲ ਕਰ ਕੇ
ਸਰਕਾਰੀ ਮਹਿਲ 'ਚ
ਲੋਹੜੀ ਬਾਲ਼ੀ ਜਾ ਰਹੀ ਹੈ।
ਹੁਕਮਰਾਨੋ !
ਤੁਸੀਂ ਸਾਡੇ ਉਜਾੜੇ ਦੀ ਲੋਹੜੀ ਮਨਾਓ,
ਅਸੀਂ ਤੁਹਾਡੀ ਸੱਤਾ ਦਾ
ਸਿਵਾ ਬਾਲ਼ਾਂਗੇ।"

**ਡਾ. ਗੁਰਵਿੰਦਰ ਸਿੰਘ**

## ਜਦੋਂ ਕਾਮਰੇਡ ਕਹਿੰਦੇ ਸੀ

ਰੁੱਖ ਵੀ ਮੋੜੇ ਜਾ ਸਕਦੇ ਦਰਿਆਵਾਂ ਦੇ।
ਸੀਨੇ ਦੇ ਵਿੱਚ ਸੇਕ ਜੋ ਕਰਦੇ ਚਾਵਾਂ ਦੇ!!

ਮਨ ਦਾ ਮਹਿਰਮ ਮਿਰਜਾ ਮਿੱਤਰਾ ਮਾਰ ਦਿੱਤਾ,
ਕਾਹਦਾ ਕਰਦੀ ਚੰਦੜੋ ਮਾਣ ਭਰਾਂਵਾਂ ਤੇ।

ਬੁੱਚੜ ਖਾਨੇ ਖੁਲ੍ਹੇ ਜਦੋਂ ਤਹਿਸੀਲਾਂ 'ਚ
ਗਊ ਰੱਖਿਆ ਲਈ ਟੈਕਸ ਕਿਓਂ ਹੈ ਗਾਂਵਾਂ ਤੇ।

ਪੀਲਾ ਪੰਜਾ ਚਲਦਾ ਹੈ ਬੁਲਡੋਜਰ ਦਾ,
ਭੂਸਰ ਗਿਆ ਏ ਭਗਵਾਂ ਸਹਿਰ–ਗਰਾਵਾਂ ਤੇ।

ਜਾਤ–ਪਾਤ ਵਿੱਚ ਰੰਗੀ ਸਿੱਖੀ ਨਾਨਕ ਜੀ
ਤੇਰੇ ਰੰਗ ਨਿਆਰੇ ਰੰਗਲੇ ਰਾਹਵਾਂ ਦੇ।

ਮਾਲਕ ਭਾਗੋ ਤੇਰਾ ਭੈਅ ਨਹੀਂ ਲਾਲੋ ਨੂੰ,
ਵੰਗਣੇ ਪਾਉਣਾ ਲੋਚਾਂ ਤੇਰੀਆਂ ਬਾਹਵਾਂ ਤੇ।

**ਜਗਸੀਰ ਜੀਦਾ**

## ਮੈਂ ਵਨਫੂਲਪੁਰਾ ਹਾਂ...

ਸ਼ਹਿਰ ਦੀ ਚਕਾਚੋਂਧ ਵਿਚਕਾਰ
ਕਿਸੇ ਮੁਫਲਿਸ ਯਤੀਮ ਵਾਂਗ
ਮੈਂ ਮੁਲਕ ਦੀ ਜਮੂਹਰੀਅਤ ਤੋਂ
ਆਪਣਾ ਹੱਕ ਲੈਣ ਖੜ੍ਹਾ ਹਾਂ
ਮੈਂ ਵਨਫੂਲਪੁਰਾ ਹਾਂ...

ਤਰੱਕੀ ਦੀ ਗੱਲ ਕਰਦਿਆਂ ਓਹ
ਮੇਰੇ ਕਤਲ ਨੂੰ ਆਮਾਦਾ ਹੈ
ਇਸਦਾ ਖੌਫ਼, ਉਦਾਸੀ ਤੇ ਗੁੱਸਾ
ਸਭ ਮੇਰੇ ਅੰਦਰ ਹੈ
ਮੈਂ ਵਨਫੂਲਪੁਰਾ ਹਾਂ...

ਇਹ ਭਾਰਤ ਜਿੰਨਾ ਤੁਹਾਡਾ
ਓਂਨਾ ਹੀ ਮੇਰਾ ਵੀ
ਇਸ਼ਕ ਮੇਰੇ ਨੂੰ ਬਦਨਾਮ ਕਰਨ
ਕਿਉਂ ਪੁਲਿਸ–ਫੌਜ ਬੁਲਾਉਂਦੇ ਹੋ
ਮੈਂ ਵਨਫੂਲਪੁਰਾ ਹਾਂ...

ਮੇਰਾ ਨਾਂ ਤੁਹਾਡੇ ਵਰਗਾ ਨਹੀਂ
ਤਾਂ ਕੀ ਮੇਰੀ ਹਸਤੀ ਮਿਟਾ ਦਿਓਗੇ ?
ਕਿਹਦਾ ਫਾਇਦਾ ਮੇਰੀ ਤਬਾਹੀ ਚ
ਸਭ ਸਿਆਸਤ ਮੈਂ ਸਮਝਦਾ ਹਾਂ
ਮੈਂ ਵਨਫੂਲਪੁਰਾ ਹਾਂ...

ਸਿਰਫ ਦੁਆਵਾਂ ਨਾਲ ਘਰ ਨੀ ਬਚਦੇ
ਜਦੋਂ ਸ਼ੈਤਾਨ ਆਉਂਦਾ ਬਸਤੀ ਚ
ਅਖੀਂ ਅੰਗਾਰੇ ਦਿਲੀ ਬੇਰਹਮ
ਨਿਜਾਮ ਬਦਲਣਾ ਲਾਜਮੀ ਹੁੰਦਾ
ਮੈਂ ਵਨਫੂਲਪੁਰਾ ਹਾਂ...

ਜੇ ਬਚਿਆ ਫਿਰ ਕਰਾਂਗਾ
ਪਿਆਰ–ਮੁਹੱਬਤ–ਅਮਨ ਤੇ ਚੈਨ ਦੀ ਗੱਲ
ਹਾਲੇ ਖੁਦ ਨੂੰ ਬਚਾਉਣ ਦੀ ਜੰਗ ਚ
ਹਰ ਦਾਓ ਅਜਮਾਉਣਾ ਚਾਹੁੰਦਾ ਹਾਂ
ਮੈਂ ਵਨਫੂਲਪੁਰਾ ਹਾਂ...

**- ਭੂਪੇਨ ਸਿੰਘ**

## ਬਾਜਾਂ ਨੇ ਕਰ ਲਿਆ ਫੈਸਲਾ

ਬਾਜਾਂ ਨੇ ਕਰ ਲਿਆ ਫੈਸਲਾ
ਕੁੱਝ ਦਿਨ ਨਰਮੀ ਦਿਖਾਉਣਗੇ।
ਵੋਟਾਂ ਦੀਆਂ ਰੁੱਤਾਂ ਨੇੜੇ ਆਗੀਆਂ
ਚਿੜੀਆਂ ਦਾ ਮਨ ਪਰਚਾਉਣਗੇ।

ਐਂਬੂਲੈਂਸ ਨੂੰ ਰਾਹ ਦਿੱਤਾ ਜਾਊਗਾ
ਪਾਪੀਆਂ ਨੂੰ ਪੈਣਗੀਆਂ ਲਾਹਨਤਾਂ।
ਭਗਤਾਂ ਦੇ ਚਿਹਰਿਆਂ 'ਤੇ ਖੁਸੀਆਂ
ਬਲਾਤਕਾਰੀ ਸਾਧਾਂ ਲਈ ਜਮਾਨਤਾਂ।
ਜਿਹੜੇ ਮੂੰਹਾਂ ਵਿਚੋਂ ਅੱਗ ਰਹੀ ਵਰਦੀ
ਉਹ ਮੂੰਹ ਥੋਨੂੰ ਲੋਰੀਆਂ ਸੁਣਾਉਣਗੇ।

ਅਰਥੀ ਨੂੰ ਮੋਢੇ ਦਿੱਤੇ ਜਾਣਗੇ
ਤਾਨਾਸਾਹੀ ਅਥਰੂ ਵਹਾਏਗੀ।
ਦੰਗੇ–ਪੀੜਤ ਮੁਹੱਲਿਆਂ 'ਚ ਜਾਕੇ
ਭਾਈਚਾਰੇ ਦਾ ਸੁਨੇਹਾ ਸੁਣਾਏਗੀ।
ਕਰਦੇ ਜੁਲਮ ਉਹ ਵੀ ਅੱਕ ਗਏ
ਹੁਣ ਤਰਸ ਦੇ ਨਾਟਕ ਰਚਾਉਣਗੇ।

ਹੁਕਮ ਪਿਆਦਿਆਂ ਨੂੰ ਹੋ ਗਿਆ
ਡੰਡਾ–ਕੁੱਟ ਕਰ ਦਿਓ ਬੰਦ ਜੀ।
ਅੱਲ੍ਹੇ ਜਖਮਾਂ ਦੇ ਭਰ ਜਾਣ ਲਈ
ਮਿੱਠੇ ਬਚਨਾਂ ਦਾ ਕਰੋ ਪ੍ਰਬੰਧ ਜੀ।
ਸਾਡੀ ਹਿੱਕ ਉੱਤੇ ਕਦੇ ਸੀ ਜੋ ਨੱਚਦੇ
ਬੁਲਡੋਜਰ ਭਾਲੇ ਨਹੀਂ ਥਿਆਉਣਗੇ।

**-ਕੁਲਦੀਪ**

## ਲੋਕ ਡਰਾਏ ਹੋਏ...

ਲੋਕ ਡਰਾਏ ਹੋਏ ਐ ਠੇਕੇਦਾਰਾਂ ਨੇ।
ਫੁੱਲਾਂ ਵਰਗੇ ਲੋਕ ਤੇ ਹਾਕਮ ਖਾਰਾਂ ਨੇ।

ਨਵੇਂ ਯੁੱਗ ਦੇ ਬਾਬੇ ਚੰਦ ਚੜ੍ਹਾਉਂਦੇ ਐ,
ਚੰਦ ਬਨਾਉਟੀ ਚਾੜੇ ਹੋਏ ਮਾ'ਹਰਾਂ ਨੇ ।

ਸੱਚਖੰਡ ਦਾ ਖੋਜੀ ਡੱਕਿਆ ਜੇਲ੍ਹਾਂ ਚ,
ਜੇਲ੍ਹ ਚੋਂ ਆਉਣੀ–ਜਾਣੀ ਮੌਜ–ਬਹਾਰਾਂ ਨੇ।

ਭਾਰਤ ਜੋੜਨ ਤੁਰ ਪਏ ਕਾਸੇ ਜੋਗੇ ਨੀ,
ਖਾਨਦਾਨੀ ਦਿਲ ਤੋੜਨ ਵਾਲੇ ਗਦਾਰਾਂ ਨੇ।

ਪੰਜਾ, ਤੱਕੜੀ ਛੱਡੀ ਡੋਰ ਪਤੰਗਾਂ ਦੀ,
ਫੁੱਲ ਕਮਲ ਹੈ ਡੁੰਗ ਲਿਆ ਸਰਦਾਰਾਂ ਨੇ।

ਭਗਤ ਸਿੰਘ ਦਾ ਵਾਰਿਸ ਬੈਠਾ ਗੱਦੀ ਤੇ,
ਧਰਨਿਆਂ ਧਰਨ ਹਲਾਈ ਏ ਫਟਕਾਰਾਂ ਨੇ।

ਹਰ ਪਾਸੇ ਪ੍ਰਦੂਸ਼ਣ ਫੈਲਿਆ ਹੋਇਆ ਏ।
ਸੰਘਰਸ਼ ਸੋਚ ਦਾ ਹਾਣੀ ਤਾਂ ਗੁਲਜਾਰਾਂ ਨੇ!!

**ਜਗਸੀਰ ਜੀਦਾ**




## "ਜਮਹੂਰੀਅਤ" ਦੀ ਬੁੱਢੀ ਡੈਣ

(ਅਖੌਤੀ ਗਣਤੰਤਰ ਦਿਵਸ 'ਤੇ )
ਛਿਹੱਤਰਵੇਂ ਵਰ੍ਹੇ ਨੂੰ ਢੁੱਕੀ
ਤਿਰੰਗੇ ਲਿਬਾਸ 'ਚ ਲਿਪਟੀ
ਵਲਾਇਤੀ ਬੈਸਾਖੀਆਂ 'ਤੇ ਚਲਦੀ
"ਜਮਹੂਰੀਅਤ" ਦੀ ਇਹ ਅਪਾਹਜ ਡੈਣ
ਆਪਣੀ "ਪਾਪ ਕੀ ਜੰਨ" ਦੀ ਫਿਰ ਨੁਮਾਇਸ਼ ਲਾਏਗੀ
ਆਪਣੇ ਧਾੜਵੀ ਪੁੱਤਰਾਂ ਦੀਆਂ ਕਾਲੀਆਂ ਜੀਭਾਂ ਕੋਲੋਂ
ਆਪਣੀ ਮਹਿੰਮਾਂ ਦਾ ਗਾਣ ਸੁਣੇਗੀ
ਡੈਣ–ਪੁੱਤਰਾਂ ਦੀ ਧਾੜ ਬਾਗੋ–ਬਾਗ ਹੈ
ਅੱਜ ਵੀ ਮੁਲਕਭਰ 'ਚ ਇਸਦਾ ਜਾਦੂ ਚਲਦਾ
ਲੋਕਾਂ ਸਿਰ ਭੰਗ ਦੀ ਘੂਕ ਬਣ ਚੜ੍ਹਦਾ
ਧਾੜਵੀ ਪੁੱਤਰਾਂ ਲਈ ਰੱਖਿਆ–ਕਵਚ ਬਣਦਾ
ਇਹ ਅੱਜ ਵੀ ਸੱਜ–ਧੱਜਕੇ ਹੈ ਰਹਿੰਦੀ
ਮਾਸੂਮਾਂ ਦੇ ਖੂਨ ਦਾ ਮੱਥੇ ਤਿਲਕ ਸਜਾਉਂਦੀ
ਨਿਹੱਥਿਆਂ ਦੀਆਂ ਲਾਸ਼ਾਂ 'ਤੇ ਸ਼ੁਗਲ ਕਰਦੀ
ਬਲਾਤਕਾਰਾਂ ਦੀਆਂ ਸ਼ਿਕਾਰ ਔਰਤਾਂ ਦੀਆਂ
ਸਿਸਕੀਆਂ ਨੂੰ ਸੰਗੀਤ ਵਾਂਗ ਸੁਣਦੀ
ਫਿਰਕੂ–ਜਨੂੰਨ ਦੇ ਅੰਨ੍ਹੇ ਗਰੋਹਾਂ ਦੀ ਮਾਰਧਾੜ
ਇਸਦੇ ਕੰਨਾਂ 'ਚ ਰਸ ਘੋਲਦੀ
ਬੁੱਢੀ ਡੈਣ ਦਾ ਐਲਾਨ ਹੈ
ਸਭ ਬਰਾਬਰ ਸਭ ਦਾ ਭਲਾ
ਬੁੱਢੀ ਡੈਣ ਦਾ ਨਾਪਾਕ ਫਰਮਾਨ ਹੈ
ਕਿਰਤ ਦੀ ਬੁੱਕਲ 'ਚ ਕੋਈ ਫੁੱਲ ਨਾ ਖਿੜੇ
ਕਾਮਿਆਂ ਵਿਹੜੇ ਸੱਜਰੀ ਧੁੱਪ ਨਾ ਚੜ੍ਹੇ
ਮਿੱਟੀ ਨਾਲ ਮਿੱਟੀ ਹੁੰਦੇ ਕਿਰਤ ਜਾਇਆਂ ਦਾ
ਕਿਰਤ ਦੀਆਂ ਬਰਕਤਾਂ ਨਾਲ ਕੋਈ ਰਿਸ਼ਤਾ ਨਾ ਰਹੇ
ਬੁੱਢੀ ਡੈਣ ਬੇਚੈਨ ਹੋ ਉੱਠਦੀ ਹੈ
ਜਦੋਂ ਸੁਣਦੀ ਹੈ ਹੱਕਦਾਰਾਂ ਦੀ ਆਵਾਜ਼
ਕੰਨੀਂ ਪੈਂਦੀ ਹੈ ਜੁਝਾਰ ਕਾਫਲੇ ਦੇ ਪੈਰਾਂ ਦੀ ਧਮਕ
ਫਿਜ਼ਾ 'ਚ ਫਿਰ ਹੁਕਮ ਗੂੰਜਦਾ ਹੈ
ਕੋਈ ਚਿਰਾਗ ਬਲਦਾ ਹੈ ,ਬੁਝਾ ਦਿਓ
ਜੰਗਲ 'ਚ ਆਵਾਜ਼ ਚਹਿਕਦੀ ਹੈ ,ਦਫਨਾ ਦੀਓ
ਕੋਈ ਸਿਰ ਉੱਠਦਾ ਹੈ ,ਮਸਲ ਦੀਓ
ਕੋਈ ਪਿੰਡ ਜਾਗਦਾ ਹੈ ,ਗਹਿਰੀ ਨੀਂਦ ਸੁਲਾ ਦੀਓ
ਹਰ ਜੀਂਦੀ–ਜਾਗਦੀ ਸੁਰ ਦਾ ,ਖੁਰਾ–ਖੋਜ ਮਿਟਾ ਦੀਓ
ਮਹਾਂ–ਕੁਫਰ ਹੈ ਇਹ ਬੁੱਢੀ ਡੈਣ
ਇਸਦੇ ਐਲਾਨ–ਬਿਆਨ ਵੀ ਕੁਫਰ ਨੇ
ਹੁਣ ਤਾਂ ਸ਼ਬਦਕੋਸ਼ ਵੀ ਸ਼ਰਮਸਾਰ ਹੈ
ਇਸ ਲਈ ਲੋਕਾਂ ਦੇ ਅੱਖੀਂ ਘੱਟਾ ਪਾਉਣਾ ਹੈ ਗੰਗਾ ਨਹਾਉਣਾ
ਝੂਠ ਨੂੰ ਖੰਭ ਲਾਉਣਾ ਹੈ ਰਾਮ–ਭਗਤ ਕਹਾਉਣਾ
ਮਾਸੂਮਾਂ ਦੇ ਕਤਲੇਆਮ ਰਚਾਉਣਾ ਹੈ ਧਰਮ–ਪੁੱਤਰ ਕਹਾਉਣਾ
ਹੁਣ ਤਾਂ ਰਾਮ–ਰਾਜ ਦੀ ਰੀਤ ਬਣ ਗਈ ਹੈ
ਬਲਾਤਕਾਰ ਕਰਨਾ ਮੱਥੇ ਤਿਲਕ ਸਜਾਉਣਾ
ਭਗਵੇਂ ਬੰਬ ਧਮਾਕੇ ਕਰਨਾ ਦਰਬਾਰੀ ਰੁਤਬੇ ਪਾਉਣਾ
ਹੁਣ ਇਤਿਹਾਸ ਨੂੰ ਕੂੜੇਦਾਨ ਪਾਇਆ ਜਾ ਰਿਹਾ
ਮਿਥਿਹਾਸ ਸਿਰ ਤਾਜ ਸਜਾਇਆ ਜਾ ਰਿਹਾ
ਕੁਫਰ ਦਿੱਲੀ ਦੀਆਂ ਗਲੀਆਂ 'ਚ ਦਹਾੜ ਰਿਹਾ
ਸੱਚ ਖੁਦ ਨੂੰ ਸੱਚ ਸਾਬਤ ਕਰਨ ਲਈ
ਕੁਫਰ ਦੀ ਅਦਾਲਤ ਦੇ ਕਟਹਿਰੇ 'ਚ ਖੜ੍ਹ ਰਿਹਾ
ਇਹੀ ਬੁੱਢੀ ਡੈਣ ਦੇ ਸਮੇਂ ਦਾ ਸੱਚ ਹੈ
ਕੁਫਰ ਹੱਥੋਂ ਮਾਤ ਖਾ ਗਏ ਸੱਚ ਦਾ ਸੱਚ ਹੈ
ਸੱਚ ਦੇ ਅਲੰਬਰਦਾਰ ਰਹਿਬਰਾਂ ਦਾ ਕੱਚ ਹੈ
ਛਿਹਤਰਵੇਂ ਵਰ੍ਹੇ ਨੂੰ ਢੁੱਕੀ
ਵਿਦੇਸ਼ੀ ਬੈਸਾਖੀਆਂ 'ਤੇ ਲੜਖੜਾਉਂਦੀ
'ਜਮਹੂਰੀਅਤ' ਦੀ ਇਹ ਬੁੱਢੀ ਡੈਣ
ਤਵਾਰੀਖ ਦਾ ਕੌੜਾ ਸੱਚ ਹੈ
ਕੁਫਰ ਨਾਲ ਗੁੱਥਮਗੁੱਥਾ ਹੋ ਰਹੇ
ਪਰ ਮਾਤ ਖਾ ਰਹੇ ਸੱਚ ਦਾ ਸੱਚ ਹੈ

**ਗੁਰਤੇਜ ਸਿੰਘ ਖੋਖਰ**

## ਮੇਰੇ ਹੱਥੀਂ ਛਾਲੇ

ਮੇਰੇ ਹੱਥੀਂ ਛਾਲੇ ਪਏ ਮਜਦੂਰੀ ਨਾਲ ।
ਫਿਰ ਵੀ ਨਹੀਉਂ ਭਰਿਆ ਛੰਨਾਂ ਚੂਰੀ ਨਾਲ।

ਖੁਸੀਆਂ ਨਾਲ ਨਹੀਂ ਛੱਡੀ ਆਪਣੀ ਜੰਮਣ–ਭੋਂ,
ਤੇਰੇ ਸਹਿਰ 'ਚ ਆਇਆ ਵਾਂ ਮਜਬੂਰੀ ਨਾਲ।

ਮੇਰੇ ਨਾਲੋਂ ਕੁਹਝਾ ਪੁੱਤਰ ਲੰਬੜਾਂ ਦਾ,
ਧਰਤੀ ਉੱਤੇ ਫਿਰਦਾ ਏ ਮਗਰੂਰੀ ਨਾਲ।

'ਭਗਤ ਸਿੰਘ' ਤੇ 'ਦੁੱਲਾ', 'ਜਬਰੂ' ਮੇਰਾ ਲਹੂ,
ਕਿੰਝ ਖਲੋਵਾਂ 'ਗਜਨੀ' ਤੇ 'ਤੈਮੂਰੀ' ਨਾਲ।

ਮੇਰਾ ਕਲਮ–ਕਬੀਲਾ ਉਹਨਾਂ ਵਿੱਚੋਂ ਨਈਂ,
ਅੱਖਰ ਜਿਹੜੇ ਲਿਖਦੇ ਨੇ ਮਨਜੂਰੀ ਨਾਲ।

ਸੀਸੇ ਵੱਲੇ ਕਰਕੇ ਕੰਡ ਖਲੋਣਾ ਨਈਂ,
ਜਿੰਨਾ ਮਰਜੀ ਵੇਖੋ ਮੈਨੂੰ ਘੂਰੀ ਨਾਲ।

'ਬਾਬਾ' ਉਹ ਵੀ ਸੋਚੇ ਮੇਰੇ ਬਾਲਾਂ ਲਈ,
ਜਿਸਦਾ ਖੀਸਾ ਭਰਨਾ ਵਾਂ ਕਸਤੂਰੀ ਨਾਲ।

**-ਬਾਬਾ ਨਜਮੀ**

## ਖੁੱਸੀ ਹੋਈ ਸੀਤਾ ਨਹੀਂ

ਖੁੱਸੀ ਹੋਈ ਸੀਤਾ ਨਹੀਂ, ਬੱਸ ਤੇਲ ਦੀ ਕੇਨੀ ਮੰਗਦੇ ਹੋਏ
ਰਾਵਣ ਸਾਡੇ ਹੀ ਬੁੜ੍ਹਿਆਂ ਨੇ ਬਣਨਾ ਸੀ
ਬੇਪਤੀ ਵਕਤ ਦੀ ਸਾਡੇ ਹੀ ਵਕਤਾਂ ਵਿਚ ਹੋਣੀ ਸੀ
ਹਿਟਲਰ ਦੀ ਧੀ ਨੇ ਜ਼ਿੰਦਗੀ ਦੀਆਂ ਪੈਲੀਆਂ ਦੀ ਮਾਂ ਬਣਕੇ
ਖੁਦ ਹਿਟਲਰ ਦਾ ਡਰਨਾ
ਸਾਡੇ ਹੀ ਮੱਥਿਆਂ 'ਚ ਗੱਡਣਾ ਸੀ
ਇਹ ਸ਼ਰਮਨਾਕ ਹਾਦਸਾ ਸਾਡੇ ਹੀ ਨਾਲ ਹੋਣਾ ਸੀ
ਕਿ ਦੁਨੀਆਂ ਦੇ ਸਭ ਤੋਂ ਪਵਿੱਤਰ ਹਰਫਾਂ ਨੇ
ਬਣ ਜਾਣਾ ਸੀ ਸਿੰਘਾਸਣ ਦੇ ਪੌਡੇ–
ਮਾਰਕਸ ਦਾ ਸ਼ੇਰ ਵਰਗਾ ਸਿਰ
ਦਿੱਲੀ ਦੀਆਂ ਭੂਲ–ਭੁਲਾਈਆਂ ਵਿਚ ਮਿਆਂਕਦਾ ਫਿਰਦਾ
ਅਸੀਂ ਹੀ ਤੱਕਣਾ ਸੀ
ਮੇਰੇ ਯਾਰੋ, ਇਹ ਕੁਫਰ ਸਾਡੇ ਹੀ ਸਮਿਆਂ 'ਚ ਹੋਣਾ ਸੀ

**ਰੈਕਟਰ ਕਥੂਰੀਆ**

**ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ, ਤਰਕਸ਼ੀਲ, ਵਿਗਿਆਨਕ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ**
**ਕੈਲਗਰੀ : ਮਾਸਟਰ ਭਜਨ 403-455-4220,**
**ਟੋਰਾਂਟੋ : ਹਰਬੰਸ ਸਿੰਘ 416-817-7142,**
**ਦੇਵਿੰਦਰ ਤੂਰ 416-902-9372**
**ਹਰਨੇਕ ਧਾਲੀਵਾਲ ਵਿਨੀਪੈੱਗ 204-488-6960**

# ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਵੱਲੋਂ ਜੀਂਦ ਵਿਖੇ ਮਹਾਂ ਕਿਸਾਨ ਪੰਚਾਇਤ ਵਿੱਚ ਪੰਜਾਬ ਦੇ 20 ਜ਼ਿਲ੍ਹਿਆਂ ਤੋਂ ਹਜ਼ਾਰਾਂ ਔਰਤਾਂ ਸਮੇਤ ਦਹਿ ਹਜ਼ਾਰਾਂ ਕਿਸਾਨ ਮਜਦੂਰ ਹੋਏ ਸ਼ਾਮਲ






ਚੰਡੀਗੜ੍ਹ, (ਬਲਜਿੰਦਰ ਸਿੰਘ ਵੜੈਚ) : ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਕੇਂਦਰੀ ਭਾਜਪਾ ਸਰਕਾਰ ਵਿਰੁੱਧ ਦੇਸ਼ ਵਿਆਪੀ ਅੰਦੋਲਨ ਦੇ ਅੰਗ ਵਜੋਂ ਉੱਤਰੀ ਭਾਰਤ ਦੇ 6 ਸੂਬਿਆਂ ਦੇ ਕਿਸਾਨਾਂ ਦੀ ਜੀਂਦ (ਹਰਿਆਣਾ) ਵਿਖੇ ਕੀਤੀ ਗਈ ਮਹਾਂ ਕਿਸਾਨ ਪੰਚਾਇਤ ਵਿੱਚ ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਦੇ ਝੰਡੇ ਥੱਲੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਦੀ ਅਗਵਾਈ ਹੇਠ ਪੰਜਾਬ ਦੇ 20 ਜ਼ਿਲ੍ਹਿਆਂ ਤੋਂ ਹਜਾਰਾਂ ਔਰਤਾਂ ਸਮੇਤ ਦਹਿ ਹਜਾਰਾਂ ਕਿਸਾਨ ਮਜਦੂਰ ਸਾਮਲ ਹੋਏ। ਜਥੇਬੰਦੀ ਦੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਇੱਥੇ ਜਾਰੀ ਕੀਤੇ ਗਏ ਪ੍ਰੈੱਸ ਨੋਟ ਰਾਹੀਂ ਇਹ ਜਾਣਕਾਰੀ ਦਿੰਦੇ ਹੋਏ ਦੱਸਿਆ ਹੈ ਕਿ ਮੋਦੀ ਸਰਕਾਰ ਦੀ ਵਾਅਦਾ ਖਿਲਾਫੀ ਵਿਰੁੱਧ ਅਤੇ ਕਿਸਾਨਾਂ ਖੇਤ-ਮਜ਼ਦੂਰਾਂ ਦੀਆਂ ਮੰਗਾਂ ਦੇ ਹੱਕ ਵਿੱਚ ਰੋਹ ਭਰਪੂਰ ਨਾਹਰੇ ਲਾਉਂਦੇ ਹੋਏ ਲੋਕ-ਕਾਫਲੇ ਦੋ ਘੰਟੇ ਲਗਾਤਾਰ ਮਹਾਂ ਪੰਚਾਇਤ ਦੇ ਪੰਡਾਲ ਵਿੱਚ ਪੁੱਜਦੇ ਰਹੇ। ਇਸ ਮੌਕੇ ਸੰਯੁਕਤ ਕਿਸਾਨ ਮੋਰਚੇ 'ਚ ਸਾਮਲ ਸਮੂਹ ਜਥੇਬੰਦੀਆਂ ਦੇ ਸੰਬੋਧਨ ਕਰਤਾ ਬੁਲਾਰਿਆਂ ਨੇ ਕੇਂਦਰ ਦੀ ਭਾਜਪਾ ਮੋਦੀ ਸਰਕਾਰ ਦੀਆਂ ਕਿਸਾਨਾਂ ਅੰਦਰ ਫੁੱਟ ਪਾਊ ਸਾਜ਼ਿਸ਼ਾਂ ਨੂੰ ਨਾਕਾਮ ਕਰਨ ਲਈ ਵੱਖ ਵੱਖ ਧਰਮਾਂ ਨਾਲ ਸਬੰਧਤ ਇਨ੍ਹਾਂ ਛੇ ਸੂਬਿਆਂ ਦੇ ਕਿਸਾਨਾਂ ਦੀ ਇੱਕਜੁੱਟ ਵਿਸਾਲ ਜੁਝਾਰੂ ਕਿਸਾਨ ਲਹਿਰ ਖੜ੍ਹੀ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਨੇ ਐੱਸ ਵਾਈ ਐੱਲ ਤੇ ਚੰਡੀਗੜ੍ਹ ਵਰਗੇ ਪੰਜਾਬ ਹਰਿਆਣੇ ਦੇ ਲੋਕਾਂ ਦੁਆਰਾ ਭਰਾਤਰੀ ਤੌਰ 'ਤੇ ਹੱਲ ਹੋ ਸਕਣ ਵਾਲੇ ਮੁੱਦਿਆਂ ਨੂੰ ਫਿਰਕੂ ਬਦਨੀਅਤ ਨਾਲ ਤੂਲ ਦਿੱਤੇ ਜਾਣ ਦਾ ਪਰਦਾਫਾਸ ਕਰਦੇ ਹੋਏ ਇਨ੍ਹਾਂ ਫੁੱਟਪਾਊ ਕਪਟੀ ਚਾਲਾਂ ਨੂੰ ਦੇਸ ਭਰ ਦੇ ਸਾਂਝੇ ਕਿਸਾਨ ਮਸਲਿਆਂ ਦੇ ਪੁਖਤਾ ਹੱਲ ਲਈ ਜਾਨਹੂਲਵੇਂ ਸੰਘਰਸ਼ ਲੜਨ 'ਤੇ ਜੋਰ ਦਿੱਤਾ। ਇਸ ਮਹਾਂ ਪੰਚਾਇਤ ਦੇ ਠਾਠਾਂ ਮਾਰਦੇ ਲੱਖਾਂ ਦੇ ਇਕੱਠ ਨੇ ਸਰਕਾਰ ਨੂੰ ਕਾਲੇ ਖੇਤੀ ਕਾਨੂੰਨ ਰੱਦ ਕਰਨ ਲਈ ਮਜਬੂਰ ਕਰਨ ਵਾਲੇ ਜੁਝਾਰੂ ਦਿੱਲੀ ਅੰਦੋਲਨ ਦੀਆਂ ਯਾਦਾਂ ਤਾਜਾ ਕਰਵਾਉਂਦਿਆਂ ਸੱਤਾਧਾਰੀ ਹਲਕਿਆਂ ਦੇ ਇਸ ਕੂੜ ਪ੍ਰਚਾਰ ਦਾ ਭਾਂਡਾ ਵੀ ਚੌਰਾਹੇ ਭੰਨ ਦਿੱਤਾ ਕਿ ਸੰਯੁਕਤ ਕਿਸਾਨ ਮੋਰਚਾ ਤਾਂ ਖਿੰਡ ਪੁੰਡ ਗਿਆ ਹੈ।

ਬੁਲਾਰਿਆਂ ਨੇ ਜੋਰਦਾਰ ਮੰਗ ਕੀਤੀ ਕਿ ਸਾਰੀਆਂ ਫਸਲਾਂ ਦੀ ਲਾਭਕਾਰੀ ਐੱਮ ਐੱਸ ਪੀ 'ਤੇ ਮੁਕੰਮਲ ਖਰੀਦ ਦੀ ਕਾਨੂੰਨੀ ਗਰੰਟੀ ਕੀਤੀ ਜਾਵੇ, ਲਖੀਮਪੁਰ ਖੀਰੀ ਕਤਲਕਾਂਡ ਦੇ ਮੁੱਖ ਦੋਸੀ ਅਸੀਸ ਮਿਸਰਾ ਦੀ ਜਮਾਨਤ ਰੱਦ ਕੀਤੀ ਜਾਵੇ ਅਤੇ ਉਸ ਦੇ ਬਾਪ ਨੂੰ ਮੰਤਰੀ ਪਦ ਤੋਂ ਬਰਖਾਸਤ ਕਰਕੇ ਗ੍ਰਿਫਤਾਰ ਕੀਤਾ ਜਾਵੇ ਅਤੇ ਮੁਕਾਬਲੇ ਦੇ ਝੂਠੇ ਕੇਸ ਵਿੱਚ ਜੇਲ੍ਹੀਂ ਡੱਕੇ 4 ਕਿਸਾਨ ਬਿਨਾਂ ਸਰਤ ਰਿਹਾਅ ਕੀਤੇ ਜਾਣ, ਬਿਜਲੀ ਬਿੱਲ 2021 ਰੱਦ ਕੀਤਾ ਜਾਵੇ, ਕਿਸਾਨਾਂ ਤੇ ਖੇਤ ਮਜਦੂਰਾਂ ਸਿਰ ਚੜ੍ਹੇ ਕਰਜ਼ਿਆਂ ਦਾ ਖਾਤਮਾ ਕੀਤਾ ਜਾਵੇ, 60 ਸਾਲ ਤੋਂ ਉੱਪਰ ਹਰ ਕਿਸਾਨ ਤੇ ਖੇਤ ਮਜਦੂਰ ਸਮੇਤ ਔਰਤਾਂ ਨੂੰ ਬੁਢਾਪਾ ਪੈਨਸਨ ਦਿੱਤੀ ਜਾਵੇ, ਫਸਲਾਂ ਦੀ ਤਬਾਹੀ ਦੇ ਪੂਰੇ ਮੁਆਵਜੇ ਦੀ ਗਰੰਟੀ ਵਾਲੇ ਫਸਲੀ ਬੀਮੇ ਦਾ ਕਾਨੂੰਨ ਬਣਾਇਆ ਜਾਵੇ, ਦਿੱਲੀ ਅੰਦੋਲਨ ਸਮੇਂ ਮੜ੍ਹੇ ਸਾਰੇ ਪੁਲਿਸ ਕੇਸਾਂ ਦੀ ਵਾਪਸੀ ਅਤੇ ਇਸ ਅੰਦੋਲਨ ਦੌਰਾਨ ਸਹੀਦ ਹੋਏ ਸਾਰੇ ਦੇ ਸਾਰੇ ਕਿਸਾਨਾਂ ਮਜਦੂਰਾਂ ਦੇ ਵਾਰਸਾਂ ਨੂੰ ਢੁੱਕਵਾਂ ਮੁਆਵਜਾ ਤੇ ਪ੍ਰਵਾਰ ਦੇ ਗੁਜਾਰੇ ਲਈ ਇਕ ਇਕ ਜੀਅ ਨੂੰ ਪੱਕੀ ਨੌਕਰੀ ਦਿੱਤੀ ਜਾਵੇ। ਆਕਾਸ ਗੁੰਜਾਊ ਨਾਹਰਿਆਂ ਨਾਲ ਸੰਘਰਸ ਹੋਰ ਵਿਸਾਲ ਅਤੇ ਤੇਜ ਕਰਨ ਦਾ ਅਹਿਦ ਕਰਦਿਆਂ ਮਹਾਂ ਪੰਚਾਇਤ ਦਾ ਅੰਤ ਕੀਤਾ ਗਿਆ।


SUPER VISA INSURANCE

ਸੁਪਰ ਵੀਜ਼ਾ ਇੰਸ਼ੋਰੈਂਸ

With all the BENEFITS & REQUIREMENTS

* LIFE INSURANCE * CRITICAL ILLNESS INSURANCE * TFSA
* RRSP * RESP * DISABILITY INSURANCE

For More Information Call:
HARCHARAN PARHAR
Cell: 403.681.8689 Email: parharinsurance@gmail.com www.parharinsurance.com




Gill
Truck & Trailer Repair
& Mobile Service
Lube and Truck Wash



Gill Brothers
Owner
Tel: 905-458-3455 | Fax : 905-458-3456 | Cell : 416-312-4707
gillinderjit7@gmail.com | www.gilltruckrepair.com
1295 Shawson Drive, Mississauge, ON L4W 1C4

Tri-City
Professional Realty Inc. Brokerage
"Aiming Straight with Honesty and Integrity"
Since 1987 on Full Time Basis
Dri: 416-254-7573, Off.: 905-793-5777
Email : pdosanjh2005@yahoo.com



Paul Dosanjh
Sales Representative

FIVE STAR INSURANCE
Save up to 51%
• Auto • Home • Business
Get the best rates with us!
FIVE STAR INSURANCE BROKERS LIMITED
We work with 15 major insurance companies& can get you the best prices guaranteed!
www.fivestarinsurance.ca
*With qualified discounts
Call: Harman Pandher
905.459.0555
270 Orenda Rd., Unit # 200 Brampton, ON L6T 4X6

# ਗਦਰੀ ਭਾਈ ਸੰਤੋਖ ਸਿੰਘ ਧਰਦਿਓ ਪੁਰਸਕਾਰ 2023 ਦੁਸਾਂਝ ਜੋੜੀ ਨੂੰ ਮਿਲੇਗਾ



(ਸਰੋਕਾਰਾਂ ਦੀ ਆਵਾਜ਼ ਬਿਊਰੋ)

ਆਸਟਰੇਲੀਆ ਦੀ ਸਿਰਮੌਰ ਸਾਹਿਤਕ ਸੰਸਥਾ ਇੰਡੋਜ ਪੰਜਾਬੀ ਸੋਸਲ ਅਕੈਡਮੀ ਆਫ ਆਸਟਰੇਲੀਆ (ਇਪਸਾ) ਵੱਲੋਂ ਸਾਹਿਤ ਕਲਾ ਕੇਂਦਰ ਜਲੰਧਰ ਦੇ ਸਹਿਯੋਗ ਨਾਲ ਹਰ ਸਾਲ ਦਿੱਤਾ ਜਾਣ ਵਾਲਾ ਗਦਰੀ ਭਾਈ ਸੰਤੋਖ ਸਿੰਘ ਧਰਦਿਓ ਪੁਰਸਕਾਰ ਇਸ ਵਰ੍ਹੇ ਪ੍ਰਤੀਬੱਧ ਪੱਤਰਕਾਰੀ, ਸੰਜੀਦਾ ਟੈਲੀ ਵਾਰਤਾਕਾਰੀ, ਲੋਕ ਸਾਹਿਤਕਾਰੀ ਅਤੇ ਸਮਾਜਿਕ ਸਰੋਕਾਰਾਂ ਨਾਲ ਜੁੜੇ ਲੀਕ ਤੋਂ ਵੱਖਰੇ ਮੈਗਜੀਨ (ਹੁਣ) ਦੀ ਸੰਪਾਦਕੀ ਲਈ ਅਦਬੀ ਹਲਕਿਆਂ ਵਿਚ ਜਾਣੀ, ਪਹਿਚਾਣੀ ਅਤੇ ਗੁਣਵੰਤੀ ਦੁਸਾਂਝ ਜੋੜੀ ਨੂੰ ਦਿੱਤਾ ਜਾਏਗਾ। ਸੁਸੀਲ ਦੁਸਾਂਝ ਅਤੇ ਕਮਲ ਦੁਸਾਂਝ ਨੇ ਗ੍ਰਹਿਸਤ ਜੀਵਨ ਦੀਆਂ ਜਹਿਮਤਾਂ, ਜੁੰਮੇਵਾਰੀਆਂ ਨਾਲ ਸਿੱਝਦਿਆਂ ਅਤੇ ਸੱਤਾ ਸਥਾਪਤੀ ਦੇ ਖ਼ਿਲਾਫ ਲੋਕ ਰੋਹ ਦੀ ਵੰਗਾਰ ਬਣਦਿਆਂ ਸਦਾ ਹੀ ਸਮੇਂ ਦੇ ਸੱਚ ਨੂੰ ਪੇਸ ਕੀਤਾ ਹੈ। ਉਹਨਾਂ ਨੇ ਸਮਾਜਿਕ ਪ੍ਰਤੀਸਥਿਤੀਆਂ ਦਾ ਵਿਗਿਆਨਿਕ ਨਜਰੀਏ ਨਾਲ ਅਧਿਐਨ ਕਰਦਿਆਂ ਕਲਮ ਅਤੇ ਕਾਲਮ ਨੂੰ ਲੋਕ ਹਿੱਤਾਂ ਦੇ ਘੇਰੇ ਤੋਂ ਕਦੀ ਵੀ ਬਾਹਰਾ ਨਹੀਂ ਹੋਣ ਦਿੱਤਾ। ਜਿੱਥੇ ਸੁਸੀਲ ਦੁਸਾਂਝ ਨੇ ਸਾਇਰੀ ਸੰਪਾਦਕੀ ਅਤੇ ਪੱਤਰਕਾਰੀ ਦੇ ਖੇਤਰ ਆਪਣੇ ਦਾਇਤਵ ਨੂੰ ਨਿਭਾਉਂਦਿਆਂ ਸਦਾ ਹੀ ਨਜਰ ਅੰਦਾਜ ਹੋ ਰਹੀਆਂ ਧਿਰਾਂ ਅਤੇ ਜਾਗਦੇ ਸਿਰਾਂ ਦੀ ਪ੍ਰਤਿਨਿਧਤਾ ਕੀਤੀ ਹੈ, ਉੱਥੇ ਕਮਲ ਦੁਸਾਂਝ ਨੇ ਵੀ ਇਸੇ ਹੀ ਪੈੜ ਵਿਚ ਪੈਰ ਧਰਦਿਆਂ ਲੋਕ ਹਿਤੈਸੀ ਪੱਤਰਕਾਰੀ ਦੀ ਅਸਲ ਭੂਮਿਕਾ ਅਤੇ ਦਾਇਰੇ ਨੂੰ ਹੋਰ ਵੀ ਵਸੀਹ ਕੀਤਾ ਹੈ। ਇਪਸਾ ਇਸ ਜੋੜੀ ਦੇ ਸਮੁੱਚੇ ਕਾਰਜਾਂ ਦੀ ਸਨਦ ਅਤੇ ਸਲਾਘਾ ਕਰਦਿਆਂ ਸੁਸੀਲ ਦੁਸਾਂਝ ਅਤੇ ਕਮਲ ਦੁਸਾਂਝ ਦੇ ਨਾਮ ਸਾਲ 2023 ਲਈ ਗਦਰੀ ਭਾਈ ਸੰਤੋਖ ਸਿੰਘ ਧਰਦਿਓ ਪੁਰਸਕਾਰਾਂ ਲਈ ਨਾਮਜਦ ਕਰਦੀ ਹੋਈ ਬਹੁਤ ਮਾਣ ਮਹਿਸੂਸ ਕਰਦੀ ਹੈ।

ਸਾਹਿਤ ਕਲਾ ਕੇਂਦਰ ਜਲੰਧਰ ਦੀ ਦੇਖ ਰੇਖ ਤਹਿਤ ਦਿੱਤਾ ਜਾਣ ਵਾਲਾ ਇਹ ਵੱਕਾਰੀ ਪੁਰਸਕਾਰ ਗਦਰੀ ਬਾਬਿਆਂ ਦੀ ਇਨਕਲਾਬੀ ਸੋਚ ਅਤੇ ਦੇਸ ਪ੍ਰਤੀ ਕੁਰਬਾਨੀ ਦੀ ਅਡੋਲ ਭਾਵਨਾ ਨੂੰ ਸਮਰਪਿਤ ਹੈ। ਇਸ ਪੁਰਸਕਾਰ ਲਈ ਰੱਖੀ ਗਈ ਚੋਣ ਕਸੌਟੀ ਹੀ ਨਹੀਂ, ਇਸ ਦਾ ਨਾਮ ਵੀ ਇਸ ਦੀ ਹੋਰਨਾਂ ਪੁਰਸਕਾਰਾਂ ਦੀ ਕਤਾਰ ਵਿੱਚੋਂ ਅਲੱਗ ਹੋਂਦ ਨੂੰ ਤਸਦੀਕ ਕਰਦਾ ਹੈ। ਇਸ ਐਵਾਰਡ ਵਿਚ ਦੋਵਾਂ ਹਸਤੀਆਂ ਨੂੰ ਦੋ ਦੁਸਾਲੇ, ਦੋ ਸੋਵੀਨਾਰ ਅਤੇ 21-21 ਹਜਾਰ ਰੁਪੈ ਦੀ ਰਾਸੀ ਨਾਲ ਨਿਵਾਜਿਆ ਜਾਵੇਗਾ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਇਹ ਪੁਰਸਕਾਰ ਸਮਰੱਥ ਗਜਲਗੋ ਪ੍ਰੋ. ਜਸਪਾਲ ਘਈ, ਦੂਰਦਰਸਨ ਦੀ ਸਾਬਕਾ ਡਾਇਰੈਕਟਰ ਕੁਲਵਿੰਦਰ ਬੁੱਟਰ, ਨਾਮਵਰ ਆਲੋਚਕ ਅਤੇ ਚਿੰਤਕ ਡਾ. ਭੀਮਇੰਦਰ ਸਿੰਘ, ਗੁਰਮਤਿ ਸੰਗੀਤ ਮਾਹਰ ਡਾ. ਨਿਵੇਦਿਤਾ ਸਿੰਘ ਜੀ ਨੂੰ ਦਿੱਤਾ ਜਾ ਚੁੱਕਾ ਹੈ। ਇਹ ਸਨਮਾਨ ਸਮਾਰੋਹ ਮਿਤੀ 29 ਜਨਵਰੀ, ਦਿਨ ਐਤਵਾਰ ਨੂੰ ਦੇਸ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਆਯੋਜਿਤ ਹੋਵੇਗਾ।

*ਸੀ.ਡਬਲਿਊ.ਸੀ.ਏ. ਨਵੇਂ ਸਾਲ ਦੀ ਮੀਟਿੰਗ*

# ਪਰਿਵਾਰਕ ਰਿਸ਼ਤਿਆਂ ਵਿੱਚ ਵੱਖ ਵੱਖ ਮਾਪ-ਦੰਡ-ਵਿਚਾਰ ਚਰਚਾ

**ਸਰੋਕਾਰਾਂ ਦੀ ਆਵਾਜ਼**



ਕੈਲਗਰੀ ਵੂਮੈਨ ਕਲਚਰਲ ਐਸੋਸੀਏਸ਼ਨ ਦੀ ਸਾਲ 2023 ਦੀ ਪਹਿਲੀ ਮੀਟਿੰਗ 21 ਜਨਵਰੀ 2023 ਨੂੰ ਜੈਨੇਸਸ ਸੈਂਟਰ ਕੈਲਗਰੀ ਵਿੱਚ, ਸਭਾ ਪ੍ਰਧਾਨ ਬਲਵਿੰਦਰ ਕੌਰ ਬਰਾੜ, ਸਭਾ ਉਪ ਪ੍ਰਧਾਨ ਗੁਰਦੀਸ਼ ਗਰੇਵਾਲ ਅਤੇ ਸਭਾ ਮੈਂਬਰ ਆਸ਼ਾਪਾਲ ਦੀ ਪ੍ਰਧਾਨਗੀ ਹੇਠ ਕੀਤੀ ਗਈ। ਮੀਟਿੰਗ ਦੀ ਸ਼ੁਰੂਆਤ ਸਭਾ ਪ੍ਰਧਾਨ ਡਾ. ਬਲਵਿੰਦਰ ਕੌਰ ਬਰਾੜ ਵੱਲੋਂ ਭੈਣਾਂ ਦੀ ਭਰਵੀਂ ਹਾਜ਼ਰੀ ਵਿੱਚ ਨਵੇਂ ਸਾਲ ਦੀਆਂ ਸ਼ੁੱਭ-ਕਾਮਨਾਵਾਂ ਨਾਲ ਹੋਈ। ਮੀਟਿੰਗ ਨੂੰ ਦੋ ਭਾਗਾਂ ਵਿੱਚ ਵੰਡਿਆ ਗਿਆ, ਪਹਿਲੇ ਭਾਗ ਵਿਚ ਸਭਾ ਕੁਆਰਡੀਨੇਟਰ ਗੁਰਚਰਨ ਕੌਰ ਥਿੰਦ ਵੱਲੋਂ ਬੀਤ ਚੁੱਕੇ ਸਾਲ ਦੀਆਂ ਸਰਗਰਮੀਆਂ ਤੇ ਝਾਤ ਪਾਉਂਦਿਆਂ ਸਾਰੇ ਸਭਾ ਮੈਂਬਰਾਂ ਦੇ ਯੋਗਦਾਨ ਦਾ ਧੰਨਵਾਦ ਕੀਤਾ ਗਿਆ ਅਤੇ ਵਿਚਾਰ-ਚਰਚਾ ਦਾ ਸੱਦਾ ਦਿੱਤਾ ਗਿਆ। "ਪਰਿਵਾਰ ਵਿੱਚ ਨੂੰਹ ਤੇ ਧੀ ਬਾਰੇ ਵੱਖ ਵੱਖ ਮਾਪ ਦੰਡ" ਨੂੰ ਵਿਚਾਰ ਚਰਚਾ ਦਾ ਵਿਸ਼ਾ ਬਣਾਇਆ ਗਿਆ ਅਤੇ ਸਾਰੀਆਂ ਭੈਣਾਂ ਨੂੰ ਆਪੋ ਆਪਣੇ ਅਨੁਭਵ ਅਤੇ ਤਜਰਬਿਆਂ ਨੂੰ ਸਾਂਝਾ ਕਰਨ ਦਾ ਸੱਦਾ ਦਿੱਤਾ ਗਿਆ। ਇਸ ਸਬੰਧੀ ਹਾਜ਼ਰ ਸਭਾ ਮੈਂਬਰਾਂ ਵੱਲੋਂ ਪਰਿਵਾਰਕ ਅਤੇ ਸਮਾਜਿਕ ਦੋਹਾਂ ਪਹਿਲੂਆਂ ਬਾਰੇ ਵਿਚਾਰ ਚਰਚਾ ਕੀਤੀ ਗਈ। ਇਸ ਵਿਚਾਰ-ਚਰਚਾ ਦੀ ਸ਼ੁਰੂਆਤ ਗੁਰਜੀਤ ਬੈਦਵਾਨ ਵਲੋਂ ਧਾਰਮਿਕ ਭਾਵਨਾਵਾਂ ਨੂੰ ਮੁੱਖ ਰੱਖਦਿਆਂ ਕੀਤੀ ਗਈ। ਮੁਖਤਿਆਰ ਕੌਰ ਵੱਲੋਂ ਵੀ ਰਾਣੀ ਜਿੰਦਾਂ ਦੀ ਉਦਾਹਰਣ ਦਿੰਦਿਆਂ ਦੱਸਿਆ ਕਿ ਪੁਰਾਣੇ ਸਮਿਆਂ ਵਿੱਚ ਲੜਕੀਆਂ ਦਾ ਪੈਦਾ ਹੋਣਾ ਚੰਗਾ ਨਹੀਂ ਸਮਝਿਆ ਜਾਂਦਾ ਸੀ। ਜਸਵਿੰਦਰ ਕੌਰ, ਜੋਗਿੰਦਰ ਪੁਰਬਾ, ਸ਼ਵਿੰਦਰ ਕੌਰ ਅਤੇ ਹਰਦੇਵ ਬਰਾੜ ਨੇ ਵੀ ਇਸ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ ਕਿ ਸੱਸ, ਜਿਹੜੀ ਕਦੇ ਆਪ ਵੀ ਨੂੰਹ ਦਾ ਕਿਰਦਾਰ ਨਿਭਾਅ ਚੁੱਕੀ ਹੁੰਦੀ ਹੈ ਉਹ ਆਪਣੀ ਨੂੰਹ ਨਾਲ ਉਹੀ ਵਿਵਹਾਰ ਕਰਦੀ ਹੈ ਜੋ ਪਿਛੇ ਉਸ ਦੀ ਸੱਸ ਨੇ ਉਸ ਨਾਲ ਕੀਤਾ ਹੁੰਦਾ ਹੈ। ਈਰਾਨ ਦੀ ਜੰਮ-ਪਲ ਰਮਿੰਦਰ ਮਾਨ ਵੱਲੋਂ ਇਰਾਨ ਵਿੱਚ ਔਰਤਾਂ ਦੇ ਹਾਲਾਤਾਂ ਬਾਰੇ ਵਿਚਾਰ ਪੇਸ਼ ਕੀਤੇ ਗਏ। ਰਾਜਵੰਤ ਮਾਨ ਨੇ ਦੱਸਿਆ ਕਿ ਪੁਰਾਣੇ ਸਮਿਆਂ ਵਿਚ ਧੀ ਪ੍ਰਤੀ ਮਾਪਿਆਂ ਦਾ ਰਵਈਆ ਵਧੇਰੇ ਸਖ਼ਤ ਹੋਇਆ ਕਰਦਾ ਸੀ, ਔਰਤਾਂ ਨੂੰ ਮਨਮਰਜ਼ੀ ਦਾ ਵਿਆਹ ਅਤੇ ਪੜ੍ਹਨ ਦੀ ਖੁੱਲ੍ਹ ਨਹੀਂ ਸੀ। ਗੁਰਿੰਦਰ ਸਿੱਧੂ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਸੁਭਾਅ ਵਿਚ ਨਿਮਰਤਾ ਤੇ ਧੀਰਜ ਦੀ ਘਾਟ ਅਜੋਕੇ ਰਿਸ਼ਤਿਆਂ ਵਿਚ ਖਟਾਸ ਦਾ ਕਾਰਨ ਬਣਦੀ ਹੈ ਜਦਕਿ ਪੁਰਾਣੇ ਸਮਿਆਂ ਵਿੱਚ ਸੁਭਾਵਿਕ ਹਲੀਮੀ ਵਧੇਰੇ ਹੋਣ ਕਾਰਨ ਰਿਸ਼ਤਿਆਂ ਵਿਚ ਸਾਂਝ ਬਣੀ ਰਹਿੰਦੀ ਸੀ। ਸਭਾ ਉਪ- ਪ੍ਰਧਾਨ ਗੁਰਦੀਸ਼ ਗਰੇਵਾਲ ਨੇ ਅਜੋਕੇ ਸਮਿਆਂ ਵਿਚ ਹੋਸਟਲ ਕਲਚਰ ਦੀ ਹੋਂਦ ਨੂੰ ਬਿਆਨਦਿਆਂ ਦੱਸਿਆ ਕਿ ਲੜਕੀਆਂ ਪਰਿਵਾਰ ਵਿਚ ਪਹਿਲਾਂ ਨਾਲੋਂ ਘੱਟ ਸਮਾਂ ਗੁਜ਼ਾਰਦੀਆਂ ਹਨ, ਉਹਨਾਂ ਨੂੰ ਉੱਚ ਸਿੱਖਿਆ ਲਈ ਘਰ ਤੋਂ ਦੂਰ ਰਹਿਣਾ ਪੈਂਦਾ ਹੈ ਜਿਸ ਕਾਰਨ ਪਰਿਵਾਰਕ ਕੰਮਾਂ ਕਾਰਾਂ ਦੀ ਸੂਝ ਪਹਿਲਾਂ ਨਾਲੋਂ ਘੱਟ ਹੈ। ਕਿਰਨ ਕਲਸੀ ਵੱਲੋਂ ਪੇਸ਼ ਵਿਚਾਰ ਅਨੁਸਾਰ ਇਕ ਔਰਤ ਨੂੰ ਮਾਂ ਤੇ ਸੱਸ ਹੋਣ ਦੀ ਜ਼ਿੰਮੇਵਾਰੀ ਨੂੰ ਬਹੁਤ ਹੀ ਸਮਝਦਾਰੀ ਨਾਲ ਨਿਭਾਉਣਾ ਚਾਹੀਦਾ ਹੈ। ਬਲਜਿੰਦਰ ਗਿੱਲ ਵੱਲੋਂ ਸੰਯੁਕਤ ਪਰਿਵਾਰਾਂ ਅਤੇ ਅਜੋਕੇ ਛੋਟੇ ਪਰਿਵਾਰਾਂ ਵਿੱਚਲੇ ਅੰਤਰ ਨੂੰ ਅਜੋਕੇ ਰਿਸ਼ਤਿਆਂ ਵਿੱਚ ਬਦਲਾਵ ਦਾ ਕਾਰਨ ਦੱਸਿਆ ਗਿਆ। ਡਾ ਬਲਵਿੰਦਰ ਕੌਰ ਬਰਾੜ ਵੱਲੋਂ ਵੀ ਪਰਿਵਾਰਾਂ ਵਿੱਚ ਔਰਤਾਂ ਤੇ ਰਿਸ਼ਤਿਆਂ ਪ੍ਰਤੀ ਦੋਹਰੀ ਮਾਨਸਿਕਤਾ ਹੋਣ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ ਗਏ। ਗੁਰਚਰਨ ਕੌਰ ਥਿੰਦ ਨੇ ਵਿਚਾਰ-ਚਰਚਾ ਨੂੰ ਸਮੇਟਦਿਆਂ ਦੱਸਿਆ ਕਿ ਅਡਜਸਟਮੈਂਟ, ਨਿਮਰਤਾ ਅਤੇ ਹਲੀਮੀ ਕਿੰਨੀ ਅਤੇ ਕਿਸ ਹੱਦ ਤੱਕ ਹੋਣੀ ਚਾਹੀਦੀ ਹੈ, ਇਹਨਾਂ ਮਾਪਦੰਡਾਂ ਨੂੰ ਨਿਯਮਤ ਕਰਨ ਦੀ ਜ਼ਰੂਰਤ ਹੈ। ਚਾਹ ਪਾਣੀ ਤੋਂ ਬਾਅਦ ਮੀਟਿੰਗ ਦਾ ਦੂਸਰਾ ਭਾਗ ਸ਼ੁਰੂ ਕੀਤਾ ਗਿਆ ਜਿਸ ਵਿੱਚ ਗੁਰਿੰਦਰ ਸਿੱਧੂ, ਸਰਬਜੀਤ ਉੱਪਲ, ਅਮਰਜੀਤ ਸੱਗੂ ਅਤੇ ਸਤਵਿੰਦਰ ਕੌਰ ਪਰਵਾਹਾ ਵੱਲੋਂ ਗੀਤ ਪੇਸ਼ ਕੀਤੇ ਗਏ। ਗੁਰਦੀਸ਼ ਕੌਰ ਗਰੇਵਾਲ ਨੇ ਆਪਣੀ ਰਚਨਾ ਰਾਹੀਂ ਮੁੰਡਿਆਂ ਅਤੇ ਕੁੜੀਆਂ ਦੇ ਬਰਾਬਰ ਹੋਣ ਬਾਰੇ "ਧੀਆਂ ਦੀ ਲੋਹੜੀ" ਦਾ ਗੀਤ ਸੁਣਾਇਆ। ਰਾਜਵੰਤ ਮਾਣ ਨੇ ਨਵੇਂ ਸਾਲ ਦੇ ਸੁਆਗਤ ਵਿੱਚ ਇੱਕ ਗੀਤ ਪੇਸ਼ ਕੀਤਾ। ਸੁਖਵਿੰਦਰ ਬਾਠ ਨੇ ਧੀਆਂ ਨੂੰ ਕੁੱਖਾਂ ਵਿੱਚ ਮਾਰ ਦੇਣ ਦੀ ਗੱਲ ਕਰਦਿਆਂ ਇੱਕ ਬਹੁਤ ਹੀ ਭਾਵੁਕ ਗੀਤ ਪੇਸ਼ ਕੀਤਾ। ਸੁਰਜੀਤ ਢਿੰਦੀ ਵੱਲੋਂ "ਧੀ ਹੁੰਦੀ ਸੌਗਾਤ ਕੀਮਤੀ" ਗੀਤ ਗਾਇਆ ਗਿਆ। ਮੁਖਤਿਆਰ ਕੌਰ ਧਾਰੀਵਾਲ ਨੇ ਮਹਿੰਗਾਈ ਤੇ ਗੀਤ ਸੁਣਾਇਆ। ਜਸਵਿੰਦਰ ਕੌਰ ਅਤੇ ਜੋਗਿੰਦਰ ਪੂਰਬਾ ਵੱਲੋਂ ਲੋਕ ਗੀਤ ਤੇ ਬੋਲੀਆਂ ਸੁਣਾਈਆਂ ਗਈਆਂ। ਸਭਾ ਦੇ ਅੰਤ ਵਿਚ ਨਵੇਂ ਆਏ ਮਹਿਮਾਨ ਮਹਿੰਦਰ ਕੌਰ ਗਿੱਲ, ਰਮਿੰਦਰ ਮਾਨ, ਹਰਬਿਮਲ ਕੌਰ, ਚੰਦਰ ਕਾਂਤਾ ਸ਼ਰਮਾ, ਸੁਰਜੀਤ ਕਮੋਹ ਅਤੇ ਸੋਨੀਆ ਵਿਰਕ ਨੂੰ ਜੀ ਆਇਆਂ ਆਖਦਿਆਂ ਉਨ੍ਹਾਂ ਦਾ ਸੁਆਗਤ ਕੀਤਾ ਗਿਆ। ਸੁਖਜੀਤ ਸੈਣੀ ਵੱਲੋਂ ਮੰਚ ਸੰਚਾਲਨ ਵਿੱਚ ਸਹਿਯੋਗ ਕੀਤਾ ਗਿਆ। ਮੀਟਿੰਗ ਦਾ ਅੰਤ ਗੁਰਚਰਨ ਕੌਰ ਥਿੰਦ ਵੱਲੋਂ ਹਾਜ਼ਰ ਸਭਾ ਮੈਂਬਰਾਂ ਦਾ ਵਿਚਾਰ-ਚਰਚਾ ਵਿੱਚ ਭਰਵਾਂ ਹਿੱਸਾ ਲੈਣ ਲਈ ਧੰਨਵਾਦ ਕਰਦਿਆਂ ਕੀਤਾ ਗਿਆ।










# Special visit by PDSB Trustee Satpaul Singh Johal and Superintendent Mary Zammit to the Eagle Plains Public School

PDSB Trustee Satpaul Singh Johal and Superintendent Mary Zammit had a special visit to the Eagle Plains Public School today. This school is in Brampton's ward 10, between Mountainash and Airport roads.

- Principal Jay Sugunan told that around 470 students are enrolled in this school. This number has significantly dropped (from over 700 students) compared to the pre-covid pandemic era.

- Principal said that the Real Estate boom (during the pandemic) motivated people to move out of Brampton (mainly to London and the Barrie area) which had an impact on school enrollments. Option for online learning is another factor for lower student numbers.

- Issues related to the misuse of the cellphone by students do disturb the school environment. If needed teachers do ask the students not to use phones during class. Superintendent added that individual schools are unable to ban phones as children have the freedom to (unsupervised) use their phones (chats) when they go out of school and return home.

- Unsupervised chatting and online surfing by children, at home (bedroom), do create problems in schooling and in society. Parents must not offer phones and internet (Wi-Fi) for their children if they can not monitor and control their usage.

- We discussed growing mental health issues among the school students. Apart from COVID, once again, the principal said that unsupervised phone or device usage (chatting) at a tender age, does disturb children's mental well-being.


- About irregular updating of School websites, the superintendent talked about limited resources and also added that parents regularly receive all updates, including newsletters, from the school staff by email. Communication via email works better than through individual websites. (Satpaul Singh Johal, PDSB Trustee, Brampton's ward 9 and 10)

















# ਅਡਾਨੀ ਸਮੂਹ ਖਿਲਾ.ਫ, ਮਨੀ ਲਾਂਡਰਿੰਗ, ਟੈਕਸਦਾਤਿਆਂ ਦੇ ਫੰਡਾਂ ਦੀ ਚੋਰੀ ਅਤੇ ਭ੍ਰਿਸ਼ਟਾਚਾਰ ਅੰਦਾਜ਼ਨ 17 ਬਿਲੀਅਨ ਅਮਰੀਕੀ ਡਾਲਰ ਦੀ ਧੋਖਾਧੜੀ ਦੇ ਦੋਸ਼

ਅੱਜ ਅਸੀਂ ਆਪਣੀ 2-ਸਾਲ ਦੀ ਜਾਂਚ ਦੇ ਨਤੀਜਿਆਂ ਦਾ ਖੁਲਾਸਾ ਕਰਦੇ ਹੋਏ, ਇਸ ਗੱਲ ਦਾ ਸਬੂਤ ਪੇਸ਼ ਕਰਦੇ ਹਾਂ ਕਿ ਅਡਾਨੀ ਗਰੁੱਪ ਨੇ ਬੜੀ ਬੇਸ਼ਰਮੀ ਨਾਲ ਸਟਾਕ ਹੇਰਾਫੇਰੀ ਅਤੇ ਲੇਖਾ ਜੋਖਾ ਧੋਖੇਬਾਜ਼ੀ ਨਾਲ 17.8 ਟ੍ਰਿਲੀਅਨ ਰੁਪਏ (218 ਬਿਲੀਅਨ ਅਮਰੀਕੀ ਡਾਲਰ) ਕਮਾਏ ਹਨ। ਇਹ ਗਰੁੱਪ ਦਹਾਕਿਆਂ ਤੋਂ ਇਹਨਾਂ ਹੇਰਾਫੇਰੀਆਂ ਵਿੱਚ ਗਲਤਾਨ ਹੈ।



ਗੌਤਮ ਅਡਾਨੀ ਜੋ ਕਿ ਅਡਾਨੀ ਗਰੁੱਪ ਦਾ ਸੰਸਥਾਪਕ ਅਤੇ ਚੇਅਰਮੈਨ ਹੈ, ਨੇ ਲਗਭਗ $120 ਬਿਲੀਅਨ ਦੀ ਕੁੱਲ ਜਾਇਦਾਦ ਇਕੱਠੀ ਕੀਤੀ ਹੈ, ਇਸ ਵਿੱਚੋਂ 100 ਬਿਲੀਅਨ ਡਾਲਰ ਤੋਂ ਜ਼ਿਆਦਾ ਵਾਧਾ ਪਿਛਲੇ 3 ਸਾਲਾਂ ਵਿੱਚ ਕੀਤਾ ਹੈ। ਇਹ ਵਾਧਾ, ਇਹਨਾਂ ਦੀਆਂ 7 ਪ੍ਰਮੁੱਖ ਕੰਪਨੀਆਂ ਵਿੱਚ ਸਟਾਕ ਦੀ ਕੀਮਤ ਵਿੱਚ ਵਾਧੇ ਦੁਆਰਾ ਹੋਇਆ ਹੈ। ਇਹਨਾਂ ਕੰਪਨੀਆਂ ਨੇ ਇਹਨਾਂ ਤਿੰਨ ਸਾਲਾਂ ਵਿੱਚ 819% ਦਾ ਵਾਧਾ ਕੀਤਾ ਹੈ।

ਸਾਡੀ ਖੋਜ ਵਿੱਚ, ਅਡਾਨੀ ਗਰੁੱਪ ਦੇ ਸਾਬਕਾ ਸੀਨੀਅਰ ਅਧਿਕਾਰੀਆਂ ਸਮੇਤ ਦਰਜਨਾਂ ਵਿਅਕਤੀਆਂ ਨਾਲ ਗੱਲ ਕਰਨਾ, ਹਜ਼ਾਰਾਂ ਦਸਤਾਵੇਜ਼ਾਂ ਦੀ ਸਮੀਖਿਆ ਕਰਨਾ, ਅਤੇ ਲਗਭਗ ਅੱਧੀ ਦਰਜਨ ਦੇਸ਼ਾਂ ਵਿੱਚ ਵੈਬਸਾਈਟਾਂ ਦਾ ਬੜੀ ਬਾਰੀਕੀ ਅਤੇ ਮਿਹਨਤ ਨਾਲ ਮੁਤਾਲਿਆ ਕਰਨਾ ਸ਼ਾਮਲ ਹੈ।

ਤੁਸੀਂ ਸਾਡੀ ਜਾਂਚ ਨੂੰ ਮੰਨੋ ਭਾਵੇਂ ਨਾ, ਪਰ ਅਡਾਨੀ ਸਮੂਹ ਦੇ ਵਿੱਤੀ ਸਥਿਤੀ ਨੂੰ ਦੇਖੋ। ਇਸ ਦੀਆਂ 7 ਪ੍ਰਮੁੱਖ ਸੂਚੀਬੱਧ ਕੰਪਨੀਆਂ ਦੇ ਅਸਾਸੇ, ਝੂਠੇ ਉੱਚ ਮੁਲਾਂਕਣ ਦੇ ਕਾਰਨ, ਅਸਲ ਵਿੱਚ 85% ਘੱਟ ਹਨ।

ਅਡਾਨੀ ਦੀਆਂ ਮੁੱਖ ਸੂਚੀਬੱਧ ਕੰਪਨੀਆਂ ਨੇ, ਆਪਣੇ ਇਹਨਾਂ ਵਧਾ ਚੜ੍ਹਾ ਕੇ ਵਿਖਾਏ ਗਏ ਸਟਾਕ ਦੇ ਸ਼ੇਅਰਾਂ ਨੂੰ ਗਿਰਵੀ ਰੱਖ ਕੇ ਕਾਫ਼ੀ ਕਰਜ਼ਾ ਲਿਆ ਹੈ, ਇਸ ਕਾਰਨ ਪੂਰੇ ਸਮੂਹ ਦੀ ਵਿੱਤੀ ਹਾਲਤ ਸੰਕਟਮਈ ਬਣੀ ਹੋਈ ਹੈ।

7 ਪ੍ਰਮੁੱਖ ਸੂਚੀਬੱਧ ਕੰਪਨੀਆਂ ਵਿੱਚੋਂ 5 ਦੀ 'ਮੌਜੂਦਾ ਅਨੁਪਾਤ' ਰਿਪੋਰਟ ਦਰਸਾਉਂਦੀ ਹੈ ਕਿ ਨੇੜਲੇ ਸਮੇਂ ਵਿੱਚ ਵਿਤੀ ਆਈ-ਚਲਾਈ (Liquidity) ਦਾ ਸੰਕਟ ਆ ਸਕਦਾ ਹੈ।

ਇਸ ਗਰੁੱਪ ਦੇ 22 ਪ੍ਰਮੁੱਖ ਅਧਿਕਾਰੀਆਂ ਵਿੱਚੋਂ, 8 ਅਡਾਨੀ ਪਰਿਵਾਰ ਦੇ ਮੈਂਬਰ ਹਨ। ਇਸ ਤਰ੍ਹਾਂ ਇਹ ਗਰੁੱਪ, ਆਪਣੇ ਵਿੱਤੀ ਅਤੇ ਮੁੱਖ ਫੈਸਲਿਆਂ ਦਾ ਕੰਟਰੋਲ, ਆਪਣੇ ਕੁੱਝ ਲੋਕਾਂ ਦੇ ਹੱਥਾਂ ਵਿੱਚ ਰੱਖਦਾ ਹੈ। ਇੱਕ ਸਾਬਕਾ ਕਾਰਜਕਾਰੀ ਨੇ ਅਡਾਨੀ ਸਮੂਹ ਨੂੰ "ਇੱਕ ਪਰਿਵਾਰਕ ਕਾਰੋਬਾਰ" ਦੱਸਿਆ ਹੈ।

ਅਡਾਨੀ ਸਮੂਹ ਖਿਲਾਫ਼, ਮਨੀ ਲਾਂਡਰਿੰਗ, ਟੈਕਸਦਾਤਿਆਂ ਦੇ ਫੰਡਾਂ ਦੀ ਚੋਰੀ ਅਤੇ ਭ੍ਰਿਸ਼ਟਾਚਾਰ, ਕੁੱਲ ਮਿਲਾ ਕੇ ਅੰਦਾਜ਼ਨ 17 ਬਿਲੀਅਨ ਅਮਰੀਕੀ ਡਾਲਰ ਦੀ ਧੋਖਾਧੜੀ ਦੀਆਂ ਚਾਰ ਜਾਂਚ ਪੜਤਾਲਾਂ ਹੋਈਆਂ ਹਨ। ਅਡਾਨੀ ਪਰਿਵਾਰ ਦੇ ਮੈਂਬਰਾਂ ਨੇ ਕਥਿਤ ਤੌਰ 'ਤੇ ਇੱਕ ਦੂਜੇ ਨਾਲ ਮਿਲ ਕੇ, ਮਾਰੀਸ਼ਸ, ਯੂਏਈ ਅਤੇ ਕੈਰੇਬੀਅਨ ਆਈਲੈਂਡਜ਼ ਵਰਗੇ ਟੈਕਸ-ਹੈਵਨ ਖੇਤਰਾਂ ਵਿੱਚ ਆਫਸ਼ੋਰ ਸ਼ੈੱਲ ਇਕਾਈਆਂ (ਸਮੁੰਦਰੀ ਟਾਪੂਆਂ ਵਾਲੇ ਦੇਸ਼ਾਂ ਵਿੱਚ ਫ਼ਰਜ਼ੀ ਕੰਪਨੀਆਂ) ਬਣਾਈਆਂ। ਇਹਨਾਂ ਕੰਪਨੀਆਂ ਰਾਹੀਂ, ਜਾਅਲੀ ਟਰਨਓਵਰ ਪੈਦਾ ਕਰਨ ਅਤੇ ਸੂਚੀਬੱਧ ਕੰਪਨੀਆਂ ਤੋਂ ਪੈਸੇ ਕੱਢਣ ਲਈ ਜਾਅਲੀ ਆਯਾਤ/ਨਿਰਯਾਤ ਦਸਤਾਵੇਜ਼ ਤਿਆਰ ਕੀਤੇ।

ਗੌਤਮ ਅਡਾਨੀ ਦੇ ਛੋਟੇ ਭਰਾ ਰਾਜੇਸ਼ ਅਡਾਨੀ 'ਤੇ ਡਾਇਰੈਕਟੋਰੇਟ ਆਫ਼ ਰੈਵੇਨਿਊ ਇੰਟੈਲੀਜੈਂਸ (ਡੀਆਰਆਈ) ਨੇ 2004-2005 ਦੇ ਆਸਪਾਸ ਹੀਰਾ ਵਪਾਰ ਆਯਾਤ/ ਨਿਰਯਾਤ ਯੋਜਨਾ ਵਿੱਚ ਕੇਂਦਰੀ ਭੂਮਿਕਾ ਨਿਭਾਉਣ ਦਾ ਦੋਸ਼ ਲਗਾਇਆ ਸੀ। ਇਸ ਯੋਜਨਾ ਵਿੱਚ ਨਕਲੀ ਟਰਨਓਵਰ ਪੈਦਾ ਕਰਨ ਲਈ ਫਰਜ਼ੀ ਕੰਪਨੀਆਂ ਦੀ ਵਰਤੋਂ ਕੀਤੀ ਗਈ। ਰਾਜੇਸ਼ ਨੂੰ ਜਾਲਸਾਜ਼ੀ ਅਤੇ ਟੈਕਸ ਧੋਖਾਧੜੀ ਦੇ ਵੱਖ-ਵੱਖ ਦੋਸ਼ਾਂ ਵਿੱਚ ਘੱਟੋ-ਘੱਟ ਦੋ ਵਾਰ ਗ੍ਰਿਫਤਾਰ ਕੀਤਾ ਗਿਆ ਸੀ। ਬਾਅਦ ਵਿੱਚ ਉਸਨੂੰ ਤਰੱਕੀ ਦੇ ਕੇ ਅਡਾਨੀ ਸਮੂਹ ਦਾ ਮੈਨੇਜਿੰਗ ਡਾਇਰੈਕਟਰ ਬਣਾ ਦਿੱਤਾ ਗਿਆ।

ਗੌਤਮ ਅਡਾਨੀ ਦੇ ਜੀਜਾ, ਸਮੀਰ ਵੋਰਾ 'ਤੇ ਡੀਆਰਆਈ ਨੇ ਉਸੇ ਹੀਰਾ ਵਪਾਰ ਘੁਟਾਲੇ ਦਾ ਮੁੱਖ ਆਗੂ ਹੋਣ ਅਤੇ ਰੈਗੂਲੇਟਰਾਂ ਸਾਹਮਣੇ, ਵਾਰ-ਵਾਰ ਝੂਠੇ ਬਿਆਨ ਦੇਣ ਦਾ ਦੋਸ਼ ਲਗਾਇਆ ਸੀ। ਉਸ ਨੂੰ ਬਾਅਦ ਵਿੱਚ ਅਡਾਨੀ ਆਸਟ੍ਰੇਲੀਆ ਡਿਵੀਜ਼ਨ ਦੇ ਡਾਇਰੈਕਟਰ ਵਜੋਂ ਤਰੱਕੀ ਦਿੱਤੀ ਗਈ।

ਗੌਤਮ ਅਡਾਨੀ ਦੇ ਵੱਡਾ ਭਰਾ, ਵਿਨੋਦ ਅਡਾਨੀ, ਧੋਖਾਧੜੀ ਲਈ ਬਣਾਈਆਂ ਆਫਸ਼ੋਰ ਫ਼ਰਜ਼ੀ ਕੰਪਨੀਆਂ ਸਬੰਧੀ ਹੋਈ ਸਰਕਾਰੀ ਜਾਂਚ ਦਾ ਕੇਂਦਰ ਬਿੰਦੂ ਰਿਹਾ ਹੈ।

ਸਾਡੀ ਖੋਜ, ਜਿਸ ਵਿੱਚ ਪੂਰੀ ਮਾਰੀਸ਼ਸ ਕਾਰਪੋਰੇਟ ਰਜਿਸਟਰੀ ਨੂੰ ਡਾਉਨਲੋਡ ਕਰਨਾ ਅਤੇ ਸੂਚੀਬੱਧ ਕਰਨਾ ਸ਼ਾਮਲ ਹੈ, ਨੇ ਇਹ ਖੁਲਾਸਾ ਕੀਤਾ ਹੈ ਕਿ ਵਿਨੋਦ ਅਡਾਨੀ ਅਤੇ ਉਸਦੇ ਸਹਿਯੋਗੀਆਂ ਨੇ, ਆਫਸ਼ੋਰ ਸ਼ੈੱਲ ਇਕਾਈਆਂ ਦਾ ਇੱਕ ਵਿਸ਼ਾਲ ਨੈਟਵਰਕ ਬਣਾਇਆ ਹੋਇਆ ਹੈ।

ਅਸੀਂ ਵਿਨੋਦ ਅਡਾਨੀ ਅਤੇ ਉਸਦੇ ਸਹਿਯੋਗੀਆਂ ਦੀਆਂ ,ਮਾਰੀਸ਼ਸ ਵਿੱਚ 38 ਜਾਅਲੀ ਕੰਪਨੀਆਂ ਦਾ ਪਤਾ ਲਾਇਆ ਹੈ। ਅਸੀਂ ਸਾਈਪ੍ਰਸ, ਯੂਏਈ, ਸਿੰਗਾਪੁਰ ਅਤੇ ਕਈ ਕੈਰੇਬੀਅਨ ਟਾਪੂਆਂ ਵਿੱਚ ਵਿਨੋਦ ਅਡਾਨੀ ਦੁਆਰਾ ਗੁਪਤ ਰੂਪ ਵਿੱਚ ਚਲਾਈਆਂ ਜਾਂਦੀਆਂ ਕੰਪਨੀਆਂ ਦੀ ਪਛਾਣ ਕੀਤੀ ਹੈ।

ਵਿਨੋਦ ਅਡਾਨੀ ਨਾਲ ਜੁੜੀਆਂ ਬਹੁਤ ਸਾਰੀਆਂ ਸੰਸਥਾਵਾਂ ਦੇ ਕੰਮਕਾਜ ਬਾਰੇ ਕੁੱਝ ਵੀ ਸਪੱਸ਼ਟ ਨਹੀਂ ਹੈ, ਜਿਵੇਂ ਕੰਪਨੀ ਅਧੀਨ ਕੰਮ ਕਰਦੇ ਕਰਮਚਾਰੀ, ਪੱਕਾ ਪਤਾ ਅਤੇ ਫ਼ੋਨ ਨੰਬਰ ਵਗੈਰਾ ਨਹੀਂ ਹਨ ਅਤੇ ਨਾ ਹੀ ਕੋਈ ਵੈਬਸਾਈਟ ਹੈ। ਇਸ ਦੇ ਬਾਵਜੂਦ, ਇਹਨਾਂ ਕੰਪਨੀਆਂ ਰਾਹੀਂ, ਅਰਬਾਂ ਡਾਲਰ ਅਡਾਨੀ ਦੀਆਂ ਸੂਚੀਬੱਧ ਕੰਪਨੀਆਂ ਵਿੱਚ ਭੇਜੇ ਹਨ। ਇਹ ਅਦਾਇਗੀਆਂ, ਕਿਹੜੇ ਅਤੇ ਕਿਸ ਤਰ੍ਹਾਂ ਦੇ ਵਪਾਰਕ ਸੌਦਿਆਂ ਅਧੀਨ ਕੀਤੀਆਂ ਗਈਆਂ, ਇਸ ਬਾਰੇ ਕੋਈ ਖੁਲਾਸਾ ਨਹੀਂ ਕੀਤਾ ਗਿਆ।

ਅਸੀਂ ਉਹਨਾਂ ਕੰਮਾਂ ਦਾ ਵੀ ਪਰਦਾਫਾਸ਼ ਕੀਤਾ ਹੈ ਜੋ ਕੁਝ ਫ਼ਰਜ਼ੀ ਕੰਪਨੀਆਂ ਤੇ ਨਕਾਬ ਪਾਉਣ ਲਈ ਕੀਤੇ ਗਏ ਹਨ। ਉਦਾਹਰਨ ਲਈ, ਵਿਨੋਦ ਅਡਾਨੀ ਨਾਲ ਸਬੰਧਤ ਸੰਸਥਾਵਾਂ ਦੀਆਂ 13 ਵੈੱਬਸਾਈਟਾਂ ਬਣਾਈਆਂ ਗਈਆਂ। ਇਹਨਾਂ ਵਿਚੋਂ ਬਹੁਤਿਆਂ ਇੱਕੋ ਦਿਨ ਬਣਾਈਆਂ ਗਈਆਂ। ਇਹਨਾਂ ਤੇ ਕੁੱਝ ਫੋਟੋਆਂ ਪਾਈਆਂ ਗਈਆਂ ਹਨ। ਕਿਸੇ ਕਰਮਚਾਰੀ ਦਾ ਨਾਮ ਨਹੀਂ ਹੈ। ਕੰਮ ਦੇ ਨਾਮ ਤੇ ਬੇਤੁਕੀਆਂ ਗੱਲਾਂ ਲਿਖੀਆਂ ਹਨ, ਜਿਵੇਂ ਕਿ "ਵਿਦੇਸ਼ ਵਿੱਚ ਖਪਤ" ਅਤੇ "ਵਪਾਰਕ ਮੌਜੂਦਗੀ" ਵਗੈਰਾ।


ਵਿਨੋਦ-ਅਡਾਨੀ ਦੀਆਂ ਫ਼ਰਜ਼ੀ ਕੰਪਨੀਆਂ, ਕਈ ਤਰਾਂ ਦੇ ਕੰਮ ਕਰਦੀਆਂ ਹਨ, ਜਿਵੇਂ ਕਿ (1) ਸਟਾਕ ਵਿੱਚ ਹੇਰਾਫੇਰੀ (2) ਵਿੱਤੀ ਤੌਰ ਤੇ ਮਜ਼ਬੂਤੀ ਅਤੇ ਲੈਣ ਦੇਣ (liquidity)ਦੀ ਚੰਗੀ ਦਿੱਖ ਨੂੰ ਬਰਕਰਾਰ ਰੱਖਣ ਲਈ ਅਡਾਨੀ ਦੀਆਂ ਸੂਚੀਬੱਧ ਕੰਪਨੀਆਂ ਦੀਆਂ ਬੈਲੇਂਸ ਸ਼ੀਟਾਂ ਵਿੱਚ ਪੈਸੇ ਦੀ ਲਾਂਡਰਿੰਗ ਕਰਨਾ।

**ਸਾਥੀ ਅੰਗਰੇਜ਼ ਦੀ ਪੇਸਕਸ਼**










# Burnaby, BC action of the January 13-22 Week of Actions to stop wars

## (Prepared by local members of the Canada-Wide Peace and Justice Network)







Members and friends of the Canada-Wide Peace and Justice Network gathered on Saturday January 21 in Burnaby, Greater Vancouver, BC, for a protest demanding "Stop US/ Canada/ NATO Wars!" and "No New Fighter Jets!". The action was co-organized by the Communist Party of Canada (Marxist-Leninist), the Global Peace Alliance, the Just Peace Committee, Mobilization Against War and Occupation (MAWO), and the Fire This Time Movement for Social Justice. It was strengthened by the participation of other organizations, such as the East Indian Defence Committee, an affiliate of the International League of People's Struggles (ILPS-Canada). This protest was one of over 90 actions across the US, Canada and worldwide as part of the United National Antiwar Coalition (UNAC) week of action, supported by the Canada-Wide Peace and Justice Network.

Thirty-five protesters delivered a common message for peace, social justice, and human rights and to end all wars and occupations, including economic warfare and sanctions. Despite a cold downpour and harassment from nearby mall security guards, protesters energetically held picket signs high and chanting "No New Fighter Jets!", "Money for health care, not for fighter jets!", "Money for jobs and education, not for wars and occupations!", "Hands off Yemen!", "Hands off Haiti!" and "Canada Stop Arming Saudi Arabia!"

Protesters stood with placards and banners on all four corners of the big, busy intersection, and marched around the crosswalks, attracting honks of support from cars driving by. Some passers-by from the nearby shopping mall and commuter train station smiled and nodded in approval, took antiwar literature, asked questions and joined in the protest.

There was a program of speakers representing the sponsoring and participating groups, as well as a local union activist. They urged people to join in building the peace movement and denouncing the US-led imperialist military expansion and aggression and Canada's part in it. Speakers condemned Canada's foreign and military policy which follows the war path of US and NATO towards the destruction of people and planet. Attention was also called to Canada's role in supplying weapons and military supplies to fuel wars and militarism, including to Saudi Arabia, Ukraine and Haiti. Speeches also sharply criticized the spending of taxpayers' funds on expensive, dangerous and destructive weaponry, including warships, armed drones and the recently announced purchase of US-made F-35 fighter jets, which would cost taxpayers $77 billion over the jets' lifespan.

Protesters took a group photo to wrap up the rally, which you can see below, and more photos are posted at https://photos.app.goo.gl/vJgvdxr9fhHVm2b57












# ਕੀ ਹਨ ਜੁਮਲੇ-ਭਾਰਤ ਜੋੜੋ ਅਤੇ ਭਾਰਤ ਤੋੜੋ



ਡਾ. ਅਜੀਤਪਾਲ ਸਿੰਘ
ਬਠਿੰਡਾ
98156-29301

ਇਹਨਾਂ ਦਿਨਾਂ ਚ ਭਾਰਤ ਦੀ ਪੂੰਜੀਵਾਦੀ ਰਾਜਨੀਤੀ ਵਿੱਚ ਭਾਰਤ ਨੂੰ ਜੋੜਨ ਤੇ ਤੋੜਨ ਦੀ ਕਾਫੀ ਚਰਚਾ ਹੈ। ਆਰਐਸਐਸ ਦੇ ਉਸ ਦੇ ਪਰਿਵਾਰ ਦੇ ਹੋਰ ਮੈਂਬਰਾਂ ਖਾਸ ਕਰਕੇ ਭਾਜਪਾ ਨੇ ਆਪਣੇ ਵਿਰੋਧੀਆਂ ਨੂੰ 'ਟੁਕੜੇ ਟੁਕੜੇ ਗੈਂਗ' ਦਾ ਮੈਂਬਰ ਐਲਾਨ ਰੱਖਿਆ ਹੈ। ਇਹ ਗੱਲ ਵੱਖਰੀ ਹੈ ਕਿ ਜਦ ਸੰਸਦ ਵਿੱਚ ਇੱਕ ਸੰਸਦ ਮੈਂਬਰ ਨੇ ਇਸ ਬਾਰੇ ਪੁਛਿਆ ਤਾਂ ਸਰਕਾਰ ਵਲੋਂ ਇਹ ਦੱਸਿਆ ਗਿਆ ਕਿ ਉਸ ਨੂੰ 'ਟੁਕੜੇ ਟੁਕੜੇ ਗੈਂਗ' ਦੀ ਕੋਈ ਜਾਣਕਾਰੀ ਨਹੀਂ ਹੈ। ਸੰਘ ਪਰਿਵਾਰ ਹਮੇਸਾਂ ਹੀ ਦੇਸ਼ ਦੀ ਏਕਤਾ ਤੇ ਅਖੰਡਤਾ ਦਾ ਖੁਦ ਨੂੰ ਇਕਲੌਤਾ ਦਾਅਵੇਦਾਰ ਦਸਦਾ ਰਿਹਾ ਹੈ। ਉਹ ਰਾਸ਼ਟਰਵਾਦੀ ਹੈ ਤੇ ਬਾਕੀ ਸਾਰੇ ਦੇਸ਼-ਧਰੋਹੀ। ਦੂਜੇ ਪਾਸੇ ਕਾਂਗਰਸ ਪਾਰਟੀ 'ਭਾਰਤ ਜੋੜੋ' ਯਾਤਰਾ ਕੱਢ ਰਹੀ ਹੈ। ਇਸ ਅਨੁਸਾਰ ਸੰਘ ਪਰਿਵਾਰ ਦੇਸ਼ ਨੂੰ ਤੋੜ ਰਿਹਾ ਹੈ ਅਤੇ ਇਸ ਵਿਰੋਧ ਵਿੱਚ ਭਾਰਤ ਜੋੜੋ ਦਾ ਸੁਨੇਹਾ ਘਰ ਘਰ ਪਹੁੰਚਾਉਣ ਦੀ ਲੋੜ ਹੈ। ਦੇਸ ਦੀਆਂ ਇਹਨਾਂ ਮੁੱਖ ਪੂੰਜੀਵਾਦੀ ਪਾਰਟੀਆਂ ਦੀਆਂ ਗੱਲਾਂ ਤੋਂ ਇਸ ਗੱਲ ਦੀ ਗੁੰਜਾਇਸ਼ ਨਹੀਂ ਰਹਿ ਜਾਂਦੀ ਹੈ ਕਿ ਇਸ ਵਕਤ ਦੇਸ਼ ਟੁੱਟਣ ਦਾ ਖਤਰਾ ਪੈਦਾ ਹੋ ਗਿਆ ਹੈ। ਝਮੇਲਾ ਸਿਰਫ ਇਸ ਗੱਲ ਦਾ ਹੈ ਕਿ ਇਸ ਲਈ ਜ਼ਿੰਮੇਵਾਰ ਕੌਣ ਹੈ ਅਤੇ ਇਸ ਖਤਰੇ ਤੋਂ ਬਚਿਆ ਕਿਵੇਂ ਜਾ ਸਕਦਾ ਹੈ? ਇਸ ਸਬੰਧੀ ਇਹ ਧਿਆਨ ਰੱਖ ਕੇ ਚਲਣਾ ਪਵੇਗਾ ਕਿ ਇਹ ਦੋਨੋਂ ਪਾਰਟੀਆਂ ਦੇਸ਼ ਦੀ ਸੱਤਾ ਬਦਲੀ ਪਿਛੋਂ ਬਹੁਤਾ ਸਮਾਂ ਦੇਸ਼ ਤੇ ਹਕੂਮਤ ਕਰਦੀਆਂ ਰਹੀਆਂ ਹਨ। ਸੰਘ ਪਰਿਵਾਰ ਦਾ ਹਮੇਸਾਂ ਇਹ ਮੰਨਣਾ ਰਿਹਾ ਹੈ ਕਿ ਦੇਸ਼ ਦੀ ਏਕਤਾ ਤੇ ਅਖੰਡਤਾ ਤਾਂ ਹੀ ਯਕੀਨੀ ਬਣਾਈ ਜਾ ਸਕਦੀ ਹੈ ਜੇ ਉਸ ਵਿੱਚ ਇਕਸੁਰਤਾ ਹੋਵੇ। ਵੰਨਸਵੰਨਤਾ ਨੂੰ ਤਾਂ ਇਹ ਹਮੇਸਾਂ ਵੰਡਪਾਊ ਮੰਨਦਾ ਰਿਹਾ ਹੈ। ਉਸ ਦੀ ਨਜਰ ਚ ਭਾਰਤ ਕਦੀ ਇੱਕ ਸਭਿਆਚਾਰ ਵਾਲਾ ਹਿੰਦੂ ਰਾਸ਼ਟਰ ਸੀ। ਬਾਅਦ ਵਿੱਚ ਮੁਸਲਮਾਨ ਹੁਕਮਰਾਨਾਂ ਦੇ ਭਾਰਤ ਵਿੱਚ ਆਉਣ ਪਿਛੋਂ ਨਾ ਸਿਰਫ ਭਾਰਤ ਗੁਲਾਮ ਹੋ ਗਿਆ ਬਲਕਿ ਉਸ ਦੀ ਸਭਿਅਤਾ ਤੇ ਸਭਿਆਚਾਰ ਵਿੱਚ ਵੰਡਪਊ ਤੱਤ ਸ਼ਾਮਲ ਹੋ ਗਏ। ਉਪਰੋਂ ਮੁਸਲਮਾਨ ਹਾਕਮਾਂ ਦੇ ਦਬਾਅ ਤੇ ਲਾਲਚ ਵਿੱਚ ਇਥੋਂ ਦੇ ਬਹੁਤ ਸਾਰੇ ਲੋਕਾਂ ਨੇ ਇਸਲਾਮ ਅਪਣਾ ਲਿਆ। ਸਮੇਂ ਨਾਲ ਇਹਨਾਂ ਵੰਡਪਾਊ ਤੱਤਾਂ ਦੀ ਗਿਣਤੀ ਵਧਦੀ ਗਈ ਜਿਸ ਦਾ ਅੰਤਿਮ ਸਿੱਟਾ ਨਿਕਲਿਆ ਦੇਸ਼ ਦੀ ਵੰਡ। ਹੁਣ ਜੇ ਦੇਸ਼ ਨੂੰ ਇੱਕ ਵਾਰ ਫਿਰ ਵੰਡ ਤੋਂ ਬਚਾਉਣਾ ਹੈ ਤਾਂ ਇਹਨਾਂ ਵੰਡਪਾਊ ਤੱਤਾਂ ਤੋਂ ਮੁਕਤੀ ਪਾਉਣੀ ਹੋਵੇਗੀ। ਇਹ ਤਾਂ ਹੋ ਸਕਦਾ ਹੈ ਜੇ ਦੇਸ਼ ਦੇ ਮੁਸਲਮਾਨ ਫਿਰ ਤੋਂ ਹਿੰਦੂ ਬਣ ਜਾਣ। ਜੇ ਅਜੇਹਾ ਨਹੀਂ ਹੋ ਸਕਦਾ ਤਾਂ ਉਹਨਾਂ ਨੂੰ ਇਸ ਹੱਦ ਤੱਕ ਦਬਾਅ ਦਿੱਤਾ ਜਾਣਾ ਚਾਹੀਦਾ ਹੈ ਕਿ ਸਮਾਜ ਵਿੱਚ ਉਹਨਾਂ ਦੀ ਕੋਈ ਆਵਾਜ ਨਾ ਰਹਿ ਜਾਵੇ। ਸੰਘ ਪ੍ਰੀਰ ਦੀ ਨਜਰ ਵਿੱਚ ਆਜਾਦੀ ਪਿਛੋਂ ਠੀਕ ਇਸ ਦੇ ਉਲਟ ਹੋਇਆ ਹੈ। ਵੱਖ ਵੱਖ ਪਾਰਟੀਆਂ ਵੋਟ ਹਾਸਲ ਕਰਨ ਲਈ ਮੁਸਲਮਾਨਾਂ ਦੀ ਵਰਤੋਂ ਕਰਦੀਆਂ ਰਹੀਆਂ ਹਨ ਤੇ ਇਸ ਤਰ੍ਹਾਂ ਉਹਨਾਂ ਨੂੰ ਹੋਰ ਵੀ ਵੱਧ ਤਵੱਜੋ ਮਿਲਦੀ ਰਹੀ ਹੈ, ਜਿੰਨੀ ਉਹਨਾਂ ਦੀ ਆਬਾਦੀ ਵਿੱਚ ਹਿਸੇਦਾਰੀ ਹੈ। ਇਸ ਨੇ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਖਤਰੇ ਵਿੱਚ ਪਾਇਆ ਹੈ। ਹੁਣ 2014 ਤੋਂ ਕੇਂਦਰ ਚ ਭਾਜਪਾ ਦੀ ਸਰਕਾਰ ਬਣਨ ਪਿਛੋਂ ਸਥਿਤੀ ਬੇਹਤਰ ਹੋਈ ਹੈ ਅਤੇ ਜੇ ਇਸੇ ਤਰ੍ਹਾਂ ਮਾਮਲਾ ਅੱਗੇ ਵਧਦਾ ਰਿਹਾ ਤਾਂ ਹਿੰਦੂ ਰਾਸ਼ਟਰ ਬਣ ਜਾਵੇਗਾ। ਸੰਘ ਪ੍ਰੀਰ ਮੁਸਲਮਾਨਾਂ ਤੋਂ ਇਲਾਵਾ ਹੋਰਨਾਂ ਨੂੰ ਵੀ ਆਪਣੇ ਇਕਸੁਰ ਹਿੰਦੂ ਰਾਸ਼ਟਰ ਲਈ ਅੜਿਕਾ ਮੰਨਦਾ ਹੈ। ਉਹ ਕਮਿਊਨਿਸਟਾਂ ਨੂੰ ਆਪਣਾ ਦੁਸ਼ਮਨ ਮੰਨਦਾ ਹੈ ਕਿਉਂਕਿ ਉਹ 'ਅੰਤਰਰਾਸ਼ਟਰਵਾਦੀ' ਹੁੰਦੇ ਹਨ ਅਤੇ ਦੇਸ਼ ਵਿੱਚ ਵੱਖ-ਵੱਖ ਜਮਾਤਾਂ ਦੇ ਲੋਕਾਂ ਨੂੰ ਇੱਕ ਦੂਜੇ ਦੇ ਸਾਹਮਣੇ ਖੜ੍ਹਾ ਕਰਦੇ ਹਨ। ਇਹ ਰਾਸ਼ਟਰ ਦੀ ਏਕਤਾ ਨੂੰ ਤੋੜਦਾ ਹੈ। ਸੰਘ ਪ੍ਰੀਰ ਇਸਾਈਆਂ ਨੂੰ ਵੰਡਪਾਊ ਤੱਤ ਤੇ ਇਸ ਲਈ ਦੇਸ਼ ਦੀ ਏਕਤਾ ਲਈ ਖਤਰਾ ਮੰਨਦਾ ਹੈ। ਇਥੋਂ ਤੱਕ ਕਿ ਸਿੱਖਾਂ ਤੇ ਬੋਧੀਆਂ ਨੂੰ ਵੀ ਆਪਣੇ ਲਈ ਸਮੱਸਿਆ ਮੰਨਦਾ ਹੈ, ਕਿਉਂਕਿ ਸੰਘ ਪ੍ਰੀਰ ਵਲੋਂ ਉਹਨਾਂ ਨੂੰ ਹਿੰਦੂ ਐਲਾਨੇ ਜਾਣ ਦੇ ਬਾਵਜੂਦ ਉਹ ਖੁਦ ਨੂੰ ਹਿੰਦੂ ਨਹੀਂ ਮੰਨਦੇ। ਸੰਘ ਪਰਿਵਾਰ ਆਦੀਵਾਸੀ ਲੋਕਾਂ ਨੂੰ ਹਿੰਦੂ ਬਣਾਉਣ ਲਈ ਅੱਡੀਚੋਟੀ ਦਾ ਜੋਰ ਲਾ ਰਿਹਾ ਹੈ। ਅੰਤ ਵਿੱਚ ਉਹ ਗੈਰ-ਸਵਰਣ ਹਿੰਦੂਆਂ ਨੂੰ ਸਵਰਣਾ ਦੇ ਕਾਬੂ ਹੇਠ ਲਿਆਉਣ ਲਈ ਸਾਰੇ ਹੱਥਕੰਡੇ ਅਪਣਾ ਰਿਹਾ ਹੈ, ਕਿਉਂਕਿ ਹਿੰਦੂਆਂ ਦੀ ਜਾਤਾਂ ਵਿੱਚ ਵੰਡ ਤੇ ਉਹਨਾਂ ਦਰਮਿਆਨ ਟਕਰਾ ਉਸ ਦੇ ਇਕਸੁਰ ਹਿੰਦੂ ਰਾਸ਼ਟਰ ਲਈ ਅੜਿਕਾ ਹੈ।



ਜਾਤਪਾਤੀ ਵਿਵਸਥਾ ਚ ਵਿਸਵਾਸ ਕਰਨ ਵਾਲਾ ਸੰਘ ਪ੍ਰੀਰ ਜਾਤਪਾਤੀ ਵਿਵਸਥਾ ਨੂੰ ਖਤਮ ਨਹੀਂ ਕਰਨਾ ਚਾਹੁੰਦਾ। ਬਸ ਇਹਨਾਂ ਦਰਮਿਆਨ ਇਕਸੁਰਤਾ ਚਾਹੁੰਦਾ ਹੈ। ਜਿਸ ਦਾ ਅਸਲ ਮਤਲਬ ਇਹ ਹੈ ਕਿ ਦਲਿਤ ਤੇ ਪਿਛੜੀਆਂ ਵਲੋਂ ਸਵਰਣ ਦਾਬੇ ਨੂੰ ਮੰਨ ਲਿਆ ਜਾਣਾ। ਉਪਰੋਕਤ ਤੋਂ ਸਪਸ਼ਟ ਹੈ ਕਿ ਸੰਘ ਪਰਿਵਾਰ ਲਈ ਰਾਸ਼ਟਰ ਵਿਰੋਧੀਆਂ ਦੀ ਗਿਣਤੀ ਕਾਫੀ ਜਿਆਦਾ ਹੈ। ਇਸ ਨਜ਼ਰੀਏ ਤੋਂ ਆਬਾਦੀ ਦਾ ਬਹੁਤਾ ਹਿੱਸਾ ਚੇਤਨ ਜਾਂ ਅਵਚੇਤਨ ਢੰਗ ਨਾਲ ਦੇਸ਼ ਤੋੜਨ ਵਿੱਚ ਲਗਿਆ ਹੋਇਆ ਹੈ। ਬਸ ਸਵਰਨ ਹਿੰਦੂਵਾਦੀ ਮਾਨਸਿਕਤਾ ਨਾਲ ਗ੍ਰਸਿਤ ਥੋੜ੍ਹੇ ਜਿਹੇ ਲੋਕ ਹੀ ਹਨ ਜੋ ਦੇਸ਼ ਨੂੰ ਤੋੜਨਾ ਨਹੀਂ ਚਾਹੁੰਦੇ। ਸੰਘ ਪ੍ਰੀਰ ਦੇ ਪੱਖ ਵਿੱਚ ਇਹ ਗਲ਼ ਜਾਂਦੀ ਹੈ ਕਿ ਇਹ ਥੋੜ੍ਹੇ ਜਿਹੇ ਲੋਕ ਹੀ ਸਮਾਜ ਦੇ ਬਹੁਤੇ ਖੇਤਰਾਂ ਵਿੱਚ ਹਾਵੀ ਹਨ। ਇਹ ਵੇਖਣਾ ਮੁਸ਼ਕਲ ਨਹੀਂ ਹੈ ਕਿ ਸੰਘ ਪਰਿਵਾਰ ਦਾ ਆਪਣਾ ਹਿੰਦੂ ਰਾਸ਼ਟਰ ਦਾ ਨਜਰੀਆ ਹੀ ਅਜੇਹਾ ਹੈ। ਸਤਾ ਦੇ ਸਾਰੇ ਵਿਰੋਧੀ ਉਸ ਨੂੰ ਆਪਣੇ ਰਾਸ਼ਟਰ ਦੇ ਦੁਸ਼ਮਣ ਨਜਰ ਆਉਂਣਗੇ। ਪਰ ਇਕਸੁਰ ਹਿੰਦੂ ਰਾਸ਼ਟਰ ਕਿਸ ਦੇ ਪੱਖ ਵਿੱਚ ਹੈ। ਇਹ ਬਿਨਾ ਵਜਾਹ ਨਹੀਂ ਹੈ ਕਿ ਅੱਜ ਵੀ ਸੰਘ ਪ੍ਰੀਰ ਦੇ ਬਹੁਤ ਹਮਾਇਤੀ ਉਚਜਾਤੀ (ਸਵਰਨ) ਹਿੰਦੂ ਹਨ ਅਤੇ ਸਵਰਨ ਹਿੰਦੂਆਂ ਵਿੱਚ ਸੰਘ ਦੇ ਵਿਚਾਰਾਂ ਵਿੱਚ ਸਵੀਕਾਰਤਾ ਬਹੁਪੱਖੀ ਹੈ। ਸੰਘ ਪਰਿਵਾਰ ਦੀ ਇਕਸੁਰ ਹਿੰਦੂ ਰਾਸ਼ਟਰ ਦੀ ਇਹ ਧਾਰਨਾ ਦੂਜੀਆਂ ਦੀਆਂ ਨਜਰਾਂ ਵਿੱਚ ਉਸ ਨੂੰ ਦੇਸ਼ ਤੋੜਨ ਵਾਲਾ ਬਣਾ ਦਿੰਦੀ ਹੈ। ਭਾਰਤ ਦੇਸ਼ ਅਜੇਹਾ ਅਨੇਕਾਂ ਵੰਨਗੀਆਂ ਵਾਲਾ ਦੇਸ਼ ਜੇ ਹੈ ਤਾਂ ਉਸ ਨੂੰ ਇਕਸੁਰ ਬਣਾਉਣ ਦੀ ਕੋਸ਼ਿਸ਼ ਹੀ ਭਾਂਤ ਭਾਂਤ ਦੇ ਤਣਾਵਾਂ, ਝਗੜਿਆਂ ਨੂੰ ਜਨਮ ਦੇਵੇਗੀ ਹੈ, ਜੋ ਮੌਜੂਦਾ ਏਕਤਾ ਨੂੰ ਭੰਗ ਕਰ ਦੇਵੇਗੀ। ਚੀਜਾਂ ਦੀ ਪ੍ਰਕਿਰਤੀ ਹੀ ਅਜੇਹੀ ਹੁੰਦੀ ਹੈ ਕਿ ਬਹੁਤ ਭਾਂਤ ਭਾਂਤ ਦੀਆਂ ਚੀਜ਼ਾਂ ਨੂੰ ਇਸ-ਸਾਂਚੇ ਵਿੱਚ ਨਹੀਂ ਢਾਲਿਆ ਜਾ ਸਕਦਾ। ਇਸ ਲਈ ਅਨੇਕਤਾ ਵਿੱਚ ਏਕਤਾ ਦੇ ਰਾਹ ਤੇ ਚਲਣਾ ਪਵੇਗਾ। ਸੰਘ ਪਰਿਵਾਰ ਦੇ ਵਿਰੋਧੀਆਂ ਮੁਤਾਬਿਕ ਉਹ ਇਸੇ ਰਾਹ ਤੇ ਚਲਦੇ ਰਹੇ ਹਨ ਅਤੇ ਭਾਰਤ ਲਈ ਇਹੀ ਸਹੀ ਰਾਹ ਹੈ। ਇਹ ਸਹੀ ਹੈ ਕਿ ਵੰਨਗੀਆਂ ਨਾਲ ਭਰੇ ਦੇਸ਼ ਨੂੰ ਇੱਕੋ ਜਿਹੇ ਢੰਗ ਨਾਲ ਚਲਾਉਣਾ ਖਤਰਨਾਕ ਹੈ। ਇਹ ਤਰ੍ਹਾਂ ਤਰ੍ਹਾਂ ਦੇ ਦੁੱਖ ਤਕਲੀਫਾਂ ਨੂੰ ਜਨਮ ਦੇਵੇਗਾ ਤੇ ਆਖਰਕਾਰ ਉਸ ਏਕਤਾ ਨੂੰ ਹੀ ਤੋੜ ਦੇਵੇਗਾ ਜੋ ਇੱਕਸੁਰਤਾ ਦਾ ਮਕਸਦ ਜਾਂ ਟੀਚਾ ਸੀ। ਪਰ ਇਥੇ ਬੇਹੱਦ ਕੀਮਤੀ ਸੁਆਲ ਇਹ ਹੈ ਕਿ ਕੀ ਸਾਰੀਆਂ ਵੰਨਗੀਆਂ ਜਾਇਜ ਹਨ ਤੇ ਕੀ ਅਜੇ ਤੱਕ ਸਾਰੀਆਂ ਵੰਨਗੀਆਂ ਨੂੰ ਸਹੀ ਢੰਗ ਨਾਲ ਚਲਾਇਆ ਗਿਆ ਹੈ ?

ਕੋਈ ਨਹੀਂ ਕਹੇਗਾ ਕਿ ਸਾਰੀਆਂ ਵੰਨਗੀਆਂ ਸਹੀ ਹਨ। ਭਾਰਤ ਦੇ ਸੰਵਿਧਾਨ ਨੇ 1949 ਵਿੱਚ ਹੀ ਐਲਾਨ ਕਰ ਦਿੱਤਾ ਕਿ ਵਰਨ-ਜਾਤੀ ਤੇ ਲਿੰਗ ਦੇ ਅਧਾਰ ਤੇ ਵਿਤਕਰਾ ਮੰਜੂਰ/ਸਹਿਣਯੋਗ ਨਹੀਂ। ਉਸ ਨੇ ਇਸ ਨੂੰ ਮੇਟਣ ਦਾ ਟੀਚਾ ਸਾਹਮਣੇ ਰੱਖਿਆ ਅਤੇ ਇਸ ਦੇ ਲਈ ਵਿਵਸਥਾਵਾਂ ਵੀ ਕੀਤੀਆਂ। ਇਹ ਗੱਲ ਧਿਆਨ ਚ ਰੱਖਣ ਵਾਲੀ ਹੈ ਕਿ ਸੰਘ ਪਰਿਵਾਰ ਦਾ ਹਰਮਨਪਿਆਰਾ ਰਵਾਇਤੀ ਭਾਰਤੀ ਸਮਾਜ ਇਹਨਾਂ ਹੀ ਵੰਡਾਂ ਤੇ ਅਧਾਰਿਤ ਸੀ। ਸੰਘ ਪ੍ਰੀਰ ਅਜੇ ਵੀ ਇਸ ਨੂੰ ਵੰਨਗੀਆਂ ਵਾਲਾ ਮੰਨਦਾ ਹੈ,ਜਦ ਉਹ ਜਾਤਾਂ ਦੇ ਖਾਤਮੇ ਦੀ ਬਜਾਏ ਉਹਨਾਂ ਵਿਚਕਾਰ ਇੱਜਸੁਰਤਾ ਦੀ ਗੱਲ ਕਰਦਾ ਹੈ ਅਤੇ ਔਰਤਾਂ ਦੀ ਥਾਂ ਘਰ ਦੇ ਅੰਦਰ ਦਸਦਾ ਹੈ। ਪਰ ਨਜਾਇਜ ਐਲਾਨੇ ਜਾਣ ਦੇ ਬਾਵਜੂਦ ਭਾਰਤ ਦੇ ਹਾਕਮਾਂ ਵਲੋਂ ਜਾਤਪਾਤੀ ਤੇ ਲਿੰਗ ਅਧਾਰਿਤ ਵਿਤਕਰਾ ਖਤਮ ਕਰਨ ਲਈ ਕੋਈ ਅਸੂਲੀ ਪੱਧਰ ਤੇ ਕੋਈ ਕੋਸ਼ਿਸ਼ਾਂ ਨਹੀਂ ਕੀਤੀਆਂ ਗਈਆਂ। ਸਾਰਾ ਕੁੱਝ ਬਸ ਅੱਧੇ ਅਧੂਰੇ ਕਦਮ ਚੁੱਕਣ ਤੱਕ ਸੀਮਤ ਹੋ ਗਿਆ। ਸਿੱਟਾ ਇਹ ਨਿਕਲਿਆ ਕਿ ਅਜੇ ਵੀ ਦੇਸ਼ ਇਹਨਾਂ ਵੰਡੀਆਂ ਨਾਲ ਪੂਰੀ ਤਰ੍ਹਾਂ ਗ੍ਰਸਿਤ ਹੈ। ਜਾਤਪਾਤੀ ਭੇਦਭਾਵ ਤਾਂ ਭਾਰਤ ਦੀ ਚੁਣਾਵੀ ਰਾਜਨੀਤੀ ਵਿੱਚ ਸ਼ੁਰੂ ਤੋਂ ਲੈਕੇ ਅੱਜ ਤੱਕ ਇੱਕ ਵੱਡਾ ਕਾਰਕ ਰਿਹਾ ਹੈ ਤਾ ਅੱਜ ਜਾਤੀ ਅਧਾਰਿਤ ਕਤਾਰਬੰਦੀ ਇੱਕ ਨਵੇਂ ਪੱਧਰ ਤੇ ਜਾ ਪਹੁੰਚੀ ਹੈ। ਧਾਰਮਿਕ ਵੰਡ ਦਾ ਰੁਝਾਨ ਵੱਖਰੀ ਕਿਸਮ ਦਾ ਹੈ ਅਤੇ ਸਤਾ ਤਬਦੀਲੀ ਸਮੇਂ 1947 ਚ ਧਰਮਾਂ ਤੇ ਅਧਾਰਿਤ ਦੇਸ਼ ਦੀ ਜੋ ਵੰਡ ਹੋਈ, ਉਸ ਨੇ ਇਸ ਨੂੰ ਹੋਰ ਵੀ ਵਿਸ਼ਾਲ ਬਣਾ ਦਿੱਤਾ ਸੀ। ਇਸ ਵੰਡ ਨਾਲ ਇੱਕ ਹੀ ਤਰੀਕੇ ਨਾਲ ਨਿਪਟਿਆ ਜਾ ਸਕਦਾ ਸੀ, ਉਹ ਸੀ ਅਸਲੀ ਦਰਮ ਨਿਰਪੱਖਤਾ ਯਾਨੀ ਜਿਥੋਂ ਤੱਕ ਰਾਜ ਦਾ ਸਬੰਧ ਹੈ ਧਰਮ ਨੂੰ ਨਿਜੀ ਮਾਮਲਾ ਬਣਾ ਦੇਣਾ। ਜਨਤਕ ਜੀਵਨ ਚ ਧਰਮ ਦਾ ਕੋਈ ਦਖਲ ਨਹੀਂ ਚਾਹੀਦਾ ਸੀ ਅਤੇ ਰਾਜ ਨੇ ਵੀ ਧਰਮ ਤੋਂ ਵੱਖ ਰਹਿਣਾ ਸੀ। ਪਰ ਭਾਰਤ ਵਿੱਚ ਅਜੇਹਾ ਨਹੀਂ ਹੋਇਆ, ਇਥੇ ਸੰਵਿਧਾਨਕ ਤੌਰ ਤੇ ਹੀ ਸਰਬਧਰਮ ਸਦਭਾਵਨਾ ਦਾ ਰਾਹ ਚੁਣਿਆ ਗਿਆ। ਇਥੇ ਰਾਜ ਨੇ ਸਭ ਧਰਮਾਂ ਤੋਂ ਵੱਖ ਨਹੀਂ ਰਹਿਣਾ ਸੀ, ਬਲਕਿ ਸਭ ਧਰਮਾਂ ਨੂੰ ਬਰਾਬਰ ਦੀ ਨਜਰ ਨਾਲ ਵੇਖਣਾ ਸੀ। ਸੁਭਾਵਿਕ ਸੀ ਕਿ ਕਿਸੇ ਨੂੰ ਜਿਆਦਾ ਬਰਾਬਰ ਦੀ ਨਜਰਬੰਦ ਰ ਨਾਲ ਵੇਖਿਆ ਜਾਂਦਾ। ਇਹ ਵੀਰਤਾ ਪ੍ਰਾਪਤ ਧਰਮ ਬਹੁਗਿਣਤੀ ਧਰਮ ਹੀ ਹੋ ਸਕਦਾ ਸੀ। ਇਸ ਜਿਆਦਾ ਬਰਾਬਰ ਦੀ ਨਜਾਰ ਨੂੰ ਫਿਰ 'ਤੁਸ਼ਟੀਕਰਣ' ਨਾਲ ਸੰਤੁਲਿਤ ਕਰਨ ਦੀ ਕੋਸ਼ਿਸ਼ ਕੀਤੀ ਗਈ। ਇਸ ਤਰ੍ਹਾਂ ਨਾਲ ਇਹ ਖੇਡ ਚੱਲ ਪਈ ਜੋ ਅੱਜ ਸਿਖਰ ਤੇ ਹੈ। ਪ੍ਰਤੀਕਾਤਮਿਕ ਤੌਰ 'ਤੇ ਅਯੁੱਧਿਆ ਦਾ ਰਾਮ ਮੰਦਰ ਇਸ ਦੀ ਨੁਮਾਇੰਦਾ ਮਿਸਾਲ ਹੈ,ਜੋ 1949 ਚ ਸ਼ੁਰੂ ਹੋ ਕੇ ਕ੍ਰਮਵਾਰ ਹੋਰ ਖੁਲ੍ਹੇਆਮ ਅਹਿਮ ਮੁੱਦਾ ਬਣਾਇਆ ਗਿਆ। ਦੇਸ਼ ਵਿੱਚ ਜੇ ਕੌਮੀ ਵੰਨਸਵੰਨਤਾ ਦੀ ਗਲ ਕਰੀਏ (ਅਤੇ ਆਦੀਵਾਸੀ ਸਭਿਅਤਾ ਵੀ ਇਸ ਦਾ ਹਿੱਸਾ ਹੈ) ਤਾਂ ਇਸ ਦਾ ਹੱਲ ਦੇਸ਼ ਦਾ ਇੱਕ ਅਜੇਹਾ ਸੰਘਾਤਮਕ ਢਾਂਚਾ ਸੀ, ਜੋ ਭਾਂਤ ਭਾਂਤ ਦੀਆਂ ਕੌਮੀ ਵੰਨਗੀਆਂ ਨੂੰ ਲਚੀਲੇਪਨ ਨਾਲ ਥਾਂ ਦਿੰਦਾ। ਭਾਰਤ ਦੇ ਸੰਵਿਧਾਨ ਨੇ ਦੇਸ਼ ਦੇ ਸੰਘੀ ਢਾਂਚੇ ਦੀ ਗੱਲ ਤਾਂ ਕੀਤੀ ਤਾ ਭਾਰਤ ਨੂੰ ਇੱਕ ਸੰਘ ਐਲਾਨਿਆ ਪਰ ਅਸਲ ਵਿੱਚ ਇਸ ਨੇ ਇੱਕ ਕੇਂਦਰੀ ਢਾਂਚੇ ਦੀ ਉਸਾਰੀ ਕੀਤੀ। ਸਮੇਂ ਦੇ ਨਾਲ ਇਹ ਕੇਂਦਰੀ ਢਾਂਚਾ ਹੋਰ ਮਜਬੂਤ ਹੁੰਦਾ ਗਿਆ। ਇਕੱਲੇ ਜੰਮੂ-ਕਸ਼ਮੀਰ ਦੇ ਇਤਿਹਾਸ ਵਿੱਚ ਇਸ ਨੂੰ ਵੇਖਿਆ ਜਾ ਸਕਦਾ ਹੈ, ਜਿਹੜਾ 1950 ਵਿੱਚ ਘੱਟੋ ਘੱਟ ਸਵੈ-ਨਿਰਣੇ ਤੋਂ ਸ਼ੁਰੂ ਹੋ ਕੇ ਅੱਜ ਸੂਬੇ ਦੇ ਅਧਿਕਾਰ ਤੱਕ ਤੋਂ ਵੀ ਵਾਂਝਾ ਹੋ ਗਿਆ ਹੈ। ਇਹਨਾਂ ਸਾਰੀਆਂ ਨੂੰ ਇੱਕੱਠੇ ਨਾਲ ਲਈਏ ਤਾਂ ਇਹ ਕੁੱਲ ਮਿਲਾ ਕੇ ਉਹ ਬਣਦੇ ਹਨ ਜੋ ਕੌਮੀ ਨਿਰਮਾਣ ਦਾ ਸੁਆਲ ਕਿਹਾ ਜਾਂਦਾ ਹੈ। ਸੰਘ ਪ੍ਰੀਰ ਚਾਹੇ ਜੋ ਮਰਜੀ ਕਹੇ,ਭਾਰਤ ਜਦੇ ਵੀ ਇੱਕ ਰਾਸ਼ਟਰ ਨਹੀਂ ਸੀ। ਉਹ ਸਿੱਧਾ ਜਿਹਾ ਇਸ ਕਾਰਨ ਕਿ ਰਾਸ਼ਟਰ ਅਧੁਨਿਕ ਦੌਰ ਦੀ ਪ੍ਰੀ-ਘਟਨਾ ਹੈ-ਪੂੰਜੀਵਾਦੀ ਦੌਰ ਦੀ। ਜਦ ਅੰਗਰੇਜ ਭਾਰਤ ਆਏ ਤਾਂ ਭਾਰਤ ਛੋਟੇ ਛੋਟੇ ਰਾਜਾਂ ਵਿੱਚ ਵੰਡਿਆ ਹੋਇਆ ਸੀ ਤੇ ਇਸ ਦਾ ਕੋਈ ਏਕੀਕ੍ਰਿਤ ਅਰਥਚਾਰਾ ਨਹੀਂ ਸੀ। ਆਪਣੀ ਲੁੱਟ-ਖਸੁੱਟ ਲਈ ਅੰਗਰੇਜੀ ਹਾਕਮਾਂ ਨੇ ਭਾਰਤ ਨੂੰ ਇੱਕ ਸੂਤਰ ਵਿੱਚ ਬੰਨਿਆ ਤੇ ਇੱਕ ਏਕੀਕ੍ਰਿਤ ਵਿਵਸਥਾ ਦੀ ਨੀਂਹ ਰੱਖੀ। ਪਰ ਰਾਸ਼ਟਰ ਉਸਾਰੀ ਅੰਗਰੇਜਾਂ ਦਾ ਮਕਸਦ ਨਹੀਂ ਸੀ। ਇਸ ਦੇ ਉਲਟ ਉਹਨਾਂ ਨੇ ਆਪਣੀ ਹਕੂਮਤ ਬਣਾਈ ਰੱਖਣ ਲਈ "ਵੰਡੋ ਤੇ ਰਾਜ ਕਰੋ" ਦੀ ਹਰ ਸੰਭਵ ਨੀਤੀ ਦੀ ਵਰਤੋਂ ਕੀਤੀ। ਅੰਗਰੇਜਾਂ ਦੇ ਜਾਣ ਪਿਛੋਂ ਭਾਰਤ ਦੇ ਨਵੇਂ ਹਾਕਮਾਂ ਦੇ ਸਾਹਮਣੇ ਸੱਭ ਤੋਂ ਵੱਡਾ ਟੀਚਾ ਰਾਸ਼ਟਰ ਨਿਰਮਾਣ ਦਾ ਸੀ। ਦੁਨੀਆਂ ਦੇ ਉਦੋਂ ਤੱਕ ਦੇ ਇਤਿਹਾਸ ਨੇ ਵਿਖਾਇਆ ਸੀ ਕਿ ਇਸ ਨੂੰ ਸਿਰਫ ਕਿਸਾਨ ਇਨਕਲਾਬ ਰਾਹੀਂ ਹੀ ਕੀਤਾ ਜਾ ਸਕਦਾ ਸੀ,ਯਾਨੀ ਪੁਰਾਣੇ ਰਜਵਾੜੇ, ਜਾਗੀਰੂ-ਜਿੰਮੀਦਾਰਾਂ ਤੋਂ ਜਮੀਨਾਂ ਖੋਹ ਕੇ ਉਸ ਦਾ ਕਿਸਾਨਾਂ ਵਿੱਚ ਵਟਵਾਰਾ। ਇਹ ਨਾ ਸਿਰਫ ਪੁਰਾਣੇ ਜਾਗੀਰੂ ਹਾਕਮਾਂ ਦੀ ਸਮਾਜਿਕ-ਰਾਜਸੀ ਨੂੰ ਉੱਕ ਝਟਕੇ ਨਾਲ ਖਤਮ ਕਰ ਦਿੰਦਾ ਬਲਕਿ ਇਹ ਵਰਣ-ਜਾਤੀ ਵਿਵਸਥਾ ਦੀ ਨੀਂਹ ਵੀ ਪੱਟ ਦਿੰਦਾ। ਇਸ ਕਿਸਾਨ ਇਨਕਲਾਬ ਜਿਸ ਜਮਹੂਰੀ ਇਨਕਲਾਬ ਨੂੰ ਸ਼ੁਰੂ ਕਰਦਾ ਉਸ ਦਾ ਸਿੱਟਾ ਲਿੰਗਭੇਦ ਅਤੇ ਕੌਮੀਅਤਾਂ ਦੇ ਮਾਮਲੇ ਵਿੱਚ ਵੀ ਦਿਸਦਾ। ਔਰਤਾਂ ਤੇ ਕੌਮੀਅਤਾਂ ਦੇ ਜਮਹੂਰੀ ਅਧਿਕਾਰਾਂ ਨੂੰ ਮੰਨਜੂਰੀ ਮਿਲਦੀ। ਪਰ ਇਹ ਸਭ ਕੁੱਝ ਨਹੀਂ ਹੋਇਆ। ਇਸ ਦੀ ਬਜਾਏ ਹਾਕਮਾਂ ਨੇ ਜੋ ਰਾਹ ਚੁਣਿਆ ਉਹ ਸੁਧਾਰ ਦਾ ਉਹ ਰਾਹ ਸੀ ਜਿਸ ਵਿੱਚ ਆਜਾਦੀ ਤੋਂ ਪਹਿਲਾਂ ਕੀਤੇ ਗਏ ਵਾਅਦਿਆਂ ਦੇ ਨਾਲ ਗਦਾਰੀ ਛੁਪੀ ਹੋਈ ਸੀ। ਸਾਰੇ ਪੁਰਾਣੇ ਜਾਇਦਾਦਾਂ ਦੇ ਮਾਲਕ ਅਤੇ ਹਾਕਮ ਆਪਣੀ ਆਪਣੀ ਥਾਂ ਬਣੇ ਰਹੇ। ਇਸ ਦੇ ਉਲਟ ਲੁੱਟੀ-ਖਸੁੱਟੀ ਜਨਤਾ ਆਪਣੀ ਥਾਂ ਬਣੀ ਰਹੀ। ਇਸ ਨਾਲ ਰਾਸ਼ਟਰ ਨਿਰਮਾਣ ਦੀ ਉਹ ਯਾਤਰਾ ਸ਼ੁਰੂ ਹੋਈ ਜੋ ਬਿਲਕੁੱਲ ਨੁਕਸਦਾਰ ਤੇ ਮਜਦੂਰ ਮਿਹਨਤਕਸ਼ ਲੋਕਾਂ ਲਈ ਬੇਹੱਦ ਕਸ਼ਟਦਾਇਕ ਸੀ। ਸਮੇਂ ਦੇ ਨਾਲ ਰਾਸ਼ਟਰ ਨਿਰਮਾਣ ਦੀ ਇਹ ਯੋਜਨਾ ਖਟਾਈ ਵਿੱਚ ਪੈ ਗਈ ਤੇ ਅੱਜ ਸੰਘ ਪ੍ਰੀਰ ਦੇ ਹਿੰਦੂ ਫਾਸ਼ਵਾਦੀ ਰਾਸ਼ਟਰ ਨਿਰਮਾਣ ਦੀ ਆਪਣੀ ਬਦਲਵੀਂ ਪ੍ਰੀ-ਯੋਜਨਾ ਲੈ ਕੇ ਦੇਸ਼ ਦੇ ਰਾਜਸੀ ਦ੍ਰਿਸ਼ ਤੇ ਹਾਵੀ ਹੋ ਚੁੱਕੇ ਹਨ। ਕੌਮੀ ਉਸਾਰੀ ਦੀ ਉਕਤ ਯੋਜਨਾ ਦੀ ਅਸਫਲਤਾ ਲਈ ਜਿੰਮੇਵਾਰ ਕੌਣ ਹੈ? ਜੁਆਬ ਹੈ ਆਮ ਤੌਰ ਤੇ ਭਾਰਤ ਦੀ ਹਾਕਮ ਜਮਾਤ ਅਤੇ ਖਾਸ ਤੌਰ ਤੇ ਕਾਂਗਰਸ ਪਾਰਟੀ। ਅੱਜ ਜੇ ਸੰਘ ਪ੍ਰੀਰ ਦੇ ਹਿੰਦੂ ਫਾਸ਼ੀਵਾਦੀ ਭਾਰਤ ਤੋੜਨ ਵਿੱਚ ਲੱਗੇ ਹੋਏ ਹਨ, ਇਸ ਦੀ ਜਿੰਮੇਵਾਰੀ ਅਤੀਤ ਵਿੱਚ ਕਾਂਗਰਸ ਪਾਰਟੀ ਤੇ ਜਾਂਦੀ ਹੈ। ਜਿਆਦਾ ਠੋਸ ਤੌਰ ਤੇ ਇਸ ਨੂੰ ਸਮਝਣਾ ਹੋਵੇ ਤਾਂ ਕੋਈ ਵੀ ਉਸ ਨੂੰ ਰਾਮ ਮੰਦਰ ਅਤੇ ਧਾਰਾ-370 ਦੇ ਕ੍ਰਮਵਾਰ ਇਤਿਹਾਸ ਨਾਲ ਸਮਝਿਆ ਜਾ ਸਕਦਾ ਹੈ। ਗੱਲ ਸਿਰਫ ਅਤੀਤ ਵਿੱਚ ਜਿੰਮੇਵਾਰੀ ਤਹਿ ਕਰਨ ਦੀ ਨਹੀਂ ਹੈ। ਗੱਲ ਇਹ ਹੈ ਕਿ ਅੱਜ ਭਾਰਤ ਵਿੱਚ ਜੋ ਹੋ ਰਿਹਾ ਹੈ,ਉਸ ਨੂੰ ਆਜਾਦੀ ਪਿਛੋਂ ਭਾਰਤ ਦੇ ਇਤਿਹਾਸ ਨਾਲੋਂ ਅੱਲਗ ਕਰਕੇ ਨਹੀਂ ਵੇਖਿਆ ਜਾ ਸਕਦਾ। ਵਰਤਮਾਨ ਨੂੰ ਨੇੜਲੇ ਅਤੀਤ ਨਾਲੋਂ ਵੱਖ ਨਹੀਂ ਕੀਤਾ ਜਾ ਸਕਦਾ,ਕਿਉਂਕਿ ਉਹ ਨੇੜਲੇ ਅਤੀਤ ਦਾ ਹੀ ਸਿੱਟਾ ਹੁੰਦਾ ਹੈ। ਅੱਜ ਜੇ ਦੇਸ ਦੇ ਟੁੱਟਣ ਦਾ ਖਤਰਾ ਪੈਦਾ ਹੋ ਗਿਆ ਹੈ ਤਾਂ ਇਸ ਦੇ ਲਈ ਮੌਜੂਦਾ ਵਿਨਾਸ਼ਕਾਰੀ ਸੰਘ ਪ੍ਰੀਰ ਦੇ ਨਾਲ ਕਾਂਗਰਸ ਪਾਰਟੀ ਤੇ ਉਹ ਹੋਰ ਲੋਕ ਵੀ ਜਿੰਮੇਵਾਰ ਹਨ,ਜਿਹਨਾਂ ਨੇ ਆਪਣੀਆਂ ਨੀਤੀਆਂ ਕਾਰਵਾਈਆਂ ਨਾਲ ਮਾਮਲੇ ਨੂੰ ਇਥੋਂਟੱਕ ਪਹੁੰਚਾਇਆ। ਭਾਰਤ ਜੋੜੋ ਯਾਤਰਾਥੇ ਨਿਕਲ ਰਹੇ ਕਾਂਗਰਸੀ ਤੇ ਉਹਨਾਂ ਦੇ ਸਮਰਥਕ ਇਸ ਕੌੜੀ ਸਚਾਈ ਨੂੰ ਹਜਮ ਨਹੀਂ ਕਰ ਸਕਦੇ ਅਤੇ ਠੀਕ ਇਸੇ ਕਾਰਨ ਉਹ ਅੱਜ ਪ੍ਰੀਰ ਦੇ ਬਲਡੋਜਰ ਏਜੰਡੇ ਦਾ ਮੁਕਾਬਲਾ ਨਹੀਂ ਕਰ ਸਕਦੇ ਕਿਉਂਕਿ ਇਹ ਜਿਹਨਾਂ ਵਿਕਲਪ ਨੀਤੀਆਂ ਵੱਲ ਜਾਣ ਦੀ ਮੰਗ ਕਰਦੀ ਹੈ ਉਧਰ ਉਹ ਬਿਲਕੁੱਲ ਨਹੀਂ ਜਾਣਾ ਚਾਹੁੰਣਗੇ। ਅਜ ਦੇਸ਼ ਤੇ ਦੁਨਿਆਂ ਦੋਨੋ ਉਥੇ ਨਹੀਂ ਖੜੇ ਜਿਥੇ ਉਹ 70-75 ਸਾਲ ਪਹਿਲਾਂ ਖੜੇ ਸਨ। ਦੁਨੀਆਂ ਬਦਲ ਚੁੱਕੀ ਹੈ ਅਤੇ ਦੇਸ਼ ਵੀ। ਜਮਹੂਰੀਅਤ ਲਈ ਜਿਸ ਕੁਸਾਨ ਇਨਕਲਾਬ ਦੀ ਸੰਭਾਵਨਾ ਸੀ,ਹੁਣ ਉਹ ਨਹੀਂ ਰਹੀ। ਹੁਣ ਜਾਗੀਰਦਾਰਾਂ-ਜਿੰਮੀਦਾਰਾਂ ਦੇ ਮੁਕਾਬਲੇ ਬਹੁਤੇ ਕਿਸਾਨ ਖੇਤਾਂ ਦੇ ਮਾਲਕ ਖੁਦ ਹਨ। ਖੇਤੀ ਚ ਲੱਗੇ ਲੋਕਾਂ ਚ ਭਾਰੀ ਬਹੁਮਤ ਕਿਸਾਨਾਂ ਦਾ ਨਹੀਂ ਬਲਕਿ ਮਜਦੂਰਾਂ ਦਾ ਹੈ ਕਿਸਾਨਾਂ ਦੀ ਸਮਸਿਆ ਅੱਜ ਖੇਤਾਂ ਦਾ ਮਾਲਜ ਹੋਣਾ ਨਹੀਂ ਹੈ, ਬਲਕਿ ਛੋਟੀ ਛੋਟੀ ਖੇਤੀ ਦਾ ਮਾਲਕ ਹੋਣਾ ਹੈ ਜੋ ਹੱਡ ਭੰਨਵੀਂ ਮਿਹਨਤ ਦੇ ਬਾਵਜੂਦ ਜਿੰਦਗੀ ਜਿਉਣ ਲਾਇਕ ਨਹੀਂ ਬਨਦੇ। ਅੱਜ ਇੱਕਲੇ ਕਿਸਾਨ ਇਨਕਲਾਬ ਨਾਲ ਰਾਸ਼ਟਰ ਉਸਾਰੀ ਨਹੀਂ ਹੋ ਸਕਦੀ, ਬਲਕਿ ਅੱਜ ਰਾਸ਼ਟਰ ਨਿਰਮਾਣ ਪੁਰਾਨੇ ਜਮਾਨੇ ਦੀ ਚੀਜ ਬਣ ਕੇ ਰਹਿ ਗਿਆ ਹੈ। ਅੱਜ ਦੇਸ਼ ਦੁਨਿਆਂ ਦੇ ਸਰਮਾਏਦਾਰ ਆਪਣੇ ਰਾਸ਼ਟਰ ਨਾਲੋਂ ਵੱਧ ਵਿਦੇਸ਼ੀ ਪੂੰਜੀ ਨਿਵੇਸ ਦੀ ਚਿੰਤਾ ਵੱਧ ਕਰਦੇ ਹਨ। ਖੁਦ ਸੰਘ ਪਰਿਵਾਰ ਦੀ ਮੌਜੂਦਾ ਭਾਜਪਾ ਸਰਕਾਰ ਸਭ ਤੋਂ ਵਧਾ ਚੜ੍ਹਾ ਕੇ ਵਿਦੇਸੀ ਪੂੰਜੀ ਨੂੰ ਦੇਸ਼ ਚ ਲਿਆਉਣ ਦੀ ਕੋਸ਼ਿਸ਼ ਕਰ ਰਹੀ ਹੈ। ਆਜਾਦੀ ਤੋਂ ਪਹਿਲਾਂ ਜਿਸ ਵਿਦੇਸ਼ੀ ਪੂੰਜੀ ਖਿਲਾਫ ਇੰਨਾ ਜਬਰਦਸਤ ਸੰਘਰਸ ਕੀਤਾ ਗਿਆ ਸੀ, ਅੱਜ ਉਸ ਨੂੰ ਹੀ ਹਰ ਤਰ੍ਹਾਂ ਦੀ ਛੋਟ ਤੇ ਲਾਭ ਦੇਕੇ ਬੁਲਾਇਆ ਜਾ ਰਿਹਾ ਹੈ। ਅਜੇਹੇ ਵਿੱਚ ਰਾਸ਼ਟਰ ਦੀਆਂ ਸਾਰੀਆਂ ਗੱਲਾਂ ਸਿਰਫ ਆਮ ਜਨਤਾ ਨੂੰ ਧੋਖਾ ਦੇਣ ਵਾਲੀਆਂ ਬਣ ਕੇ ਰਹਿ ਗਈਆਂ ਹਨ। ਸਾਰੇ ਰਾਸ਼ਟਰਵਾਦੀ ਮਹਿਜ ਧੋਖਬਾਜ ਬਣ ਜਾਂਦੇ ਹਨ।

ਦੇਸੀ ਵਿਦੇਸ਼ੀ ਸਰਮਾਏਦਾਰ ਮਿਲ ਕੇ ਆਮ ਜਨਤਾ ਨੂੰ ਲੁਟਦੇ ਹਨ ਅਤੇ ਇਹ ਜਨਤਾ ਇਸ ਲੁੱਟ ਖਿਲਾਫ ਖੜੀ ਨਾ ਹੋ ਜਾਵੇ ਇਸ ਲਈ ਉਸ ਨੂੰ ਰਾਸ਼ਟਰਵਾਦ ਦਾ ਪਾਠ ਪੜ੍ਹਾਉਂਦੇ ਹਨ। ਅੱਜ ਸਭ ਤੋਂ ਵੱਡੀ ਲੋੜ ਦੇਸੀ ਵਿਦੇਸ਼ੀ ਸਰਮਾਏਦਾਰ ਦੀ ਇਸ ਲੁੱਟ ਖਿਲਾਫ ਖੜੇ ਹੋਣਾ ਹੈ। ਇਹੀ ਸੰਘਰਸ ਦੇਸ਼ਦੇ ਸਾਰੇ ਲੋਕਾਂ ਨੂੰ ਇੱਕਜੁਟ ਕਰੇਗਾ। ਇਹੀ ਉਹਨਾਂ ਨੂੰ ਇਸ ਗੱਲ ਲਈ ਪ੍ਰੇਿਤ ਕਰੇਗਾ ਕਿ ਆਪਣੇ ਦਰਮਿਆਨ ਭਾਂਤ ਭਾਂਤ ਵੰਡ ਵਿਖਰੇਵਿਆਂ ਤੋਂ ਉਪਰ ਉਠਣ। ਇਹੀ ਇਸ ਗੱਲ ਦੀ ਸੰਭਾਵਨਾ ਤੇ ਪ੍ਰੇਣਾ ਪੈਦਾ ਕਰੇਗਾ ਕਿ ਸਾਰੇ ਹੋਰ ਲੋਕ ਵੀ ਲੁੱਟ-ਖਸੁੱਟ ਖਿਲਾਫ ਵੀ ਖੜੇ ਹੋਣ। ਜਾਤ, ਧਰਮ, ਲਿੰਗ ਜਾਂ ਕੌਮਾਂ ਦੇ ਅਧਾਰ ਤੇ ਵੰਡੇ ਰਹਿੰਦੇ ਹੋਏ ਅਤੇ ਉਸ ਦੇ ਅਧਾਰ ਤੇ ਲੁੱਟ ਖਸੁੱਟ ਨੂੰ ਬਰਦਾਸਤ ਕਰਦੇ ਹੋਏ ਦੇਸੀ ਵਿਦੇਸੀ ਸਰਮਾਏਦਾਰ ਖਿਲਾਫ ਸੰਘਰਸ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਇੱਕ ਅਜੇਹੇ ਸਮਾਜ ਵੱਲ ਵਧਿਆ ਜਾ ਸਕਦਾ ਹੈ ਜੋ ਸਭ ਤਰ੍ਹਾਂ ਦੀ ਲੁੱਟ ਤੇ ਜਬਰ ਤੋਂ ਮੁਕਤ ਹੋਵੇ। ਲੁੱਟ ਖਸੁੱਟ ਤੋਂ ਵਾਂਝੇ ਨਵੇਂ ਸਮਾਜ ਦੀ ਸਥਾਪਨਾ ਤੋਂ ਵੱਖ ਦੇਸ਼ ਜੋੜਨ ਜਾਂ ਤੋੜਨ ਦੀਆਂ ਸਾਰੀਆਂ ਗੱਲਾਂ ਉਹਨਾਂ ਹਾਕਮਾਂ ਦੀਆਂ ਗੱਲਾਂ ਹਨ ਜੋ ਚਾਹੁੰਦੇ ਹਨ ਕਿ ਲੁੱਟ ਤੇ ਕੁੱਟੇ ਜਾਂਦੇ ਲੋਕ ਇਹਨਾਂ ਵਿੱਚ ਉਲਝੇ ਰਹਿਣ ਤੇ ਉਹਨਾਂ ਦਾ ਲੁੱਟ ਖਸੁੱਟ ਵਾਲਾ ਸਮਾਜ ਚਲਦਾ ਰਹੇ। ਲੁੱਟ ਤੇ ਜਬਰ ਦੀ ਸ਼ਿਕਾਰ ਜਨਤਾ ਨੂੰ ਇਹ ਨਾਹਰਾ ਬੁਲੰਦ ਕਰਨਾ ਚਾਹੀਦਾ ਹੈ ਕਿ ਉਹ ਦੇਸ਼ ਹੀ ਨਹੀਂ ਸਾਰੀ ਦੁਨਿਆਂ ਦੇ ਲੋਕਾਂ ਨੂੰ ਜੋੜਨ ਦੇ ਪੱਖ ਵਿੱਚ ਹਨ,ਜਿਸ ਨਾਲ ਲੁਟੇਰਿਆਂ ਤੇ ਜਾਬਰਾਂ ਦੇ ਮੌਜੂਦਾ ਨਿਜਾਮ ਨੂੰ ਤੋੜ ਕੇ ਸਾਰੀ ਮਨੁੱਖਤਾ ਨੂੰ ਅਜੇਹੇ ਯੁਗ ਵਿੱਚ ਲਿਜਾ ਸਕੇ, ਜਿਸ ਵਿੱਚ ਹਰ ਤਰ੍ਹਾਂ ਦਾ ਅਨਿਆਂ-ਅਤਿਆਚਾਰ ਤੇ ਲੁੱਟ ਖਸੁੱਟ ਖਤਮ ਹੋ ਜਾਵੇ (ਕਰਟਸੀ ਨਾਗਰਿਕ ਜਨਵਰੀ 23)

# ਤੁਰ ਗਿਆ, ਬੰਬੇਲੀ ਦਾ ਜਾਇਆ - ਅਮਨਪਾਲ ਸਾਰਾ

**ਅਮਨ ਪਾਲ ਸਾਰਾ ਸਾਹਿਤਕ ਸਭਿਆਚਾਰਕ ਖੇਤਰ ਦੀ ਬਹੁ ਪੱਖੀ ਸਖਸ਼ੀਅਤ ਨੂੰ ਪਲਸ ਮੰਚ ਵੱਲੋਂ ਸੂਹੀ ਸਲਾਮ ਪਰਿਵਾਰ, ਸਾਕ ਸਬੰਧੀਆਂ ਅਤੇ ਸੰਗੀ ਸਾਥੀਆਂ ਦੇ ਦੁੱਖ 'ਚ ਸ਼ਰੀਕ ਹਾਂ। ਅਮਨ ਤੁਰ ਗਿਆ ਆਓ ਉਸਦੀਆਂ ਕਿਰਤਾਂ ਅਤੇ ਕਰਨੀ ਨੂੰ ਸੰਭਾਲੀਏ ਬਹੁਤ ਹੀ ਤੁਰੰਤ ਅਤੇ ਹਿੰਮਤ ਨਾਲ ਵਿਜੈ ਬੰਬੇਲੀ ਨੇ ਆਪਣੇ ਪਿੰਡ ਦੀ ਮਿੱਟੀ 'ਚ ਜਨਮੇ ਅਤੇ ਖੁਸ਼ਬੂਆਂ ਵੰਡਣ ਲੱਗੇ ਫੁੱਲ ਬਾਰੇ ਜਾਣਕਾਰੀ ਲਿਖੀ ਹੈ ਉਹ ਤੁਹਾਡੀ ਨਜ਼ਰ ਕਰ ਰਹੇ ਹਾਂ। - ਅਮੋਲਕ ਸਿੰਘ**

**- ਵਿਜੈ ਬੰਬੇਲੀ**

ਬੰਬੇਲੀ (ਮਾਹਿਲਪੁਰ, ਹੁਸ਼ਿਆਰਪੁਰ) ਦਾ ਜਾਇਆ ਅਤੇ ਹੁਣ ਕੈਨੇਡਾ ਵੱਸਦਾ, ਪਰ ਨਿਰੰਤਰ ਜੰਮਣ ਭੋਇੰ ਗੇੜਾ ਮਾਰਦਾ ਰਹਿਣ ਵਾਲਾ, ਪੰਜਾਬੀ ਕਹਾਣੀਕਾਰ, ਰੰਗਕਰਮੀ, ਕਵੀ, ਫਿਲਮ ਕਲਾਕਾਰ, ਸਮਾਜਕ ਕਾਰਕੁੰਨ, ਤਰਕਸ਼ੀਲ ਅਤੇ ਵੈਨਕੂਵਰ ਸੱਥ ਤੇ ਪਰਚਾ ਵਤਨ ਦਾ ਕਾਮਾ ਅਮਨਪਾਲ ਸਾਰਾ 66 ਵਰ੍ਹਿਆ ਦੀ ਉਮਰੇ, ਵੇਲੇ ਤੋਂ ਕਿਤੇ ਪਹਿਲਾ ਸਦੀਵੀ ਉਡਾਰੀ ਮਾਰ, ਸਾਹਿਤਕ ਅਤੇ ਅਗਾਂਹਵਧੂ ਹਲਕਿਆਂ ਦੇ ਪੱਲੇ ਬੇਹੱਦ ਉਦਾਸ ਖ਼ਬਰ ਪੱਲੇ ਗਿਆ ਹੈ।

ਤਿੰਨ ਦਹਾਕਿਆਂ ਦੇ ਕਰੀਬ ਦੇ ਆਪਣੇ ਸਾਹਿਤਕ ਜੀਵਨ ਵਿੱਚ ਅਮਨਪਾਲ ਨੇ ਤਿੰਨ ਕਹਾਣੀ ਸੰਗ੍ਰਹਿ-ਸਰਦ ਰਿਸ਼ਤੇ (1993), ਵੀਹਾਂ ਦਾ ਨੋਟ (2000), ਡਾਇਮੰਡ ਰਿੰਗ (2006)- ਅਤੇ ਇਕ ਕਾਵਿ-ਸੰਗ੍ਰਹਿ-ਦੋ ਮਾਂਵਾਂ ਦਾ ਪੁੱਤਰ (1999)- ਪ੍ਰਕਾਸ਼ਤ ਕੀਤੇ।

ਅਮਨਪਾਲ ਦਾ ਜਨਮ 2 ਅਗਸਤ 1957 ਨੂੰ ਹੁਸ਼ਿਆਰਪੁਰ ਵਿੱਚ ਹੋਇਆ। ਸੰਨ 76 ਵਿੱਚ ਉਸ ਨੇ ਸਰਕਾਰੀ ਕਾਲਜ ਹੁਸ਼ਿਆਰਪੁਰ ਤੋਂ ਬੀ. ਐੱਸ. ਸੀ. ਕੀਤੀ ਅਤੇ ਕੈਨੇਡਾ ਆ ਗਿਆ। ਤਿੰਨ ਸਾਲ ਕੈਨੇਡਾ ਰਹਿਣ ਤੋਂ ਬਾਅਦ ਉਹ 1979 ਵਿੱਚ ਵਾਪਸ ਭਾਰਤ ਚਲੇ ਗਿਆ। ਸੰਨ 80 ਵਿੱਚ ਜਦ ਫਿਰ ਕੈਨੇਡਾ ਮੁੜਨ ਉਪਰੰਤ ਉਸ ਦਾ ਵਿਆਹ ਸੁਘੜ-ਸਿਆਣੀ ਸੁਖਜਿੰਦਰ ਕੌਰ ਸੇਰਗਿੱਲ ਨਾਲ ਹੋਇਆ। ਉਹਨਾਂ ਦੇ ਘਰ ਦੋ ਲਾਇਕ ਬੇਟੇ ਪੈਦਾ ਹੋਏ, ਅਜਾਦ ਪਾਲ ਅਤੇ ਸੂਰਜ ਪਾਲ।

ਸੰਨ 1984 ਵਿੱਚ ਅਮਨਪਾਲ ਵੈਨਕੂਵਰ ਸੱਥ ਵਿੱਚ ਆ ਕੇ ਰੰਗਮੰਚ ਕਰਨ ਲੱਗਾ ਅਤੇ ਵੈਨਕੂਵਰ ਸੱਥ ਵਲੋਂ ਖੇਡੇ ਬਹੁਤ ਸਾਰੇ ਨਾਟਕਾਂ ਵਿੱਚ ਕੰਮ ਕੀਤਾ, ਨਾਲ ਹੀ ਇਹਨਾਂ ਨਾਟਕਾਂ ਦੀ ਪ੍ਰੋਡਕਸ਼ਨ ਵਿੱਚ ਵੀ ਸਰਗਰਮ ਹਿੱਸਾ ਪਾਇਆ। ਅਮਨਪਾਲ ਨੇ ਵੈਨਕੂਵਰ ਸੱਥ ਦੇ ਜਿਹਨਾਂ ਨਾਟਕਾਂ ਵਿੱਚ ਕਮਾਲ ਦਾ ਕੰਮ ਕੀਤਾ, ਉਹ ਸਨ ਪਿਕਟ ਲਾਈਨ (ਅੰਗਰੇਜੀ ਅਤੇ ਪੰਜਾਬੀ), ਲੱਤਾਂ ਦੇ ਭੂਤ, ਹਵੇਲੀਆਂ ਤੇ ਪਾਰਕਾਂ, ਜਹਿਰ ਦੀ ਫਸਲ, ਮਲੂਕੇ ਦਾ ਵਿਸ਼ਵ ਵਿਦਿਆਲਾ, ਨਿੱਕੀ ਜਿਹੀ ਗੱਲ ਨਹੀਂ, ਤੂਤਾਂ ਵਾਲਾ ਖੂਹ ਅਤੇ ਏ ਕਰਾਪ ਆਫ ਪੁਆਜਿਨ (ਜਹਿਰ ਦੀ ਫਸਲ ਦਾ ਅੰਗਰੇਜੀ ਰੂਪ)। ਇਹ ਨਾਟਕ ਕੈਨੇਡਾ ਦੇ ਵੱਖ ਵੱਖ ਸ਼ਹਿਰਾਂ ਅਤੇ ਸੂਬਿਆਂ ਵਿੱਚ ਖੇਡੇ ਗਏ।

ਸੰਨ 1989 ਵਿੱਚ ਜਦ ਸਾਹਿਤਕ ਮੈਗਜੀਨ ਵਤਨ ਸ਼ੁਰੂ ਹੋਇਆ ਤਦ ਉਸ ਸਾਧੂ ਬਿਨਿੰਗ ਅਤੇ ਸੁਖਵੰਤ ਹੁੰਦਲ ਵਰਗੇ ਅਗਾਂਹਵਧੂਆ ਨਾਲ ਵਤਨ ਦੀ ਸੰਪਾਦਕੀ/ ਪ੍ਰਬੰਧਕੀ ਕਾਰਜ 1995 ਤੱਕ ਨਿਭਾਇਆ।

ਵਤਨ ਵਿੱਚ ਕੰਮ ਕਰਦਿਆਂ ਅਮਨਪਾਲ ਨੇ ਲੋਕ-ਸਰੋਕਾਰਾਂ ਨੂੰ ਸੰਬੋਧਿਤ ਕਹਾਣੀਆਂ ਲਿਖਣੀਆਂ ਸ਼ੁਰੂ ਕੀਤੀਆਂ। ਸਿਰਜਣਾ ਦੇ ਜੁਲਾਈ-ਸਤੰਬਰ 1996 ਦੇ ਅੰਕ ਵਿੱਚ ਅਮਨਪਾਲ ਦੀ ਕਹਾਣੀ "ਵੀਹਾਂ ਦਾ ਨੋਟ" ਛਪੀ।

"ਵੀਹਾਂ ਦਾ ਨੋਟ" ਕਹਾਣੀ ਨੇ ਨਾ ਸਿਰਫ ਮਨੁੱਖੀ ਸੰਵੇਦਨਾ ਨੂੰ ਹਲੂਣ ਕੇ ਰੱਖ ਦਿੱਤਾ ਸਗੋਂ ਸਾਰਾ ਵੀ ਇੱਕ ਨਾਮਣੇ ਵਾਲੇ ਕਹਾਣੀਕਾਰ ਵਜੋਂ ਸਥਾਪਿਤ ਹੋ ਗਿਆ। ਸਿਰਜਣਾ ਦੇ ਕਵਰ 'ਤੇ ਸਿਰਜਣਾ ਦੇ ਸੰਪਾਦਕ ਰਘਬੀਰ ਸਿੰਘ ਨੇ ਇਸ ਕਹਾਣੀ ਦੀ ਪਛਾਣ ਕਰਾਉਂਦਿਆਂ ਲਿਖਿਆ ਸੀ, "ਇਕ ਸਮਰੱਥ ਕਹਾਣੀਕਾਰ ਵਜੋਂ ਕੈਨੇਡੀਅਨ ਲੇਖਕ ਅਮਨਪਾਲ ਸਾਰਾ ਦੀ ਪਛਾਣ: ਕਹਾਣੀ ਵੀਹਾਂ ਦਾ ਨੋਟ"। ਧੁਨੰਤਰ



ਵਿਚਾਰਕ ਪੇਪਰ ਸਿਰਜਣਾ ਦੇ ਸੰਪਾਦਕ ਦੀ ਇਹ ਸੰਖੇਪ ਟਿੱਪਣੀ ਇਸ ਗੱਲ ਦਾ ਐਲਾਨ ਸੀ ਕਿ ਹੁਣ ਸਾਡਾ ਅਮਨਪਾਲ ਪੰਜਾਬੀ ਦਾ ਇਕ ਸਥਾਪਤ ਕਹਾਣੀਕਾਰ ਬਣ ਗਿਆ ਹੈ।

ਵਤਨ ਵਿੱਚ ਕੰਮ ਕਰਦਿਆਂ ਅਮਨਪਾਲ ਨੇ ਲਾਲਾ ਹਰਦਿਆਲ ਦੇ ਮਸ਼ਹੂਰ ਲੇਖ "ਕੰਪੈਰੇਟਿਵ ਰਿਲੀਜਨ" ਦਾ "ਤੁਲਨਾਤਮਕ ਧਰਮ" ਦੇ ਨਾਂ ਹੇਠ ਪੰਜਾਬੀ ਵਿੱਚ ਅਨੁਵਾਦ ਕੀਤਾ ਸੀ।

ਵੈਨਕੂਵਰ ਸੱਥ ਦੇ ਮੈਂਬਰ ਵਜੋਂ ਅਮਨਪਾਲ ਸਿਰਫ ਸੱਥ ਦੇ ਰੰਗਮੰਚ ਅਤੇ ਵਤਨ ਵਿੱਚ ਹੀ ਕੰਮ ਨਹੀਂ ਕਰਦਾ ਸੀ, ਸਗੋਂ ਸੱਥ ਵੱਲੋਂ ਕੀਤੇ ਹੋਰ ਪ੍ਰੋਜੈਕਟਾਂ ਵਿੱਚ ਵੀ ਕੀਮਤੀ ਯੋਗਦਾਨ ਪਾਉਂਦਾ ਸੀ। ਉਦਾਹਰਨ ਲਈ ਸੰਨ 1989 ਵਿੱਚ ਸਾਧੂ ਸਿੰਘ ਧਾਮੀ ਦੇ ਨਾਵਲ ਮਲੂਕਾ ਨੂੰ ਕੈਨੇਡਾ ਵਿੱਚ ਰਿਲੀਜ਼ ਕਰਨ ਦੇ ਪ੍ਰੋਜੈਕਟ ਵਿੱਚ ਅਮਨਪਾਲ ਨੇ ਕਾਫੀ ਕੰਮ ਕੀਤਾ ਸੀ। ਇਸ ਹੀ ਤਰ੍ਹਾਂ ਅਮਨਪਾਲ ਵੈਨਕੂਵਰ ਸੱਥ ਵਲੋਂ ਕੱਢੇ ਮੈਗਜੀਨ 'ਅੰਕੁਰ' ਦੀ ਟੀਮ ਦਾ ਵੀ ਮੈਂਬਰ ਸੀ।

ਸੱਥ ਅਤੇ ਵਤਨ ਤੋਂ ਬਿਨਾਂ ਅਮਨਪਾਲ ਵੈਨਕੂਵਰ ਦੇ ਇਲਾਕੇ ਵਿੱਚ ਹੁੰਦੀਆਂ ਸਾਹਿਤਕ ਸਰਗਰਮੀਆਂ ਵਿੱਚ ਸਰਗਰਮੀ ਨਾਲ ਹਿੱਸਾ ਲੈਂਦਾ ਸੀ। ਆਪਣੇ ਸਾਹਿਤਕ ਸਫ਼ਰ ਦੌਰਾਨ ਉਹ ਵੈਨਕੂਵਰ ਦੇ ਇਲਾਕੇ ਵਿੱਚਲੀ ਲੇਖਕਾਂ ਦੀ 50 ਸਾਲ ਪੁਰਾਣੀ ਸੰਸਥਾ ਪੰਜਾਬੀ ਲੇਖਕ ਮੰਚ ਦਾ ਸਰਗਰਮ ਮੈਂਬਰ ਰਿਹਾ ਸੀ।

ਨਾਟਕਾਂ ਤੋਂ ਬਿਨਾਂ ਅਮਨਪਾਲ ਨੇ ਫਿਲਮਾਂ ਵੀ ਬਣਾਈਆਂ। ਉਸ ਦੀ ਪਹਿਲੀ ਫਿਲਮ ਉਹਲਾ ਸੀ, ਜਿਸ ਵਿੱਚ ਉਸ ਨਾਲ ਰਮਾ ਵਿੱਜ ਨੇ ਮੁੱਖ ਨਿਭਾਈ ਸੀ। ਉਸ ਤੋਂ ਬਾਅਦ ਸੰਨ 2001 ਵਿੱਚ ਉਸ ਨੇ 'ਗੁਲਦਸਤਾ' ਨਾਂ ਦੀ ਫਿਲਮ ਬਣਾਈ।

ਡੇਢ-ਦੋ ਦਹਾਕੇ ਪਹਿਲਾਂ ਅਮਨਪਾਲ ਨੂੰ ਪਾਰਕਿਨਸਨ ਬੀਮਾਰੀ ਹੋਣ ਦਾ ਪਤਾ ਲੱਗਾ ਸੀ। ਇਸ ਬੀਮਾਰੀ ਨੇ ਹੌਲੀ ਹੌਲੀ ਉਸ ਦੀ ਲਿਖਣ ਦੀ ਅਤੇ ਸਾਹਿਤਕ ਸਰਗਰਮੀਆਂ ਵਿੱਚ ਸ਼ਾਮਲ ਹੋਣ ਦੀ ਸਮਰਥਾ 'ਤੇ ਅਸਰ ਪਾਉਣਾ ਸ਼ੁਰੂ ਕਰ ਦਿੱਤਾ, ਅਖੀਰ ਇਹ ਪ੍ਰਤਿਭਾਵਾਨ ਯੁੱਧ ਸਾਥੀ, ਲੰਬੇ ਸਮੇਂ ਲਈ ਬੇਹੱਦ ਸਰੀਰਕ ਪੀੜਾਂ ਹੰਢਾਉਣ ਲਈ ਮੰਜੇ 'ਤੇ ਢਹਿ ਪਿਆ।

ਅਮਨਪਾਲ ਦੀ ਇਸ ਸੰਸਾਰ ਤੋਂ ਵਿਦਾਇਗੀ ਸਮੇਂ ਉਸ ਦੇ ਸਾਹਿਤਕ ਅਤੇ ਰੰਗਮੰਚੀ ਜੀਵਨ 'ਤੇ ਇਹ ਸੰਖੇਪ ਝਾਤ ਇਹ ਦਰਸਾਉਂਦੀ ਹੈ ਕਿ ਉਸ ਦਾ ਪੰਜਾਬੀ ਸਾਹਿਤ, ਖਾਸ ਕਰਕੇ ਕੈਨੇਡਾ ਦੇ ਪੰਜਾਬੀ ਸਾਹਿਤ ਵਿੱਚ ਇਕ ਮਹੱਤਵਪੂਰਨ ਥਾਂ ਹੈ। ਉਸ ਨੇ ਕੈਨੇਡਾ ਵਿੱਚ ਪੰਜਾਬੀ ਰੰਗਮੰਚ ਨੂੰ ਪ੍ਰਫੁੱਲਤ ਕਰਨ ਲਈ ਅਹਿਮ ਯੋਗਦਾਨ ਪਾਇਆ ਹੈ। ਉਸ ਵਲੋਂ ਕੀਤੇ ਇਸ ਸਾਹਿਤਕ ਕਾਰਜ ਨੂੰ ਸਲਾਮ।

ਦੱਸ ਦੇਣਾ ਕੁਥਾਂ ਨਹੀਂ ਹੋਵੇਗਾ ਕਿ ਬੇਹੱਦ ਚਰਚਿਤ ਹੋਈ ਕਹਾਣੀ, ਜਿਹੜੀ ਪਾਕਿਸਤਾਨ ਦੀ ਪੰਜਾਬ ਯੂਨੀਵਰਸਿਟੀ ਦੇ ਸਿਲੇਬਸ ਦਾ ਵੀ ਹਿੱਸਾ ਬਣੀ, ਦੇ ਦੋ ਮੁੱਖ ਪਾਤਰ ਮਾਹਿਲਪੁਰ ਖਿੱਤੇ ਦੇ ਮਕਬੂਲ ਪਿੰਡ ਬਾਹੋਵਾਲ ਅਤੇ ਬੰਬੇਲੀ ਦੇ ਨਾਂ-ਬਦਲਵੇਂ ਜਾਏ ਹਨ।

ਅਮਨਪਾਲ ਦੀ ਮਾਂ ਬੀਬੀ ਗੁਰਮੀਤ ਕੌਰ ਸਾਰਾ ਗਦਰੀ ਸ਼ਹੀਦ ਭਾਈ ਵੀਰ ਸਿੰਘ ਬਾਹੋਵਾਲ ਦੀ ਪੋਤੀ ਅਤੇ ਬਹੁਪਰਤੀ ਦੇਸ਼ ਭਗਤ ਜਰਨੈਲ ਮੂਲਾ ਸਿੰਘ ਬਾਹੋਵਾਲ ਦੀ ਧੀ ਹੈ। ਉੱਜਲ ਦੁਸਾਂਝ ਇਸਦਾ ਮਸੇਰ ਹੈ ਅਤੇ ਕੈਨੇਡਾ ਦਾ ਉੱਘਾ ਵਕੀਲ ਆਨੰਦਪਾਲ ਸਾਰਾ ਸਕਾ ਭਾਈ। ਜਿਥੇ ਇਸਦਾ ਬਾਪ ਸਵ. ਹਰਨੌਨਿਹਾਲ ਸਿੰਘ ਹੁਸ਼ਿਆਰਪੁਰ ਜ਼ਿਲ੍ਹੇ ਦਾ ਉੱਘਾ ਵਿਦਿਆ ਦਾਨੀ ਸਨ ਉਥੇ ਉਸਦੀ ਅਤੇ ਅਮਨਪਾਲ ਸਾਰਾ ਦੀ ਪ੍ਰੇਰਨਾ ਨਾਲ ਇਸ ਸਮਾਜ ਸੇਵੀ ਟੱਬਰ ਨੇ ਪਿੱਛੇ-ਜਿਹੇ ਬੰਬੇਲੀ ਪਿੰਡ ਦੇ ਸਰਕਾਰੀ ਸਕੂਲ ਦੀ ਬੇਹਤਰੀ ਲਈ ਕੀਤੇ ਜਾ ਰਹੇ ਕਾਰਜਾਂ ਵਿੱਚ 31 ਲੱਖ, ਇੱਕ ਵੱਡੀ ਰਕਮ, ਦਾ ਸਹਿਯੋਗੀ ਹਿੱਸਾ ਪਾਇਆ। ਹੋਰਾਂ ਸਮੇਤ ਅਮਨਪਾਲ ਕਦੇ-ਕਦੰਤ ਮੇਰੇ ਨਾਲ ਵੀ ਸੰਵਾਦ ਰਚਾਉਂਦਾ ਰਹਿੰਦਾ, ਵਤਨੋ-ਮੁਲਕ ਦੀ ਹਾਲਤਾਂ ਤੋਂ ਬੇਹੱਦ ਬੇਚੈਨ ਸੀ, ਉਹ।

ਸਮੇਂ ਤੋਂ ਕਿਤੇ ਪਹਿਲਾਂ ਤੁਰ ਗਏ ਮੇਰੇ ਗੁਫਤਗੂ ਸਾਥੀ ਅਮਨ ਪਾਲ! ਸਾਡੇ ਚੇਤਿਆਂ ਵਿੱਚ ਸਦਾ ਜਿੰਦਾ ਰਹੇਗਾ, ਤੂੰ।

# ਜੂਝਦੇ ਕਿਰਤੀ ਲੋਕਾਂ ਦੇ ਨਾਮ ਰਿਹਾ 2022

(ਸਫ਼ਾ 3 ਦੀ ਬਾਕੀ)

ਹੈ। ਇਸ ਵਰ੍ਹੇ ਵਿੱਚ ਇਸਦਾ ਸਭ ਤੋਂ ਵੱਡਾ ਪ੍ਰਗਟਾਵਾ ਯੂਕਰੇਨ ਉੱਪਰ ਰੂਸੀ ਹਮਲੇ ਦੇ ਰੂਪ ਵਿੱਚ ਹੋਇਆ ਹੈ। ਇਹ ਜੰਗ ਅਸਲ ਵਿੱਚ ਸੰਯੁਕਤ ਰਾਜ ਅਮਰੀਕਾ ਦੀ ਅਗਵਾਈ ਵਾਲੇ ਸਾਮਰਾਜੀਆਂ ਦੇ ਨਾਟੋ ਧੜੇ ਤੇ ਰੂਸੀ ਸਾਮਰਾਜ ਦੀ ਟੱਕਰ ਹੈ। ਇਸ ਜੰਗ ਨੇ ਸਿਰਫ ਯੂਕਰੇਨ ਤੇ ਰੂਸ ਦੇ ਲੋਕਾਂ ਉੱਪਰ ਹੀ ਮੁਸੀਬਤਾਂ ਦਾ ਭਾਰ ਨਹੀਂ ਪਾਇਆ ਸਗੋਂ ਲਗਭਗ ਪੂਰੇ ਸੰਸਾਰ ਦੇ ਕਿਰਤੀ ਲੋਕ ਇਸ ਜੰਗ ਤੋਂ ਪ੍ਰਭਾਵਿਤ ਹੋਏ ਹਨ। ਕਿਉਂਕਿ ਇਹ ਦੋਵੇਂ ਮੁਲਕ ਸੰਸਾਰ ਵਿੱਚ ਅਨਾਜ ਦੇ ਅਤੇ ਰੂਸ ਊਰਜਾ ਦਾ ਵੱਡਾ ਪੈਦਾਕਾਰ ਦੇਸ਼ ਹੈ। ਇਸ ਜੰਗ ਕਾਰਨ ਅਨਾਜ ਤੇ ਊਰਜਾ ਦੀ ਸੰਸਾਰ ਮੰਡੀ 'ਚ ਪੂਰਤੀ ਘਟੀ ਜੋ ਇਹਨਾਂ ਦੀ ਕੀਮਤ ਵਿੱਚ ਵਾਧੇ ਦਾ ਵੱਡਾ ਕਾਰਕ ਬਣਿਆ ਹੈ। ਦੱਖਣ-ਚੀਨ ਸਾਗਰ ਤੇ ਤਾਇਵਾਨ ਦੇ ਮਾਮਲੇ ਵਿੱਚ ਸੰਯੁਕਤ ਰਾਜ ਅਮਰੀਕਾ ਤੇ ਚੀਨ ਦਾ ਟਕਰਾਅ ਵੀ ਤਿੱਖਾ ਹੁੰਦਾ ਜਾ ਰਿਹਾ ਹੈ। ਸਾਮਰਾਜੀਆਂ ਵੱਲੋਂ ਇੱਕ-ਦੂਜੇ ਉੱਪਰ ਲਾਈਆਂ ਵਪਾਰਕ ਪਾਬੰਦੀਆਂ ਵੀ ਸਾਮਰਾਜੀਆਂ ਦੀ ਆਪਸੀ ਟੱਕਰ ਦੇ ਨਾ ਸਿਰਫ ਤਿੱਖੇ ਹੋਣ ਦਾ ਸੂਚਕ ਹੈ ਸਗੋਂ ਇਹ ਮਹਿੰਗਾਈ ਵਧਾਉਣ ਵਿੱਚ ਵੀ ਇੱਕ ਕਾਰਕ ਸਾਬਿਤ ਹੋਈਆਂ ਹਨ। ਸਾਮਰਾਜੀਆਂ ਦੇ ਵਧ ਰਹੇ ਇਸ ਟਕਰਾਅ ਕਾਰਨ ਜਪਾਨ, ਜਰਮਨੀ ਤੇ ਸੰਯੁਕਤ ਰਾਜ ਅਮਰੀਕਾ ਵਰਗੇ ਸਾਮਰਾਜੀਆਂ ਨੇ ਆਪਣੇ ਫੌਜੀ ਖਰਚਿਆਂ ਵਿੱਚ ਵੀ ਅਥਾਹ ਵਾਧਾ ਕੀਤਾ ਹੈ ਜਾਂ ਕਰ ਰਹੇ ਹਨ। ਸਾਮਰਾਜੀਆਂ ਦਾ ਤਿੱਖਾ ਹੁੰਦਾ ਇਹ ਟਕਰਾਅ ਤੇ ਵਧਦੇ ਫੌਜੀ ਖਰਚੇ ਇਸ ਗੱਲ ਦੇ ਸੂਚਕ ਹਨ ਕਿ ਇਹ ਆਪਣੇ ਮੁਫਾਦਾਂ ਲਈ ਕਿਰਤੀ ਲੋਕਾਂ ਨੂੰ ਨਿਹੱਕੀ ਜੰਗ ਵਿੱਚ ਝੋਕਣ ਲਈ ਤਿਆਰ ਬਰ ਤਿਆਰ ਬੈਠੇ ਹਨ।

ਸੰਸਾਰ ਦੇ ਕਿਰਤੀ ਲੋਕਾਂ ਨੇ ਇਸ ਸੰਕਟ ਅੱਗੇ ਗੋਡੇ ਟੇਕਣ ਦੀ ਥਾਂ ਆਪਣੀ ਜਥੇਬੰਦ ਤਾਕਤ ਦੇ ਜਲਵੇ ਦਿਖਾਉਣ ਦੀ ਪਿਛਲੇ ਵਰ੍ਹਿਆਂ ਦੀ ਰਵਾਇਤ ਇਸ ਵਰ੍ਹੇ ਵੀ ਜਾਰੀ ਰੱਖੀ ਹੈ। ਇਸ ਵਰ੍ਹੇ ਕਈ ਨਵੇਂ ਲੋਕ ਘੋਲ ਵੀ ਸਾਹਮਣੇ ਆਏ ਹਨ ਜਿਹਨਾਂ ਨੇ ਨਵੀਆਂ ਸੰਭਾਵਨਾਵਾਂ ਦੇ ਬੂਹੇ ਖੋਲ੍ਹੇ ਹਨ। ਇਹਨਾਂ ਵਿੱਚ ਕੁੱਝ ਚੋਣਵੇਂ ਲੋਕ ਘੋਲਾਂ ਦੀ ਚਰਚਾ ਕਰਨੀ ਇੱਥੇ ਜਰੂਰੀ ਹੈ।

ਇਸ ਸਾਲ ਦੇ ਸ਼ੁਰੂ ਵਿੱਚ ਕਜ਼ਾਖਿਸਤਾਨ ਵਿੱਚ ਤੇਲ ਦੀਆਂ ਕੀਮਤਾਂ ਦੇ ਵਾਧੇ ਖਿਲਾਫ ਵੱਡਾ ਲੋਕ ਘੋਲ ਉੱਠਿਆ ਜਿਹੜਾ ਲਗਭਗ ਪੂਰੇ ਮੁਲਕ ਵਿੱਚ ਫੈਲ ਗਿਆ। ਇਸ ਘੋਲ ਨੇ ਇੱਕ ਵਾਰ ਤਾਂ ਕਜ਼ਾਖਿਸਤਾਨ ਦੀ ਹਕੂਮਤ ਦੀ ਹੋਂਦ ਨੂੰ ਹੀ ਖਤਰਾ ਖੜ੍ਹਾ ਕਰ ਦਿੱਤਾ ਸੀ ਤੇ ਜਿਸਨੇ ਫੌਜ ਨੂੰ ਲੋਕਾਂ ਉੱਪਰ ਗੋਲੀ ਚਲਾਉਣ ਦੇ ਹੁਕਮ ਵੀ ਦਿੱਤੇ। ਇਸ ਲੋਕ ਘੋਲ ਵਿੱਚ 60 ਤੋਂ ਵੱਧ ਬੱਚਿਆਂ ਸਮੇਤ ਕਰੀਬ 500 ਲੋਕ ਮਾਰੇ ਗਏ, 10,000 ਤੋਂ ਵੱਧ ਗ੍ਰਿਫਤਾਰੀਆਂ ਹੋਈਆਂ। ਕਰੀਬ 10 ਦਿਨ ਮਗਰੋਂ ਕਜਾਖ ਹਕੂਮਤ ਇਸ ਘੋਲ ਨੂੰ ਥੰਮਣ ਵਿੱਚ ਕਾਮਯਾਬ ਹੋ ਗਈ ਪਰ ਇਸਨੇ ਕਿਸੇ ਵੇਲੇ ਸਮਾਜਵਾਦੀ ਸੋਵੀਅਤ ਹਕੂਮਤ ਦਾ ਹਿੱਸਾ ਰਹੇ ਕਜਾਖ ਲੋਕਾਂ ਦੀ ਲੜਾਕੂ ਸਮਰੱਥਾ ਦਾ ਜਬਰਦਸਤ ਮੁਜਾਹਰਾ ਕੀਤਾ ਹੈ।

ਦੀਵਾਲੀਆ ਹੋਇਆ ਸ਼੍ਰੀਲੰਕਾ ਲੋਕ ਘੋਲਾਂ ਦੇ ਤੂਫਾਨ ਦਾ ਇੱਕ ਹੋਰ ਵੱਡਾ ਗਵਾਹ ਬਣਿਆ ਹੈ। ਸੰਕਟ ਕਾਰਨ ਕੰਗਾਲ ਹੋਏ ਸ਼੍ਰੀਲੰਕਾ ਵਿੱਚ ਵੱਡੀ ਪੱਧਰ 'ਤੇ ਲੋਕ ਰੋਟੀ ਤੋਂ ਵੀ ਮੁਥਾਜ ਹੋ ਗਏ ਹਨ। ਸਭ ਚੀਜਾਂ ਦੀਆਂ ਕੀਮਤਾਂ ਅਸਮਾਨ ਛੂਹ ਗਈਆਂ। ਪੈਟਰੋਲ, ਡੀਜਲ ਲਈ ਲੋਕਾਂ ਨੂੰ ਲੰਮੀਆਂ ਕਤਾਰਾਂ 'ਚ ਲੱਗਣਾ ਪਿਆ ਤੇ ਪੂਰੇ ਮੁਲਕ 'ਚ ਬਿਜਲੀ ਦੇ ਲੰਮੇ ਕੱਟ ਲੱਗੇ। ਸਰਕਾਰ ਨੂੰ ਇਸ ਵਿੱਚੋਂ ਬਾਹਰ ਨਿੱਕਲਣ ਦਾ ਕੋਈ ਰਾਹ ਨਹੀਂ ਲੱਭ ਰਿਹਾ। ਜੁਲਾਈ ਮਹੀਨੇ ਸ਼੍ਰੀਲੰਕਾ ਦੇ ਅੱਕੇ ਹੋਏ ਲੋਕਾਂ ਨੇ ਰਾਸ਼ਟਰਪਤੀ ਭਵਨ ਤੇ ਪ੍ਰਧਾਨ ਮੰਤਰੀ ਦੀ ਰਿਹਾਇਸ਼ ਉੱਪਰ ਕਬਜਾ ਕਰ ਲਿਆ ਜਿਸ ਮਗਰੋਂ ਰਾਸ਼ਟਰਪਤੀ ਗੋਟਾਬਾਇਆ ਨੂੰ ਅਸਤੀਫਾ ਦੇਣਾ ਪਿਆ। ਸ਼੍ਰੀਲੰਕਾ ਦੀ ਇਸ ਹਾਲਤ ਵਿੱਚ ਹਾਲੇ ਕੋਈ ਬਹੁਤ ਸੁਧਾਰ ਨਹੀਂ ਆਇਆ ਹੈ ਤੇ ਲੋਕ ਰੋਹ ਦਾ ਵਿਸਫੋਟ ਕਿਸੇ ਵੀ ਵੇਲੇ ਦੁਬਾਰਾ ਫਟ ਸਕਦਾ ਹੈ।

ਪੱਛਮੀ ਮੁਲਕਾਂ ਦੀਆਂ ਸੜਕਾਂ ਵੀ ਇਸ ਵਰ੍ਹੇ ਵੱਡੇ ਲੋਕ ਇਕੱਠਾਂ ਦੀਆਂ ਗਵਾਹ ਬਣੀਆਂ ਹਨ ਜਿਹਨਾਂ ਵਿੱਚ ਮਹਿੰਗਾਈ ਮੁੱਖ ਮਸਲਾ ਰਿਹਾ। ਫਰਾਂਸ, ਜਰਮਨੀ, ਚੈਕ ਗਣਰਾਜ ਵਿੱਚ ਵੱਡੇ ਮੁਜਾਹਰੇ ਹੋਏ ਹਨ। ਯੂਨਾਈਟਡ ਕਿੰਗਡਮ (ਜੀਹਨੂੰ ਚਲਵੀਂ ਭਾਸ਼ਾ 'ਚ ਇੰਗਲੈਂਡ ਵੀ ਆਖਿਆ ਜਾਂਦਾ ਹੈ) ਵੱਡੇ ਸਿਆਸੀ ਸੰਕਟ ਦਾ ਸ਼ਿਕਾਰ ਹੋਇਆ ਹੈ ਜਿੱਥੇ ਇਸ ਸਾਲ ਵਿੱਚ ਹੀ 2 ਪ੍ਰਧਾਨ ਮੰਤਰੀ ਅਸਤੀਫਾ ਦੇ ਗਏ। ਇੱਥੇ ਵੀ ਮਹਿੰਗਾਈ ਤੇ ਸਰਕਾਰ ਦੀਆਂ ਨੀਤੀਆਂ ਖਿਲਾਫ ਵੱਡੇ ਮੁਜਾਹਰੇ ਹੋਏ ਹਨ। ਇੱਥੋਂ ਦੇ ਰੇਲਵੇ ਕਾਮਿਆਂ ਨੇ ਵੀ ਵੱਡੀ ਹੜਤਾਲ ਕੀਤੀ ਜਿਸ ਵਿੱਚ ਡੇਢ ਲੱਖ ਕਾਮੇ ਸ਼ਾਮਲ ਸਨ।

ਇਸ ਵਰ੍ਹੇ ਦਾ ਇੱਕ ਹੋਰ ਵੱਡਾ ਲੋਕ ਘੋਲ ਇਰਾਨ ਦੇ ਲੋਕਾਂ, ਖਾਸ ਕਰਕੇ ਔਰਤਾਂ ਦਾ ਕੱਟੜਪੰਥੀ ਹਕੂਮਤ ਖਿਲਾਫ ਉੱਠਿਆ ਸੰਘਰਸ਼ ਹੈ। ਇਹ ਘੋਲ ਉੱਥੋਂ ਦੀ ਨੈਤਿਕ ਪੁਲਿਸ (ਗਸ਼ਤ-ਏ-ਇਰਸ਼ਾਦ) ਵੱਲੋਂ ਮਾਸ਼ਾ ਅਮੀਨੀ ਨਾਮੀ ਨੌਜਵਾਨ ਕੁੜੀ ਦੇ ਕਤਲ ਮਗਰੋਂ ਸ਼ੁਰੂ ਹੋਇਆ। ਉੱਥੇ ਔਰਤਾਂ ਦੀ ਵੱਡੀ ਮੰਗ ਨੈਤਿਕ ਪੁਲਿਸ ਨੂੰ ਭੰਗ ਕਰਨ ਤੇ ਲਾਜ਼ਮੀ ਹਿਜਾਬ ਦੀ ਪ੍ਰਥਾ ਬੰਦ ਕਰਨ ਦੀ ਹੈ। ਇਸ ਘੋਲ ਵਿੱਚ ਵੀ ਹੁਣ ਤੱਕ 300 ਦੇ ਕਰੀਬ ਲੋਕਾਂ ਦੀ ਮੌਤ ਹੋਈ ਹੈ। ਇਰਾਨ ਦੇ ਲੋਕਾਂ ਨੇ ਇਸਤੋਂ ਪਹਿਲਾਂ 2019 ਵਿੱਚ ਵੀ ਮਹਿੰਗਾਈ ਖਿਲਾਫ ਵੱਡੇ ਮੁਜਾਹਰੇ ਕੀਤੇ ਸਨ।

ਵਰ੍ਹੇ ਦੇ ਆਖਰੀ ਮਹੀਨੇ ਪੁਰਾਣੇ ਸਮਾਜਵਾਦੀ ਮੁਲਕ ਚੀਨ ਦੇ ਕਿਰਤੀ ਲੋਕਾਂ ਨੇ ਵੀ ਅੰਗੜਾਈ ਲਈ ਹੈ। ਚੀਨ ਵਿੱਚ ਕਰੋਨਾ ਨਾਲ਼ ਨਜਿੱਠਣ ਦੇ ਨਾਮ ਉੱਪਰ ਲਾਈਆਂ ਜਾ ਰਹੀਆਂ ਪਬੰਦੀਆਂ ਖਿਲਾਫ ਚੀਨ ਦੇ ਬਹੁਤ ਸਾਰੇ ਸ਼ਹਿਰਾਂ ਵਿੱਚ ਲੋਕਾਂ ਦਾ ਗੁੱਸਾ ਭੜਕਿਆ ਹੈ ਤੇ ਉਹਨਾਂ ਸੜਕਾਂ ਮੱਲੀਆਂ ਹਨ। ਚੀਨ ਵਿੱਚ ਐਪਲ ਕੰਪਨੀ ਦੇ ਉਤਪਾਦ ਤਿਆਰ ਕਰਨ ਵਾਲ਼ੀ ਫੌਕਸਕੌਨ ਫੈਕਟਰੀ ਵਿੱਚ ਵੀ ਮਜਦੂਰਾਂ ਦੇ ਰੋਹ ਦਾ ਵੱਡਾ ਝਲਕਾਰਾ ਦੇਖਣ ਨੂੰ ਮਿਲ਼ਿਆ। ਚੀਨ ਦੇ ਲੋਕਾਂ ਦਾ ਇਹ ਰੋਸ ਸਿਰਫ ਕਰੋਨਾ ਪਬੰਦੀਆਂ ਜਾਂ ਫੌਕਸਕੌਨ ਫੈਕਟਰੀ ਦੀਆਂ ਕੰਮ ਹਾਲਤਾਂ ਖਿਲਾਫ ਨਹੀਂ ਹੈ ਸਗੋਂ ਚੀਨ ਦੇ ਕਿਰਤੀ ਲੋਕਾਂ ਅੰਦਰ ਸਮੁੱਚੇ ਸਰਮਾਏਦਾਰਾ ਪ੍ਰਬੰਧ ਦੀ ਲੁੱਟ ਖਿਲਾਫ ਹੀ ਰੋਸ ਪਲ ਰਿਹਾ ਹੈ। ਸਾਬਕਾ ਸਮਾਜਵਾਦੀ ਚੀਨ ਦੇ ਕਿਰਤੀ ਲੋਕਾਂ ਦੀ ਹਲਚਲ ਵੱਡੇ ਅਰਥ ਰੱਖਦੀ ਹੈ।

ਇਹ ਕੁੱਝ ਬਹੁਤ ਹੀ ਚੋਣਵੇਂ ਲੋਕ ਘੋਲਾਂ ਦਾ ਜਿਕਰ ਹੈ। ਇਹਨਾਂ ਤੋਂ ਬਿਨਾਂ ਪੂਰੇ ਸੰਸਾਰ ਵਿੱਚ ਸੈਂਕੜਿਆਂ ਦੀ ਗਿਣਤੀ ਵਿੱਚ ਕਿਰਤੀ ਲੋਕਾਂ ਦੇ ਵੱਡੇ-ਛੋਟੇ ਮੁਜਾਹਰੇ ਤੇ ਸੰਘਰਸ਼ ਹੋਏ ਹਨ। ਐਮੇਜ਼ਾਨ, ਸਟਾਰਬੱਕਸ, ਐਪਲ ਵਰਗੀਆਂ ਕੰਪਨੀਆਂ ਦੇ ਮਜਦੂਰਾਂ ਦੀ ਯੂਨੀਅਨ ਬਣਨਾ ਵੀ ਇਸ ਵਰ੍ਹੇ ਦੀ ਅਹਿਮ ਘਟਨਾ ਹੈ। ਪੇਰੂ ਵਿੱਚ ਸਿਆਸੀ ਸੰਕਟ ਕਾਰਨ ਐਮਰਜੈਂਸੀ ਲੱਗੀ ਹੈ ਜਿਸ ਵਿੱਚ ਲੋਕਾਂ ਦੀ ਸਰਮਾਏਦਾਰਾ ਪ੍ਰਬੰਧ ਤੋਂ ਬੇਚੈਨੀ ਸਾਫ ਝਲਕ ਰਹੀ ਹੈ। ਬੰਗਲਾਦੇਸ਼ ਦੇ ਸਿਆਸੀ ਸੰਕਟ ਕਾਰਨ ਹੋਏ ਮੁਜਾਹਰਿਆਂ ਵਿੱਚ ਵੀ ਲੋਕਾਂ ਦੀ ਬਦਜਨੀ ਸਾਫ ਝਲਕਦੀ ਹੈ। ਸੰਯੁਕਤ ਰਾਜ ਅਮਰੀਕਾ ਗਰਭਪਾਤ ਵਿਰੋਧੀ ਕਨੂੰਨਾਂ ਕਾਰਨ ਵੱਡੇ ਰੋਸ ਮੁਜਾਹਰਿਆਂ ਦਾ ਅਖਾੜਾ ਬਣਿਆ। ਕਨੇਡਾ ਦੀ ਹਕੂਮਤ ਨੂੰ ਕਰੋਨਾ ਪਬੰਦੀਆਂ ਤੇ ਜਬਰੀ ਵੈਕਸੀਨ ਕਾਰਨ ਲੋਕ ਰੋਹ ਝੱਲਣਾ ਪਿਆ। ਇਸ ਤੋਂ ਬਿਨਾਂ ਚੈਕ ਗਣਰਾਜ, ਮੋਲਦੋਵਿਆ, ਕੀਨੀਆ, ਬੋਲੀਵੀਆ, ਚਿਲੇ ਜਿਹੇ ਅਨੇਕਾਂ ਮੁਲਕਾਂ 'ਚ ਕਿਰਤੀ ਲੋਕ ਇਸੇ ਵਿਤਰਤ ਦੇ ਭਾਈਵਾਲ ਰਹੇ ਹਨ।

ਸੰਸਾਰ ਵਿੱਚ ਲੋਕਾਂ ਦੇ ਉੱਠ ਰਹੇ ਇਹ ਲੋਕ ਘੋਲ ਇਸ ਗੱਲ ਦਾ ਸਬੂਤ ਹਨ ਕਿ ਲੋਕ ਹੁਣ ਇਸ ਸਰਮਾਏਦਾਰਾ ਪ੍ਰਬੰਧ ਨੂੰ ਝੱਲਣ ਲਈ ਤਿਆਰ ਨਹੀਂ ਹਨ। ਲੋਕਾਂ ਦੀ ਇਹ ਤਾਕਤ ਇਸ ਪ੍ਰਬੰਧ ਦਾ ਫਸਤਾ ਵੱਢ ਕੇ ਨਵਾਂ ਇਨਸਾਫਪੂਰਨ ਪ੍ਰਬੰਧ ਸਿਰਜਣ ਦੀ ਸਮਰੱਥਾ ਰੱਖਦੀ ਹੈ। ਪਰ ਇਹਨਾਂ ਲੋਕ ਘੋਲਾਂ ਵਿੱਚ ਇੱਕ ਸਾਂਝੀ ਕਮਜ਼ੋਰੀ ਇਹ ਵੀ ਹੈ ਕਿ ਇਹਨਾਂ ਵਿੱਚ ਆਪ-ਮੁਹਾਰਤਾ ਭਾਰੂ ਹੈ। ਇਹ ਲੋਕ ਘੋਲ਼ ਸਮਾਜਿਕ ਤਬਦੀਲੀ ਦੇ ਕਿਸੇ ਨਿਸ਼ਾਨੇ ਨੂੰ ਮੁੱਖ ਰੱਖਦੇ ਹੋਏ ਜਥੇਬੰਦ ਰੂਪ ਵਿੱਚ ਨਹੀਂ ਚਲਾਏ ਜਾ ਰਹੇ ਜਿਸ ਕਰਕੇ ਇਹਨਾਂ ਦੀ ਸਫਲਤਾ ਅੰਸ਼ਕ ਹੀ ਰਹਿੰਦੀ ਹੈ। ਹਰ ਮੁਲਕ ਵਿੱਚ ਲੋਕਾਂ ਦੀ ਇਸ ਤਾਕਤ ਨੂੰ ਸਹੀ ਸੇਧ ਦੇਣ ਤੇ ਜਾਬਤਾਬੱਧ ਕਰਨ ਲਈ ਮਜਦੂਰ ਜਮਾਤ ਦੀ ਇਨਕਲਾਬੀ ਪਾਰਟੀ ਦੀ ਲੋੜ ਹੈ। ਕਿਉਂਕਿ ਇਨਕਲਾਬੀ ਪਾਰਟੀ ਹੀ ਲੋਕਾਂ ਦੀ ਆਪਮੁਹਾਰੀ ਤਾਕਤ ਨੂੰ ਜਥੇਬੰਦ ਕਰਕੇ ਸਰਮਾਏਦਾਰਾ ਪ੍ਰਬੰਧ ਦਾ ਖਾਤਮਾ ਕਰਨ ਅਤੇ ਸਮਾਜਵਾਦੀ ਪ੍ਰਬੰਧ ਉਸਾਰਨ ਲਈ ਲਾ ਸਕਦੀ ਹੈ। ਇੱਕ ਖਰੀ ਇਨਕਲਾਬੀ ਪਾਰਟੀ ਤੋਂ ਬਿਨਾਂ ਨਾ ਤਾਂ ਅਜਿਹੀ ਸਮਾਜਿਕ ਤਬਦੀਲੀ ਸੰਭਵ ਹੈ ਤੇ ਨਾ ਹੀ ਅਜਿਹੀ ਸਮਾਜਿਕ ਤਬਦੀਲੀ ਤੋਂ ਬਿਨਾਂ ਲੋਕਾਂ ਦੀ ਹਾਲਤ ਵਿੱਚ ਕੋਈ ਬੁਨਿਆਦੀ ਤਬਦੀਲੀ ਆਵੇਗੀ। ਸੰਸਾਰ ਦੇ ਜਿਹੜੇ ਵੀ ਮੁਲਕ ਲੋਕ ਲਹਿਰਾਂ ਦੇ ਗਵਾਹ ਬਣ ਰਹੇ ਹਨ ਉਹਨਾਂ ਵਿੱਚ ਲਾਜਮੀ ਹੀ ਇੱਕ ਅਜਿਹੀ ਪੀੜ੍ਹੀ ਵੀ ਹੈ ਜਿਹੜੀ ਬੀਤੇ ਦੀਆਂ ਇਨਕਲਾਬੀ ਲਹਿਰਾਂ, ਆਪਣੇ ਤੇ ਹੋਰਨਾਂ ਮੁਲਕਾਂ ਦੀਆਂ ਮੌਜੂਦਾ ਲਹਿਰਾਂ ਦੇ ਤਜਰਬੇ ਅਤੇ ਸਮਾਜ ਵਿਗਿਆਨ ਤੋਂ ਸਿੱਖਦੇ ਹੋਏ ਅਜਿਹੀ ਇਨਕਲਾਬੀ ਪਾਰਟੀ ਉਸਾਰਨ ਲਈ ਵੀ ਯਤਨਸ਼ੀਲ ਹਨ। ਆਉਣ ਵਾਲ਼ਾ ਨਵਾਂ ਭਵਿੱਖ ਇਹਨਾਂ ਸਿਰੜੀ ਯੋਧਿਆ ਦਾ ਹੈ। ਇਹ ਲੋਕਾਂ ਦੀ ਤਾਕਤ ਦੀ ਇਸ ਧਰਤੀ ਨੂੰ ਨਵੀਂ ਨੁਹਾਰ ਦੇਣ ਵਿੱਚ ਅਗਵਾਈ ਕਰਨਗੇ।

**ਲਲਕਾਰ 'ਚੋਂ ਧੰਨਵਾਦ ਸਹਿਤ**



www.malwatires.ca
malwa
TIRES & SERVICES LTD
NOW OPEN AT
UNIT - G, 8616 44 STREET
SE CALGARY, AB
Truck and Trailer Alignments
Wheel Balance
New and used Truck and Trailer Tires
Change overs, Rotations and Flat Repairs
FOR MORE INFO, CALL
403-899-1985
403-899-1984
MOBILE
24/7 SERVICE
services@malwatires.com

HOMELIFE SILVERCITY
REALTY INC., BROKERAGE
(Independently Owned and Operated)

#7 CANADA WIDE
BROKERAGE WITH HOMELIFE BRAND
2017 GROSS COMMISSION WISE

New Head Office
905-913-8500
50 COTTRELLE BLVD., UNIT 29, BRAMPTON

TEAM OF OVER 450 REALTORS
HOMELIFE SILVERCITY
REALTY INC., BROKERAGE (INDEPENDENTLY OWNED & OPERATED)

NOW HIRING NEW / EXPERIENCED REAL ESTATE PROFESSIONALS
*Not intended to solicit anyone under contract
JOIN ONE OF FASTEST GROWING BROKERAGE



CALL HEAD OFFICE TODAY
905.913.8500
www.HomelifeSilvercityTeam.com

BALJIT GARCHA
BROKER OF RECORD
647.500.6500

AJIT GARCHA
BROKER / PRESIDENT
647.204.9500

Address:
11775 Bramalea Rd. Brampton





# ਕੈਨੇਡਾ ਵਰਗੇ ਪੱਛਮੀ ਮੁਲਕਾਂ ਵਿੱਚ ਕੌਮਾਂਤਰੀ ਵਿਦਿਆਰਥੀਆਂ ਦੇ ਸੰਘਰਸ਼ ਦੀ ਕਹਾਣੀ

## DOCUMENTARY FILM SCREENING




**Pouri**

is a documentary showcasing the impact of mass migration of a younger generation of Punjabi students to western countries like Canada. It showcases the perspectives of this migration on younger and older generations in Punjab and Canada and how this has led to an identity and existential crisis.

Everyone welcome

**Entry Free**



ਵਿਸ਼ੇਸ਼ ਮਹਿਮਾਨ:
ਨਵਲਪ੍ਰੀਤ ਰੰਗੀ

**Date: Feb 11, 2023 (Saturday)**
Time:2:30 PM
Venue: **GENESIS CENTRE**
(Multipurpose Rooms) 7555, Falconridge BLVD Calgary T3J 0C9

ਫਿਲਮ ਦੀ ਪੇਸ਼ਕਾਰੀ ਤੋਂ ਬਾਅਦ ਨਵਲਪ੍ਰੀਤ ਰੰਗੀ ਮੌਕੇ ਤੇ ਹਾਜ਼ਰ ਲੋਕਾਂ ਨਾਲ ਸੰਵਾਦ ਰਚਾਉਣਗੇ।

**ਮੇਜ਼ਬਾਨੀ**

ਯੰਗਸਿਤਾਨ ਕੈਲਗਰੀ | ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ | ਸਿੱਖ ਵਿਰਸਾ ਇੰਟਰਨੈਸ਼ਨਲ

**ਸੰਪਰਕ:**

ਸੁਖਵੀਰ ਗਰੇਵਾਲ 403-402-0770
ਮਾਸਟਰ ਭਜਨ ਗਿੱਲ 403-455-4220
ਹਰਚਰਨ ਪਰਹਾਰ 403-681-8689



HARPINDER SIDHU
(403) 404-3500

Punjab Insurance Inc.

Super Visa Insurance

Your Expert Advisor for SUPER VISA INSURANCE

• Life Insurance • Mortgage Insurance • Critical Illness Insurance • Disability Insurance • RESP, RRSP

303, 7- Westwinds Cres. NE Calgary AB, Canada T3J5H2
Website : www.calgaryinsurancequotes.com

